**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
COLDWELL BANKER
Residential Brokerage
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
Raj Shergill
rajsshergill@yahoo.com
Associate Broker



Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 21, Issue 46, November 14, 2020
20451 N. Plum Grove Rd., Palatine, IL 60074
Ph:847-359-0746, Fax:847-705-9388


## ਡੋਨਲਡ ਟਰੰਪ ਸੱਤਾ ਨਾ ਛੱਡਣ ਲਈ ਅੜੇ

**ਵਾਸ਼ਿੰਗਟਨ:** ਰਾਸ਼ਟਰਪਤੀ ਚੋਣਾਂ ਵਿਚ ਹਾਰ ਤੋਂ ਬਾਅਦ ਵੀ ਡੋਨਲਡ ਟਰੰਪ ਕਿਸੇ ਕੀਮਤ ਉਤੇ ਵੀ ਵ੍ਹਾਈਟ ਹਾਊਸ ਛੱਡਣ ਲਈ ਤਿਆਰ ਨਹੀਂ ਜਾਪ ਰਹੇ। ਜਿੱਤ ਤੋਂ ਬਾਅਦ ਜਿਥੇ ਡੈਮੋਕਰੈਟ ਜੋਅ ਬਾਇਡਨ ਨੇ ਵ੍ਹਾਈਟ ਹਾਊਸ ਲਈ ਤਿਆਰੀ ਆਰੰਭ ਦਿੱਤੀ ਹੈ, ਉਥੇ ਟਰੰਪ ਨੇ ਚੋਣ ਨਤੀਜਿਆਂ ਖਿਲਾਫ ਰੋਸ ਰੈਲੀਆਂ ਦੀ ਯੋਜਨਾਬੰਦੀ ਕਰ ਲਈ ਹੈ। ਇਸ ਤੋਂ ਇਲਾਵਾ ਟਰੰਪ ਵੱਲੋਂ ਬਾਇਡਨ ਦੀ ਚੋਣ ਨੂੰ ਕਾਨੂੰਨੀ ਦਾਅ-ਪੇਚਾਂ ਵਿਚ ਉਲਝਾਉਣ ਲਈ ਵੀ ਟਿੱਲ ਲਾਇਆ ਹੋਇਆ ਹੈ।

ਅਮਰੀਕੀ ਚੋਣਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਜਦੋਂ ਸਪਸ਼ਟ ਹਾਰ ਤੋਂ ਬਾਅਦ ਵੀ ਕੋਈ ਰਾਸ਼ਟਰਪਤੀ ਆਪਣੀ ਕੁਰਸੀ ਛੱਡਣ ਲਈ ਅੜ ਜਾਵੇ। ਹਾਰ ਮੰਨਣ ਤੋਂ ਇਨਕਾਰ ਕਰਦਿਆਂ ਉਨ੍ਹਾਂ ਵਟੀਟ ਕੀਤਾ ਹੈ- "ਅਸੀਂ ਜਿੱਤਾਂਗੇ"। ਉਨ੍ਹਾਂ "ਵੱਡੀ ਜਿੱਤ" ਦਾ ਦਾਅਵਾ ਕਰਦਿਆਂ ਕਿਹਾ ਹੈ ਕਿ ਡੈਮੋਕਰੈਟਾਂ ਨੇ ਚੋਣਾਂ ਅੰਦਰ ਫਰਾਡ ਕੀਤਾ ਹੈ ਹਾਲਾਂਕਿ ਪਰੰਪਰਾ ਅਨੁਸਾਰ ਮੀਡੀਆ ਸੰਸਥਾਵਾਂ ਜੋਅ ਬਾਇਡਨ ਨੂੰ ਅਮਰੀਕਾ ਦਾ ਅਗਲਾ ਰਾਸ਼ਟਰਪਤੀ ਐਲਾਨ ਚੁੱਕੀਆਂ ਹਨ। ਇਸੇ ਦੌਰਾਨ ਵਿਦੇਸ਼ ਮੰਤਰੀ ਮਾਈਕ ਪੌਂਪੀਓ ਅਤੇ ਰਾਸ਼ਟਰਪਤੀ ਟਰੰਪ ਦੇ ਅਟਾਰਨੀ ਜਨਰਲ ਵਿਲੀਅਮ ਪੀ. ਬਾਰ ਉਨ੍ਹਾਂ ਦੇ ਨਾਲ ਡਟ ਗਏ ਹਨ ਅਤੇ ਕਿਹਾ ਹੈ ਕਿ ਸੱਤਾ ਤਬਦੀਲੀ ਦਾ ਕੋਈ ਰੌਲਾ ਨਹੀਂ ਹੈ, ਪੂਰੇ ਨਤੀਜੇ ਆਉਣ ਤੋਂ ਬਾਅਦ ਸੱਤਾ ਟਰੰਪ ਦੇ ਦੂਜੇ ਕਾਰਜਕਾਲ ਕੋਲ ਤਬਦੀਲ ਕਰਦਿੱਤੀ ਜਾਵੇਗੀ, ਭਾਵ ਚੋਣਾਂ ਵਿਚ ਜਿੱਤ ਡੋਨਲਡ ਟਰੰਪ ਦੀ ਹੀ ਹੋਵੇਗੀ।

ਇਸ ਤੋਂ ਪਹਿਲਾਂ ਟਰੰਪ ਨੇ ਵੋਟਾਂ ਦੀ ਗਿਣਤੀ ਰੁਕਵਾਉਣ ਲਈ ਵੀ ਹਰ ਹੀਲਾ ਵਸੀਲਾ ਵਰਤਿਆ। ਉਧਰ, ਇਸ ਦੇ ਵਿਰੋਧ ਵਿਚ 'ਹਰ ਇਕ ਵੋਟ ਗਿਣੋ' ਦੀ ਮੰਗ ਕਰਦੇ ਲੋਕ ਸੜਕਾਂ ਉਤੇ ਉਤਰ ਆਏ ਹਨ। ਮੀਡੀਆ ਦਾ ਮੰਨਣਾ ਹੈ ਕਿ ਚੋਣ ਹਾਰ ਜਾਣ ਦੇ ਬਾਵਜੂਦ ਕਿਉਂਕਿ ਟਰੰਪ 20 ਜਨਵਰੀ ਤੱਕ ਰਾਸ਼ਟਰਪਤੀ ਦੇ ਅਹੁਦੇ 'ਤੇ ਬਣੇ ਰਹਿਣਗੇ, ਇਸ ਲਈ ਉਹ ਇਨ੍ਹਾਂ 74 ਦਿਨਾਂ ਵਿਚ ਕਈ ਸਖਤ ਫੈਸਲੇ ਲੈ ਕੇ ਆਪਣੀ ਭੜਾਸ ਕੱਢ ਸਕਦੇ ਹਨ।

ਡੋਨਲਡ ਟਰੰਪ ਡੈਮੋਕਰੈਟਾਂ ਉਤੇ ਚੋਣਾਂ ਵਿਚ ਧੋਖਾ ਕਰਨ ਦਾ ਦੋਸ਼ ਲਾ ਚੁੱਕੇ ਹਨ। ਦੁਨੀਆ ਭਰ ਦੇ ਮੀਡੀਆ ਨੇ ਇਸ ਨੁਕਤੇ ਨੂੰ ਵੱਡੀ ਪੱਧਰ 'ਤੇ ਉਛਾਲਿਆ ਕਿ ਮੌਜੂਦਾ ਰਾਸ਼ਟਰਪਤੀ ਨੇ ਹੀ ਚੋਣ ਪ੍ਰਬੰਧਾਂ ਅਤੇ ਚੋਣ ਪ੍ਰਕਿਰਿਆ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਹਾਰ ਜਿੱਤ ਨੂੰ ਹਜ਼ਮ ਕਰਨਾ ਅਤੇ ਸਵੀਕਾਰਨਾ ਲੋਕਤੰਤਰ ਦਾ ਹਿੱਸਾ ਹੈ। ਟਰੰਪ ਨੇ ਇਸ ਦਾ ਵੀ ਮਜ਼ਾਕ ਬਣਾ ਕੇ ਰੱਖ ਦਿੱਤਾ। ਅਸਲ ਵਿਚ, ਅਮਰੀਕਾ ਦੇ ਇਸ ਚੋਣ ਮੁਕਾਬਲੇ ਨੂੰ ਮੀਡੀਆ ਨੇ 20 ਸਾਲਾਂ ਦਾ ਸਭ ਤੋਂ ਰੁਮਾਂਚਕ ਮੁਕਾਬਲਾ ਕਰਾਰ ਦਿੱਤਾ ਹੈ। 116 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ 'ਇਲੈਕਸ਼ਨ ਡੇਅ' ਉਤੇ ਅਮਰੀਕਾ ਨੂੰ ਰਾਸ਼ਟਰਪਤੀ ਨਹੀਂ ਮਿਲ ਸਕਿਆ। ਇਸ ਦਾ ਮੁੱਖ ਕਾਰਨ ਵੱਡੀ ਗਿਣਤੀ ਵਿਚ ਡਾਕ ਰਾਹੀਂ ਪਾਈਆਂ ਵੋਟਾਂ ਹਨ। ਭਾਰਤੀਆਂ ਦੀ ਵੱਧ ਵਸੋਂ ਵਾਲੇ 6 ਰਾਜਾਂ ਵਿਚੋਂ 5 ਵਿਚ ਟਰੰਪ ਨੂੰ ਹਾਰ ਮਿਲੀ ਹੈ।

ਅਸਲ ਵਿਚ ਸਿਆਸੀ ਮਾਹਰ ਇਸ ਨੂੰ ਟਰੰਪ ਦੀਆਂ ਨੀਤੀਆਂ ਦੀ ਹਾਰ ਮੰਨ ਰਹੇ ਹਨ।

*(ਬਾਕੀ ਸਫਾ 6 ਉਤੇ)*

## ਖੇਤੀ ਕਾਨੂੰਨ: ਕੇਂਦਰ ਸਰਕਾਰ ਮੁੜ ਗੱਲਬਾਤ ਵਾਲੇ ਰਾਹ ਪਈ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁਧ ਉਠੇ ਰੋਹ ਨੂੰ ਦੇਖਦਿਆਂ ਮੋਦੀ ਸਰਕਾਰ ਇਕ ਵਾਰ ਮੁੜ ਗੱਲਬਾਤ ਵਾਲੇ ਰਾਹ ਪੈ ਗਈ ਹੈ। ਕੇਂਦਰ ਨੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ 13 ਨਵੰਬਰ ਨੂੰ ਨਵੀਂ ਦਿੱਲੀ ਵਿਚ ਮੀਟਿੰਗ ਲਈ ਅਧਿਕਾਰਤ ਤੌਰ 'ਤੇ ਸੱਦਾ ਭੇਜ ਦਿੱਤਾ ਹੈ। ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਰੇਲ ਮੰਤਰੀ ਪਿਯੂਸ਼ ਗੋਇਲ ਅਤੇ ਖੇਤੀ ਮੰਤਰੀ ਨਰਿੰਦਰ ਤੋਮਰ ਨਾਲ ਮੀਟਿੰਗ ਰੱਖੀ ਗਈ ਹੈ। ਭਾਜਪਾ ਦਾ ਦਾਅਵਾ ਹੈ ਕਿ ਕਿਸਾਨ ਅੰਦੋਲਨ ਦੇ ਸੁਖਾਵੇਂ ਹੱਲ ਲਈ ਸਰਕਾਰ ਅਤੇ ਪਾਰਟੀ ਵੱਲੋਂ ਯਤਨ ਕੀਤੇ ਜਾ ਰਹੇ ਹਨ।

ਮੰਨਿਆ ਜਾ ਰਿਹਾ ਹੈ ਕਿ ਪਿਛਲੇ ਦਿਨੀਂ ਪੰਜਾਬ ਵਿਚ ਭਾਜਪਾ ਆਗੂਆਂ ਦੀ ਘੇਰਾਬੰਦੀ ਅਤੇ ਉਨ੍ਹਾਂ ਦੀ ਦਿੱਲੀ ਪਹੁੰਚ ਤੋਂ ਬਾਅਦ ਕੇਂਦਰ ਸਰਕਾਰ ਨਰਮ ਪੈ ਗਈ ਹੈ। ਯਾਦ ਰਹੇ ਕਿ ਪਿਛਲੇ ਦਿਨਾਂ ਤੋਂ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਕਈ ਆਗੂਆਂ ਨੇ ਸੁਰ ਬਦਲ ਲਈ ਹੈ ਤੇ ਇਕ ਤੋਂ ਬਾਅਦ ਇਕ ਸੀਨੀਅਰ ਆਗੂ ਨੇ ਕਿਸਾਨਾਂ ਨਾਲ ਵੈਬੀਨਾਰ ਦੇ ਜ਼ਰੀਏ ਲਗਾਤਾਰ ਗੱਲਬਾਤ ਦੀ ਕੋਸ਼ਿਸ਼ ਕੀਤੀ। ਪੰਜਾਬੀ ਟੀ.ਵੀ. ਚੈਨਲਾਂ ਉਤੇ ਆਉਣ ਵਾਲੇ ਭਾਜਪਾ ਬੁਲਾਰੇ ਵੀ ਕੇਂਦਰੀ ਕਾਨੂੰਨਾਂ ਦੇ ਪੱਖ ਵਿਚ ਸਟੈਂਡ ਲੈਂਦੇ ਰਹੇ ਹਨ। ਇਸੇ ਦੌਰਾਨ ਕਿਸਾਨੀ ਨਾਲ ਜੁੜੇ ਭਾਜਪਾ ਦੇ ਕਈ ਆਗੂ ਅਸਤੀਫੇ ਦੇ ਗਏ ਅਤੇ ਉਨ੍ਹਾਂ ਨੇ ਪਾਰਟੀ ਦੇ ਅੰਦਰੂਨੀ ਮੰਚਾਂ ਉਤੇ ਉਨ੍ਹਾਂ ਦੀ ਗੱਲ ਨਾ ਸੁਣੇ ਜਾਣ ਦਾ ਦੋਸ਼ ਲਗਾਇਆ। ਪੰਜਾਬ ਭਾਜਪਾ ਨੇ ਕਿਸਾਨਾਂ ਨਾਲ ਤਾਲਮੇਲ ਲਈ ਸਾਬਕਾ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਦੀ ਅਗਵਾਈ ਵਿਚ ਕਮੇਟੀ ਬਣਾਈ ਸੀ। ਪਿਛਲੇ ਦਿਨੀਂ ਜਿਆਣੀ ਨੇ ਬੇਬਾਕੀ ਨਾਲ ਕਿਹਾ ਕਿ ਪੰਜਾਬ ਭਾਜਪਾ ਦੀ ਕੁਝ ਚਾਪਲੂਸ ਆਗੂਆਂ ਦੀ ਟੀਮ ਕੇਂਦਰੀ ਆਗੂਆਂ ਅਤੇ ਸਰਕਾਰ ਨੂੰ ਗੁਮਰਾਹ ਕਰ ਕੇ ਪੰਜਾਬ ਦੀ ਸਹੀ ਤਸਵੀਰ ਪੇਸ਼ ਨਹੀਂ ਕਰ ਰਹੀ। ਜਿਆਣੀ ਨੇ ਕੇਂਦਰ ਸਰਕਾਰ ਤੇ ਭਾਜਪਾ ਦੇ ਮੁੱਖ ਆਗੂਆਂ ਉੱਤੇ ਇੰਨੇ ਸੰਵੇਦਨਸ਼ੀਲ ਮਸਲੇ ਪ੍ਰਤੀ ਸੰਵੇਦਨਹੀਣ ਰਹਿਣ ਦਾ ਦੋਸ਼ ਵੀ ਲਗਾਇਆ। ਇਸੇ ਦੌਰਾਨ ਜਿਆਣੀ ਅਤੇ ਕੁਝ ਹੋਰ ਭਾਜਪਾ ਆਗੂਆਂ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰ ਕੇ ਗੱਲਬਾਤ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ ਭਾਜਪਾ ਆਗੂਆਂ ਨੇ ਹਾਈਕਮਾਨ ਕੋਲ ਸਿਆਸੀ ਘਾਟੇ ਬਾਰੇ ਵੀ ਦੁਹਾਈ ਪਾਈ ਸੀ ਜਿਸ ਤੋਂ ਬਾਅਦ ਇਕਦਮ ਕੇਂਦਰ ਸਰਕਾਰ ਦੀ ਹੋਸ਼ ਟਿਕਾਣੇ ਆ ਗਈ ਅਤੇ ਗੱਲਬਾਤ ਦਾ ਦੌਰ ਮੁੜ ਸ਼ੁਰੂ ਹੋ ਗਿਆ ਹੈ। ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਇਸ ਤੋਂ ਪਹਿਲਾਂ ਵੀ ਕਿਸਾਨਾਂ ਨੂੰ ਗੱਲਬਾਤ ਲਈ ਦਿੱਲੀ ਸੱਦਿਆ ਸੀ ਪਰ ਮੀਟਿੰਗ ਵਿਚ ਕੋਈ ਮੰਤਰੀ ਦੀ ਹਾਜ਼ਰੀ ਨਾਲ ਹੋਣ ਕਾਰਨ ਕਿਸਾਨ ਵਿਚ ਰੋਸ ਵਧ ਗਿਆ ਸੀ।

ਪੰਜਾਬ ਵਿਚ ਕਿਸਾਨ ਜਥੇਬੰਦੀਆਂ ਵੱਲੋਂ 24 ਸਤੰਬਰ ਤੋਂ ਸੰਘਰਸ਼ ਵਿੱਢਿਆ ਹੋਇਆ ਹੈ ਤੇ ਪਹਿਲੀ ਅਕਤੂਬਰ ਤੋਂ ਤਾਂ ਅਣਮਿਥੇ ਸਮੇਂ

*(ਬਾਕੀ ਸਫਾ 6 ਉਤੇ)*

## ਬਿਹਾਰ ਚੋਣਾਂ: ਐਨ. ਡੀ. ਏ. ਧੜੇ ਨੇ ਮੁੜ ਮਾਰਿਆ ਮੋਰਚਾ

**ਪਟਨਾ:** ਬਿਹਾਰ ਵਿਧਾਨ ਸਭਾ ਦੇ ਚੋਣ ਨਤੀਜਿਆਂ ਵਿਚ ਐਨ.ਡੀ.ਏ. ਧੜੇ ਨੇ ਬਾਜ਼ੀ ਮਾਰ ਲਈ ਹੈ। ਐਨ.ਡੀ.ਏ. ਨੇ 243 ਵਿਧਾਨ ਸਭਾ ਸੀਟਾਂ ਵਿਚੋਂ 125 ਉਤੇ ਜਿੱਤ ਹਾਸਲ ਕੀਤੀ ਹੈ ਜਦੋਂਕਿ ਆਰ.ਜੇ.ਡੀ. ਵਾਲੇ ਗਠਜੋੜ ਨੂੰ 110 ਸੀਟਾਂ ਮਿਲੀਆਂ ਹਨ। ਭਾਜਪਾ ਨੂੰ ਐਨ.ਡੀ.ਏ. ਵਿਚ 74, ਵਿਕਾਸਸ਼ੀਲ ਇਨਸਾਨ ਪਾਰਟੀ ਨੂੰ 4, ਜੇ.ਡੀ.(ਯੂ) ਨੂੰ 43 ਅਤੇ ਹਿੰਦੁਸਤਾਨੀ ਅਵਾਮ ਮੋਰਚੇ ਨੂੰ 4 ਸੀਟਾਂ ਮਿਲੀਆਂ ਹਨ।



ਮਹਾਂਗਠਜੋੜ ਦਾ ਹਿੱਸਾ ਆਰ.ਜੇ.ਡੀ. ਨੂੰ 75 ਸੀਟਾਂ ਜਦਕਿ ਕਾਂਗਰਸ ਨੂੰ 19 ਸੀਟਾਂ ਉਤੇ ਸਬਰ ਕਰਨਾ ਪਿਆ। ਮੁੱਖ ਮੰਤਰੀ ਦੇ ਦਾਅਵੇਦਾਰ ਮੰਨੇ ਜਾ ਰਹੇ ਤੇਜਸਵੀ ਯਾਦਵ ਇਸ ਵਾਰ ਖੁੰਝ ਗਏ ਤੇ ਸੱਤਾ ਮੁੜ ਨਿਤੀਸ਼ ਕੁਮਾਰ ਹੱਥ ਆ ਗਈ ਹੈ।

ਚੋਣ ਨਤੀਜਿਆਂ ਉਤੇ ਨਜ਼ਰ ਮਾਰੀਏ ਤਾਂ

*(ਬਾਕੀ ਸਫਾ 6 ਉਤੇ)*


**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

REGAL'S KLUB
Find Us On
Etsy
www.RegalsKlub.com
ਸਭ ਤੋਂ ਪਹਿਲਾ ਸੋਨੇ ਦਾ ਔਨਲਾਈਨ ਆਊਟਲੈੱਟ ਸਟੋਰ
ਘੱਟ ਕੀਮਤ • ਜ਼ਿਆਦਾ ਸੋਨਾ • ਮੁਫ਼ਤ ਡਲਿਵਰੀ
First Ever Gold Online Outlet Store
Low Price • More Gold • Free Delivery
RAJVEER SINGH GILL
ਰਾਜਵੀਰ ਸਿੰਘ ਗਿੱਲ
REGALSKLUB@GMAIL.COM
847·907·1525

# ਇਤਿਹਾਸ ਸਿਰਜ ਗਈ ਜੋਅ ਬਾਇਡਨ ਦੀ ਜਿੱਤ

**ਵਾਸ਼ਿੰਗਟਨ:** ਜੋਅ ਬਾਇਡਨ ਨੇ ਸਖ਼ਤ ਤੇ ਫਸਵੇਂ ਮੁਕਾਬਲੇ ਵਿਚ ਮੌਜੂਦ ਰਾਸ਼ਟਰਪਤੀ ਤੇ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਨੂੰ ਸ਼ਿਕਸਤ ਦਿੰਦਿਆਂ ਇਤਿਹਾਸਕ ਜਿੱਤ ਦਰਜ ਕੀਤੀ ਹੈ। ਇਸ ਚੋਣ ਵਿਚ ਕਈ ਰਿਕਾਰਡ ਬਣੇ। ਡੈਮੋਕਰੈਟਿਕ ਪਾਰਟੀ ਦੇ ਜੋਅ ਬਾਇਡਨ ਨੇ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਨੂੰ ਹਰਾਉਣ ਤੋਂ ਬਾਅਦ ਸੱਤਾ ਖੋਹ ਲਈ ਹੈ, ਉਥੇ ਹੁਣ ਤੱਕ ਦੇ ਅਮਰੀਕੀ ਚੋਣ ਇਤਿਹਾਸ ਵਿਚ ਉਨ੍ਹਾਂ ਨੂੰ ਸਭ ਤੋਂ ਵਧੇਰੇ 7.5 ਕਰੋੜ ਵੋਟਾਂ ਮਿਲੀਆਂ ਹਨ। ਇਸ ਦੇ ਨਾਲ ਹੀ ਇਹ ਵੀ ਇਕ ਰਿਕਾਰਡ ਬਣਿਆ ਕਿ ਅਮਰੀਕੀ ਇਤਿਹਾਸ ਵਿਚ ਕੋਈ ਮਹਿਲਾ ਪਹਿਲੀ ਵਾਰ ਉਪ-ਰਾਸ਼ਟਰਪਤੀ ਬਣੀ ਹੈ। ਭਾਰੀ ਬਹੁਮਤ ਨਾਲ ਚੁਣੀ ਗਈ ਕਮਲਾ ਹੈਰਿਸ ਭਾਰਤੀ ਮੂਲ ਦੀ ਹੈ। ਪਹਿਲਾਂ ਉਹ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡਨ ਦੇ ਮੁਕਾਬਲੇ ਉਤੇ ਅਤੇ ਉਨ੍ਹਾਂ ਦੀ ਵਿਰੋਧੀ ਮੰਨੀ ਜਾਂਦੀ ਸੀ ਪਰ ਬਾਅਦ ਵਿਚ ਦੋਵਾਂ ਵਿਚ ਸਹਿਮਤੀ ਬਣ ਗਈ ਅਤੇ ਫਿਰ ਦੋਵਾਂ ਨੇ ਰਲ ਕੇ ਚੋਣ ਮੁਹਿੰਮ ਚਲਾਈ।

ਅਮਰੀਕਾ ਵਿਚ ਛੋਟੀ ਉਮਰ ਦੇ ਵੋਟਰਾਂ ਵਲੋਂ 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ ਹੈ। ਟੱਫਟਸ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ 18 ਤੋਂ 29 ਸਾਲ ਦੀ ਉਮਰ ਦੇ ਵੋਟਰਾਂ ਨੇ ਇਸ ਵਾਰ ਰਿਕਾਰਡ ਵੋਟਿੰਗ ਕੀਤੀ। ਫਸਵੇਂ ਮੁਕਾਬਲੇ ਵਾਲੇ 11 ਸੂਬਿਆਂ ਤੋਂ ਮਿਲੇ ਅੰਦਾਜ਼ਿਆਂ ਅਨੁਸਾਰ 47 ਤੋਂ 49 ਫੀਸਦ ਯੋਗ ਨੌਜਵਾਨ ਲੋਕਾਂ ਨੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ।

ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਵਿਚ ਵੋਟਾਂ ਦੀ ਗਿਣਤੀ ਹਾਲੇ ਵੀ ਜਾਰੀ ਹੈ, ਪਰ ਹੁਣ ਤੱਕ ਹੋਈ ਵੋਟਿੰਗ ਵਿਚ ਸਭ ਤੋਂ ਵਧ ਵੋਟਾਂ ਦਾ ਨਵਾਂ ਰਿਕਾਰਡ ਪਹਿਲਾਂ ਹੀ ਬਣ ਚੁੱਕਾ ਹੈ। ਅਮਰੀਕਾ ਵਿਚ ਹੁਣ ਤੱਕ ਵੋਟਾਂ ਦੀ ਹੋਈ ਗਿਣਤੀ ਦੌਰਾਨ 62 ਫੀਸਦੀ ਤੋਂ ਵੱਧ ਲੋਕਾਂ ਵਲੋਂ ਵੋਟਿੰਗ ਕਰਨ ਦੀ ਪੁਸ਼ਟੀ ਹੋਈ ਸੀ, ਜੋ 2008 ਵਿਚ ਹੋਈਆਂ ਚੋਣਾਂ ਤੋਂ 0.4 ਫੀਸਦੀ ਵਧ ਹੈ, ਜਦੋਂ



ਅਮਰੀਕਾ ਵਿਚ ਬਰਾਕ ਓਬਾਮਾ ਵਜੋਂ ਮੁਲਕ ਵਿਚ ਪਹਿਲੇ ਸਿਆਅਫਾਮ ਵਿਅਕਤੀ ਨੂੰ ਰਾਸ਼ਟਰਪਤੀ ਚੁਣਿਆ ਗਿਆ ਸੀ। ਇਨ੍ਹਾਂ ਵਿਚੋਂ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੈਟਿਕ ਪਾਰਟੀ ਉਮੀਦਵਾਰ ਜੋਅ ਬਾਇਡਨ ਨੂੰ 7.5 ਕਰੋੜ ਤੋਂ ਵੱਧ ਵੋਟਾਂ ਮਿਲੀਆਂ ਹਨ ਜੋ ਹੁਣ ਤਕ ਦੇ ਇਤਿਹਾਸ ਵਿਚ ਕਿਸੇ ਵੀ ਰਾਸ਼ਟਰਪਤੀ ਉਮੀਦਵਾਰ ਨੂੰ ਮਿਲੀਆਂ ਸਭ ਤੋਂ ਵਧ ਵੋਟਾਂ ਹਨ।

ਅਮਰੀਕੀ ਇਤਿਹਾਸ ਵਿਚ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਚੋਣ ਨਤੀਜੇ ਦੇ ਐਲਾਨ ਤੋਂ ਪਹਿਲਾਂ ਆਖਰੀ ਪਲ ਤੱਕ ਅਨਿਸ਼ਚਿਤਤਾ ਬਣੀ ਰਹੀ ਅਤੇ ਜਿੱਤ ਲਈ ਅਧਿਕਾਰਤ ਐਲਾਨ ਤੋਂ ਪਹਿਲਾਂ ਹੀ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੋਵਾਂ ਨੇ ਸੋਸ਼ਲ ਮੀਡੀਆ 'ਤੇ ਆਪਣੀ ਜਿੱਤ ਦਾ ਐਲਾਨ ਕਰ ਦਿੱਤਾ। ਰਿਪਬਲੀਕਨ ਰਾਸ਼ਟਰਪਤੀ ਡੋਨਲਡ ਟਰੰਪ ਆਖਰੀ ਪਲ ਤੱਕ ਵਿਰੋਧੀ ਸੁਰਾਂ ਪ੍ਰਗਟ ਕਰਦੇ ਰਹੇ ਹਨ। ਆਪਣੀ ਹਾਰ ਨੂੰ ਸਾਹਮਣੇ ਵੇਖ ਲੈਣ ਦੇ ਬਾਵਜੂਦ ਉਹ ਸੁਪਰੀਮ ਕੋਰਟ ਵਿਚ ਚਲੇ ਗਏ। ਇਹ ਵੀ ਇਕ ਇਤਿਹਾਸ ਬਣਿਆ ਕਿ ਅਮਰੀਕੀ ਸੁਪਰੀਮ ਕੋਰਟ ਦੇ ਮੁੱਖ ਜੱਜ ਨੇ ਇਨ੍ਹਾਂ ਚੋਣਾਂ ਵਿਚ ਦਖਲਅੰਦਾਜ਼ੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਅਦਾਲਤ ਨੂੰ ਰਾਜਨੀਤੀ 'ਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ।

ਅਮਰੀਕਾ ਵਿਚ ਚੋਣ ਐਲਾਨ ਅਨੁਸਾਰ ਨਵੇਂ ਰਾਸ਼ਟਰਪਤੀ ਅਗਾਮੀ 20 ਜਨਵਰੀ ਨੂੰ ਸਹੁੰ ਚੁੱਕਣਗੇ ਪਰ ਜੋਅ ਬਾਇਡਨ ਨੇ ਇਕ ਬਿਆਨ ਵਿਚ ਆਪਣੇ ਕਾਰਜਕਾਲ ਦੀਆਂ ਪਹਿਲ ਤਰਜੀਹਾਂ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੇ ਸਭ ਤੋਂ ਵੱਧ ਜ਼ੋਰ ਕਰੋਨਾ ਵਾਇਰਸ ਉਤੇ ਕਾਬੂ ਪਾਉਣ ਅਤੇ ਇਸ ਲਈ ਵਿਆਪਕ ਯੋਜਨਾਵਾਂ ਤਿਆਰ ਕਰਨ 'ਤੇ ਦਿੱਤਾ ਹੈ। ਹਾਲਾਂਕਿ ਡੋਨਲਡ ਟਰੰਪ ਦੇ ਕਾਰਜਕਾਲ ਦੀਆਂ ਅਸਫਲਤਾਵਾਂ ਵਿਚ ਸਭ ਤੋਂ ਵੱਡੀ ਅਸਫਲਤਾ ਕਰੋਨਾ ਵਾਇਰਸ ਦੇ ਮਾਮਲੇ ਵਿਚ ਰਹੀ ਹੈ। ਬਾਇਡਨ ਨੇ ਆਪਣਾ ਦੂਜਾ ਵੱਡਾ ਐਲਾਨ ਬੇਰੁਜ਼ਗਾਰੀ ਨੂੰ ਦੂਰ ਕਰਨ ਸਬੰਧੀ ਕੀਤਾ।

## ਕਮਲਾ ਹੈਰਿਸ ਨੇ ਸਿਰਜਿਆ ਇਤਿਹਾਸ

**ਵਾਸ਼ਿੰਗਟਨ:** ਉਪ-ਰਾਸ਼ਟਰਪਤੀ ਚੁਣੀ ਗਈ ਕਮਲਾ ਹੈਰਿਸ (56) ਨੇ ਇਤਿਹਾਸ ਸਿਰਜ ਦਿੱਤਾ ਹੈ। ਅਮਰੀਕਾ ਦਾ ਦੂਜਾ ਸਭ ਤੋਂ ਉਚਾ ਰੁਤਬਾ ਹਾਸਲ ਕਰਨ ਵਾਲੀ ਉਹ ਪਹਿਲੀ ਏਸ਼ੀਅਨ-ਅਮਰੀਕਨ ਮਹਿਲਾ ਬਣ ਗਈ ਹੈ। ਹੈਰਿਸ ਨੂੰ ਬਾਇਡਨ ਦੀ ਵਡੇਰੀ ਉਮਰ ਕਰਕੇ 2024 ਦੀ ਰਾਸ਼ਟਰਪਤੀ ਚੋਣ ਲਈ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਹੈ।



ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ 'ਵਿਲੱਖਣ ਉਪ ਰਾਸ਼ਟਰਪਤੀ' ਕਮਲਾ ਹੈਰਿਸ ਨਾਲ ਕੰਮ ਕਰਨਾ ਉਨ੍ਹਾਂ ਲਈ ਵੱਡੇ ਮਾਣ ਵਾਲੀ ਗੱਲ ਹੋਵੇਗੀ। ਬਾਇਡਨ ਨੇ ਕਿਹਾ ਕਿ ਹੈਰਿਸ ਦਾ ਇਸ ਅਹੁਦੇ ਤੱਕ ਪੁੱਜਣਾ ਲੰਮੇ ਸਮੇਂ ਤੋਂ ਬਕਾਇਆ ਸੀ। ਕੈਲੀਫੋਰਨੀਆ ਤੋਂ ਡੈਮੋਕਰੈਟਿਕ ਸੈਨੇਟ ਹੈਰਿਸ (56) ਉਪ ਰਾਸ਼ਟਰਪਤੀ ਦੇ ਅਹੁਦੇ ਲਈ ਚੁਣੀ ਗਈ ਪਹਿਲੀ ਅਮਰੀਕੀ, ਸਿਆਹਫਾਮ ਤੇ ਦੱਖਣ ਏਸ਼ਿਆਈ ਮੂਲ ਦੀ ਪਹਿਲੀ ਮਹਿਲਾ ਹੈ। ਬਾਇਡਨ ਨੇ ਆਪਣੀ ਜੇਤੂ ਤਕਰੀਰ 'ਚ ਕਮਲਾ ਹੈਰਿਸ ਦਾ ਜ਼ਿਕਰ ਕਰਦਿਆਂ ਕਿਹਾ, 'ਵਿਲੱਖਣ ਉਪ ਰਾਸ਼ਟਰਪਤੀ- ਕਮਲਾ ਹੈਰਿਸ ਨਾਲ ਕੰਮ ਕਰਕੇ ਮੈਂ ਮਾਣ ਮਹਿਸੂਸ ਕਰਾਂਗਾ। ਹੈਰਿਸ ਨੇ ਇਤਿਹਾਸ ਸਿਰਜ ਦਿੱਤਾ ਹੈ।

## ਬੇਹੱਦ ਰੋਚਕ ਹੈ ਬਾਇਡਨ ਦਾ ਰਾਸ਼ਟਰਪਤੀ ਬਣਨ ਤੱਕ ਦਾ ਸਫਰ

**ਵਾਸ਼ਿੰਗਟਨ:** ਅਮਰੀਕੀ ਸਿਆਸਤ 'ਚ ਪੰਜ ਦਹਾਕਿਆਂ ਤੱਕ ਸਰਗਰਮ ਬਾਇਡਨ ਦਾ ਸਭ ਤੋਂ ਛੋਟੇ ਸੈਨੇਟਰ ਤੋਂ ਸਭ ਤੋਂ ਉਮਰਦਰਾਜ ਰਾਸ਼ਟਰਪਤੀ ਬਣਨ ਦਾ ਸਫਰ ਬੇਹੱਦ ਰੋਚਕ ਹੈ। 77 ਸਾਲਾ ਬਾਇਡਨ ਜੋ 6 ਵਾਰ ਦੇ ਡੈਮੋਕ੍ਰੇਟਿਕ ਸੈਨੇਟਰ ਹਨ, 1988 ਤੇ 2008 'ਚ ਵੀ ਅਮਰੀਕੀ ਰਾਸ਼ਟਰਪਤੀ ਲਈ ਦਾਅਵੇਦਾਰੀ ਠੋਕ ਚੁੱਕੇ ਹਨ ਪਰ ਉਹ ਅਸਫਲ ਰਹੇ ਸਨ। ਉਹ ਬਰਾਕ ਓਬਾਮਾ ਦੇ ਦੋ ਵਾਰ ਦੇ ਕਾਰਜਕਾਲ ਦੌਰਾਨ ਦੋਵੇਂ ਵਾਰ ਉਪ ਰਾਸ਼ਟਰਪਤੀ ਵੀ ਰਹਿ ਚੁੱਕੇ ਹਨ। ਬਾਇਡਨ 74 ਸਾਲਾ ਟਰੰਪ ਨੂੰ ਹਰਾ ਕੇ ਅਮਰੀਕਾ ਦੇ ਸਭ ਤੋਂ ਉਮਰਦਰਾਜ ਰਾਸ਼ਟਰਪਤੀ ਬਣ ਗਏ ਹਨ। ਬਾਇਡਨ ਨੇ ਭਾਰਤ-ਅਮਰੀਕਾ ਸਿਵਲ ਪਰਮਾਣੂ ਸੌਦੇ ਵਿਚ ਅਹਿਮ ਭੂਮਿਕਾ ਨਿਭਾਈ ਸੀ। 1942 'ਚ ਪੈਨਸਲਵੇਨੀਆ 'ਚ ਕੈਥੋਲਿਕ ਪਰਿਵਾਰ 'ਚ ਜੰਮੇ ਜੋਅ ਬਾਇਡਨ ਦਾ ਪੂਰਾ ਨਾਂ ਜੋ ਰਾਬਨੇਟ ਬਾਇਡਨ ਜੂਨੀਅਰ ਹੈ। ਬਾਈਡਨ ਨੇ 1968 'ਚ ਸੈਰਾਕਿਊਜ਼ ਯੂਨੀਵਰਸਿਟੀ 'ਚੋਂ ਕਾਨੂੰਨ (ਲਾਅ) ਦੀ ਡਿਗਰੀ ਹਾਸਲ ਕੀਤੀ। ਉਹ ਪਹਿਲੀ ਵਾਰ 1972 ਵਿਚ 29 ਸਾਲ ਦੀ ਉਮਰ 'ਚ ਸੈਨੇਟਰ ਚੁਣੇ ਗਏ ਸਨ ਅਤੇ ਡੇਲਾਵੇਅਰ ਤੋਂ 6 ਵਾਰ ਸੈਨੇਟਰ ਰਹੇ। ਬਾਇਡਨ ਨੇ ਦੋ ਵਿਆਹ ਕਰਵਾਏ ਹਨ।

## ਬਾਇਡਨ ਵਲੋਂ ਅਮਰੀਕਾ ਦੀ ਇਕਜੁੱਟਤਾ ਦਾ ਹਲਫ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਤੇ ਡੈਮੋਕਰੈਟਿਕ ਆਗੂ ਜੋਅ ਬਾਇਡਨ (77) ਨੇ ਆਪਣੀ ਜੇਤੂ ਤਕਰੀਰ ਵਿਚ ਮੁਲਕ ਨੂੰ ਇਕਜੁੱਟ ਰੱਖਣ ਦੀ ਸਹੁੰ ਚੁੱਕਦਿਆਂ ਕਿਹਾ ਕਿ ਇਹ ਅਮਰੀਕਾ ਦੇ ਰਿਸਦੇ ਜ਼ਖਮਾਂ ਉਤੇ ਮੱਲ੍ਹਮ ਰੱਖਣ ਦਾ ਸਮਾਂ ਹੈ। ਬਾਇਡਨ ਨੇ ਕਿਹਾ ਕਿ ਕੋਵਿਡ-19 ਕਰਕੇ ਬਣੇ ਹਾਲਾਤ ਨੂੰ ਮੋੜਾ ਦੇਣ ਲਈ ਉਹ ਕੋਈ ਕਸਰ ਬਾਕੀ ਨਹੀਂ ਛੱਡਣਗੇ। ਡੈਮੋਕਰੈਟ ਆਗੂ ਨੇ ਟਰੰਪ ਹਮਾਇਤੀਆਂ ਦੇ ਹਵਾਲੇ ਨਾਲ ਕਿਹਾ ਕਿ ਉਹ ਉਨ੍ਹਾਂ ਦੇ ਹੱਕ ਤੇ ਵਿਰੋਧ ਵਿਚ ਵੋਟ ਪਾਉਣ ਵਾਲਿਆਂ ਲਈ ਰਾਸ਼ਟਰਪਤੀ ਵਜੋਂ ਕੰਮ ਕਰਨਗੇ। ਇਸੇ ਦੌਰਾਨ ਬਾਇਡਨ ਕੈਂਪੇਨ ਨੇ ਪਾਲਿਸੀ ਦਸਤਾਵੇਜ਼ ਜਾਰੀ ਕਰਦਿਆਂ ਕਿਹਾ ਕਿ ਭਾਰਤ-ਅਮਰੀਕਾ ਰਿਸ਼ਤਿਆਂ ਦੀ ਮਜ਼ਬੂਤੀ ਨੂੰ ਬਾਇਡਨ ਪ੍ਰਸ਼ਾਸਨ ਆਪਣੀਆਂ ਸਿਖਰਲੀਆਂ ਤਰਜੀਹਾਂ 'ਚ ਰੱਖੇਗਾ।

## ਮੋਦੀ ਵਲੋਂ ਬਾਇਡਨ ਤੇ ਹੈਰਿਸ ਨੂੰ ਵਧਾਈ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਵਲੋਂ (ਬਰਾਕ ਓਬਾਮਾ ਦੇ ਕਾਰਜਕਾਲ ਵਿਚ) ਉਪ ਰਾਸ਼ਟਰਪਤੀ ਵਜੋਂ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਪਾਇਆ ਯੋਗਦਾਨ ਅਹਿਮ ਤੇ ਅਮੁੱਲ ਸੀ। ਸ੍ਰੀ ਮੋਦੀ ਨੇ ਕਿਹਾ, 'ਮੈਂ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਇਕ ਵਾਰ ਮੁੜ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹਾਂ।' ਪ੍ਰਧਾਨ ਮੰਤਰੀ ਨੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਚੁਣੀ ਗਈ ਕਮਲਾ ਹੈਰਿਸ ਨੂੰ ਵੀ ਵਧਾਈ ਦਿੱਤੀ। ਸ੍ਰੀ ਮੋਦੀ ਨੇ ਕਿਹਾ ਕਿ ਹੈਰਿਸ ਦੀ ਸਫਲਤਾ ਨੇ ਨਵੇਂ ਦਿਸਹੱਦੇ ਸਿਰਜੇ ਹਨ।

## ਅਮਰੀਕੀ ਚੋਣਾਂ: ਦਰਜਨ ਤੋਂ ਵੱਧ ਭਾਰਤੀ ਚਿਹਰਿਆਂ ਦੀ ਜਿੱਤ

**ਵਾਸ਼ਿੰਗਟਨ:** ਦਰਜਨ ਤੋਂ ਵੱਧ ਭਾਰਤੀ ਅਮਰੀਕੀਆਂ, ਜਿਨ੍ਹਾਂ ਵਿਚ ਪੰਜ ਮਹਿਲਾਵਾਂ ਸ਼ਾਮਲ ਹਨ, ਨੇ ਇਸ ਵਾਰ ਸੂਬਾ-ਪੱਧਰੀ ਚੋਣਾਂ ਵਿਚ ਜਿੱਤ ਪ੍ਰਾਪਤ ਕੀਤੀ ਹੈ। ਇਸ ਨਾਲ ਬੀਤੇ ਦਿਨੀਂ ਦੇ ਨਤੀਜਿਆਂ ਦੌਰਾਨ ਅਮਰੀਕਾ ਦੇ ਹਾਊਸ ਆਫ ਰਿਪਰਜ਼ੈਂਟੇਟਿਵਜ਼ (ਹੇਠਲੇ ਸਦਨ) ਲਈ ਚੁਣੇ ਗਏ ਚਾਰ ਭਾਰਤੀ ਅਮਰੀਕੀਆਂ ਡਾ. ਅਮੀ ਬੇਰਾ, ਪ੍ਰਮਿਲਾ ਜੈਪਾਲ, ਰੋ ਖੰਨਾ ਅਤੇ ਰਾਜਾ ਕ੍ਰਿਸ਼ਨਾਮੂਰਤੀ ਦੀ ਸੂਚੀ ਵਿਚ ਹੋਰ ਵਾਧਾ ਹੋਇਆ ਹੈ।

ਸੂਬਾਈ ਵਿਧਾਨ ਸਭਾਵਾਂ ਲਈ ਚੁਣੀਆਂ ਗਈਆਂ ਪੰਜ ਮਹਿਲਾਵਾਂ ਵਿਚ ਜੈਨੀਫਰ ਰਾਜਕੁਮਾਰ (ਨਿਊ ਯਾਰਕ ਸੂਬਾਈ ਅਸੈਂਬਲੀ), ਨੀਮਾ ਕੁਲਕਰਨੀ (ਕੈਨਟਕੀ ਸੂਬਾਈ ਸਦਨ), ਕੇਸ਼ਾ ਰਾਮ (ਵਰਮੌਂਟ ਸੂਬਾਈ ਸੈਨੇਟ), ਵੰਦਨਾ ਸਲਾਤਰ (ਵਾਸ਼ਿੰਗਟਨ ਸੂਬਾਈ ਸਦਨ) ਅਤੇ ਪਦਮਾ ਕੁੱਪਾ (ਮਿਸ਼ੀਗਨ ਸੂਬਾਈ ਸਦਨ) ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਨੀਰਜ ਅਂਟਨੀ ਓਹਾਇਓ ਸੂਬਾਈ ਸੈਨੇਟ ਲਈ ਅਤੇ ਜੇ ਚੌਧਰੀ ਨਾਰਥ ਕੈਰੋਲੀਨਾ ਸੂਬਾਈ ਸੈਨੇਟ ਲਈ ਮੁੜ ਚੁਣੇ ਗਏ ਹਨ। ਅਮਿਤ ਸ਼ਾਹ ਐਰੀਜ਼ੋਨਾ ਸੂਬਾਈ ਸਦਨ, ਨਿਖਿਲ ਸਾਵਲ ਪੈਨਸਿਲਵੇਨੀਆ ਸੂਬਾਈ ਸਦਨ, ਰਾਜੀਵ ਪੁਰੀ ਮਿਸ਼ੀਗਨ ਸੂਬਾਈ ਸਦਨ ਅਤੇ ਜੈਰੇਮੀ ਕੂਨੀ ਨਿਊ ਯਾਰਕ ਸੂਬਾਈ ਸੈਨੇਟ ਲਈ ਚੁਣੇ ਗਏ ਹਨ। ਐਸ਼ ਕਾਲੜਾ ਲਗਾਤਾਰ ਤੀਜੀ ਵਾਰ ਕੈਲੀਫੋਰਨੀਆ ਸੂਬਾਈ ਅਸੈਂਬਲੀ ਲਈ ਚੁਣੇ ਗਏ ਹਨ। ਰਵੀ ਸਾਂਡਿਲ ਨੇ ਟੈਕਸਸ ਵਿਚ ਜ਼ਿਲ੍ਹਾ ਕੋਰਟ ਜੱਜ ਦੀ ਚੋਣ ਜਿੱਤੀ ਹੈ। ਇਨ੍ਹਾਂ ਵਿਚੋਂ ਕੇਸ਼ਾ ਰਾਮ ਵਰਮੌਂਟ ਸੂਬਾਈ ਸਦਨ ਲਈ ਚੁਣੀ ਜਾਣ ਵਾਲੀ ਭੂਰੀ ਚਮੜੀ ਵਾਲੀ ਪਹਿਲੀ ਮਹਿਲਾ ਬਣ ਗਈ ਹੈ। ਨਿਖਿਲ ਸਾਵਲ ਪਹਿਲੇ ਭਾਰਤੀ ਅਮਰੀਕੀ ਹਨ, ਜੋ ਪੈਨਸਿਲਵੇਨੀਆ ਜਨਰਲ ਅਸੈਂਬਲੀ ਲਈ ਚੁਣੇ ਗਏ ਹਨ। ਜੈਨੀਫਰ ਰਾਜਕੁਮਾਰ ਨਿਊ ਯਾਰਕ ਸੂਬਾਈ ਦਫਤਰ ਲਈ ਚੁਣੀ ਜਾਣ ਵਾਲੀ ਪਹਿਲੀ ਦੱਖਣ ਏਸ਼ਿਆਈ ਮਹਿਲਾ ਬਣ ਗਈ ਹੈ ਅਤੇ ਨੀਰਜ ਅਂਟਨੀ ਓਹਾਇਓ ਸੈਨੇਟ ਲਈ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਅਮਰੀਕੀ ਬਣ ਗਏ ਹਨ। ਇਸ ਵਾਰ ਦੀਆਂ ਚੋਣਾਂ ਵਿੱਚ ਕਰੀਬ 20 ਲੱਖ ਤੋਂ ਵੱਧ ਭਾਰਤੀ-ਅਮਰੀਕੀਆਂ ਨੇ ਵੋਟ ਪਾਈ।

## ਅਮਰੀਕਾ 'ਚ ਸਿੱਖਾਂ ਵਲੋਂ ਬਾਇਡਨ ਤੇ ਕਮਲਾ ਹੈਰਿਸ ਦਾ ਜਿੱਤ ਦਾ ਸਵਾਗਤ

**ਵਾਸ਼ਿੰਗਟਨ:** ਅਮਰੀਕਾ ਵਿਚ ਰਹਿੰਦੇ ਸਿੱਖਾਂ ਨੇ ਚੋਣਾਂ 'ਚ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਤੇ ਉਪ-ਰਾਸ਼ਟਰਪਤੀ ਕਮਲਾ ਹੈਰਿਸ ਦੀ ਜਿੱਤ ਦਾ ਸਵਾਗਤ ਕਰਦਿਆਂ ਕਿਹਾ ਕਿ ਅਮਰੀਕਾ ਨੂੰ ਇਕ ਅਜਿਹੇ ਨੇਤਾ ਦੀ ਲੋੜ ਹੈ ਜੋ ਦੇਸ਼ ਅਤੇ ਦੁਨੀਆਂ ਨੂੰ ਸਕਾਰਾਤਮਕ ਸੁਨੇਹਾ ਦੇਵੇ। ਸਿੱਖ ਕਾਊਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ (ਐਸ.ਸੀ.ਓ.ਆਰ.ਈ.) ਦੇ ਪ੍ਰਧਾਨ ਅਤੇ ਈਕੋਸਿੱਖ ਦੇ ਬਾਨੀ ਡਾਕਟਰ ਰਾਜਵੰਤ ਸਿੰਘ ਨੇ ਕਿਹਾ, 'ਅਸੀਂ ਇਸ ਸਖਤ ਚੋਣ ਮੁਕਾਬਲੇ ਦੇ ਨਤੀਜਿਆਂ ਤੋਂ ਖੁਸ਼ ਹਾਂ। ਆਖਰ, ਹੁਣ ਦੇਸ਼ ਇਕਜੁੱਟ ਹੋ ਕੇ ਇਸ ਮੁਸ਼ਕਲ ਸਮੇਂ 'ਚ ਖੁਸ਼ਹਾਲੀ ਵਲ ਵਧੇਗਾ।' ਉਨ੍ਹਾਂ ਕਿਹਾ, 'ਅਮਰੀਕਾ ਨੂੰ ਅਜਿਹੇ ਨੇਤਾ ਦੀ ਲੋੜ ਹੈ ਜੋ ਸਿਹਤ ਸਬੰਧੀ ਸਭ ਤੋਂ ਵੱਡੀ ਚੁਣੌਤੀ ਕੋਵਿਡ-19 ਦੇ ਹੱਲ ਲਈ ਗੰਭੀਰ ਹੋਵੇ ਅਤੇ ਦੇਸ਼ ਤੇ ਦੁਨੀਆਂ ਨੂੰ ਸਕਾਰਾਤਮਕ ਸੁਨੇਹਾ ਦੇਵੇ। ਜੋਅ ਬਾਇਡਨ ਅਜਿਹੇ ਹੀ ਹਨ। ਇਸ ਦੇ ਨਾਲ ਹੀ ਵੱਡੀ ਹਾਂ-ਪੱਖੀ ਗੱਲ ਉਨ੍ਹਾਂ ਦੀ ਸਾਥੀ ਕਮਲਾ ਹੈਰਿਸ ਦਾ ਉਪ ਰਾਸ਼ਟਰਪਤੀ ਚੁਣੇ ਜਾਣਾ ਹੈ, ਜੋ ਦੇਸ਼ ਨੂੰ ਸਹੀ ਦਿਸ਼ਾ 'ਚ ਲੈ ਕੇ ਜਾਵੇਗੀ।'

## ਪੰਜ ਲੱਖ ਭਾਰਤੀਆਂ ਨੂੰ ਮਿਲ ਸਕਦੀ ਅਮਰੀਕੀ ਨਾਗਰਿਕਤਾ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ 5 ਲੱਖ ਭਾਰਤੀਆਂ ਸਮੇਤ ਲਗਭਗ 1 ਕਰੋੜ 10 ਲੱਖ ਪਰਵਾਸੀਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਲਈ ਖਾਕਾ ਤਿਆਰ ਕਰਨਗੇ, ਜਿਨ੍ਹਾਂ ਕੋਲ ਦਸਤਾਵੇਜ਼ ਨਹੀਂ ਹਨ। ਇਸ ਤੋਂ ਇਲਾਵਾ ਉਹ ਸਾਲਾਨਾ ਘੱਟੋ-ਘੱਟ 95 ਹਜ਼ਾਰ ਸ਼ਰਨਾਰਥੀਆਂ ਨੂੰ ਅਮਰੀਕਾ 'ਚ ਪ੍ਰਵੇਸ਼ ਦਿਵਾਉਣ ਦੀ ਪ੍ਰਣਾਲੀ ਵੀ ਬਣਾਉਣਗੇ।

ਬਾਇਡਨ ਦੀ ਟੀਮ ਵਲੋਂ ਜਾਰੀ ਇਕ ਨੀਤੀਗਤ ਦਸਤਾਵੇਜ਼ 'ਚ ਉਕਤ ਜਾਣਕਾਰੀ ਦਿੱਤੀ ਗਈ ਹੈ। ਦਸਤਾਵੇਜ਼ 'ਚ ਕਿਹਾ ਗਿਆ ਹੈ ਕਿ ਬਾਇਡਨ ਜਲਦੀ ਹੀ ਕਾਂਗਰਸ 'ਚ ਇਕ ਇਮੀਗ੍ਰੇਸ਼ਨ ਸੁਧਾਰ ਕਾਨੂੰਨ ਪਾਸ ਕਰਵਾਉਣ ਉਤੇ ਕੰਮ ਸ਼ੁਰੂ ਕਰਨਗੇ, ਜਿਸ ਦੇ ਜ਼ਰੀਏ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਆਧੁਨਿਕ ਬਣਾਇਆ ਜਾਵੇਗਾ, ਜਿਸ ਦੇ ਤਹਿਤ 5 ਲੱਖ ਤੋਂ ਵੱਧ ਭਾਰਤੀਆਂ ਸਮੇਤ ਲਗਭਗ ਇਕ ਕਰੋੜ 10 ਲੱਖ ਅਜਿਹੇ ਪਰਵਾਸੀਆਂ ਨੂੰ ਅਮਰੀਕਾ ਦੀ ਨਾਗਰਿਕਤਾ ਮੁਹੱਈਆ ਕਰਵਾਉਣ ਲਈ ਖਾਕਾ ਤਿਆਰ ਕੀਤਾ ਜਾਵੇਗਾ, ਜਿਨ੍ਹਾਂ ਕੋਲ ਦਸਤਾਵੇਜ਼ ਨਹੀਂ ਹਨ।

ਜਾਰੀ ਦਸਤਾਵੇਜ਼ ਅਨੁਸਾਰ ਅਮਰੀਕਾ 'ਚ ਸਾਲਾਨਾ 1 ਲੱਖ 25 ਹਜ਼ਾਰ ਸ਼ਰਨਾਰਥੀਆਂ ਨੂੰ ਪ੍ਰਵੇਸ਼ ਦਿਵਾਉਣ ਦਾ ਟੀਚਾ ਨਿਰਧਾਰਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਹ ਸਾਲਾਨਾ ਘੱਟੋ-ਘੱਟ 95 ਹਜ਼ਾਰ ਸ਼ਰਨਾਰਥੀਆਂ ਨੂੰ ਦੇਸ਼ 'ਚ ਪ੍ਰਵੇਸ਼ ਦਿਵਾਉਣ ਲਈ ਕਾਂਗਰਸ ਦੇ ਨਾਲ ਕੰਮ ਕਰਨਗੇ।

### ਐਚ-1 ਬੀ ਵੀਜ਼ਾ ਦੀ ਮਿਆਦ ਵਧਾ ਸਕਦੇ ਹਨ ਬਾਇਡਨ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਐਚ-1ਬੀ ਸਮੇਤ ਹੋਰ ਉਚ ਕੌਸ਼ਲ ਵੀਜ਼ਾ ਦੀ ਮਿਆਦ ਵਧਾ ਸਕਦੇ ਹਨ। ਇਸ ਤੋਂ ਇਲਾਵਾ ਉਹ ਵੱਖ-ਵੱਖ ਮੁਲਕਾਂ ਲਈ ਰੁਜ਼ਗਾਰ ਅਧਾਰਤ ਵੀਜ਼ਾ ਦਾ ਕੋਟਾ ਖਤਮ ਕਰ ਸਕਦੇ ਹਨ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਦੋਵਾਂ ਕਦਮਾਂ ਨਾਲ ਹਜ਼ਾਰਾਂ ਭਾਰਤੀਆਂ ਨੂੰ ਲਾਭ ਹੋਵੇਗਾ।

ਡੋਨਲਡ ਟਰੰਪ ਪ੍ਰਸ਼ਾਸਨ ਦੀਆਂ ਵੀਜ਼ਾ ਨੀਤੀਆਂ ਨਾਲ ਭਾਰਤੀ ਪੇਸ਼ੇਵਰ ਬਹੁਤ ਪ੍ਰਭਾਵਿਤ ਹੋਏ ਸਨ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਬਾਇਡਨ ਐਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਲਈ ਕੰਮ ਵੀਜ਼ਾ ਪਰਮਿਟ ਰੱਦ ਕਰਨ ਦੇ ਟਰੰਪ ਪ੍ਰਸ਼ਾਸਨ ਦਾ ਫੈਸਲਾ ਵੀ ਪਲਟ ਸਕਦੇ ਹਨ।

ਟਰੰਪ ਪ੍ਰਸ਼ਾਸਨ ਦੇ ਇਸ ਫੈਸਲੇ ਨਾਲ ਅਮਰੀਕਾ ਵਿਚ ਰਹਿਣ ਵਾਲੇ ਭਾਰਤੀ ਪਰਿਵਾਰ ਪ੍ਰਭਾਵਿਤ ਹੋਏ ਸਨ।

## ਬਾਇਡਨ ਨੂੰ ਤਹਿਰਾਨ ਪਰਮਾਣੂ ਸਮਝੌਤਾ ਮੁੜ ਲਾਗੂ ਕਰਨ ਦਾ ਸੱਦਾ

**ਤਹਿਰਾਨ:** ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਨੂੰ ਪੁਰਾਣੀਆਂ ਗਲਤੀਆਂ ਸੁਧਾਰ ਕੇ ਸਾਲ 2015 ਵਿਚ ਹੋਇਆ ਤਹਿਰਾਨ ਪਰਮਾਣੂ ਸਮਝੌਤਾ ਮੁੜ ਤੋਂ ਬਹਾਲ ਕਰਨ ਦਾ ਹੋਕਾ ਦਿੱਤਾ ਹੈ। ਸਰਕਾਰੀ ਨਿਊਜ਼ ਏਜੰਸੀ ਆਈ.ਆਰ.ਐਨ.ਏ. ਅਨੁਸਾਰ ਰੂਹਾਨੀ ਨੇ ਕਿਹਾ, "ਹੁਣ, ਨਵੇਂ ਅਮਰੀਕੀ ਪ੍ਰਸ਼ਾਸਨ ਕੋਲ ਆਪਣੀਆਂ ਪੁਰਾਣੀਆਂ ਗਲਤੀਆਂ ਨੂੰ ਸੁਧਾਰਨ ਕੇ ਕੌਮਾਂਤਰੀ ਨਿਯਮਾਂ ਦਾ ਸਤਿਕਾਰ ਕਰਦਿਆਂ ਕੌਮਾਂਤਰੀ ਸਮਝੌਤਿਆਂ ਦਾ ਪਾਲਣ ਕਰਨ ਵਲ ਪਰਤਣ ਦਾ ਮੌਕਾ ਹੈ।

ਰੂਹਾਨੀ ਨੇ ਕਿਹਾ, "ਆਰਥਿਕ ਜੰਗ ਖਿਲਾਫ ਇਰਾਨ ਦੇ ਲੋਕਾਂ ਵਲੋਂ ਦਿਖਾਏ ਗਏ ਜਜ਼ਬੇ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਅਮਰੀਕਾ ਵਲੋਂ ਪਾਇਆ ਗਿਆ ਵੱਧ ਤੋਂ ਵੱਧ ਨੀਤੀਗਤ ਦਬਾਅ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਇਆ।" ਉਨ੍ਹਾਂ ਕਿਹਾ ਕਿ ਇਰਾਨ ਦੁਨੀਆਂ ਨਾਲ ਸਕਾਰਾਤਮਕ ਸਬੰਧਾਂ ਵਿਚ ਵਿਸ਼ਵਾਸ ਰੱਖਦਾ ਹੈ। ਜ਼ਿਕਰਯੋਗ ਹੈ ਕਿ ਡੋਨਲਡ ਟਰੰਪ ਦੇ ਰਾਸ਼ਟਰਪਤੀ ਹੁੰਦਿਆਂ ਅਮਰੀਕਾ ਤੇ ਇਰਾਨ ਵਿਚਾਲੇ ਤਣਾਅ ਸਿਖਰ ਉਤੇ ਸੀ। ਸਾਲ 2018 ਵਿਚ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਦਾ ਪਰਮਾਣੂ ਸਮਝੌਤਾ ਰੱਦ ਕਰ ਦਿੱਤਾ ਸੀ।

# ਪੰਜਾਬ ਉਤੇ ਧੌਂਸ ਜਮਾਉਣ ਲਈ ਕੇਂਦਰ ਸਰਕਾਰ ਨੇ ਨਵਾਂ ਪੇਚ ਫਸਾਇਆ

**ਚੰਡੀਗੜ੍ਹ:** ਪੰਜਾਬ 'ਚ ਰੇਲ ਮਾਰਗ ਪੂਰੀ ਤਰ੍ਹਾਂ ਕਲੀਅਰ ਹੋਣ ਪਿੱਛੋਂ ਹੁਣ ਰੇਲ ਮੰਤਰਾਲੇ ਨੇ ਦਬਾਅ ਬਣਾਉਣ ਲਈ ਨਵਾਂ ਪੇਚ ਫਸਾ ਲਿਆ ਹੈ। ਰੇਲਵੇ ਨੇ ਮਾਲ ਗੱਡੀਆਂ ਤੋਂ ਇਲਾਵਾ ਹੁਣ ਮੁਸਾਫਰ ਗੱਡੀਆਂ ਨੂੰ ਚਲਾਏ ਜਾਣ ਦੀ ਸਹਿਮਤੀ ਮੰਗੀ ਹੈ। ਕਿਸਾਨਾਂ ਵੱਲੋਂ ਰੇਲ ਮਾਰਗ ਖਾਲੀ ਕੀਤੇ ਜਾਣ ਮਗਰੋਂ ਰੇਲਵੇ ਨੇ ਨਵੀਂ ਸ਼ਰਤ ਖੜ੍ਹੀ ਕਰ ਦਿੱਤੀ ਹੈ।

ਪੰਜਾਬ ਵਿਚ ਖਾਦਾਂ ਅਤੇ ਕੋਲੇ ਦੀ ਕਿੱਲਤ ਨੂੰ ਦੇਖਦਿਆਂ ਕੇਂਦਰ ਸਿਆਸੀ ਤੌਰ ਉਤੇ ਪੰਜਾਬ ਉਪਰ ਭਾਰੀ ਪੈਣ ਦੀ ਕੋਸ਼ਿਸ਼ ਵਿਚ ਹੈ। ਵੇਰਵਿਆਂ ਅਨੁਸਾਰ ਰੇਲਵੇ ਵੱਲੋਂ ਬੁਕਿੰਗ ਮਗਰੋਂ 7 ਨਵੰਬਰ ਲਈ 46 ਮੁਸਾਫਰ ਗੱਡੀਆਂ ਕੈਂਸਲ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ 29 ਸਪੈਸ਼ਲ/ਫੈਸਟੀਵਲ ਗੱਡੀਆਂ ਵੀ ਸ਼ਾਮਲ ਹਨ। ਤਿਉਹਾਰਾਂ ਅਤੇ ਫਸਲ ਦੀ ਵਾਢੀ ਕਰਕੇ ਸੈਨਿਕਾਂ ਨੂੰ ਵੀ ਛੁੱਟੀਆਂ ਮਿਲਦੀਆਂ ਹਨ ਪਰ ਮੁਸਾਫਰ ਗੱਡੀਆਂ ਬੰਦ ਹੋਣ ਕਰਕੇ ਉਨ੍ਹਾਂ ਨੂੰ ਵੀ ਘਰ ਆਉਣ 'ਚ ਪਰੇਸ਼ਾਨੀ ਹੋ ਰਹੀ ਹੈ।

ਪੰਜਾਬ 'ਚ ਮਾਲ ਗੱਡੀਆਂ ਨਾ ਆਉਣ ਕਾਰਨ ਜ਼ਿਆਦਾਤਰ ਥਰਮਲ ਪਲਾਂਟਾਂ 'ਚ ਕੋਲਾ ਖਤਮ ਹੋ ਗਿਆ, ਜਦੋਂਕਿ ਕਈਆਂ ਕੋਲ ਸੀਮਤ ਭੰਡਾਰ ਹੀ ਬਚਿਆ ਹੈ, ਜਿਸ ਕਾਰਨ 'ਬਲੈਕਆਊਟ' ਦਾ ਖਤਰਾ ਵੀ ਵਧ ਗਿਆ ਹੈ। ਦੂਜੇ ਪਾਸੇ ਰੇਲਵੇ ਨੇ ਫਿਲਹਾਲ ਪੰਜਾਬ 'ਚ ਮਾਲ ਗੱਡੀਆਂ ਚਲਾਉਣ ਤੋਂ ਸਾਫ ਨਾਂਹ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪੰਜਾਬ 'ਚ ਕਿਸਾਨ ਅੰਦੋਲਨ ਕਾਰਨ ਉਤਰੀ ਰੇਲਵੇ ਨੂੰ ਹੁਣ ਤੱਕ 1200 ਕਰੋੜ ਰੁਪਏ ਤੋਂ ਜ਼ਿਆਦਾ ਦਾ ਨੁਕਸਾਨ ਹੋ ਚੁੱਕਾ ਹੈ, ਜਦੋਂਕਿ ਪ੍ਰਤੀਦਿਨ ਔਸਤ 45 ਕਰੋੜ ਦਾ ਨੁਕਸਾਨ ਹੋ ਰਿਹਾ ਹੈ। ਅੰਦੋਲਨ ਦੇ ਕਾਰਨ ਪ੍ਰਤੀਦਿਨ ਆਉਣ ਤੇ ਜਾਣ ਵਾਲੀਆਂ ਔਸਤਨ 70 ਮਾਲ ਗੱਡੀਆਂ ਪ੍ਰਭਾਵਿਤ ਹੋ ਰਹੀਆਂ ਹਨ।

ਪੰਜਾਬ ਦੇ ਕਿਸਾਨ ਹੁਣ ਯੂਰੀਆ ਖਾਦ ਗੁਆਂਢੀ ਸੂਬਿਆਂ 'ਚੋਂ ਲਿਆਉਣ ਲਈ ਮਜਬੂਰ ਹਨ। ਖਾਦ ਦੀ ਕਿੱਲਤ ਕਰਕੇ ਕਿਸਾਨਾਂ ਕੋਲ ਹੁਣ ਹੋਰ ਕੋਈ ਚਾਰਾ ਨਹੀਂ ਬਚਿਆ। ਮਾਲ ਗੱਡੀਆਂ ਬੰਦ ਹੋਣ ਕਰਕੇ ਪੰਜਾਬ ਵਿਚ ਖਾਦ ਦਾ ਸੰਕਟ ਬਣਨ ਲੱਗਾ ਹੈ। ਸਬਜ਼ੀ ਕਾਸ਼ਤਕਾਰਾਂ ਨੂੰ ਫੌਰੀ ਯੂਰੀਆ ਖਾਦ ਦੀ ਲੋੜ ਹੈ। ਹਰਿਆਣਾ 'ਚੋਂ ਵੱਡੀ ਪੱਧਰ ਉਤੇ ਯੂਰੀਆ ਖਾਦ ਪੰਜਾਬ ਵਿਚ ਆਉਣ ਲੱਗੀ ਹੈ। ਉਧਰ ਹਰਿਆਣਾ ਸਰਕਾਰ ਨੇ ਪਤਾ ਲੱਗਦੇ ਹੀ ਪੰਜਾਬ ਦੇ ਕਿਸਾਨਾਂ ਦਾ ਰਾਹ ਡੱਕਣਾ ਸ਼ੁਰੂ ਕਰ ਦਿੱਤਾ ਹੈ। ਵੇਰਵਿਆਂ ਮੁਤਾਬਕ ਪੰਜਾਬ ਵਿਚ ਕਣਕ ਦੀ ਬਿਜਾਈ ਦਾ ਕੰਮ ਸਿਖਰ ਉਤੇ ਹੈ। ਕਰੀਬ 35 ਲੱਖ ਹੈਕਟੇਅਰ ਰਕਬਾ ਕਣਕ ਦੀ ਬਿਜਾਂਦ ਹੇਠ ਆਉਣ ਦਾ ਅਨੁਮਾਨ ਹੈ। ਨਵੰਬਰ ਦੇ ਅਖੀਰ ਵਿਚ ਯੂਰੀਆ ਖਾਦ ਦੀ ਫਸਲ ਲਈ ਜ਼ਰੂਰਤ ਹੁੰਦੀ ਹੈ। ਪੰਜਾਬ ਨੂੰ ਕਰੀਬ 15 ਲੱਖ ਮੀਟਰਿਕ ਟਨ ਯੂਰੀਆ ਖਾਦ ਚਾਹੀਦੀ ਹੈ, ਜਿਸ 'ਚੋਂ 80 ਹਜ਼ਾਰ ਮੀਟਰਿਕ ਟਨ ਸਬਜ਼ੀਆਂ ਵਾਸਤੇ ਲੋੜੀਂਦੀ ਹੈ।

ਅਸਲ ਵਿਚ, ਸੂਬੇ ਵਿਚ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਵੱਲੋਂ ਸਿਰਫ ਮਾਲ ਗੱਡੀਆਂ ਲਈ ਲਾਂਘਾ ਦੇਣ ਦੀ 'ਇਜਾਜ਼ਤ' ਕੇਂਦਰ ਸਰਕਾਰ ਨੂੰ ਰਾਸ ਨਹੀਂ ਆ ਰਹੀ ਹੈ। ਕੇਂਦਰੀ ਰੇਲਵੇ ਮੰਤਰਾਲੇ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਯਾਤਰੂ ਅਤੇ ਮਾਲ ਗੱਡੀਆਂ ਇਕੱਠੀਆਂ ਹੀ ਚਲਾਈਆਂ ਜਾਣਗੀਆਂ। ਪੰਜਾਬ ਸਰਕਾਰ ਵੱਲੋਂ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਮਾਲ ਗੱਡੀਆਂ ਚਲਾਉਣ ਲਈ ਰੇਲ ਪਟੜੀਆਂ ਖਾਲੀ ਕਰ ਦਿੱਤੀਆਂ ਗਈਆਂ ਹਨ। ਕਿਸਾਨ ਜਥੇਬੰਦੀਆਂ ਨੇ ਵੀ 20 ਨਵੰਬਰ ਤੱਕ ਮਾਲ ਗੱਡੀਆਂ ਚਲਾਉਣ ਦੀ ਖੁੱਲ੍ਹ ਦਿੰਦਿਆਂ ਰੇਲ ਪਟੜੀਆਂ ਅਤੇ ਪਲੇਟਫਾਰਮਾਂ ਤੋਂ ਧਰਨੇ ਚੁੱਕ ਕੇ ਰੇਲਵੇ ਸਟੇਸ਼ਨਾਂ ਦੇ ਨਜ਼ਦੀਕ ਤਬਦੀਲ ਕਰ ਲਏ ਸਨ। ਰੇਲਵੇ ਦੇ ਤਾਜ਼ਾ ਫਰਮਾਨ ਨਾਲ ਪੰਜਾਬ ਅੰਦਰ ਸਥਿਤੀ ਘਾਤਕ ਹੋ ਸਕਦੀ ਹੈ। ਸੂਬੇ ਵਿਚ ਮਾਲ ਗੱਡੀਆਂ ਦੀ ਆਵਾਜਾਈ ਠੱਪ ਹੋਣ ਕਾਰਨ ਉਦਯੋਗਾਂ ਨੂੰ ਪੈ ਰਹੀ ਵੱਡੀ ਮਾਰ ਦੇ ਨਾਲ ਹੀ ਜ਼ਰੂਰੀ ਵਸਤਾਂ ਦੀ ਘਾਟ ਵੀ ਰੜਕਣ ਲੱਗ ਪਈ ਹੈ। ਪੰਜਾਬ ਵਿਚ ਉਦਯੋਗਾਂ ਨੂੰ ਕਰੀਬ 30 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਯੂਰੀਆ ਖਾਦ ਦੀ ਕਮੀ ਕਾਰਨ ਕਣਕ ਦੀ ਬਿਜਾਈ ਪ੍ਰਭਾਵਿਤ ਹੋਵੇਗੀ। ਸੂਬੇ ਵਿਚੋਂ ਅਨਾਜ ਦੀ ਢੋਆ-ਢੁਆਈ ਵੀ ਠੱਪ ਹੋਈ ਪਈ ਹੈ। ਕੇਂਦਰ ਦੇ ਤਾਜ਼ਾ ਰੁਖ ਕਾਰਨ ਪੰਜਾਬ ਸਰਕਾਰ ਦੀ ਸਥਿਤੀ ਹੋਰ ਵੀ ਪੇਚੀਦਾ ਬਣਦੀ ਜਾ ਰਹੀ ਹੈ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਲੋਕਾਂ ਦੇ ਹਿੱਤਾਂ ਦਾ ਧਿਆਨ ਰਖਦਿਆਂ ਜਥੇਬੰਦੀਆਂ ਨੇ 6 ਨਵੰਬਰ ਤੋਂ ਰੇਲਵੇ ਲਾਈਨਾਂ ਤੋਂ ਸਾਰੇ ਧਰਨੇ ਚੁੱਕ ਲਏ ਹਨ। ਹੁਣ ਜਗ ਜ਼ਾਹਰ ਹੋ ਗਿਆ ਜਦੋਂ ਮੋਦੀ ਸਰਕਾਰ ਨੇ ਇਹ ਸ਼ਰਤ ਮੜ੍ਹ ਦਿੱਤੀ ਕਿ ਮਾਲ ਗੱਡੀਆਂ ਦੇ ਨਾਲ ਹੀ ਯਾਤਰੀ ਰੇਲ ਗੱਡੀਆਂ ਵੀ ਚਲਾਈਆਂ ਜਾਣਗੀਆਂ। ਕਿਸਾਨ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਦੇਸ਼ ਦੇ ਲੋਕਾਂ ਦਾ ਭੋਰਾ ਵੀ ਫਿਕਰ ਨਹੀਂ ਹੈ। ਉਨ੍ਹਾਂ ਨੂੰ ਤਾਂ ਸਿਰਫ ਕਾਰਪੋਰੇਟ ਘਰਾਣਿਆਂ ਦੇ ਅੰਨ੍ਹੇ ਮੁਨਾਫਿਆਂ ਵਿਚ ਰੁਕਾਵਟ ਆਉਣ ਦਾ ਫਿਕਰ ਹੀ ਸਤਾ ਰਿਹਾ ਹੈ।

## ਭਾਜਪਾ ਨੇ ਅਕਾਲੀ ਦਲ ਨੂੰ ਭੁਲੇਖੇ 'ਚ ਰੱਖਿਆ: ਹਰਸਿਮਰਤ

**ਬਠਿੰਡਾ:** ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਭਾਈਵਾਲ ਪਾਰਟੀ ਭਾਜਪਾ ਨੇ ਖੇਤੀ ਬਿੱਲ ਲਾਗੂ ਕਰਨ ਵੇਲੇ ਉਨ੍ਹਾਂ ਨੂੰ ਭੁਲੇਖੇ ਵਿੱਚ ਰੱਖਿਆ। ਇਸੇ ਕਾਰਨ ਅਕਾਲੀ ਦਲ ਨੇ ਗੱਠਜੋੜ ਖਤਮ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਕਿਸਾਨਾਂ ਨਾਲ ਖੜ੍ਹਾ ਹੈ। ਉਹ ਇਥੇ ਟਕਸਾਲੀ ਆਗੂ ਲਾਲਾ ਤ੍ਰਿਲੋਕ ਚੰਦ ਗਰਗ ਤੇ ਤਿਲਕ ਰਾਮ ਅਗਰਵਾਲ ਦੇ ਦੇਹਾਂਤ ਮਗਰੋਂ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਸਨ।

## ਰੇਲ ਬਹਾਲੀ ਲਈ ਕੈਪਟਨ ਨੇ ਸ਼ਾਹ ਤੋਂ ਦਖਲ ਮੰਗਿਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਰੇਲ ਸੇਵਾਵਾਂ ਬਹਾਲ ਕਰਨ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਦਖਲ ਮੰਗਿਆ ਹੈ। ਮੁੱਖ ਮੰਤਰੀ ਨੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਮਗਰੋਂ ਇਸ ਮਸਲੇ ਦੇ ਜਲਦੀ ਹੱਲ ਹੋਣ ਦੀ ਆਸ ਜਤਾਈ ਸੀ। ਮੁੱਖ ਮੰਤਰੀ ਨੇ ਮੁਲਾਕਾਤ ਦੌਰਾਨ ਸ੍ਰੀ ਸ਼ਾਹ ਨੂੰ ਇਹ ਯਕੀਨ ਦਿਵਾਇਆ ਕਿ ਪੰਜਾਬ ਅਤੇ ਗੁਆਂਢੀ ਸੂਬਿਆਂ ਹਿਮਾਚਲ ਪ੍ਰਦੇਸ਼, ਲੱਦਾਖ ਅਤੇ ਜੰਮੂ ਤੇ ਕਸ਼ਮੀਰ ਵਿਚ ਜ਼ਰੂਰੀ ਵਸਤਾਂ ਦੀ ਸਪਲਾਈ ਦੀ ਸਹੂਲਤ ਲਈ ਰੇਲ ਸੇਵਾਵਾਂ ਨੂੰ ਮੁੜ ਬਹਾਲ ਕਰਨ ਵਿਚ ਅਮਨ ਤੇ ਕਾਨੂੰਨ ਵਿਵਸਥਾ ਦੀ ਕੋਈ ਚਿੰਤਾ ਨਹੀਂ ਹੈ। ਰੇਲ ਗੱਡੀਆਂ ਦੇ ਬੰਦ ਹੋਣ ਕਾਰਨ ਸਾਰਿਆਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਰੇਲਵੇ ਵੱਲੋਂ ਤੁਰਤ ਮਾਲ ਗੱਡੀਆਂ ਚਲਾਉਣ ਦਾ ਫੈਸਲਾ ਨਾ ਕੀਤਾ ਗਿਆ ਤਾਂ ਲੱਦਾਖ ਵਿਚ ਰੱਖਿਆ ਬਲਾਂ ਅਤੇ ਘਾਟੀ ਵਿਚ ਬਰਫਬਾਰੀ ਤੋਂ ਪਹਿਲਾਂ ਜ਼ਰੂਰੀ ਸੇਵਾਵਾਂ ਨਾ ਪੁੱਜਦੀਆਂ ਹੋਣ ਕਾਰਨ ਦੇਸ਼ ਨੂੰ ਗੰਭੀਰ ਖਤਰਾ ਹੋ ਸਕਦਾ ਹੈ।

# ਪੰਜਾਬ ਸਰਕਾਰ ਦੀ ਵਿੱਤੀ ਖੁਸ਼ਕੀ ਦੂਰ ਹੋਣ ਦੇ ਸੰਕੇਤ

**ਚੰਡੀਗੜ੍ਹ:** ਪੰਜਾਬ ਦੇ ਜੀ.ਐਸ.ਟੀ. ਮਾਲੀਏ ਵਿਚ ਅਕਤੂਬਰ ਵਿਚ ਪਿਛਲੇ ਸਾਲ ਨਾਲੋਂ 14.12 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਪਿਛਲੇ ਮਹੀਨੇ ਪੰਜਾਬ ਦਾ ਕੁੱਲ ਜੀ.ਐਸ.ਟੀ. ਮਾਲੀਆ 1060.76 ਕਰੋੜ ਰੁਪਏ ਰਿਹਾ ਜੋ ਪਿਛਲੇ ਸਾਲ ਇਸੇ ਮਹੀਨੇ 929.52 ਕਰੋੜ ਰੁਪਏ ਸੀ। ਪੰਜਾਬ 'ਚ ਚਾਲੂ ਮਾਲੀ ਵਰ੍ਹੇ ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਜੀ.ਐਸ.ਟੀ. ਮਾਲੀਆ ਦੀ ਕੁਲੈਕਸ਼ਨ ਵਿਚ ਭਾਰੀ ਕਮੀ ਦੇਖਣ ਨੂੰ ਮਿਲੀ ਸੀ।

ਹੁਣ ਬੀਤੇ ਦੋ ਮਹੀਨਿਆਂ ਤੋਂ ਸਥਿਤੀ ਸੁਧਾਰ ਵੱਲ ਤੁਰੀ ਹੈ। ਪੰਜਾਬ ਦੇ ਕਰ ਕਮਿਸ਼ਨਰ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਵਰ੍ਹੇ ਅਪਰੈਲ ਤੋਂ ਅਕਤੂਬਰ ਦੌਰਾਨ ਸੂਬੇ ਦਾ ਕੁੱਲ ਜੀ.ਐਸ.ਟੀ. ਮਾਲੀਆ 5746.48 ਕਰੋੜ ਰੁਪਏ ਸੀ ਜਦੋਂ ਕਿ ਪਿਛਲੇ ਸਾਲ ਇਨ੍ਹਾਂ ਛੇ ਮਹੀਨਿਆਂ ਦੌਰਾਨ ਇਹ 7719.86 ਕਰੋੜ ਰੁਪਏ ਸੀ। ਇਸ ਤਰ੍ਹਾਂ ਜੀ.ਐਸ.ਟੀ. ਮਾਲੀਏ 'ਚ 25.56 ਫੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਬੁਲਾਰੇ ਅਨੁਸਾਰ ਸਤੰਬਰ 'ਚ ਸੁਰੱਖਿਅਤ ਮਾਲੀਆ 2403 ਕਰੋੜ ਰੁਪਏ ਹੈ ਜਿਸ ਵਿਚੋਂ ਸੂਬੇ ਨੇ 1060 ਕਰੋੜ ਰੁਪਏ ਪ੍ਰਾਪਤ ਕੀਤੇ ਹਨ, ਜੋ ਕੁੱਲ ਸੁਰੱਖਿਅਤ ਮਾਲੀਏ ਦਾ ਤਕਰੀਬਨ 44 ਫੀਸਦੀ ਬਣਦਾ ਹੈ। ਇਸੇ ਤਰ੍ਹਾਂ ਅਕਤੂਬਰ ਲਈ ਬਕਾਇਆ ਮੁਆਵਜ਼ੇ ਦੀ ਰਕਮ 1343 ਕਰੋੜ ਹੈ ਜੋ ਹਾਲੇ ਤੱਕ ਪ੍ਰਾਪਤ ਨਹੀਂ ਹੋਈ।

ਅਪਰੈਲ ਤੋਂ ਸਤੰਬਰ 2020 ਦੇ ਸਮੇਂ ਦੌਰਾਨ ਮੁਆਵਜ਼ੇ ਦੀ ਰਕਮ 10,843 ਕਰੋੜ ਰੁਪਏ ਬਣਦੀ ਹੈ ਜੋ ਬਕਾਇਆ ਪਈ ਹੈ। ਸਰਕਾਰੀ ਵੇਰਵਿਆਂ ਅਨੁਸਾਰ ਕੌਮੀ ਪੱਧਰ ਉਤੇ ਅਕਤੂਬਰ 'ਚ ਕੁੱਲ ਜੀ.ਐਸ.ਟੀ. ਮਾਲੀਆ ਸੰਗ੍ਰਹਿ 1,05,155 ਕਰੋੜ ਰੁਪਏ ਹੋਇਆ ਜਦੋਂ ਕਿ ਪਿਛਲੇ ਸਾਲ ਅਕਤੂਬਰ 'ਚ ਇਹ 95,380 ਕਰੋੜ ਰੁਪਏ ਇਕੱਤਰ ਹੋਇਆ ਸੀ। ਇਸ ਵਰ੍ਹੇ ਅਪਰੈਲ ਤੋਂ ਅਕਤੂਬਰ ਦੇ ਸਮੇਂ ਦੌਰਾਨ ਕੁੱਲ ਰਾਸ਼ਟਰੀ ਜੀ.ਐਸ.ਟੀ. ਮਾਲੀਆ 5,59,746 ਕਰੋੜ ਰੁਪਏ ਇਕੱਤਰ ਹੋਇਆ ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ 7,01,673 ਕਰੋੜ ਰੁਪਏ ਇਕੱਤਰ ਹੋਏ ਸਨ।

### ਜੀ. ਐਸ. ਟੀ. ਮਾਲੀਏ ਵਿਚ ਸੁਧਾਰ ਨੇ ਜਗਾਈ ਆਸ




## ਕਰੋਨਾ ਦੀ ਝੰਬੀ ਪੀ.ਆਰ.ਟੀ.ਸੀ. ਨੂੰ ਸਾਹ ਆਇਆ

**ਪਟਿਆਲਾ:** ਤਾਲਾਬੰਦੀ ਕਾਰਨ ਕਈ ਮਹੀਨੇ ਬੱਸ ਸੇਵਾ ਠੱਪ ਰਹਿਣ ਮਗਰੋਂ ਪੀ.ਆਰ.ਟੀ.ਸੀ. ਦੀਆਂ ਲਾਰੀਆਂ ਮੁੜ ਸੜਕਾਂ ਉਤੇ ਦੌੜੀਆਂ ਹਨ, ਜਿਸ ਨਾਲ ਅਦਾਰੇ ਨੇ ਸੁੱਖ ਦਾ ਸਾਹ ਲਿਆ ਹੈ। ਪੀ.ਆਰ.ਟੀ.ਸੀ. ਨੇ ਆਪਣੀਆਂ 1125 ਵਿਚੋਂ 850 ਬੱਸਾਂ ਚਲਾ ਦਿੱਤੀਆਂ ਹਨ, ਜੋ ਰੋਜ਼ਾਨਾ ਇਕ ਕਰੋੜ ਰੁਪਏ ਇਕੱਠਾ ਕਰ ਰਹੀਆਂ ਹਨ। ਇਸ ਨੂੰ ਅਦਾਰੇ ਲਈ ਸ਼ੁਭ ਸ਼ਗਨ ਮੰਨਿਆ ਜਾ ਰਿਹਾ ਹੈ। ਹਾਲਾਂਕਿ ਮਾਹਿਰ ਨਵੰਬਰ ਅਤੇ ਦਸੰਬਰ ਵਿਚ ਇਕ ਵਾਰ ਫਿਰ ਕਰੋਨਾ ਦਾ ਕਹਿਰ ਵੱਧਣ ਦੇ ਸੰਕੇਤ ਦੇ ਰਹੇ ਹਨ, ਪਰ ਹਾਲ ਦੀ ਘੜੀ ਕਰੋਨਾ ਦਾ ਕਹਿਰ ਘਟਣ ਤੇ ਆਮਦਨ ਵਧਣਾ ਪੀ.ਆਰ.ਟੀ.ਸੀ. ਲਈ ਖੁਸ਼ ਖਬਰ ਹੈ।

ਬੱਸ ਸੇਵਾ ਮੁੜ ਬਹਾਲ ਹੋਣ ਮਗਰੋਂ ਅੱਧ ਅਕਤੂਬਰ ਵਿਚ ਪੀ.ਆਰ.ਟੀ.ਸੀ. ਦੀ ਰੋਜ਼ਾਨਾ ਦੀ ਆਮਦਨ ਘੱਟ ਕੇ 60 ਲੱਖ ਰੁਪਏ ਰਹਿ ਗਈ ਸੀ, ਜੋ ਕਰੋਨਾ ਤੋਂ ਪਹਿਲਾਂ ਕਰੀਬ ਰੋਜ਼ਾਨਾ 1.40 ਕਰੋੜ ਸੀ। ਪਰ ਅੰਤਰਰਾਜੀ ਬੱਸ ਸੇਵਾ ਬਹਾਲ ਹੋਣ ਮਗਰੋਂ ਦੋ ਨਵੰਬਰ ਤੋਂ ਬਾਅਦ ਅਦਾਰੇ ਦੀ ਆਮਦਨੀ ਇਕ ਕਰੋੜ ਰੁਪਏ ਰੋਜ਼ਾਨਾ ਤੱਕ ਪੁੱਜ ਗਈ ਹੈ। ਪੀ.ਆਰ.ਟੀ.ਸੀ. ਦੇ ਮੈਨੇਜਿੰਗ ਡਾਇਰੈਕਟਰ ਜਸਕਿਰਨਜੀਤ ਸਿੰਘ ਨੇ ਅਦਾਰੇ ਦੀ ਆਮਦਨ ਇਕ ਕਰੋੜ ਰੁਪਏ ਰੋਜ਼ਾਨਾ ਹੋਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਆਖਿਆ ਕਿ ਆਮਦਨ ਵਧਣ ਮਗਰੋਂ ਮੁਲਾਜ਼ਮਾਂ ਦੀਆਂ ਅਕਤੂਬਰ ਮਹੀਨੇ ਤੱਕ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਦਾ ਭੁਗਤਾਨ ਵੀ ਕੀਤਾ ਜਾ ਚੁੱਕਾ ਹੈ।


MEHAR INSURANCE

Health Insurance

Qualified Health Plans Under Affordable Care Act

Hurry! Only 45 Days.

Open Enrollment From 11-01-2020 to 12-15-2020

We also have short term Medical, Dental & Vision plans.

We are licensed in Indiana, Ohio & Texas.

Contact:
Ph: 317-900-5151
Fax: 317-900-5152
E-Mail: health@meharinsurance.com

Office Address:
12574 Promise Creek Ln.
Suite# 114
Fishers, IN 46038
www.meharinsurance.com



Baljinder Singh Saini



Moving to Indiana?

Contact Ray Dhaliwal @ 317-993-4987



Ray Dhaliwal
Real Estate Broker

for Free Consultation!!!
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.

CENTURY 21 SCHEETZ RAYD@C21Scheetz.com

# ਕਿਸਾਨ ਅੰਦੋਲਨ ਕਾਰਨ ਲੋਕ ਰੋਹ ਦੇਖ ਭਾਜਪਾ ਆਗੂਆਂ ਵਿਚ ਬੇਚੈਨੀ ਵਧੀ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਦੇ ਮਾਮਲੇ ਵਿਚ ਅਜੇ ਤੱਕ ਕੋਈ ਹੱਲ ਨਾ ਕੱਢਣ ਕਰਕੇ ਕਿਸਾਨਾਂ ਦਾ ਅੰਦੋਲਨ ਲੰਬਾ ਹੁੰਦਾ ਜਾ ਰਿਹਾ ਹੈ। ਦੂਜੇ ਪਾਸੇ ਇਸ ਨਾਲ ਪੰਜਾਬ ਭਾਜਪਾ ਦੀ ਕਈ ਆਗੂਆਂ ਦੀ ਬੇਚੈਨੀ ਵਧ ਰਹੀ ਹੈ, ਕੁਝ ਤਾਂ ਹੁਣ ਆਪਣੀ ਨਾਰਾਜ਼ਗੀ ਜਨਤਕ ਤੌਰ ਉਤੇ ਜ਼ਾਹਰ ਕਰ ਚੁੱਕੇ ਹਨ। ਖੇਤੀ ਪੱਖੀ ਕਾਨੂੰਨਾਂ ਦੇ ਹੱਕ ਵਿਚ ਭਾਜਪਾ ਆਗੂਆਂ ਵਲੋਂ ਅਸਤੀਫੇ ਦੇਣ ਤੋਂ ਬਾਅਦ ਹੋਰ ਵੀ ਕਈ ਆਗੂਆਂ ਵਲੋਂ ਕਿਸਾਨਾਂ ਦੀ ਗੱਲ ਸੁਣਨ ਦੀ ਮੰਗ ਕੀਤੀ ਜਾ ਰਹੀ ਹੈ। ਪੰਜਾਬ ਭਾਜਪਾ ਦੀ ਸਰਗਰਮੀ ਦਾ ਇਹ ਹਾਲ ਹੈ ਕਿ ਕਿਸਾਨਾਂ ਦੇ ਜ਼ਬਰਦਸਤ ਅੰਦੋਲਨ ਕਰਕੇ ਪਾਰਟੀ ਨੂੰ ਪੇਂਡੂ ਖੇਤਰਾਂ ਵਿਚ ਤਾਂ ਖੇਤੀ ਕਾਨੂੰਨਾਂ ਦੇ ਹੱਕ 'ਚ ਸਰਗਰਮੀਆਂ ਬੰਦ ਕਰਨੀਆਂ ਪਈਆਂ ਹਨ।



ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਭਾਜਪਾ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਦੇ ਕਈ ਘੰਟੇ ਕੀਤੇ ਘਿਰਾਓ ਨੇ ਬਰਨਾਲਾ ਵਿਚ ਰਹਿ ਰਹੇ ਸੂਬਾ ਪੱਧਰੀ ਤੇ ਹੋਰ ਭਾਜਪਾ ਆਗੂਆਂ ਨੂੰ ਕੰਬਣੀ ਛੇੜ ਦਿੱਤੀ ਹੈ। ਕਿਸਾਨ ਯੂਨੀਅਨ ਪਿਛਲੇ ਕਰੀਬ ਇਕ ਮਹੀਨੇ ਤੋਂ ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸ਼ੰਟੀ ਦੇ ਘਰ ਦਾ ਘਿਰਾਓ ਕਰਕੇ ਮੋਦੀ ਸਰਕਾਰ ਤੇ ਭਾਜਪਾ ਆਗੂ ਦਾ ਪਿੱਟ ਸਿਆਪਾ ਕਰ ਰਹੀ ਹੈ। ਇਥੇ ਵੱਡੀ ਗਿਣਤੀ ਵਿਚ ਔਰਤਾਂ ਵੱਲੋਂ ਵੈਣ ਪਾ ਕੇ ਤੇ ਛਾਤੀਆਂ ਪਿੱਟ ਕੇ ਰੋਸ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਯੂਨੀਅਨ ਆਗੂਆਂ ਦਾ ਦਾਅਵਾ ਹੈ ਕਿ ਜੇ ਕੇਂਦਰ ਦੀ ਮੋਦੀ ਸਰਕਾਰ ਨੇ ਅੜੀਅਲ ਵਤੀਰਾ ਨਾ ਛੱਡਿਆ ਤਾਂ ਆਉਣ ਵਾਲੇ ਦਿਨਾਂ 'ਚ ਸੂਬਾ ਪੱਧਰੀ ਆਗੂਆਂ ਤੇ ਸੀਨੀਅਰ ਭਾਜਪਾ ਆਗੂਆਂ ਦੇ ਘਰਾਂ ਦਾ ਘਿਰਾਓ ਕੀਤਾ ਜਾਵੇਗਾ।

ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਜਿਆਣੀ ਵੱਲੋਂ ਕੇਂਦਰ ਸਰਕਾਰ ਬਾਰੇ ਕੀਤੀਆਂ ਟਿੱਪਣੀਆਂ ਨੂੰ ਜਾਇਜ਼ ਕਰਾਰ ਦਿੰਦਿਆਂ ਆਖ ਦਿੱਤਾ ਹੈ ਕਿ ਸ੍ਰੀ ਜਿਆਣੀ ਨੇ ਕੁਝ ਵੀ ਗਲਤ ਨਹੀਂ ਕਿਹਾ ਹੈ। ਜ਼ਿਕਰਯੋਗ ਹੈ ਕਿ ਸੁਰਜੀਤ ਕੁਮਾਰ ਜਿਆਣੀ ਨੇ ਆਪਣੀ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਕਿਸਾਨਾਂ ਦੇ ਦੁਖੜੇ ਸੁਣਨ ਦਾ ਵਾਸਤਾ ਪਾਇਆ ਹੈ। ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਕਹਿਣਾ ਹੈ ਕਿ ਕਿਸਾਨ ਜਿਸ ਤਰ੍ਹਾਂ ਸੜਕਾਂ ਉਤੇ ਰੁਲ ਰਹੇ ਹਨ ਤੇ ਸੰਘਰਸ਼ ਕਰ ਰਹੇ ਹਨ, ਉਸ ਨੂੰ ਦੇਖ ਕੇ ਸਾਰੇ ਭਾਜਪਾ ਆਗੂਆਂ ਦੇ ਦਿਲਾਂ ਨੂੰ ਸੱਟ ਲਗਦੀ ਹੈ। ਇਸ ਲਈ ਪਾਰਟੀ ਵੀ ਚਾਹੁੰਦੀ ਹੈ ਕਿ ਕਿਸਾਨੀ ਮਸਲਿਆਂ ਦਾ ਸੁਖਾਵਾਂ ਹੱਲ ਹੋਵੇ। ਜ਼ਿਕਰਯੋਗ ਹੈ ਕਿ ਸ੍ਰੀ ਜਿਆਣੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਪਾਰਟੀ ਦੇ ਉਕਤ ਤਿੰਨੋਂ ਆਗੂ ਕਿਸਾਨਾਂ ਦੀ ਗੱਲ ਸੁਣ ਕੇ ਮਸਲੇ ਦਾ ਤੁਰਤ ਹੱਲ ਕੱਢਣ। ਉਨ੍ਹਾਂ ਆਪਣੇ ਪਾਰਟੀ ਦੇ ਆਗੂਆਂ ਨੂੰ ਇਥੋਂ ਤੱਕ ਕਿਹਾ ਕਿ ਭਾਜਪਾ ਗਲਤ ਦਿਸ਼ਾ ਵੱਲ ਜਾ ਰਹੀ ਹੈ। ਪੰਜਾਬ ਦੇ ਸਾਬਕਾ ਮੰਤਰੀ ਨੇ ਕਿਹਾ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂ ਜਦੋਂ ਦਿੱਲੀ ਗਏ ਸਨ ਤਾਂ ਕੇਂਦਰੀ ਖੇਤੀ ਮੰਤਰੀ ਨੂੰ ਚਾਹੀਦਾ ਸੀ ਕਿ ਉਹ ਕਿਸਾਨਾਂ ਨਾਲ ਮੁਲਾਕਾਤ ਕਰਦੇ। ਭਾਜਪਾ ਆਗੂ ਨੇ ਕਿਹਾ ਕਿ ਪਾਰਟੀ ਆਗੂਆਂ ਨੂੰ ਕਿਸਾਨੀ ਮਸਲਿਆਂ ਉਤੇ ਜਿੱਦ ਨਹੀਂ ਕਰਨੀ ਚਾਹੀਦੀ ਤੇ ਅੜੀ ਛੱਡ ਕੇ ਸੁਲਾਹ ਦਾ ਰਾਹ ਅਪਣਾਉਣਾ ਚਾਹੀਦਾ ਹੈ।

ਉਧਰ, ਖੇਤੀ ਕਾਨੂੰਨਾਂ ਖਿਲਾਫ 31 ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਦੇ ਘਰ ਦਾ ਘਿਰਾਓ ਪਿਛਲੇ ਤਕਰੀਬਨ ਡੇਢ ਮਹੀਨੇ ਤੋਂ ਜਾਰੀ ਹੈ। ਕਿਸਾਨ ਆਗੂਆਂ ਨੇ ਆਖਿਆ ਕਿ ਮੋਦੀ ਸਰਕਾਰ ਆਪਣੇ ਫਾਸ਼ੀਵਾਦੀ ਏਜੰਡੇ ਤਹਿਤ ਆਰਥਿਕ ਤੌਰ 'ਤੇ ਕਮਜ਼ੋਰ ਕਰ ਕੇ ਪੰਜਾਬੀਆਂ ਨੂੰ ਝੁਕਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਦੇ ਕਾਰਕੁਨ ਮੰਗਾਂ ਮਨਵਾਉਣ ਲਈ ਦੋ ਦਿਨ 26 ਤੇ 27 ਨਵੰਬਰ ਨੂੰ ਦਿੱਲੀ ਘੇਰਨਗੇ ਅਤੇ ਜਥੇਬੰਦੀਆਂ ਨੇ ਕਿਸਾਨਾਂ ਨੂੰ ਵੱਡੇ ਪੱਧਰ 'ਤੇ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ।

## ਭਾਜਪਾ ਦਾ ਸਾਬਕਾ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ 'ਚ ਸ਼ਾਮਲ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਟੁੱਟਣ ਮਗਰੋਂ ਦੋਵਾਂ ਹੀ ਪਾਰਟੀਆਂ ਵਿਚ ਇਕ-ਦੂਜੇ ਨੂੰ ਕਮਜ਼ੋਰ ਕਰਨ ਦੀ ਹੋੜ ਲੱਗੀ ਹੋਈ ਹੈ। ਇਸੇ ਤਹਿਤ ਭਾਜਪਾ ਦੇ ਤਰਨ ਤਾਰਨ ਜ਼ਿਲ੍ਹੇ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਸਾਬਕਾ ਮੰਤਰੀ ਅਨਿਲ ਜੋਸ਼ੀ ਦੇ ਨੇੜਲੇ ਸਾਥੀ ਐਡਵੋਕੇਟ ਆਰ.ਪੀ ਸਿੰਘ ਮੈਣੀ ਭਾਜਪਾ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਇਸ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪਾਰਟੀ ਵਿਚ ਆਉਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਆਰ.ਪੀ. ਸਿੰਘ ਮੈਣੀ ਨੂੰ ਪਾਰਟੀ ਦਾ ਬੁਲਾਰਾ ਨਿਯੁਕਤ ਕੀਤਾ।

# ਕਿਸਾਨ ਅੰਦੋਲਨ: 'ਦਿੱਲੀ ਚੱਲੋ' ਦੀ ਤਿਆਰੀ ਵਿਚ ਪੰਜਾਬ ਪੱਬਾਂ ਭਾਰ ਹੋਇਆ

**ਚੰਡੀਗੜ੍ਹ:** ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੇ ਸੱਦੇ ਉਤੇ ਕੌਮੀ ਕਿਸਾਨ ਅੰਦੋਲਨ 'ਦਿੱਲੀ ਚੱਲੋ' ਦੀ ਤਿਆਰੀ ਨੇ ਪੰਜਾਬ ਵਿਚ ਜ਼ੋਰ ਫੜ ਲਿਆ ਹੈ। ਕਿਸਾਨ ਧਿਰਾਂ ਨੇ ਤਿਆਰੀ ਵਜੋਂ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਪੰਜਾਬ 'ਚੋਂ ਰਿਕਾਰਡ ਵੱਡੀ ਗਿਣਤੀ ਕਿਸਾਨਾਂ ਨੂੰ ਦਿੱਲੀ ਲਿਜਾਣ ਲਈ ਕਿਸਾਨ ਧਿਰਾਂ ਦਾ ਜ਼ੋਰ ਲੱਗਾ ਹੋਇਆ ਹੈ। ਪੰਜਾਬ ਵਿਚ ਰੇਲ ਮਾਰਗ ਪੂਰੀ ਤਰ੍ਹਾਂ ਖਾਲੀ ਹਨ, ਪਰ ਕਿਸਾਨਾਂ ਨੇ ਭਾਜਪਾ ਆਗੂਆਂ, ਟੌਲ ਪਲਾਜ਼ਿਆਂ ਅਤੇ ਰਿਲਾਇੰਸ ਪੰਪਾਂ 'ਤੇ ਧਰਨੇ ਜਾਰੀ ਰੱਖੇ ਹੋਏ ਹਨ। ਕਿਸਾਨ ਜਥੇਬੰਦੀਆਂ ਨੇ ਦੱਸਿਆ ਕਿ 'ਦਿੱਲੀ ਚੱਲੋ' ਲਈ ਵਿਉਂਤਬੰਦੀ ਜਾਰੀ ਹੈ ਅਤੇ ਪੰਜਾਬ 'ਚੋਂ ਵੱਡੀ ਗਿਣਤੀ ਕਿਸਾਨ ਦਿੱਲੀ ਜਾਣਗੇ। ਕੌਮੀ ਪੱਧਰ ਦੇ ਕਿਸਾਨ ਆਗੂਆਂ ਨਾਲ ਰੋਜ਼ਾਨਾ ਤਾਲਮੇਲ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਜੰਡਿਆਲਾ ਗੁਰੂ ਅਤੇ ਕਪੂਰਥਲਾ ਵਿਚ ਆਪਣੇ ਪ੍ਰਦਰਸ਼ਨ ਜਾਰੀ ਰੱਖੇ ਹੋਏ ਹਨ।

ਸੰਘਰਸ਼ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਜਨਰਲ ਸਕੱਤਰ ਸਰਬਣ ਸਿੰਘ ਪੰਧੇਰ ਨੇ ਕਿਹਾ ਕਿ ਕਿਸਾਨ ਘਰਾਂ 'ਤੇ ਕਾਲੇ ਝੰਡੇ ਲਾ ਕੇ ਦੀਵਾਲੀ ਮਨਾਉਣਗੇ।

ਕੇਂਦਰ ਸਰਕਾਰ ਮੀਡੀਆ ਰਾਹੀਂ ਗੱਲਬਾਤ ਕਰਨ ਲਈ ਫੋਕੀ ਬਿਆਨਬਾਜ਼ੀ ਕਰ ਰਹੀ ਹੈ ਜਦੋਂ ਕਿ ਠੋਸ ਰੂਪ ਵਿਚ ਕੁਝ ਵੀ ਸਾਹਮਣੇ ਨਹੀਂ ਆਇਆ ਹੈ। ਦੂਜੇ ਪਾਸੇ ਕਿਸਾਨ ਅੰਦੋਲਨ ਦੇ ਭਖਵੇਂ ਰੂਪ ਨੂੰ ਦੇਖਦੇ ਹੋਏ ਭਾਜਪਾ ਆਗੂਆਂ ਨੇ ਰਾਜ ਵਿਚ ਆਪਣੀ ਆਮਦੋਰਫਤ ਸੀਮਤ ਕਰ ਦਿੱਤੀ ਹੈ। ਬੀ.ਕੇ.ਯੂ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ 26 ਨਵੰਬਰ ਦੇ ਕੌਮੀ ਅੰਦੋਲਨ ਦੀ ਤਿਆਰੀ ਲਈ ਵਿਸ਼ੇਸ਼ ਤਿਆਰੀ ਦਸਤੇ 1200 ਤੋਂ ਵਧੇਰੇ ਪਿੰਡਾਂ ਵਿਚ ਵਿਆਪਕ ਲਾਮਬੰਦੀ ਮੁਹਿੰਮ ਲਗਾਤਾਰ ਚਲਾਉਣਗੇ।

ਇਸ ਦੀ ਪੂਰਨ ਕਾਮਯਾਬੀ ਲਈ ਫੰਡ ਮੁਹਿੰਮ ਵੀ ਪਿੰਡ ਪਿੰਡ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੂੰ ਸਿਰਫ ਕਾਰਪੋਰੇਟ ਘਰਾਣਿਆਂ ਦਾ ਫਿਕਰ ਸਤਾ ਰਿਹਾ ਹੈ ਅਤੇ ਲੋਕਾਂ ਦੀਆਂ ਮੁਸ਼ਕਲਾਂ ਦਾ ਕੋਈ ਫਿਕਰ ਨਹੀਂ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਪੰਜਾਬ ਦੇ ਲੋਕਾਂ ਨਾਲ ਬਦਲਾ-ਲਊ ਵਿਹਾਰ ਇਸੇ ਤਰ੍ਹਾਂ ਜਾਰੀ ਰੱਖਿਆ ਤਾਂ ਉਹ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਦੇ ਲਗਾਤਾਰ ਵਧ ਰਹੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ।









# ਨਿੰਦਰ ਘੁਗਿਆਣਵੀ ਦਾ ਸਫਰਨਾਮਾ 'ਦੇਖੀ ਤੇਰੀ ਵਲੈਤ' ਜਾਰੀ



**ਪਟਿਆਲਾ (ਬਿਊਰੋ):** ਪਟਿਆਲਾ ਪੁਲਿਸ ਨੇ ਇੱਕ ਨਿਵੇਕਲਾ ਉਪਰਾਲਾ ਕਰਦਿਆਂ ਇੱਥੇ ਪੁਲਿਸ ਲਾਈਨ ਵਿਖੇ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉਘੇ ਲੇਖਕ ਨਿੰਦਰ ਘੁਗਿਆਣਵੀ ਦੀ 49ਵੀਂ ਪੁਸਤਕ ਇੰਗਲੈਂਡ ਫੇਰੀ 'ਤੇ ਆਧਾਰਤ ਸਫਰਨਾਮਾ 'ਦੇਖੀ ਤੇਰੀ ਵਲੈਤ' ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਯੋਗਰਾਜ, ਐਸ. ਐਸ. ਪੀ. ਪਟਿਆਲਾ ਵਿਕਰਮਜੀਤ ਦੁੱਗਲ ਅਤੇ ਹੱਡੀਆਂ ਦੇ ਰੋਗਾਂ ਦੇ ਮਾਹਰ ਡਾ. ਹਰਦੀਪ ਸਿੰਘ ਮਾਨ ਨੇ ਸਾਂਝੇ ਤੌਰ 'ਤੇ ਜਾਰੀ ਕੀਤੀ।

ਐਸ. ਐਸ. ਪੀ. ਵਿਕਰਮਜੀਤ ਦੁੱਗਲ ਨੇ ਪੁਲਿਸ ਲਾਈਨ ਵਿਖੇ ਇਸ ਸਾਹਿਤਕ ਸਮਾਗਮ ਨੂੰ ਰਚਾਉਣ ਦਾ ਮੰਤਵ ਦਸਦਿਆਂ ਕਿਹਾ ਕਿ ਪੁਲਿਸ ਵਾਲਿਆਂ ਦੀ ਭੱਜ-ਦੌੜ ਭਰੀ ਜ਼ਿੰਦਗੀ ਨੂੰ ਸਾਹਿਤ ਨਾਲ ਜੋੜਨ ਦਾ ਇਹ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਨੇ ਪੁਲਿਸ ਟ੍ਰੇਨਿੰਗ ਅਕੈਡਮੀ ਫਿਲੌਰ ਅਤੇ ਹੋਰਨੀਂ ਥਾਂਈਂ ਟ੍ਰੇਨੀ ਅਧਿਕਾਰੀਆਂ ਨੂੰ ਲੈਕਚਰ ਦੇਣ ਜਾਂਦੇ ਨਿੰਦਰ ਘੁਗਿਆਣਵੀ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਆਪਣੀ ਅਗਲੀ 50ਵੀਂ ਕਿਤਾਬ ਦਾ ਵਿਸ਼ਾ ਪੁਲਿਸ ਨਾਲ ਸਬੰਧਤ ਦਿਲਚਸਪ ਘਟਨਾਵਾਂ ਅਤੇ ਵਰਤਾਰਿਆਂ ਨੂੰ ਬਣਾਉਣ ਤਾਂ ਜੋ ਪੁਲਿਸ 'ਚ ਨਵੇਂ ਆਉਣ ਵਾਲੇ ਅਧਿਕਾਰੀਆਂ ਤੇ ਜਵਾਨਾਂ ਨੂੰ ਪੁਰਾਣੀ ਪੀੜ੍ਹੀ ਦੇ ਅਫਸਰਾਂ ਤੇ ਤਜ਼ਰਬਿਆਂ ਬਾਰੇ ਜਾਣਕਾਰੀ ਮਿਲ ਸਕੇ।

ਸ੍ਰੀ ਦੁੱਗਲ, ਜੋ ਨਿੰਦਰ ਘੁਗਿਆਣਵੀ ਦੀਆਂ ਬਹੁਤ ਪੜ੍ਹੀਆਂ ਗਈਆਂ ਰਚਨਾਵਾਂ ਦਾ ਅੰਗਰੇਜ਼ੀ ਅਤੇ ਤੇਲਗੂ ਉਲੱਥਾ ਵੀ ਕਰਵਾ ਚੁਕੇ ਹਨ, ਨੇ ਕਿਹਾ ਕਿ ਜ਼ਰੂਰੀ ਨਹੀਂ ਹੁੰਦਾ ਕਿ ਵਿਅਕਤੀ ਵੱਡੀਆਂ ਯੂਨੀਵਰਸਿਟੀਆਂ ਅਤੇ ਅਕੈਡਮੀਆਂ 'ਚ ਹੀ ਪੜ੍ਹ ਕੇ ਵਿਦਵਾਨ ਬਣੇ, ਨਿੰਦਰ ਜਿਹੇ ਲੇਖਕਾਂ ਨੂੰ ਆਪਣੀਆਂ ਲਿਖਤਾਂ 'ਤੇ ਹੀ ਪੀਐਚ.ਡੀ. ਦੇ ਥੀਸਿਸ ਲਿਖੇ ਹੋਣ ਦਾ ਮਾਣ ਹੈ।

ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਯੋਗਰਾਜ ਨੇ ਨਿੰਦਰ ਘੁਗਿਆਣਵੀ ਨੂੰ ਇੱਕ ਪ੍ਰਤੀਬੱਧ ਲੇਖਕ ਕਰਾਰ ਦਿੰਦਿਆਂ ਕਿਹਾ ਕਿ ਉਸ ਦੀ ਸਾਹਿਤ ਸੋਝੀ ਕਮਾਲ ਦੀ ਹੈ, ਕਿਉਂ ਜੋ ਏਨੀ ਥੋੜ੍ਹੀ ਉਮਰ ਵਿਚ 49 ਕਿਤਾਬਾਂ ਦਾ ਸਥਾਪਤ ਲੇਖਕ ਹੋਣਾ ਕਿਸੇ-ਕਿਸੇ ਦੇ ਹਿੱਸੇ ਆਉਂਦਾ ਹੈ। ਉਨ੍ਹਾਂ ਲੇਖਕ ਦੀ ਵੱਡੀ ਵਿਸ਼ੇਸ਼ਤਾ ਦਸਦਿਆਂ ਕਿਹਾ ਕਿ ਉਸ ਨੇ ਆਪਣੇ ਕਥਿਤ ਛੋਟੇ ਅਹੁਦਿਆਂ 'ਤੇ ਕੀਤੇ ਕੰਮਾਂ ਨੂੰ ਵੀ ਬੇਝਿਜਕ ਹੋ ਕੇ ਆਪਣੀਆਂ ਲਿਖਤਾਂ 'ਚ ਪਰੋਇਆ ਹੈ। ਉਨ੍ਹਾਂ ਉਸ ਨੂੰ ਅੰਦਰੋਂ-ਬਾਹਰੋਂ ਇੱਕੋ ਜਿਹਾ ਆਖਿਆ, ਜੋ ਕਿਸੇ ਵੀ ਗੱਲ ਨੂੰ ਵਧਾਉਣ-ਚੜ੍ਹਾਉਣ ਜਾਂ ਲੁਕਾਉਣ ਦੀ ਆਦਤ ਤੋਂ ਕੋਹਾਂ ਦੂਰ ਹੈ। ਉਨ੍ਹਾਂ ਨੇ ਕਿਹਾ ਕਿ ਨਿੰਦਰ ਦੀ ਇਹ ਪੁਸਤਕ ਇੱਕ ਪੜ੍ਹਨਯੋਗ ਤੇ ਸਾਂਭਣਯੋਗ ਰਚਨਾ ਹੈ।

ਡਾ. ਹਰਦੀਪ ਸਿੰਘ ਮਾਨ ਨੇ ਨਿੰਦਰ ਨੂੰ ਬਹੁਪੱਖੀ ਪ੍ਰਤਿਭਾ ਦਾ ਧਾਰਨੀ ਦੱਸਦਿਆਂ ਕਿਹਾ ਕਿ ਉਸ ਨਾਲ ਭਾਵੇਂ ਉਨ੍ਹਾਂ ਦੀ ਇਸ ਪੁਸਤਕ ਦੇ ਰਿਲੀਜ਼ ਸਮਾਗਮ ਤੋਂ ਇੱਕ ਦਿਨ ਪਹਿਲਾਂ ਹੀ ਮੁਲਾਕਾਤ ਹੋਈ ਅਤੇ ਉਸ ਦੀ ਸ਼ਖਸੀਅਤ ਨੇ ਇਹ ਅਹਿਸਾਸ ਹੀ ਨਹੀਂ ਹੋਣ ਦਿੱਤਾ ਕਿ ਉਹ ਉਸ ਨੂੰ ਪਹਿਲੀ ਵਾਰ ਮਿਲ ਰਹੇ ਹਨ। ਉਨ੍ਹਾਂ ਕਾਮਨਾ ਕੀਤੀ ਕਿ ਨਿੰਦਰ ਮਾਂ ਬੋਲੀ ਦੀ ਸੇਵਾ 'ਚ ਅੱਗੇ ਵੱਧਦਾ ਹੋਇਆ, ਜਲਦੀ ਹੀ ਪੰਜਾਬੀ ਪਾਠਕਾਂ ਦੀ ਝੋਲੀ 'ਚ ਆਪਣੀ 50ਵੀਂ ਪੁਸਤਕ ਪਾਉਣ।

ਨਿੰਦਰ ਘੁਗਿਆਣਵੀ ਨੇ ਆਪਣੇ ਸਾਹਿਤਕ ਸਫਰ 'ਤੇ ਚਾਨਣਾ ਪਾਉਂਦਿਆਂ ਜਿੱਥੇ ਜਿਲਾ ਪੁਲਿਸ ਵੱਲੋਂ ਉਸ ਦੀ ਪੁਸਤਕ ਦੀ ਘੁੰਡ ਚੁਕਾਈ ਸਬੰਧੀ ਰੱਖੇ ਸਮਾਗਮ ਲਈ ਧੰਨਵਾਦ ਕੀਤਾ, ਉਥੇ ਆਪਣੀ 2005 ਤੇ 2010 ਦੀ ਇੰਗਲੈਂਡ ਫੇਰੀ 'ਤੇ ਆਧਾਰਤ ਇਸ ਕਿਤਾਬ 'ਚ ਪੀੜ੍ਹੀਆਂ ਦੇ ਵਖਰੇਵੇਂ, ਬਜੁਰਗਾਂ ਦੇ ਇਕਲਾਪੇ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਬਾਰੇ ਕੀਤੇ ਵਰਣਨ ਬਾਰੇ ਦਿਲਚਸਪ, ਪਰ ਸੱਚੀਆਂ ਘਟਨਾਵਾਂ ਵੀ ਸੁਣਾਈਆਂ। ਉਨ੍ਹਾਂ ਨੇ ਸ੍ਰੀ ਦੁੱਗਲ ਵੱਲੋਂ ਉਨ੍ਹਾਂ ਨੂੰ ਪੰਜਾਬੀ ਪਾਠਕ ਸੱਥ ਤੋਂ ਅੱਗੇ ਹੋਰਨਾਂ ਭਾਸ਼ਾਵਾਂ ਦੇ ਪਾਠਕਾਂ 'ਚ ਲਿਜਾਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਡਾ. ਯੋਗਰਾਜ, ਡਾ. ਹਰਦੀਪ ਸਿੰਘ ਮਾਨ ਅਤੇ ਹੋਰਨਾਂ ਪੰਜਾਬੀ ਸਾਹਿਤ ਪ੍ਰੇਮੀਆਂ ਵੱਲੋਂ ਪੁਸਤਕ ਦੀ ਘੁੰਡ ਚੁਕਾਈ ਦੇ ਇਸ ਸੀਮਤ ਅਤੇ ਸਾਦੇ ਸਮਾਗਮ ਵਿਚ ਸ਼ਿਰਕਤ ਕਰਕੇ ਹੌਂਸਲਾ ਅਫਜਾਈ ਕਰਨ ਲਈ ਵੀ ਧੰਨਵਾਦ ਕੀਤਾ।

## ਪੰਜਾਬ ਪੁਲਿਸ ਮੁਖੀ ਗੁਪਤਾ ਨੂੰ ਹਾਈ ਕੋਰਟ ਤੋਂ ਰਾਹਤ



**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਦੀ ਨਿਯੁਕਤੀ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਕੈਟ ਦੇ ਹੁਕਮਾਂ ਖਿਲਾਫ ਪੰਜਾਬ ਰਾਜ ਨੂੰ ਅਪੀਲ ਕਰਨ ਦੀ ਵੀ ਆਗਿਆ ਦੇ ਦਿੱਤੀ ਹੈ। 17 ਜਨਵਰੀ ਨੂੰ ਕੈਟ ਨੇ ਸ੍ਰੀ ਗੁਪਤਾ ਦੀ ਰਾਜ ਪੁਲਿਸ ਮੁਖੀ ਵਜੋਂ ਨਿਯੁਕਤੀ ਰੱਦ ਕਰ ਦਿੱਤੀ ਸੀ, ਜੋ ਕਿ ਕਾਂਗਰਸ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਵੱਡਾ ਝਟਕਾ ਸੀ। ਸੀਨੀਅਰ ਆਈ.ਪੀ.ਐਸ. ਅਧਿਕਾਰੀ ਮੁਹੰਮਦ ਮੁਸਤਫਾ ਅਤੇ ਸਿਧਾਰਥ ਚਟੋਪਾਧਿਆਏ ਨੇ ਅਪੀਲ ਕੀਤੀ ਸੀ ਕਿ ਸ੍ਰੀ ਗੁਪਤਾ ਨੂੰ ਉਨ੍ਹਾਂ ਦੀ ਸੀਨੀਅਰਤਾ ਨੂੰ ਨਜ਼ਰਅੰਦਾਜ਼ ਕਰਦਿਆਂ ਡੀ.ਜੀ.ਪੀ. ਬਣਾਇਆ ਗਿਆ ਸੀ। ਮੁਸਤਫਾ 1985 ਬੈਚ ਦੇ ਅਧਿਕਾਰੀ ਹਨ, ਜਦੋਂ ਕਿ ਚਟੋਪਾਧਿਆਏ 1986 ਬੈਚ ਦੇ, ਦੂਜੇ ਪਾਸੇ ਸ੍ਰੀ ਗੁਪਤਾ 1987 ਬੈਚ ਦੇ ਅਧਿਕਾਰੀ ਹਨ।

# Matrimonials

## ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892

46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com

44-

ਅਮਰੀਕਾ ਵਿਚ ਵੈੱਲ ਸੈੱਟਲਡ ਬਿਜਨਸਮੈਨ 38 ਸਾਲਾ, 5'-6", ਗੁਰ ਸਿੱਖ ਲੜਕੇ ਲਈ ਗੁਰ ਸਿੱਖ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 317-989-4241 ਜਾਂ 317-797-1811

42-45

## ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102

40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com

36-39

*Visit us on the web:*
***www.punjabtimesusa.com***


***To Advertise with Punjab Times Call: 847-359-0746***
*Visit us on the web:* ***wwwpunjabtimesusa.com***

ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ
ਸਿਨਸਿਨੈਟੀ (ਓਹਾਇਓ) ਇਲਾਕੇ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ।
ਵਾਜਬ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ, ਫੋਨ: 513-203-6315
43-

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਕੈਪਟਨ ਪਰਿਵਾਰ ਨੂੰ ਘੇਰੇ ਪਿੱਛੋਂ ਪੰਜਾਬ 'ਚ ਸੀ.ਬੀ.ਆਈ. ਦਾ ਰਾਹ ਰੋਕਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਇਕ ਵੱਡਾ ਫੈਸਲਾ ਲੈਂਦਿਆਂ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਸੂਬੇ ਵਿਚ ਸਿੱਧੀ ਕਾਰਵਾਈ ਕਰਨ 'ਤੇ ਬਰੇਕਾਂ ਲਾ ਦਿੱਤੀਆਂ ਹਨ। ਹੁਣ ਪੰਜਾਬ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਸੀ.ਬੀ.ਆਈ. ਕਾਰਵਾਈ ਨਹੀਂ ਕਰ ਸਕੇਗੀ।

ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਪੱਛਮੀ ਬੰਗਾਲ ਜਿਹੇ ਸੂਬਿਆਂ ਦੀ ਤਰਜ਼ ਉਤੇ ਕੈਪਟਨ ਸਰਕਾਰ ਨੇ ਰਾਜ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਸੂਬੇ ਵਿਚ ਕੋਈ ਵੀ ਕਾਰਵਾਈ ਨਾ ਕਰਨ ਸਬੰਧੀ ਦਿੱਲੀ ਵਿਸ਼ੇਸ਼ ਪੁਲਿਸ ਐਕਟ-1946 ਦੀ ਧਾਰਾ 25 ਤਹਿਤ ਲੋੜੀਂਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਇਸ ਤਰ੍ਹਾਂ ਦੀ ਕਾਰਵਾਈ ਦੇਸ਼ ਦੇ ਉਨ੍ਹਾਂ ਸੱਤ ਸੂਬਿਆਂ ਵੱਲੋਂ ਅਮਲ ਵਿਚ ਲਿਆਂਦੀ ਗਈ ਹੈ ਜਿਨ੍ਹਾਂ ਸੂਬਿਆਂ ਵਿਚ ਗੈਰ-ਭਾਜਪਾ ਸਰਕਾਰਾਂ ਚੱਲ ਰਹੀਆਂ ਹਨ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਪੰਜਾਬ ਸਰਕਾਰ ਅਤੇ ਕੇਂਦਰ ਦਰਮਿਆਨ ਕਿਸਾਨੀ ਅੰਦੋਲਨ ਤੋਂ ਬਾਅਦ ਜਿਸ ਤਰ੍ਹਾਂ ਟਕਰਾਅ ਦੀ ਸਥਿਤੀ ਬਣੀ ਹੋਈ ਹੈ, ਉਸ ਨੂੰ ਦੇਖਦਿਆਂ ਸੀ.ਬੀ.ਆਈ. ਅਤੇ ਹੋਰ ਕੇਂਦਰੀ ਏਜੰਸੀਆਂ ਕਾਂਗਰਸ ਦੇ ਮੰਤਰੀਆਂ ਅਤੇ ਆਗੂਆਂ ਨੂੰ ਨਿਸ਼ਾਨਾ ਬਣਾ ਸਕਦੀਆਂ ਹਨ।

ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਾਂ ਪਿਛਲੇ ਦਿਨਾਂ ਦੌਰਾਨ ਨਵੀਂ ਦਿੱਲੀ ਵਿਚ ਦਿੱਤੇ ਧਰਨੇ ਦੌਰਾਨ ਦੋਸ਼ ਲਾਏ ਸਨ ਕਿ ਉਨ੍ਹਾਂ ਦੇ (ਕੈਪਟਨ) ਪਰਿਵਾਰ ਦੇ ਮੈਂਬਰਾਂ ਨੂੰ ਈ.ਡੀ. ਅਤੇ ਆਮਦਨ ਕਰ ਵਿਭਾਗ ਵੱਲੋਂ ਦਿੱਤੇ ਗਏ ਨੋਟਿਸ ਬਦਲਾਖੋਰੀ ਦੀ ਸਿਆਸਤ ਦਾ ਹਿੱਸਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਈਡੀ ਅਤੇ ਆਮਦਨ ਕਰ ਵਿਭਾਗ ਨੇ ਮੁੱਖ ਮੰਤਰੀ ਦੀ ਪਤਨੀ ਪਰਨੀਤ ਕੌਰ, ਪੁੱਤਰ ਰਣਇੰਦਰ ਸਿੰਘ, ਦੋ ਪੋਤਰੀਆਂ ਅਤੇ ਇੱਕ ਪੋਤਰੇ ਨੂੰ ਨੋਟਿਸ ਦਿੱਤਾ ਹੋਇਆ ਹੈ। ਰਣਇੰਦਰ ਸਿੰਘ ਨੂੰ ਤਾਂ ਈਡੀ ਵੱਲੋਂ ਜਲੰਧਰ ਦਫਤਰ ਵਿਚ ਦੋ ਵਾਰ ਤਲਬ ਵੀ ਕੀਤਾ ਜਾ ਚੁੱਕਾ ਹੈ ਪਰ ਮੁੱਖ ਮੰਤਰੀ ਦੇ ਪੁੱਤਰ ਈਡੀ ਕੋਲ ਪੇਸ਼ ਨਹੀਂ ਹੋਏ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਰੇਤ ਖਣਨ ਦੇ ਮਾਮਲੇ ਵਿਚ ਸੀ.ਬੀ.ਆਈ. ਨੂੰ ਜਾਂਚ ਸੌਂਪੇ ਜਾਣ ਤੋਂ ਬਾਅਦ ਵੀ ਰਾਜ ਸਰਕਾਰ ਘਬਰਾਈ ਹੋਈ ਹੈ। ਸਿਆਸੀ ਤੇ ਪ੍ਰਸ਼ਾਸਕੀ ਹਲਕਿਆਂ ਵਿਚ ਇਹ ਚਰਚਾ ਹੈ ਕਿ ਪੰਜਾਬ ਦੇ ਕਈ ਕਾਂਗਰਸੀ ਵਿਧਾਇਕ ਅਤੇ ਮੰਤਰੀ ਸੀ.ਬੀ.ਆਈ. ਦੇ ਨਿਸ਼ਾਨੇ ਉਤੇ ਹਨ। ਇਸੇ ਤਰ੍ਹਾਂ ਪਟਿਆਲਾ ਵਿਚ ਸ਼ਰਾਬ ਬਣਾਉਣ ਦੀ ਨਕਲੀ ਫੈਕਟਰੀ ਦਾ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਵੀ ਈਡੀ ਨੇ ਪੰਜਾਬ ਪੁਲਿਸ ਤੋਂ ਦਸਤਾਵੇਜ਼ ਮੰਗ ਲਏ ਹਨ। ਸੂਬੇ ਦੇ ਇਕ ਮੰਤਰੀ ਸਾਧੂ ਸਿੰਘ ਧਰਮਸੋਤ ਪਹਿਲਾਂ ਹੀ ਵਜ਼ੀਫਾ ਘੁਟਾਲੇ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਵਿਰੋਧੀ ਧਿਰਾਂ ਵੱਲੋਂ ਕੇਂਦਰ ਸਰਕਾਰ ਵੱਲੋਂ ਭੇਜੀ ਗਈ ਕਣਕ ਅਤੇ ਮਨਰੇਗਾ ਵਿਚ ਵੀ ਘਪਲੇ ਦੇ ਦੋਸ਼ ਲਾਏ ਜਾ ਰਹੇ ਹਨ।

## ਡੋਨਲਡ ਟਰੰਪ ਸੱਤਾ ਨਾ ਛੱਡਣ ਲਈ ਅੜੇ

(ਸਫਾ ਇਕ ਦੀ ਬਾਕੀ)

ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਟਰੰਪ ਦੀਆਂ ਨੀਤੀਆਂ ਦੇ ਮੱਦੇਨਜ਼ਰ ਵੋਟ ਪਾਈ। ਨਸਲਵਾਦ, ਅਮਰੀਕਾ ਫਸਟ ਅਤੇ ਕਰੋਨਾ ਨੂੰ ਸਿਰਫ ਫਲੂ ਕਹਿਣਾ ਟਰੰਪ ਨੂੰ ਮਹਿੰਗਾ ਪਿਆ। 'ਅਮਰੀਕਾ ਫਸਟ' ਨੀਤੀ ਕਾਰਨ 64 ਫੀਸਦੀ ਏਸ਼ਿਆਈ ਲੋਕਾਂ ਨੇ ਟਰੰਪ ਵਿਰੁਧ ਵੋਟ ਪਾਈ। 34 ਫੀਸਦੀ ਵੋਟਰਾਂ ਨੇ ਅਰਥ ਵਿਵਸਥਾ ਨੂੰ ਸਭ ਤੋਂ ਵੱਡਾ ਚੋਣ ਮੁੱਦਾ ਮੰਨਿਆ। ਇਸੇ ਤਰ੍ਹਾਂ 21 ਫੀਸਦੀ ਨੇ ਨਸਲੀ ਵਿਤਕਰੇ ਨੂੰ ਚੋਣ ਮੁੱਦਾ ਬਣਾਇਆ। ਕਰੋਨਾ ਪ੍ਰਤੀ ਰੁਖ ਦੇ ਮੱਦੇਨਜ਼ਰ 18 ਫੀਸਦੀ ਲੋਕਾਂ ਨੇ ਵੋਟ ਪਾਈ। ਅਪਰਾਧ ਅਤੇ ਸੁਰੱਖਿਆ ਨੂੰ ਮੁੱਦਾ ਮੰਨਦਿਆਂ 11 ਫੀਸਦੀ ਲੋਕਾਂ ਨੇ ਟਰੰਪ ਦੇ ਪੱਖ ਜਾਂ ਵਿਰੋਧ ਵਿਚ ਵੋਟਾਂ ਪਾਈਆਂ। ਸਿਹਤ ਨੀਤੀ ਦੇ ਆਧਾਰ 'ਤੇ 11 ਫੀਸਦੀ ਨੇ ਵੋਟਾਂ ਪਾਈਆਂ। 1992 ਤੋਂ ਹੁਣ ਤੱਕ ਹਰ ਰਾਸ਼ਟਰਪਤੀ ਨੂੰ ਦੋ ਵਾਰੀਆਂ ਮਿਲੀਆਂ ਹਨ, ਟਰੰਪ ਦੀਆਂ ਨੀਤੀਆਂ ਦੀ ਇਸ ਤੋਂ ਵੱਡੀ ਹਾਰ ਕੀ ਹੋ ਸਕਦੀ ਹੈ ਕਿ ਉਹ ਸਿਰਫ 4 ਸਾਲ ਹੀ ਵ੍ਹਾਈਟ ਹਾਊਸ ਟਿਕ ਸਕੇ।

## ਖੇਤੀ ਕਾਨੂੰਨ: ਕੇਂਦਰ ਸਰਕਾਰ ਮੁੜ ਗੱਲਬਾਤ ਵਾਲੇ ਰਾਹ ਪਈ

(ਸਫਾ ਇਕ ਦੀ ਬਾਕੀ)

ਲਈ ਸੰਘਰਸ਼ ਦਾ ਐਲਾਨ ਕਰ ਦਿੱਤਾ ਗਿਆ ਸੀ। ਪੰਜਾਬ ਸਰਕਾਰ ਵੱਲੋਂ ਕੀਤੀ ਦਖਲਅੰਦਾਜ਼ੀ ਕਾਰਨ ਕਿਸਾਨਾਂ ਨੇ ਭਾਵੇਂ ਮਾਲ ਗੱਡੀਆਂ ਲਈ 21 ਨਵੰਬਰ ਤੱਕ ਲਾਂਘਾ ਦੇਣ ਦਾ ਐਲਾਨ ਕਰ ਦਿੱਤਾ ਸੀ ਪਰ ਕੇਂਦਰੀ ਰੇਲਵੇ ਮੰਤਰਾਲੇ ਨੇ ਯਾਤਰੂ ਅਤੇ ਮਾਲ ਗੱਡੀਆਂ ਇਕੱਠਿਆਂ ਹੀ ਚਲਾਉਣ ਦੀ ਅੜੀ ਫੜ ਕੇ ਮਾਲ ਗੱਡੀਆਂ ਦੀ ਆਵਾਜਾਈ ਵੀ ਬਹਾਲ ਨਹੀਂ ਕੀਤੀ। ਭਾਜਪਾ ਅਤੇ ਕੇਂਦਰ ਸਰਕਾਰ ਦੀ ਤਾਜ਼ਾ ਸਰਗਰਮੀ ਤੋਂ ਬਾਅਦ ਕਿਸਾਨ ਅੰਦੋਲਨ ਦਾ ਸੁਖਾਵਾਂ ਹੱਲ ਨਿਕਲਣ ਦੀ ਉਮੀਦ ਕੀਤੀ ਜਾ ਰਹੀ ਹੈ। ਹਾਲਾਂਕਿ ਪੰਜਾਬ ਵਿਚ ਹੁਣ ਵੀ ਕਿਸਾਨਾਂ ਵੱਲੋਂ ਟੌਲ ਪਲਾਜ਼ਿਆਂ, ਭਾਜਪਾ ਆਗੂਆਂ ਦੇ ਘਰਾਂ ਮੂਹਰੇ ਅਤੇ ਅੰਬਾਨੀ-ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ ਧਰਨੇ ਦਿੱਤੇ ਜਾ ਰਹੇ ਹਨ। 500 ਜਥੇਬੰਦੀਆਂ ਵੱਲੋਂ ਸੰਘਰਸ਼ ਦੀ ਅਗਲੀ ਕੜੀ ਵਜੋਂ 26-27 ਨਵੰਬਰ 'ਦਿੱਲੀ ਚਲੋ' ਦੇ ਸੱਦੇ ਨੂੰ ਸਫਲ ਬਣਾਉਣ ਲਈ ਕਿਸਾਨ ਜਥੇਬੰਦੀਆਂ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਅੰਦਰ ਭਾਜਪਾ ਆਗੂਆਂ ਦੀ ਹਾਲਤ ਘਰਾਂ ਅੰਦਰ ਕੈਦ ਹੋਣ ਵਾਲੀ ਬਣੀ ਹੋਈ ਹੈ, ਕਈ ਥਾਵਾਂ ਉਤੇ ਆਗੂਆਂ ਨੂੰ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਹੈ।

# ਫਾਈਜ਼ਰ ਵੱਲੋਂ 90 ਫੀਸਦ ਅਸਰਦਾਰ ਵੈਕਸੀਨ ਤਿਆਰ ਕਰਨ ਦਾ ਦਾਅਵਾ

**ਨਿਊ ਯਾਰਕ:** ਫਾਰਮਾਸਿਊਟੀਕਲ ਕੰਪਨੀ ਫਾਈਜ਼ਰ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਵੈਕਸੀਨ ਅੰਕੜਿਆਂ ਤੋਂ ਇਹ ਸੰਕੇਤ ਮਿਲਿਆ ਹੈ ਕਿ ਉਨ੍ਹਾਂ ਵੱਲੋਂ ਤਿਆਰ ਕੋਵਿਡ-19 ਦਾ ਟੀਕਾ ਕਰੋਨਾ ਵਾਇਰਸ ਖਿਲਾਫ 90 ਫੀਸਦ ਅਸਰਦਾਰ ਹੋ ਸਕਦਾ ਹੈ। ਫਾਈਜ਼ਰ ਨੇ ਇਸ਼ਾਰਾ ਕੀਤਾ ਕਿ ਉਹ ਇਸ ਟੀਕੇ ਦੀ ਹੰਗਾਮੀ ਹਾਲਾਤ 'ਚ ਵਰਤੋਂ ਲਈ ਅਗਲੇ ਦਿਨਾਂ ਵਿਚ ਅਮਰੀਕੀ ਡਰੱਗ ਰੈਗੂਲੇਟਰ ਕੋਲ ਪਹੁੰਚ ਕਰ ਸਕਦੀ ਹੈ। ਇਕ ਨਿਰਪੱਖ ਅੰਕੜਾ ਮੋਨੀਟਰਿੰਗ ਬੋਰਡ ਵੱਲੋਂ ਕੀਤੀ ਅੰਤਰਿਮ ਸਮੀਖਿਆ ਮੁਤਾਬਕ ਅਮਰੀਕਾ ਤੇ ਪੰਜ ਹੋਰਨਾਂ ਮੁਲਕਾਂ ਵਿਚ ਟਰਾਇਲ ਦੌਰਾਨ 44 ਹਜ਼ਾਰ ਦੇ ਕਰੀਬ ਲੋਕਾਂ ਨੂੰ ਇਹ ਟੀਕਾ ਲਾਇਆ ਗਿਆ ਸੀ, ਜਿਨ੍ਹਾਂ ਵਿਚੋਂ 94 ਵਿਚ ਲਾਗ ਨਜ਼ਰ ਆਈ ਹੈ। ਫਾਈਜ਼ਰ ਇੰਕ ਨੇ ਭਾਵੇਂ ਇਨ੍ਹਾਂ ਕੇਸਾਂ ਬਾਰੇ ਬਹੁਤੀ ਤਫਸੀਲ ਨਹੀਂ ਦਿੱਤੀ ਤੇ ਚਿਤਾਵਨੀ ਦਿੱਤੀ ਹੈ ਕਿ ਸ਼ੁਰੂਆਤੀ ਬਚਾਅ ਦਰ, ਸਰਵੇਖਣ ਖਤਮ ਹੋਣ ਤੱਕ ਬਦਲ ਸਕਦੀ ਹੈ।

# ਭਾਈ ਰਣਜੀਤ ਸਿੰਘ ਵੱਲੋਂ ਸਰੂਪਾਂ ਦੇ ਜਾਂਚਕਾਰ ਨੂੰ ਖੁੱਲ੍ਹੀ ਚੁਣੌਤੀ

**ਅੰਮ੍ਰਿਤਸਰ:** ਸਾਬਕਾ ਜਥੇਦਾਰ ਅਤੇ ਪੰਥਕ ਅਕਾਲੀ ਲਹਿਰ ਦੇ ਮੁਖੀ ਭਾਈ ਰਣਜੀਤ ਸਿੰਘ ਨੇ 328 ਸਰੂਪਾਂ ਦੇ ਮਾਮਲੇ ਵਿਚ ਜਾਂਚ ਕਰਨ ਵਾਲੇ ਭਾਈ ਈਸ਼ਰ ਸਿੰਘ ਨੂੰ ਆਖਿਆ ਹੈ ਕਿ ਉਹ ਇਸ ਮਾਮਲੇ ਵਿਚ ਮੀਡੀਆ ਸਾਹਮਣੇ ਆ ਕੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ। ਦੱਸਣਯੋਗ ਹੈ ਕਿ ਭਾਈ ਰਣਜੀਤ ਸਿੰਘ ਨੇ ਜਾਂਚ ਰਿਪੋਰਟ ਬਾਰੇ ਦੋਸ਼ ਲਾਇਆ ਸੀ ਕਿ ਇਹ ਜਾਂਚ ਰਿਪੋਰਟ ਅਸਲੀ ਨਹੀਂ ਹੈ।

ਅਸਲੀ ਜਾਂਚ ਰਿਪੋਰਟ ਦੇ ਹਰ ਪੰਨੇ 'ਤੇ ਤਿੰਨੇ ਜਾਂਚ ਕਰਤਾ ਕਮੇਟੀ ਮੈਂਬਰਾਂ ਦੇ ਦਸਤਖਤ ਹਨ ਜਦੋਂਕਿ ਦੂਜੇ ਪਾਸੇ ਭਾਈ ਈਸ਼ਰ ਸਿੰਘ ਨੇ ਇਕ ਵੀਡੀਓ ਰਾਹੀਂ ਭਾਈ ਰਣਜੀਤ ਸਿੰਘ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਸੀ ਅਤੇ ਉਨ੍ਹਾਂ 'ਤੇ ਸੰਗਤ ਨੂੰ ਗੁਮਰਾਹ ਕਰਨ ਦਾ ਦੋਸ਼ ਲਾਇਆ ਸੀ।

ਇਸ ਮਾਮਲੇ ਵਿਚ ਭਾਈ ਰਣਜੀਤ ਸਿੰਘ ਨੇ ਆਖਿਆ ਕਿ ਜੇਕਰ ਇਕ ਰਿਪੋਰਟ ਦੇ ਹਰ ਪੰਨੇ 'ਤੇ ਦਸਤਖਤ ਕੀਤੇ ਗਏ ਹਨ ਤਾਂ ਇਹ ਰਿਪੋਰਟ ਸ੍ਰੀ ਅਕਾਲ ਤਖਤ ਉਤੇ ਕਿਉਂ ਨਹੀਂ ਦਿੱਤੀ ਗਈ। ਕਿਸੇ ਵੀ ਅਦਾਲਤ ਵਲੋਂ ਜਦ ਕਿਸੇ ਦਸਤਾਵੇਜ਼ ਦੀ ਨਕਲ ਦਿੱਤੀ ਜਾਂਦੀ ਹੈ ਤਾਂ ਉਹ ਅਸਲ ਕਾਪੀ ਦੀ ਨਕਲ ਹੁੰਦੀ ਹੈ। ਉਨ੍ਹਾਂ ਆਖਿਆ ਕਿ ਜਿਨ੍ਹਾਂ 125 ਸਰੂਪਾਂ ਦੇ ਮਾਮਲੇ ਨੂੰ ਉਹ ਝੂਠ ਆਖ ਰਹੇ ਹਨ, ਇਸ ਬਾਰੇ ਉਨ੍ਹਾਂ ਨੇ ਹੀ ਆਪਣੀ ਜਾਂਚ ਰਿਪੋਰਟ ਦੇ ਪੰਨਾ ਨੰਬਰ 159 ਵਿਚ ਇਸ ਦਾ ਜ਼ਿਕਰ ਕੀਤਾ ਹੈ।

ਇਸ ਵਿਚ ਸਪਸ਼ਟ ਲਿਖਿਆ ਹੈ ਕਿ ਵਾਧੂ ਅੰਗਾਂ ਤੋਂ 125 ਸਰੂਪ ਤਿਆਰ ਕੀਤੇ ਗਏ ਸਨ। ਉਨ੍ਹਾਂ ਈਸ਼ਰ ਸਿੰਘ ਨੂੰ ਪੁੱਛਿਆ ਕਿ ਪਬਲੀਕੇਸ਼ਨ ਵਿਭਾਗ ਦੇ ਸਹਿ ਸੁਪਰਵਾਈਜ਼ਰ ਕੰਵਲਜੀਤ ਸਿੰਘ ਨੇ ਆਖਿਆ ਹੈ ਕਿ ਉਹ ਅਧਿਕਾਰੀਆਂ ਵਲੋਂ ਭੇਜੀਆਂ ਕੱਚੀਆਂ ਪਰਚੀਆਂ ਦੇ ਆਧਾਰ 'ਤੇ ਅਗਾਂਹ ਪਾਵਨ ਸਰੂਪ ਦਿੰਦੇ ਸਨ, ਜੋ ਉਸ ਕੋਲੋਂ ਖੋਹ ਲਈਆਂ ਗਈਆਂ ਹਨ ਪਰ ਇਸ ਮੁੱਦੇ ਨੂੰ ਕੇਂਦਰ ਬਣਾ ਕੇ ਜਾਂਚ ਕਿਉਂ ਨਹੀਂ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਈਸ਼ਰ ਸਿੰਘ ਇਸ ਜਾਂਚ ਦੇ ਸਮਰੱਥ ਹੀ ਨਹੀਂ ਸਨ ਪਰ ਉਨ੍ਹਾਂ ਨੂੰ ਇਹ ਵੱਡਾ ਕੰਮ ਸੌਂਪ ਦਿੱਤਾ ਗਿਆ ਹੈ।

## ਬਿਹਾਰ ਚੋਣਾਂ: ਐਨ.ਡੀ.ਏ. ਧੜੇ ਨੇ ਮੁੜ ਮਾਰਿਆ ਮੋਰਚਾ

(ਸਫਾ ਇਕ ਦੀ ਬਾਕੀ)

ਨਿਤੀਸ਼ ਕੁਮਾਰ ਦੀ ਪਾਰਟੀ ਜੇ.ਡੀ.(ਯੂ) ਨੂੰ 43 ਸੀਟਾਂ ਮਿਲੀਆਂ ਹਨ। ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ ਨੂੰ ਸਿਰਫ ਇਕ ਸੀਟ ਮਿਲੀ ਹੈ। ਚੋਣ ਨਤੀਜੇ ਦੱਸਦੇ ਹਨ ਕਿ ਇਸ ਵਾਰ ਭਾਜਪਾ ਦੀਆਂ ਰਣਨੀਤੀਆਂ ਹਰ ਪੱਖੋਂ ਪੂਰੀ ਤਰ੍ਹਾਂ ਫਿੱਟ ਬੈਠੀਆਂ ਤੇ ਉਹ ਇਸ ਵਾਰ ਸਭ ਤੋਂ ਵੱਡੀ ਸਿਆਸੀ ਧਿਰ ਬਣ ਕੇ ਉਭਰੀ।

ਵਾਅਦੇ ਮੁਤਾਬਕ ਸੱਤਾ ਭਾਵੇਂ ਨਿਤੀਸ਼ ਕੁਮਾਰ ਕੋਲ ਰਹੇ ਪਰ ਇਸ ਵਾਰ ਸਰਕਾਰ ਵਿਚ ਭਾਜਪਾ ਧੜੇ ਦਾ ਬੋਲਬਾਲਾ ਰਹੇਗਾ। ਨਤੀਜਿਆਂ ਉਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਭਾਜਪਾ ਨੇ ਦੋ ਮੋਰਚਿਆਂ ਤੇ ਜਿੱਤ ਹਾਸਲ ਕੀਤੀ ਹੈ। ਉਸ ਨੇ ਭਾਈਵਾਲ ਆਰ.ਜੇ.ਡੀ. ਖੂੰਜੇ ਲਾ ਦਿੱਤਾ ਹੈ ਤੇ ਮੁੱਖ ਮੰਤਰੀ ਦੇ ਚਿਹਰੇ ਨਿਤੀਸ਼ ਕੁਮਾਰ, ਆਰ.ਜੇ.ਡੀ. ਦੇ ਤੇਜਸਵੀ ਯਾਦਵ ਤੋਂ ਹਾਰਦੇ-ਹਾਰਦੇ ਬਚ ਗਏ।

ਸਿਆਸੀ ਮਾਹਰ ਦੱਸਦੇ ਹਨ ਕਿ ਭਾਜਪਾ, ਜਿਸ ਕੋਲ ਬਿਹਾਰ ਸੂਬੇ ਵਿਚ ਕੋਈ ਵੱਡਾ ਨੇਤਾ ਨਹੀਂ ਸੀ, ਉਸ ਲਈ ਇਹ ਕੋਈ ਆਸਾਨ ਕੰਮ ਨਹੀਂ ਸੀ। ਜਾਤ ਦੇ ਆਧਾਰ ਉਤੇ ਭਾਜਪਾ ਨੇ ਆਰ.ਜੇ.ਡੀ. ਨੂੰ ਮਾਤ ਦਿੱਤੀ ਅਤੇ ਚਿਰਾਗ ਪਾਸਵਾਨ ਨੂੰ ਅਲੱਗ ਖੜ੍ਹਾ ਕਰ ਕੇ ਨਿਤੀਸ਼ ਕੁਮਾਰ ਦਾ ਰਾਜਨੀਤਕ ਕਦ ਭਾਜਪਾ ਮੁਕਾਬਲੇ ਛੋਟਾ ਕਰ ਦਿੱਤਾ ਪਰ ਹੁਣ ਵੀ ਗੱਠਜੋੜ ਦੇ ਆਗੂ ਵਜੋਂ ਨਿਤੀਸ਼ ਕੁਮਾਰ ਨੂੰ ਹੀ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕਾਇਮ ਹੈ।

ਮੰਨਿਆ ਜਾ ਰਿਹਾ ਹੈ ਕਿ ਉਪਿੰਦਰ ਕੁਸ਼ਵਾਹਾ ਅਤੇ ਚਿਰਾਗ ਪਾਸਵਾਨ ਦੇ ਐਨ.ਡੀ.ਏ. ਤੋਂ ਅਲੱਗ ਹੋਣ ਦੀ ਵਜ੍ਹਾ ਕਾਰਨ ਨਿਤੀਸ਼ ਕੁਮਾਰ ਦੇ ਵੋਟ ਬੈਂਕ ਵਿਚ ਘਾਟਾ ਪਿਆ ਤੇ ਸਭ ਭਾਜਪਾ ਦੀ ਰਣਨੀਤੀ ਦਾ ਹਿੱਸਾ ਸੀ।

## ਬਜ਼ੁਰਗਾਂ ਦੇ ਖਾਤਿਆਂ 'ਚੋਂ ਡਾਲਰ ਉਡਾਉਣ ਵਾਲੇ ਭਾਰਤੀ ਨੌਜਵਾਨ ਨੂੰ ਕੈਦ

**ਵਾਸ਼ਿੰਗਟਨ:** ਇਕ ਭਾਰਤੀ ਨਾਗਰਿਕ ਨੂੰ ਟੈਲੀਮਾਰਕੀਟਿੰਗ ਅਤੇ ਬੈਂਕ ਧੋਖਾਧੜੀ ਦੇ ਮਾਮਲੇ ਵਿਚ 33 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦੋਸ਼ੀ ਚਿਰਾਗ ਸਚਦੇਵ (30) ਨੇ ਅਮਰੀਕਾ ਵਿਚ ਕਈ ਬਜ਼ੁਰਗ ਖਾਤਾ ਧਾਰਕਾਂ ਨਾਲ ਆਨਲਾਈਨ ਯੂਜ਼ਰਨੇਮ ਅਤੇ ਪਾਸਵਰਡ ਦੀ ਵਰਤੋਂ ਕਰਦਿਆਂ ਖਾਤਿਆਂ ਤੋਂ ਪੈਸੇ ਚੋਰੀ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਨੂੰ ਕਬੂਲਿਆ ਹੈ।

ਅਮਰੀਕਾ ਦੀ ਅਦਾਲਤ ਨੇ ਸਚਦੇਵ ਨੂੰ 33 ਮਹੀਨਿਆਂ ਦੀ ਸੰਘੀ ਕੈਦ ਤੋਂ ਬਾਅਦ ਰਿਹਾਅ ਹੋਣ ਤੋਂ ਮਗਰੋਂ ਤਿੰਨ ਸਾਲਾਂ ਲਈ ਨਿਗਰਾਨੀ ਹੇਠ ਰੱਖਣ ਦਾ ਆਦੇਸ਼ ਵੀ ਦਿੱਤਾ। ਉਸ ਨੂੰ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ 4,442 ਡਾਲਰ ਦਾ ਜਰਮਾਨਾ ਵੀ ਲਗਾਇਆ ਗਿਆ ਹੈ। ਐਫ.ਬੀ.ਆਈ. ਨੇ ਇਕ ਹੋਰ ਭਾਰਤੀ ਨਾਗਰਿਕ ਮਨੀਸ਼ ਕੁਮਾਰ (32) ਨੂੰ ਇਸ ਨਾਲ ਸਬੰਧਤ ਤਿੰਨ ਹੋਰ ਧੋਖਾਧੜੀ ਸਾਜ਼ਿਸ਼ਾਂ ਵਿਚ ਸ਼ਾਮਲ ਹੋਣ ਲਈ ਗ੍ਰਿਫਤਾਰ ਵੀ ਕੀਤਾ ਹੈ।

## ਮਹਿਬੂਬਾ ਵੱਲੋਂ ਪਾਕਿਸਤਾਨ ਨਾਲ ਵਾਰਤਾ ਦੀ ਵਕਾਲਤ

**ਜੰਮੂ:** ਪੀ.ਡੀ.ਪੀ. ਮੁਖੀ ਮਹਿਬੂਬਾ ਮੁਫਤੀ ਨੇ ਕਿਹਾ ਹੈ ਕਿ ਪਾਕਿਸਤਾਨ ਤੇ ਜੰਮੂ ਕਸ਼ਮੀਰ ਅੰਦਰਲੀਆਂ ਧਿਰਾਂ ਨਾਲ ਵਾਰਤਾ ਕਰਕੇ ਅਤੇ ਵੰਡੇ ਹੋਏ ਹਿੱਸਿਆਂ ਨੂੰ ਇਕੱਠਿਆਂ ਕਰਨ ਲਈ ਸਰਹੱਦੀ ਮਾਰਗ ਖੋਲ੍ਹ ਕੇ ਵਾਦੀ 'ਚ ਸ਼ਾਂਤੀ ਅਤੇ ਮਸਲੇ ਦਾ ਪੱਕਾ ਹੱਲ ਕੱਢਿਆ ਜਾ ਸਕਦਾ ਹੈ। ਮਹਿਬੂਬਾ ਨੇ ਭਾਜਪਾ ਨੂੰ ਸਲਾਹ ਦਿੱਤੀ ਕਿ ਉਹ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀਆਂ ਨੀਤੀਆਂ ਤੋਂ ਸਬਕ ਲੈਣ।

ਉਨ੍ਹਾਂ ਕਿਹਾ ਕਿ ਕਾਰਗਿਲ ਜੰਗ ਅਤੇ ਸੰਸਦ ਉਤੇ ਹੋਏ ਹਮਲੇ ਦੇ ਬਾਵਜੂਦ ਸ੍ਰੀ ਵਾਜਪਾਈ ਨੇ ਪਾਕਿਸਤਾਨ ਵੱਲ ਦੋਸਤੀ ਦਾ ਹੱਥ ਵਧਾਇਆ ਸੀ ਜਿਸ ਕਾਰਨ ਅਤਿਵਾਦ ਦੀਆਂ ਘਟਨਾਵਾਂ ਘਟ ਗਈਆਂ ਅਤੇ ਸਰਹੱਦ ਉਤੇ ਗੋਲਾਬਾਰੀ ਰੁਕ ਗਈ ਸੀ।

ਸਾਬਕਾ ਮੁੱਖ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਵਾਦੀ 'ਚ ਅਤਿਵਾਦ ਮੁੜ ਸਿਰ ਚੁੱਕ ਰਿਹਾ ਹੈ ਕਿਉਂਕਿ ਵਧੇਰੇ ਨੌਜਵਾਨ ਜੇਲ੍ਹ ਜਾਣ ਦੀ ਬਜਾਏ ਦਹਿਸ਼ਤਗਰਦੀ ਨੂੰ ਤਰਜੀਹ ਦੇ ਰਹੇ ਹਨ। ਉਨ੍ਹਾਂ ਮੁਤਾਬਕ ਕੋਈ ਵਿਚਕਾਰਲਾ ਰਾਹ ਨਾ ਬਚਣ ਅਤੇ ਵਿਰੋਧੀ ਸੁਰਾਂ ਦੇ ਖਾਮੋਸ਼ ਹੋਣ ਕਾਰਨ ਨੌਜਵਾਨ ਨਿਰਾਸ਼ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਨੇ ਧਾਰਾ 370 ਰੱਦ ਕਰਕੇ ਸੰਵਿਧਾਨ ਦਾ ਘਾਣ ਕੀਤਾ ਹੈ। ਉਹ (ਭਾਜਪਾ) ਆਖ ਰਹੇ ਹਨ ਕਿ ਅਤਿਵਾਦ ਖਤਮ ਹੋ ਗਿਆ ਹੈ ਪਰ ਅਸਲੀਅਤ ਇਹ ਹੈ ਕਿ ਹਰੇਕ ਪਿੰਡ 'ਚੋਂ 10 ਤੋਂ 15 ਨੌਜਵਾਨ ਦਹਿਸ਼ਤਗਰਦਾਂ ਨਾਲ ਰਲ ਰਹੇ ਹਨ।"


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਿੱਖ ਰਿਲੀਜੀਅਸ ਸੁਸਾਇਟੀ ਦੀ ਥੈਂਕਸਗਿਵਿੰਗ ਦਿਵਸ ਮੁਹਿੰਮ

**ਸ਼ਿਕਾਗੋ:** ਸਿੱਖ ਰਿਲੀਜੀਅਸ ਸੁਸਾਇਟੀ (ਐਸ. ਆਰ. ਐਸ.) ਇਸ ਵਾਰ ਵੀ ਥੈਂਕਸਗਿਵਿੰਗ ਦਿਵਸ ਮੌਕੇ ਸੇਵਾ ਮੁਹਿੰਮ ਚਲਾ ਰਹੀ ਹੈ। ਇਸ ਸਬੰਧੀ ਸ. ਸਰਵਣ ਸਿੰਘ ਨੇ ਦੱਸਿਆ ਕਿ ਐਤਕੀਂ ਥੈਂਕਸਗਿਵਿੰਗ ਦਿਵਸ ਮੌਕੇ 26 ਨਵੰਬਰ ਨੂੰ ਸਾਲਵੇਸ਼ਨ ਆਰਮੀ ਵਿਖੇ ਰਵਾਇਤੀ ਥੈਂਕਸਗਿਵਿੰਗ ਮੀਲ ਪੁੰਜਦਾ ਕਰਨ ਲਈ 15-20 ਵਾਲੰਟੀਅਰਜ਼ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਬੇਨਤੀ ਵੀ ਕੀਤੀ ਕਿ ਸੇਵਾ ਕਰਨ ਵਾਲੇ, 12 ਸਾਲ ਤੋਂ ਉਪਰ ਉਮਰ ਵਾਲੇ ਆਪਣੇ ਬੱਚਿਆਂ ਨੂੰ ਵੀ ਨਾਲ ਲੈ ਕੇ ਆਉਣ ਤਾਂ ਕਿ ਨਵੀਂ ਪੀੜ੍ਹੀ ਵੀ ਸਾਡੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ ਉਤੇ ਚਲੇ।

ਉਨ੍ਹਾਂ ਦੱਸਿਆ ਕਿ ਸਿੱਖ ਰਿਲੀਜੀਅਸ ਸੁਸਾਇਟੀ ਦੀ ਕੋਵਿਡ-19 ਟੀਮ ਮਾਰਚ 2020 ਤੋਂ ਹਰ ਸ਼ਨਿਚਰਵਾਰ ਸਾਲਵੇਸ਼ਨ ਆਰਮੀ ਵਿਖੇ ਰਾਜਮਾਹ-ਚੌਲਾਂ ਦਾ ਗਰਮਾ-ਗਰਮ 250 ਤੋਂ 300 ਤਕ ਮੀਲ ਮੁਹੱਈਆ ਕਰਵਾ ਰਹੀ ਹੈ। ਇਹ ਪ੍ਰਾਜੈਕਟ ਸ. ਪ੍ਰੇਮਪਾਲ ਸਿੰਘ ਅਤੇ ਡਾ. ਜਸਵੀਰ ਕੌਰ ਸਿੰਘ ਦੀ ਅਗਵਾਈ ਹੇਠ ਚਲ ਰਿਹਾ ਹੈ। ਇਸ ਮੌਕੇ ਉਨ੍ਹਾਂ ਸ. ਠਾਕਰ ਸਿੰਘ ਬਸਾਤੀ ਦਾ ਉਚੇਚਾ ਧੰਨਵਾਦ ਕੀਤਾ, ਜਿਹੜੇ ਸੀਨੀਅਰ ਮੈਂਬਰਾਂ ਨੂੰ ਪ੍ਰੇਰ ਕੇ ਇਸ ਪਾਸੇ ਭਰਵਾਂ ਯੋਗਦਾਨ ਪਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਸਿੱਖ ਭਾਈਚਾਰਾ ਥੈਂਕਸਗਿਵਿੰਗ ਅਤੇ ਕ੍ਰਿਸਮਸ ਡਿਨਰ ਦਾ ਪ੍ਰਬੰਧ 2014 ਤੋਂ ਕਰ ਰਿਹਾ ਹੈ। ਇਸ ਕਾਰਜ ਲਈ ਸਾਲਵੇਸ਼ਨ ਆਰਮੀ ਨੇ ਜੁਲਾਈ 2019 ਵਿਚ ਸਿੱਖ ਰਿਲੀਜੀਅਸ ਸੁਸਾਇਟੀ ਨੂੰ 'ਲਾਈਫ ਟਾਈਮ ਅਚੀਵਮੈਂਟ ਅਵਾਰਡ' ਨਾਲ ਨਵਾਜਿਆ ਸੀ। ਸਿੱਖ ਭਾਈਚਾਰੇ ਦੇ ਮੈਂਬਰ ਇਸ ਤੋਂ ਇਲਾਵਾ ਸਾਲਵੇਸ਼ਨ ਆਰਮੀ ਲਈ ਫੰਡਾਂ ਦਾ ਪ੍ਰਬੰਧ ਵੀ ਕਰਦੇ ਹਨ। ਹੁਣ ਕੋਵਿਡ-19 ਕਾਰਨ ਭਾਈਚਾਰੇ ਦੇ ਮੈਂਬਰਾਂ ਨੂੰ ਵੱਡੀ ਗਿਣਤੀ ਵਿਚ ਸਾਲਵੇਸ਼ਨ ਆਰਮੀ ਜਾਣ ਲਈ ਤਾਂ ਨਹੀਂ ਕਿਹਾ ਜਾ ਰਿਹਾ, ਪਰ ਉਹ ਹੇਠਾਂ ਲਿਖੇ ਢੰਗ ਨਾਲ ਸੇਵਾ ਵਿਚ ਹਿੱਸਾ ਪਾ ਸਕਦੇ ਹਨ:

(ੳ) ਤੁਸੀਂ ਸਾਲਵੇਸ਼ਨ ਆਰਮੀ ਦੇ ਨਾਂ ਆਪਣਾ ਚੈੱਕ ਡਾ. ਜਸਵੀਰ ਕੌਰ ਸਿੰਘ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਦੇ ਸਕਦੇ ਹੋ।

(ਅ) ਤੁਸੀਂ ਆਪਣਾ ਚੈੱਕ ਸਿੱਖ ਰਿਲੀਜੀਅਸ ਸੁਸਾਇਟੀ ਦੇ ਦਫਤਰ ਛੱਡ ਸਕਦੇ ਹੋ ਅਤੇ ਸ. ਸੁਰਿੰਦਰ ਸਿੰਘ ਤੇ ਸ. ਪ੍ਰੇਮਪਾਲ ਸਿੰਘ ਕੋਲ ਅਪੜਾ ਸਕਦੇ ਹੋ।

(ੲ) ਜੇ ਤੁਸੀਂ ਵਾਲੰਟੀਅਰ ਕਰਨਾ ਚਾਹੁੰਦੇ ਹੋ ਜਾਂ ਦਾਨ ਕਰਨਾ ਚਾਹੁੰਦੇ ਹੋ ਤਾਂ ਸਾਲਵੇਸ਼ਨ ਆਰਮੀ ਦੇ ਦਫਤਰ (ਹਾਰਬਰ ਲਾਈਟ ਸੈਂਟਰ/ਸਾਲਵੇਸ਼ਨ ਆਰਮੀ, 825 ਐਨ ਕ੍ਰਿਸਟੀਆਨਾ ਐਵੇਨਿਊ, ਸ਼ਿਕਾਗੋ, ਇਲੀਨਾਇ 60651) ਵਿਖੇ 26 ਨਵੰਬਰ ਨੂੰ ਸਵੇਰੇ 9:30 ਵਜੇ ਪਹੁੰਚ ਕਰ ਸਕਦੇ ਹੋ। ਸਵੇਰੇ 9:30 ਤੋਂ ਬਾਅਦ ਦੁਪਹਿਰ 1:30 ਵਜੇ ਤਕ 15-20 ਵਾਲੰਟੀਅਰਜ਼ ਦੀ ਲੋੜ ਵੀ ਪਵੇਗੀ। ਇਸ ਸਬੰਧੀ ਫੋਨ ਨੰਬਰ (312) 667-2200/2255 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਸ਼ੁਭ ਕਾਰਜ ਬਾਰੇ ਅਗਾਂਹ ਵੱਧ ਤੋਂ ਵੱਧ ਸੁਨੇਹਾ ਵੀ ਪਹੁੰਚਾਓ।



ਪਿਛਲੇ ਸਾਲ ਦੀ ਸੇਵਾ ਮੁਹਿੰਮ ਦੀ ਇਕ ਯਾਦਗਾਰੀ ਤਸਵੀਰ

# ਸਰੀ ਸਿਟੀ ਕੌਂਸਲ ਨੇ ਨਵੰਬਰ ਨੂੰ ਸਿੱਖ ਨਸਲਕੁਸ਼ੀ ਯਾਦਗਾਰੀ ਮਹੀਨਾ ਐਲਾਨਿਆ

**ਵੈਨਕੂਵਰ:** ਸਰੀ ਸਿਟੀ ਕੌਂਸਲ ਵਲੋਂ ਨਵੰਬਰ ਮਹੀਨੇ ਨੂੰ ਸਿੱਖ ਨਸਲਕੁਸ਼ੀ ਯਾਦਗਾਰੀ ਮਹੀਨਾ ਐਲਾਨਿਆ ਗਿਆ ਹੈ। ਮੇਅਰ ਡੱਗ ਮੁਕਲਮ ਨੇ ਇਸ ਸਬੰਧੀ ਪੱਤਰ ਜਨਤਕ ਕੀਤਾ। ਮੇਅਰ ਵਲੋਂ ਕੌਂਸਲਰਾਂ ਦੀ ਸਹਿਮਤੀ ਨਾਲ ਜਾਰੀ ਕੀਤੇ ਪੱਤਰ ਵਿਚ ਕਿਹਾ ਗਿਆ ਹੈ ਕਿ ਨਵੰਬਰ 1984 ਵਿਚ ਭਾਰਤ ਵਿਚ ਜਿਵੇਂ ਮਨੁੱਖੀ ਹੱਕਾਂ ਦਾ ਘਾਣ ਤੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਹ ਬਹੁਤ ਘਿਨਾਉਣਾ ਸੀ ਅਤੇ ਯੂ.ਐਨ.ਓ. ਚਾਰਟਰ ਦੀ ਮਾਣਹਾਨੀ ਸੀ।

ਮੇਅਰ ਨੇ ਕਿਹਾ ਕਿ ਸਰੀ ਤੇ ਆਲੇ-ਦੁਆਲੇ ਦੇ ਖੇਤਰ ਵਿਚ ਵਸਦੇ ਵੱਡੀ ਗਿਣਤੀ ਸਿੱਖਾਂ ਦੇ ਦਰਦ ਨੂੰ ਸਮਝਦਿਆਂ ਉਹ ਇਸ ਮਹੀਨੇ ਨੂੰ ਸਿੱਖ ਨਸਲਕੁਸ਼ੀ ਯਾਦਗਾਰੀ ਮਹੀਨੇ ਵਜੋਂ ਮਾਨਤਾ ਦੇ ਰਹੇ ਹਨ ਤਾਂ ਜੋ ਨਸਲਕੁਸ਼ੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਯਾਦ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਉਹ ਕੋਈ ਅਹਿਸਾਨ ਨਹੀਂ ਕਰ ਰਹੇ ਸਗੋਂ ਭਾਈਚਾਰਕ ਏਕਤਾ ਤੇ ਮਨੁੱਖੀ ਹੱਕਾਂ ਦੀ ਰਖਵਾਲੀ ਦਾ ਹੋਕਾ ਦੇਣ ਦਾ ਯਤਨ ਕਰ ਰਹੇ ਹਨ।

## ਭਾਰਤ ਵਲੋਂ ਨਵਾਂ ਸੈਟੇਲਾਈਟ ਤੇ ਨੌਂ ਹੋਰ ਉਪਗ੍ਰਹਿ ਪੁਲਾੜ 'ਚ ਸਥਾਪਤ

**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼):** ਪੀ. ਐਸ. ਐਲ.ਵੀ-ਸੀ49 ਨੇ ਧਰਤੀ ਦੀ ਪਰਿਕਰਮਾ ਕਰਨ ਵਾਲੀ ਭਾਰਤ ਦੀ ਨਵੀਂ ਸੈਟੇਲਾਈਟ ਈਓਐੱਸ-01 ਅਤੇ ਨੌਂ ਹੋਰ ਗਾਹਕ ਉਪਗ੍ਰਹਿ ਕਾਮਯਾਬੀ ਨਾਲ ਪੁਲਾੜ 'ਚ ਸਥਾਪਤ ਕੀਤੇ ਹਨ। ਪੋਲਰ ਸੈਟੇਲਾਈਟ ਲਾਂਚ ਵਹੀਕਲ ਨੇ 26 ਘੰਟਿਆਂ ਦੀ ਪੁੱਠੀ ਗਿਣਤੀ ਤੋਂ ਬਾਅਦ ਇਥੇ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਉਡਾਣ ਭਰੀ ਤੇ 20 ਮਿੰਟ ਮਗਰੋਂ ਸਾਰੇ ਉਪ ਗ੍ਰਹਿ ਇਕ-ਇਕ ਕਰਕੇ ਪੁਲਾੜ ਦੇ ਪੰਧ 'ਚ ਸਥਾਪਤ ਕੀਤੇ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com






MIDWAY Business Broker
We Build Your Dreams

For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store

MIDWAY REALTY GROUP
We Build Your Dreams

MIDWAY REALTY GROUP
For all your Residential Real Estate Needs
Join our team, we are hiring real estate agents.

We help you to
- Home Selling
- Home Buying
- Rental / Lease
- New Construction
- Foreclosed / Short Sale
- REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at WWW.MBBBIZ.COM

AJEET SINGH : 847-529-9778
NICK VERMA : 630-664-1435





The Law Firm Of Fatima Johnson

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

We are experienced in.
•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

Licensed to Practice Immigration Law in all 50 States.

Ph: 317-252-0013
info@vitalvisa.com
*This is an attorney advertisement*

# ਪੰਥਕ ਅਕਾਲੀ ਲਹਿਰ ਨੇ ਸ਼੍ਰੋਮਣੀ ਕਮੇਟੀ ਨੂੰ ਘੇਰਾ ਪਾਇਆ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਵੇਲੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚਲੀ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚੋਂ ਫੌਜ ਵੱਲੋਂ ਚੁੱਕਿਆ ਤੇ ਫਿਰ ਵਾਪਸ ਕੀਤਾ ਗਿਆ ਅਮੁੱਲਾ ਖਜ਼ਾਨਾ ਅਤੇ 328 ਲਾਪਤਾ ਸਰੂਪਾਂ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਕੋਲੋਂ ਜਵਾਬ ਮੰਗਣ ਲਈ ਪੰਥਕ ਅਕਾਲੀ ਲਹਿਰ ਦੇ ਮੁਖੀ ਭਾਈ ਰਣਜੀਤ ਸਿੰਘ ਦੀ ਅਗਵਾਈ ਹੇਠ ਸ੍ਰੀ ਦਰਬਾਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਪਲਾਜ਼ਾ 'ਚ ਧਰਨਾ ਦਿੱਤਾ ਗਿਆ।



ਧਰਨੇ ਵਿਚ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖਤ ਵੱਲੋਂ ਜਵਾਬ ਦੇਣ ਲਈ ਕੋਈ ਵੀ ਨਹੀਂ ਪੁੱਜਿਆ। ਧਰਨੇ ਦੀ ਸਮਾਪਤੀ ਕਰਦਿਆਂ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਆਖਿਆ ਕਿ ਹਾਕਮਾਂ ਤੋਂ ਜਵਾਬ ਮਿਲਣ ਤੱਕ ਇਹ ਸਿਲਸਿਲਾ ਜਾਰੀ ਰਹੇਗਾ, ਜਿਸ ਦੀ ਅੱਜ ਸ਼ੁਰੂਆਤ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸਵੇਰੇ ਪੰਥਕ ਅਕਾਲੀ ਲਹਿਰ ਦੇ ਝੰਡੇ ਹੇਠ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਕਾਰਕੁਨ ਇਥੇ ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਇਕੱਠੇ ਹੋਏ ਅਤੇ ਮਾਰਚ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਪੁੱਜੇ, ਜਿਥੇ ਘੰਟਾ ਘਰ ਵਾਲੇ ਪਾਸੇ ਪਲਾਜ਼ਾ 'ਚ ਧਰਨਾ ਦਿੱਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਖਿਲਾਫ ਨਾਅਰੇਬਾਜ਼ੀ ਵੀ ਕੀਤੀ ਗਈ ਪਰ ਮੌਕੇ 'ਤੇ ਹਾਜ਼ਰ ਪੁਲਿਸ ਨੇ ਮਾਮਲੇ 'ਚ ਕੋਈ ਦਖਲਅੰਦਾਜ਼ੀ ਨਹੀਂ ਕੀਤੀ।

ਭਾਈ ਰਣਜੀਤ ਸਿੰਘ ਨੇ ਆਖਿਆ ਕਿ ਉਹ ਅੱਜ ਦਸਤਾਵੇਜ਼ੀ ਸਬੂਤ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲੋਂ ਜਵਾਬ ਮੰਗਣ ਆਏ ਹਨ। ਉਹ ਸੰਗਤ ਦੇ ਸਵਾਲਾਂ ਦੇ ਜਵਾਬ ਸੰਗਤ ਵਿਚ ਆ ਕੇ ਦੇਣ। ਉਨ੍ਹਾਂ ਕਿਹਾ ਭਾਰਤੀ ਫੌਜ ਦਾ ਦਾਅਵਾ ਹੈ ਕਿ ਸਾਕਾ ਨੀਲਾ ਤਾਰਾ ਵੇਲੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚੋਂ ਚੁੱਕਿਆ ਅਮੁੱਲਾ ਖਜ਼ਾਨਾ, ਜਿਸ ਵਿਚ 200 ਸਰੂਪ (ਕਈ ਹੱਥ ਲਿਖਤ ਪਾਵਨ ਸਰੂਪਾਂ ਸਮੇਤ) ਤੇ ਗੁਰੂ ਸਾਹਿਬ ਵੇਲੇ ਦੇ 28 ਹੁਕਮਨਾਮੇ ਤੇ ਸਾਖੀਆਂ ਆਦਿ ਸ਼ਾਮਲ ਹਨ, ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਚੁੱਕੇ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਵਸੂਲ ਕੀਤੇ ਸਾਮਾਨ ਦੀਆਂ ਰਸੀਦਾਂ ਵੀ ਹਨ। ਹਾਈ ਕੋਰਟ ਵੀ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਕੋਲੋਂ ਜਵਾਬ ਮੰਗ ਰਹੀ ਹੈ ਪਰ ਸ਼੍ਰੋਮਣੀ ਕਮੇਟੀ ਨੇ ਹਾਲੇ ਤੱਕ ਅਦਾਲਤ ਵਿਚ ਵੀ ਕੋਈ ਜਵਾਬ ਨਹੀਂ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ 328 ਲਾਪਤਾ ਪਾਵਨ ਸਰੂਪ ਮਾਮਲੇ ਵਿਚ ਵੀ ਈਸ਼ਰ ਸਿੰਘ ਤੋਂ ਕਰਵਾਈ ਜਾਂਚ ਰਿਪੋਰਟ ਨੂੰ ਵੀ ਬਾਦਲ ਪਰਿਵਾਰ ਨੂੰ ਬਚਾਉਣ ਲਈ ਬਦਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜਾਂਚ ਕਮਿਸ਼ਨ ਤੋਂ ਪੜਤਾਲ ਸੰਨ 2012 ਤੋਂ 2015 ਤੱਕ ਕਰਵਾਈ ਗਈ ਜਦੋਂ ਕਿ ਇਹ ਪੜਤਾਲ ਸੰਨ 2016 ਤੋਂ 2020 ਤੱਕ ਹੋਣੀ ਚਾਹੀਦੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਗੁਰੂ ਗ੍ਰੰਥ ਸਾਹਿਬ ਭਵਨ ਦੀ ਪ੍ਰੈਸ ਵਿਚ 12 ਲੱਖ ਰੁਲਦੇ ਪਏ ਪਾਵਨ ਅੰਗਾਂ ਦੀਆਂ ਤਸਵੀਰਾਂ ਵੀ ਉਨ੍ਹਾਂ ਪਾਸ ਹਨ ਜੋ ਬਹੁਤ ਵੱਡੀ ਬੇਅਦਬੀ ਹੈ। ਉਨ੍ਹਾਂ ਕਿਹਾ ਕਿ ਪੰਥ ਇਹ ਵੀ ਹਿਸਾਬ ਮੰਗਦਾ ਹੈ ਕਿ ਕੈਨੇਡਾ ਵਿਖੇ ਛਾਪੇ ਗਏ ਪਾਵਨ ਸਰੂਪਾਂ ਦੀ ਇਜਾਜ਼ਤ ਕਿਸ ਨੇ ਦਿੱਤੀ।

ਉਨ੍ਹਾਂ ਦੋਸ਼ ਲਾਇਆ ਕਿ ਹੁਣ ਲਾਪਤਾ ਹੋਏ 328 ਸਰੂਪਾਂ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਹੈ। ਇਸ ਮਾਮਲੇ ਵਿਚ ਦੋ ਜਾਂਚ ਰਿਪੋਰਟਾਂ ਤਿਆਰ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਹਰ ਸਫੇ 'ਤੇ ਜਾਂਚ ਟੀਮ ਦੇ ਦਸਤਖਤ ਹਨ ਪਰ ਸ਼੍ਰੋਮਣੀ ਕਮੇਟੀ ਨੇ ਜੋ ਜਾਂਚ ਟੀਮ ਜਨਤਕ ਕੀਤੀ ਹੈ, ਉਸ ਦੇ ਸਿਰਫ ਆਖਰੀ ਸਫੇ ਉਤੇ ਹੀ ਦਸਤਖਤ ਹਨ। ਇਸੇ ਦੌਰਾਨ ਉਨ੍ਹਾਂ ਸੰਗਤ ਨੂੰ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਨੂੰ ਬਾਦਲਕਿਆਂ ਦੇ ਕਬਜ਼ੇ ਵਿਚੋਂ ਮੁਕਤ ਕਰਵਾਉਣ ਦਾ ਸੱਦਾ ਦਿੰਦਿਆਂ ਪਿੰਡਾਂ 'ਚ ਉਨ੍ਹਾਂ ਦਾ ਬਾਈਕਾਟ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਕਰਵਾਏ।

### ਸ਼੍ਰੋਮਣੀ ਕਮੇਟੀ ਨੇ ਭਾਈ ਰਣਜੀਤ ਸਿੰਘ ਵਲੋਂ ਲਾਏ ਦੋਸ਼ ਨਕਾਰੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਭਾਈ ਰਣਜੀਤ ਸਿੰਘ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਬਾਹਰ ਧਰਨੇ ਦੌਰਾਨ ਲਾਏ ਗਏ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਰਮਦਾਸ ਨੇ ਕਿਹਾ ਕਿ ਭਾਈ ਰਣਜੀਤ ਸਿੰਘ ਸੰਗਤ ਨੂੰ ਗੁਮਰਾਹ ਕਰ ਰਹੇ ਹਨ, ਜਦਕਿ ਸ਼੍ਰੋਮਣੀ ਕਮੇਟੀ ਦਾ ਕੰਮਕਾਜ ਬਿਲਕੁਲ ਪਾਰਦਰਸ਼ੀ ਹੈ। ਉਨ੍ਹਾਂ ਆਖਿਆ ਕਿ ਲਾਪਤਾ ਸਰੂਪ ਮਾਮਲੇ 'ਚ ਅਸਲ ਜਾਂਚ ਰਿਪੋਰਟ ਕੁਝ ਹੋਰ ਹੋਣ ਬਾਰੇ ਲਾਏ ਗਏ ਦੋਸ਼ ਵੀ ਝੂਠੇ ਹਨ, ਕਿਉਂਕਿ ਗੱਲਾਂ ਨਾਲ ਰਿਪੋਰਟ ਗਲਤ ਸਾਬਤ ਨਹੀਂ ਕੀਤੀ ਜਾ ਸਕਦੀ। ਕਮੇਟੀ ਦੇ ਬੁਲਾਰੇ ਨੇ ਕਿਹਾ ਕਿ ਭਾਈ ਰਣਜੀਤ ਸਿੰਘ ਕੌਮ ਅੰਦਰ ਦੁਬਿਧਾ ਅਤੇ ਫੁੱਟ ਪਾਉਣ ਦਾ ਯਤਨ ਨਾ ਕਰਨ ਕਿਉਂਕਿ ਇਹ ਕੌਮ ਦੇ ਭਲੇ ਵਿਚ ਨਹੀਂ। ਉਨ੍ਹਾਂ ਕਿਹਾ ਕਿ ਝੂਠੀ ਬਿਆਨਬਾਜ਼ੀ ਕਰਕੇ ਸੰਗਤ ਨੂੰ ਗੁੰਮਰਾਹ ਕਰਨਾ ਕੌਮਪ੍ਰਸਤੀ ਨਹੀਂ ਹੈ।

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ 27 ਨੂੰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਜਨਰਲ ਇਜਲਾਸ ਦੀ ਇਕੱਤਰਤਾ 27 ਨਵੰਬਰ ਨੂੰ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਵੇਗੀ। ਇਹ ਫੈਸਲਾ ਇਥੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਦੌਰਾਨ ਇਕ ਮਤਾ ਪਾਸ ਕਰਕੇ ਪਾਕਿਸਤਾਨ ਸਰਕਾਰ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਗੈਰ ਸਿੱਖ ਸੰਸਥਾ ਹਵਾਲੇ ਕਰਨ ਦਾ ਵਿਰੋਧ ਕਰਦਿਆਂ ਉਸ ਨੂੰ ਇਹ ਫੈਸਲਾ ਵਿਚਾਰਨ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ 328 ਲਾਪਤਾ ਪਾਵਨ ਸਰੂਪਾਂ ਦੀ ਜਾਂਚ ਦੇ ਮਾਮਲੇ ਵਿਚ ਉਚ ਪੱਧਰੀ ਸਮੀਖਿਆ ਕਮੇਟੀ ਬਣਾਉਣ ਦਾ ਫੈਸਲਾ ਲਿਆ ਗਿਆ ਹੈ।

ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਮੀਡੀਆ ਨੂੰ ਦੱਸਿਆ ਕਿ 27 ਨਵੰਬਰ ਨੂੰ ਜਨਰਲ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਪਾਕਿਸਤਾਨ ਸਰਕਾਰ ਵੱਲੋਂ ਗੁਰਦੁਆਰਾ ਕਰਤਾਰਪੁਰ ਦਾ ਪ੍ਰਬੰਧ ਪ੍ਰੋਜੈਕਟ ਮੈਨੇਜਮੈਂਟ ਕੰਪਨੀ ਨੂੰ ਦੇਣ ਦੀ ਸਖਤ ਨਿੰਦਾ ਕਰਦਿਆਂ ਅੰਤ੍ਰਿੰਗ ਕਮੇਟੀ ਨੇ ਨਿੰਦਾ ਮਤਾ ਪਾਸ ਕੀਤਾ ਜੋ ਪਾਕਿਸਤਾਨ ਸਰਕਾਰ ਨੂੰ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਚਿਰੋਕਣੀ ਮੰਗ ਮਗਰੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਗਿਆ ਹੈ ਅਤੇ ਹੁਣ ਇਸ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਕੇ ਪ੍ਰੋਜੈਕਟ ਮੈਨੇਜਮੈਂਟ ਕੰਪਨੀ ਨੂੰ ਸੌਂਪਣਾ ਮਰਿਆਦਾ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਦਾ ਪ੍ਰਬੰਧ ਗੁਰਦੁਆਰਾ ਕਮੇਟੀ ਕੋਲ ਹੀ ਹੋਣਾ ਚਾਹੀਦਾ ਹੈ। ਪਾਕਿਸਤਾਨ ਸਰਕਾਰ ਦੇ ਇਸ ਫੈਸਲੇ ਉਤੇ ਰੋਸ ਜਤਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਰਾਹੀਂ ਦਿੱਲੀ ਸਥਿਤ ਪਾਕਿਸਤਾਨੀ ਸਫ਼ਾਰਤਖ਼ਾਨੇ ਨੂੰ ਇਕ ਪੱਤਰ ਵੀ ਸੌਂਪਿਆ ਗਿਆ ਹੈ।

328 ਪਾਵਨ ਸਰੂਪਾਂ ਦੇ ਮਾਮਲੇ ਵਿਚ ਹੋਈ ਜਾਂਚ ਤੋਂ ਬਾਅਦ ਪੈਦਾ ਹੋਈਆਂ ਪ੍ਰਸਥਿਤੀਆਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਸਮੁੱਚੇ ਮਾਮਲੇ ਉਤੇ ਨਜ਼ਰਸਾਨੀ ਕਰਨ ਲਈ ਉਚ ਪੱਧਰੀ ਸਮੀਖਿਆ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ, ਜਿਸ ਵਿਚ ਲੋੜ ਮੁਤਾਬਕ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸੇ ਮਾਮਲੇ ਵਿਚ ਸੰਸਥਾ ਦਾ ਆਡਿਟ ਕਰਦੀ ਐਸ ਐਸ ਕੋਹਲੀ ਐਂਡ ਕੰਪਨੀ ਕੋਲੋਂ ਵੀ ਰਕਮ ਵਸੂਲੀ ਲਈ ਲੀਗਲ ਨੋਟਿਸ ਭੇਜਿਆ ਗਿਆ ਹੈ।

ਸ੍ਰੀ ਅਕਾਲ ਤਖਤ ਵੱਲੋਂ ਇਸ ਕੰਪਨੀ ਕੋਲੋਂ 70 ਫੀਸਦੀ ਮਿਹਨਤਾਨੇ ਦੀ ਰਕਮ ਵਸੂਲਣ ਦੇ ਆਦੇਸ਼ ਕੀਤੇ ਗਏ ਸਨ। ਇਕ ਸਵਾਲ ਦੇ ਜਵਾਬ ਵਿਚ ਸ੍ਰੀ ਲੌਂਗੋਵਾਲ ਨੇ ਆਖਿਆ ਕਿ ਪਾਵਨ ਸਰੂਪਾਂ ਦੇ ਮਾਮਲੇ ਦੀ ਸ਼੍ਰੋਮਣੀ ਕਮੇਟੀ ਵੱਲੋਂ ਉੱਚ ਅਦਾਲਤ ਵਿਚ ਵੀ ਦ੍ਰਿੜ੍ਹਤਾ ਨਾਲ ਪੈਰਵੀ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਸਥਾਪਨਾ ਦੀ ਸ਼ਤਾਬਦੀ ਬਾਰੇ ਉਨ੍ਹਾਂ ਦੱਸਿਆ ਕਿ 15 ਨਵੰਬਰ ਨੂੰ ਇਸ ਸਬੰਧੀ ਸ੍ਰੀ ਅਕਾਲ ਤਖਤ ਵਿਖੇ ਅਖੰਡ ਪਾਠ ਸ਼ੁਰੂ ਹੋਵੇਗਾ ਅਤੇ 17 ਨਵੰਬਰ ਨੂੰ ਮੰਜੀ ਸਾਹਿਬ ਦੀਵਾਨ ਹਾਲ 'ਚ ਭੋਗ ਪਾਏ ਜਾਣਗੇ। ਇਸ ਮੌਕੇ ਪ੍ਰਮੁੱਖ ਸਿੱਖ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਦੌਰਾਨ 13 ਤੋਂ 17 ਨਵੰਬਰ ਤਕ ਚਿੱਤਰਕਲਾ ਪ੍ਰਦਰਸ਼ਨੀ ਵੀ ਲਾਈ ਜਾਵੇਗੀ।

## ਸਾਕਾ ਨੀਲਾ ਤਾਰਾ: ਜ਼ਬਤ ਵਸਤਾਂ ਬਾਰੇ ਨਹੀਂ ਮਿਲਣਗੇ ਵੇਰਵੇ

### ਸੀ.ਆਈ.ਓ. ਵੀ ਕੇਂਦਰ ਦੇ ਹੱਕ ਵਿਚ ਭੁਗਤਿਆ

**ਨਵੀਂ ਦਿੱਲੀ:** ਕੇਂਦਰੀ ਸੂਚਨਾ ਕਮਿਸ਼ਨ (ਸੀ.ਆਈ.ਸੀ.) ਨੇ 1984 ਵਿਚ ਹਰਿਮੰਦਰ ਸਾਹਿਬ 'ਚ ਸਾਕਾ ਨੀਲਾ ਤਾਰਾ ਦੌਰਾਨ ਕੇਂਦਰੀ ਏਜੰਸੀ ਵੱਲੋਂ ਜ਼ਬਤ ਦਸਤਾਵੇਜ਼ਾਂ ਤੇ ਬੇਸ਼ਕੀਮਤੀ ਵਸਤਾਂ ਦੀ ਵਿਸਥਾਰਤ ਜਾਣਕਾਰੀ ਦਾ ਖੁਲਾਸਾ ਨਾ ਕਰਨ ਦੇ ਕੇਂਦਰ ਦੇ ਫੈਸਲੇ ਨੂੰ ਸਹੀ ਠਹਿਰਾਇਆ ਹੈ।

ਸਾਕਾ ਨੀਲਾ ਤਾਰਾ ਦੌਰਾਨ ਫੌਜੀਆਂ ਸਮੇਤ 576 ਵਿਅਕਤੀਆਂ ਦੀ ਜਾਨ ਚਲੀ ਗਈ ਸੀ। ਸੂਚਨਾ ਦੇ ਅਧਿਕਾਰ ਤਹਿਤ ਅਰਜ਼ੀਕਾਰ ਗੁਰਵਿੰਦਰ ਸਿੰਘ ਚੱਢਾ ਵੱਲੋਂ ਦਾਖਲ ਕੀਤੀ ਗਈ ਅਰਜ਼ੀ 'ਚ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਉਨ੍ਹਾਂ ਸਾਰੀਆਂ ਵਸਤਾਂ ਦੀ ਸੂਚੀ ਅਤੇ ਉਨ੍ਹਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਮੰਗੀ ਗਈ ਸੀ ਜੋ ਉਸ ਸਮੇਂ ਕਾਰਵਾਈ ਦੌਰਾਨ ਜ਼ਬਤ ਕੀਤੇ ਗਏ ਸਨ। ਅਰਜ਼ੀਕਾਰ ਨੇ ਇਸ ਅਪਰੇਸ਼ਨ ਨਾਲ ਸਬੰਧਤ ਸਾਰੇ ਦਸਤਾਵੇਜ਼ਾਂ ਅਤੇ ਇਸ ਕਾਰਵਾਈ ਦੌਰਾਨ ਮਾਰੇ ਗਏ ਲੋਕਾਂ ਦੀ ਸੂਚੀ ਵੀ ਮੰਗੀ ਸੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਜ਼ਬਤ ਕੀਤੀਆਂ ਗਈਆਂ ਵਸਤਾਂ ਦੀ ਵਿਸਥਾਰਤ ਸੂਚੀ ਅਤੇ ਬਿਊਰੇ ਤੋਂ ਬਿਨਾਂ ਆਰ.ਟੀ.ਆਈ. ਦੇ ਜਵਾਬ 'ਚ ਕਿਹਾ, "ਸਾਕਾ ਨੀਲਾ ਤਾਰਾ ਦੌਰਾਨ ਕਰੀਬ ਚਾਰ ਹਜ਼ਾਰ ਦਸਤਾਵੇਜ਼, ਕਿਤਾਬਾਂ, ਫਾਈਲਾਂ, ਸੋਨਾ, ਸੋਨੇ ਦੇ ਗਹਿਣੇ, ਚਾਂਦੀ, ਚਾਂਦੀ ਦੇ ਗਹਿਣੇ, ਬੇਸ਼ਕੀਮਤੀ ਰਤਨ, ਕਰੰਸੀ, ਸਿੱਕੇ ਆਦਿ ਕੇਂਦਰੀ ਏਜੰਸੀ ਨੇ ਜ਼ਬਤ ਕੀਤੇ ਸਨ। ਇਹ ਵਸਤਾਂ ਅਤੇ ਦਸਤਾਵੇਜ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਪੰਜਾਬ ਸਰਕਾਰ ਨੂੰ ਸੌਂਪ ਦਿੱਤੇ ਗਏ ਸਨ।" ਮੰਤਰਾਲੇ ਨੇ ਕਿਹਾ ਕਿ ਮੌਜੂਦਾ ਰਿਕਾਰਡ ਮੁਤਾਬਕ ਜੂਨ 1984 'ਚ ਦਰਬਾਰ ਸਾਹਿਬ ਕੰਪਲੈਕਸ ਅੰਦਰ ਫੌਜੀ ਕਾਰਵਾਈ ਦੌਰਾਨ 493 ਖਾੜਕੂ/ਆਮ ਨਾਗਰਿਕ ਅਤੇ ਫੌਜ ਦੇ 83 ਅਧਿਕਾਰੀ ਮਾਰੇ ਗਏ ਸਨ।



ਜ਼ਬਤ ਕੀਤੀਆਂ ਗਈਆਂ ਵਸਤਾਂ ਬਾਰੇ ਸਟੀਕ ਜਾਣਕਾਰੀ ਨਾ ਮਿਲਣ ਤੋਂ ਅਸੰਤੁਸ਼ਟ ਚੱਢਾ ਨੇ ਪਹਿਲੀ ਅਪੀਲ ਮੰਤਰਾਲੇ 'ਚ ਸੀਨੀਅਰ ਅਧਿਕਾਰੀ ਕੋਲ ਕੀਤੀ ਸੀ ਜਿਨ੍ਹਾਂ ਸੂਚਨਾ ਦੇ ਅਧਿਕਾਰ ਦੀ ਧਾਰਾ 8, 1(ਏ) ਦਾ ਹਵਾਲਾ ਦਿੰਦਿਆਂ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ। ਇਸ ਧਾਰਾ ਤਹਿਤ ਸਰਕਾਰ ਉਸ ਜਾਣਕਾਰੀ ਨੂੰ ਦੇਣ ਤੋਂ ਇਨਕਾਰ ਕਰ ਸਕਦੀ ਹੈ ਜਿਸ ਨਾਲ ਦੇਸ਼ ਦੀ ਸੁਰੱਖਿਆ, ਖੁਦਮੁਖਤਿਆਰੀ ਅਤੇ ਅਖੰਡਤਾ 'ਤੇ ਅਸਰ ਪੈਣ ਦਾ ਖਦਸ਼ਾ ਹੋਵੇ। ਇਸ ਤੋਂ ਬਾਅਦ ਅਰਜ਼ੀਕਾਰ ਨੇ ਕੇਂਦਰੀ ਸੂਚਨਾ ਕਮਿਸ਼ਨ 'ਚ ਦੂਜੀ ਅਪੀਲ ਦਾਖਲ ਕੀਤੀ ਸੀ।

ਮੰਤਰਾਲੇ ਨੇ ਕਿਹਾ ਕਿ ਚੱਢਾ ਨੂੰ ਨੁਕਤਿਆਂ ਦੇ ਆਧਾਰ 'ਤੇ ਜਵਾਬ ਦਿੱਤਾ ਗਿਆ ਸੀ ਪਰ ਜਿਹੜਾ ਬਿਊਰਾ ਮੰਗਿਆ ਗਿਆ ਸੀ, ਉਹ ਗੁਪਤ ਸੀ ਅਤੇ ਉਸ ਨੂੰ ਜ਼ਾਹਿਰ ਕਰਨ ਨਾਲ ਦੇਸ਼ ਦੀ ਸੁਰੱਖਿਆ ਪ੍ਰਭਾਵਿਤ ਹੋ ਸਕਦੀ ਸੀ। ਕੇਂਦਰੀ ਗ੍ਰਹਿ ਮੰਤਰਾਲੇ ਦੇ ਜਵਾਬ ਨਾਲ ਸਹਿਮਤੀ ਜਤਾਉਂਦਿਆਂ ਸੂਚਨਾ ਕਮਿਸ਼ਨਰ ਵਾਈ ਕੇ ਸਿਨਹਾ ਨੇ ਕਿਹਾ ਕਿ ਚੱਢਾ ਅਜਿਹੀ ਜਾਣਕਾਰੀ ਦੀ ਮੰਗ ਕਰ ਰਹੇ ਹਨ ਜਿਸ ਨੂੰ ਸੂਚਨਾ ਅਧਿਕਾਰ ਐਕਟ, 2005 ਨਹੀਂ ਦਿੱਤਾ ਜਾ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੰਬੇ ਸਮੇਂ ਤੋਂ ਮੰਗ ਕਰਦੀ ਆ ਰਹੀ ਹੈ ਕਿ ਸਾਕਾ ਨੀਲਾ ਤਾਰਾ ਦੌਰਾਨ ਫੌਜ ਵੱਲੋਂ ਜ਼ਬਤ ਕੀਤੇ ਗਏ ਅਹਿਮ ਦਸਤਾਵੇਜ਼ ਮੋੜੇ ਜਾਣ। ਪਿਛਲੇ ਸਾਲ ਜੂਨ 'ਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਰੂਪ ਸਿੰਘ ਨੇ ਕਿਹਾ ਸੀ ਕਿ ਪਵਿੱਤਰ ਗ੍ਰੰਥਾਂ, ਇਤਿਹਾਸਕ ਕਿਤਾਬਾਂ, ਜੋ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਹਿੱਸਾ ਸਨ, ਨੂੰ ਫੌਜ ਅਪਰੇਸ਼ਨ ਦੌਰਾਨ ਆਪਣੇ ਨਾਲ ਲੈ ਗਈ ਸੀ। ਕੇਂਦਰ ਵੱਲੋਂ ਇਹ ਦਸਤਾਵੇਜ਼ ਮੋੜੇ ਜਾਣ ਦੇ ਕੀਤੇ ਜਾ ਰਹੇ ਦਾਅਵਿਆਂ ਬਾਰੇ ਉਨ੍ਹਾਂ ਕਿਹਾ ਸੀ ਕਿ ਇਤਿਹਾਸਕ ਕਿਤਾਬਾਂ ਦੀਆਂ ਸਿਰਫ ਕੁਝ ਕਾਪੀਆਂ ਹੀ ਮੋੜੀਆਂ ਗਈਆਂ ਸਨ।

## ਵਿੱਦਿਆ ਦੇ ਖੇਤਰ ਵਿਚ ਵੀ ਚਾਨਣ ਫੈਲਾ ਰਹੀ ਹੈ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸਿੱਖ ਪੰਥ ਦੀ 'ਮਿੰਨੀ ਪਾਰਲੀਮੈਂਟ' ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਥੇ ਇਕ ਸਦੀ ਤੋਂ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਦੀ ਸੇਵਾ ਸੰਭਾਲ ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਯਤਨਸ਼ੀਲ ਹੈ, ਉਥੇ ਇਸ ਸਿੱਖ ਸੰਸਥਾ ਵਲੋਂ ਸਿੱਖਿਆ ਦੇ ਖੇਤਰ 'ਚ ਦੋ ਯੂਨੀਵਰਸਿਟੀਆਂ ਸਮੇਤ ਆਪਣੇ 111 ਦੇ ਕਰੀਬ ਮੈਡੀਕਲ, ਡੈਂਟਲ, ਇੰਜੀਨੀਅਰਿੰਗ, ਨਰਸਿੰਗ ਕਾਲਜਾਂ, ਸਕੂਲਾਂ ਤੇ ਹੋਰ ਅਦਾਰਿਆਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਵਿੱਦਿਆ ਦਾ ਚਾਨਣ ਵੰਡਣ ਦੀ ਜ਼ਿੰਮੇਵਾਰੀ ਵੀ ਨਿਭਾਅ ਰਹੀ ਹੈ।



ਸ਼੍ਰੋਮਣੀ ਕਮੇਟੀ, ਜਿਸ ਦਾ ਕਿ 15 ਨਵੰਬਰ ਨੂੰ ਸੌ ਸਾਲਾ ਸਥਾਪਨਾ ਦਿਵਸ ਆ ਰਿਹਾ ਹੈ, ਵਲੋਂ ਇਸ ਵੇਲੇ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਰੀਸਰਚ ਯੂਨੀਵਰਸਿਟੀ ਵੱਲ੍ਹਾ ਤੇ ਫਤਹਿਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਰਾਹੀਂ ਉਚੇਰੀ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਪਰੋਕਤ ਦੋ ਯੂਨੀਵਰਸਿਟੀਆਂ ਤੋਂ ਇਲਾਵਾ ਅੰਮ੍ਰਿਤਸਰ ਵਿਖੇ ਇਕ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਰੀਸਰਚ ਮੈਡੀਕਲ ਕਾਲਜ, ਸ੍ਰੀ ਗੁਰੂ ਰਾਮਦਾਸ ਡੈਂਟਲ ਇੰਸਟੀਚਿਊਟ ਮਾਲ ਮੰਡੀ ਤੇ ਸ੍ਰੀ ਗੁਰੂ ਰਾਮਦਾਸ ਨਰਸਿੰਗ ਕਾਲਜ ਵੱਲ੍ਹਾ, ਬਾਬਾ ਬੰਦਾ ਸਿੰਘ ਬਹਾਦਰ ਇੰਜੀ: ਕਾਲਜ ਫਤਹਿਗੜ੍ਹ ਸਾਹਿਬ ਤੇ ਗੁਰੂ ਨਾਨਕ ਇੰਜੀ: ਕਾਲਜ ਲੁਧਿਆਣਾ, ਬਾਬਾ ਬੰਦਾ ਸਿੰਘ ਬਹਾਦਰ ਪੋਲੀਟੈਕਨੀਕ ਕਾਲਜ ਫਤਹਿਗੜ੍ਹ ਸਾਹਿਬ ਤੇ ਗੁਰੂ ਨਾਨਕ ਇੰਜੀ: ਪੋਲੀਟੈਕਨਕ ਕਾਲਜ ਲੁਧਿਆਣਾ, ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਆਫ ਐਜੂਕੇਸ਼ਨ ਧਾਮੋ ਮਾਜਰਾ ਪਟਿਆਲਾ ਤੇ ਨਨਕਾਣਾ ਸਾਹਿਬ ਕਾਲਜ ਆਫ ਐਜੂਕੇਸ਼ਨ ਕੋਟ ਗੰਗੂਰਾਏ ਲੁਧਿਆਣਾ ਤੋਂ ਇਲਾਵਾ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼ ਤੇ ਮਹਾਂਰਾਸ਼ਟਰ ਆਦਿ ਰਾਜਾਂ 'ਚ ਵੱਖ,-ਵੱਖ ਥਾਵਾਂ ਉਤੇ ਕਾਲਜ ਤੇ ਸਕੂਲ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਨਵੀਂ ਪਹਿਲਕਦਮੀ ਕਰਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿਖੇ 200 ਸਿੱਖ ਲੜਕੀਆਂ ਨੂੰ ਮੁਫ਼ਤ ਵਿੱਦਿਆ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਕਾਲਜ ਵਿਖੇ ਦਾਖਲ ਕੀਤੀਆਂ ਜਾਣ ਵਾਲੀਆਂ ਲੜਕੀਆਂ 'ਚੋਂ 10 ਫੀਸਦੀ ਕੋਟਾ ਰਾਗੀਆਂ, ਢਾਡੀਆਂ, ਪ੍ਰਚਾਰਕਾਂ, ਗ੍ਰੰਥੀ ਸਿੰਘਾਂ ਅਤੇ ਅਖੰਡ ਪਾਠੀ ਸਿੰਘਾਂ ਦੀਆਂ ਬੱਚੀਆਂ ਲਈ ਰੱਖਿਆ ਗਿਆ ਹੈ ਤੇ ਇਸ ਤੋਂ ਇਲਾਵਾ 5 ਫੀਸਦੀ ਕੋਟਾ ਆਰਥਿਕ ਤੌਰ ਉਤੇ ਕਮਜ਼ੋਰ ਗੁਰਸਿੱਖ ਪਰਿਵਾਰਾਂ ਦੀਆਂ ਲੜਕੀਆਂ ਲਈ ਵੀ ਰਾਖਵਾਂ ਹੋਵੇਗਾ।

# ਫਰਜ਼ੀ ਬਜ਼ੁਰਗਾਂ ਤੋਂ ਪੈਨਸ਼ਨ ਦਾ ਪੈਸਾ ਕਢਵਾਉਣ ਲਈ ਸੰਭਾਲਿਆ ਮੋਰਚਾ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਅਯੋਗ ਬੁਢਾਪਾ ਪੈਨਸ਼ਨਧਾਰਕਾਂ ਨੂੰ ਵੱਡਾ ਝਟਕਾ ਦਿੱਤਾ ਹੈ। ਕਾਂਗਰਸ ਸਰਕਾਰ ਵਲੋਂ ਅਕਾਲੀ-ਭਾਜਪਾ ਗੱਠਜੋੜ ਸਰਕਾਰ ਮੌਕੇ ਲੱਗੀਆਂ ਬੁਢਾਪਾ ਪੈਨਸ਼ਨਾਂ ਦੀ ਪੜਤਾਲ ਦੌਰਾਨ 70 ਹਜ਼ਾਰ ਤੋਂ ਵੱਧ ਲਾਭਪਾਤਰੀ ਅਯੋਗ ਪਾਏ ਗਏ ਹਨ, ਜੋ ਸਰਕਾਰੀ ਖਜ਼ਾਨੇ ਨੂੰ 162.35 ਕਰੋੜ ਰੁਪਏ ਦਾ ਚੂਨਾ ਲਗਾ ਗਏ। ਸੂਬਾ ਸਰਕਾਰ ਨੇ ਹੁਣ ਬੁਢਾਪਾ ਪੈਨਸ਼ਨ ਲਈ ਵੱਧ ਉਮਰ ਲਿਖਵਾ ਕੇ ਲਾਭ ਲੈਣ ਵਾਲੇ 'ਬਜ਼ੁਰਗਾਂ' ਜਾਂ ਜਾਇਦਾਦਾਂ ਦੇ ਮਾਲਕਾਂ ਨੂੰ ਵਸੂਲੀ ਲਈ ਨੋਟਿਸ ਜਾਰੀ ਕੀਤੇ ਹਨ।

ਅਕਾਲੀ-ਭਾਜਪਾ ਗਠਜੋੜ ਸਰਕਾਰ ਵਲੋਂ ਧੜਾਧੜ ਲਗਾਈਆਂ ਪੈਨਸ਼ਨਾਂ ਦੀ ਪੜਤਾਲ 2017 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਕਾਂਗਰਸ ਸਰਕਾਰ ਵਲੋਂ ਸ਼ੁਰੂ ਕੀਤੀ ਗਈ, ਜੋ ਕਾਫੀ ਲੰਮਾ ਸਮਾਂ ਚਲਦੀ ਰਹੀ। ਇਸ ਪੜਤਾਲ ਦੌਰਾਨ ਪੂਰੇ ਪੰਜਾਬ ਵਿਚ 70 ਹਜ਼ਾਰ ਤੋਂ ਵੱਧ ਲਾਭਪਾਤਰੀ ਅਯੋਗ ਪਾਏ ਗਏ, ਜਿਨ੍ਹਾਂ ਨੂੰ ਸਰਕਾਰ ਨੇ ਵੱਡਾ ਝਟਕਾ ਦਿੱਤਾ ਹੈ। ਵਿਭਾਗ ਨੇ ਇਨ੍ਹਾਂ ਲਾਭਪਾਤਰੀਆਂ ਨੂੰ 15 ਦਿਨਾਂ ਵਿਚ ਹਾਸਲ ਕੀਤੀ ਪੈਨਸ਼ਨ ਦਫਤਰ ਵਿਚ ਜਮ੍ਹਾਂ ਕਰਵਾਉਣ ਲਈ ਨੋਟਿਸ ਜਾਰੀ ਕੀਤਾ ਹੈ। ਸਰਕਾਰੀ ਕਰਮਚਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਸਰਕਾਰ ਨੂੰ 150 ਕਰੋੜ ਤੋਂ ਵੀ ਵੱਧ ਦਾ ਚੂਨਾ ਲੱਗਾ ਹੈ। ਇਨ੍ਹਾਂ ਅਯੋਗ ਪਾਏ ਪੈਨਸ਼ਨਰਾਂ ਵਿਚ ਵੱਧ ਉਮਰ ਲਿਖਵਾ ਕੇ ਲਾਭ ਲੈਣ ਵਾਲੇ ਬਜ਼ੁਰਗ ਜਾਂ ਜਾਇਦਾਦ ਦਾ ਗਲਤ ਵੇਰਵਾ ਦੇਣ ਵਾਲੇ, ਵਿਧਵਾ, ਆਸ਼ਰਿਤ ਅਤੇ ਅਪੰਗ ਵਿਅਕਤੀ ਵੀ ਹੋ ਸਕਦੇ ਹਨ।




ਜ਼ਿਲ੍ਹਾ ਗੁਰਦਾਸਪੁਰ ਵਿਚ 4120 ਉਹ ਲਾਭਪਾਤਰੀ ਹਨ, ਜੋ ਅਯੋਗ ਪਾਏ ਗਏ ਹਨ ਅਤੇ ਜਿਨ੍ਹਾਂ ਨੂੰ ਵਸੂਲੀ ਲਈ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਨੂੰ ਵਸੂਲੀ ਤੋਂ ਪਹਿਲਾਂ 15 ਦਿਨਾਂ ਦਾ ਮੌਕਾ ਦਿੱਤਾ ਗਿਆ ਹੈ ਅਤੇ ਉਹ ਸਬੰਧਤ ਅਫਸਰ ਨਾਲ ਇਨ੍ਹਾਂ ਦਿਨਾਂ ਵਿਚ ਮਿਲ ਕੇ ਆਪਣੇ ਪੱਖ ਵੀ ਪੇਸ਼ ਕਰ ਸਕਦੇ ਹਨ। ਜੇ ਉਹ ਸਹੀ ਦਸਤਾਵੇਜ਼ ਪੇਸ਼ ਨਾ ਕਰ ਸਕੇ ਤਾਂ ਵਸੂਲੀ ਲਈ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸੰਗਰੂਰ ਵਿਚ ਸਭ ਤੋਂ ਵੱਧ ਅਯੋਗ ਕੇਸ ਪਾਏ ਗਏ ਹਨ, ਜਿਨ੍ਹਾਂ ਦੀ ਗਿਣਤੀ 12 ਹਜ਼ਾਰ ਤੋਂ ਵੱਧ ਹੈ ਅਤੇ ਇਨ੍ਹਾਂ ਦੀ ਵਸੂਲੀ ਲਗਭਗ 26 ਕਰੋੜ ਰੁਪਏ ਬਣਦੀ ਹੈ। ਦੂਜਾ ਜ਼ਿਲ੍ਹਾ ਬਠਿੰਡਾ ਅਤੇ ਇਸੇ ਤਰ੍ਹਾਂ ਸਭ ਤੋਂ ਘੱਟ ਅਯੋਗ ਪਾਏ ਜਾਣ ਵਾਲਾ ਜ਼ਿਲ੍ਹਾ ਗੁਰਦਾਸਪੁਰ ਦੱਸਿਆ ਜਾ ਰਿਹਾ ਹੈ, ਜਿਸ ਦੀ ਗਿਣਤੀ 4120 ਹੈ।

ਔਸਤਨ ਪ੍ਰਤੀ ਕੇਸ 19 ਕੁ ਹਜ਼ਾਰ ਰੁਪਏ ਦੀ ਰਕਮ ਬਣਦੀ ਹੈ। ਜਦੋਂ ਕਿ ਅਯੋਗ ਪਾਏ ਜਾਣ ਵਾਲੇ ਬਜ਼ੁਰਗਾਂ ਨੂੰ 40 ਹਜ਼ਾਰ, 32 ਹਜ਼ਾਰ ਦੀ ਵਸੂਲੀ ਦੇ ਨੋਟਿਸ ਭੇਜੇ ਗਏ ਹਨ। ਪੰਜਾਬ ਵਿਚ 4 ਤਰ੍ਹਾਂ ਦੀਆਂ ਪੈਨਸ਼ਨਾਂ ਦੇ 25 ਲੱਖ ਦੇ ਕਰੀਬ ਲਾਭਪਾਤਰੀ ਹਨ, ਜਿਨ੍ਹਾਂ ਵਿਚੋਂ 16 ਲੱਖ ਤੋਂ ਵੱਧ ਲਾਭਪਾਤਰੀ ਬੁਢਾਪਾ ਪੈਨਸ਼ਨ ਲੈ ਰਹੇ ਹਨ। ਬੁਢਾਪਾ ਪੈਨਸ਼ਨ 750 ਰੁਪਏ ਪ੍ਰਤੀ ਮਹੀਨਾ ਦਿੱਤੀ ਜਾ ਰਹੀ ਹੈ। ਜਦੋਂ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਸ਼ੁਰੂਆਤੀ ਮਹੀਨਿਆਂ 'ਚ 250 ਰੁਪਏ ਪ੍ਰਤੀ ਮਹੀਨਾ ਮਿਲਦੀ ਸੀ।

ਪੈਨਸ਼ਨ ਦੀ ਉਮਰ ਦੀ ਹੱਦ ਮਹਿਲਾ ਲਈ 58 ਸਾਲ ਅਤੇ ਪੁਰਸ਼ ਲਈ 65 ਸਾਲ ਰੱਖੀ ਗਈ ਹੈ, ਜਿਨ੍ਹਾਂ ਬਜ਼ੁਰਗਾਂ ਦੀ ਸਾਲਾਨਾ ਆਮਦਨ 60 ਹਜ਼ਾਰ ਤੋਂ ਹੇਠਾਂ ਹੁੰਦੀ ਹੈ, ਉਨ੍ਹਾਂ ਨੂੰ ਇਹ ਪੈਨਸ਼ਨ ਲਗਾਈ ਜਾਂਦੀ ਹੈ ਅਤੇ ਸਰਕਾਰ ਮੁਤਾਬਕ, ਜਿਨ੍ਹਾਂ ਲਾਭਪਾਤਰੀਆਂ ਨੇ ਆਪਣੀ ਅਸਲ ਆਮਦਨ ਅਤੇ ਉਮਰ 'ਚ ਹੇਰਾ-ਫੇਰੀ ਕਰ ਕੇ ਇਹ ਪੈਨਸ਼ਨ ਲਗਵਾਈ ਹੈ, ਉਨ੍ਹਾਂ ਦੀ ਜਾਂਚ-ਪੜਤਾਲ ਤੋਂ ਬਾਅਦ ਹੀ ਉਨ੍ਹਾਂ ਨੂੰ ਨੋਟਿਸ ਭੇਜੇ ਗਏ ਹਨ।

ਇਹ ਵੀ ਦੱਸਣਯੋਗ ਹੈ ਕਿ ਪੈਨਸ਼ਨ ਲੈ ਚੁੱਕੇ ਇਹ ਲਾਭਪਾਤਰੀ ਦੋਚਿੱਤੀ ਵਿਚ ਫਸੇ ਹਨ ਕਿ ਉਹ ਪੈਨਸ਼ਨ ਕਿਵੇਂ ਵਾਪਸ ਕਰਨਗੇ? ਪਰ ਸਰਕਾਰ ਵਲੋਂ ਭੇਜੇ ਜਾ ਰਹੇ ਸਖਤ ਨੋਟਿਸਾਂ ਤੋਂ ਇਹ ਪਤਾ ਚੱਲ ਰਿਹਾ ਹੈ ਕਿ ਸਰਕਾਰ ਇਹ ਵਸੂਲੀ ਕਰਨ ਦੇ ਪੂਰੀ ਤਰ੍ਹਾਂ ਰੌਅ ਵਿਚ ਹੈ।

### ਇਸ ਤਰ੍ਹਾਂ ਹੋਇਆ ਸੀ ਘਾਲਾਮਾਲਾ...

ਪਿੰਡਾਂ ਜਾਂ ਸ਼ਹਿਰਾਂ ਵਿਚ ਰਹਿਣ ਵਾਲੇ ਲਾਭਪਾਤਰੀਆਂ ਨੇ ਆਪਣੇ ਵੋਟਰ ਕਾਰਡ 'ਤੇ ਉਮਰ 58 ਜਾਂ 60 ਸਾਲ ਲਿਖਾ ਦਿੱਤੀ ਅਤੇ ਉਸ ਵੋਟਰ ਕਾਰਡ ਨੂੰ ਆਧਾਰ ਬਣਾ ਕੇ ਬਜ਼ੁਰਗ ਪੈਨਸ਼ਨਾਂ ਲਈ ਬਣੀ ਫਾਇਲ ਵਿਚ ਉਹੀ ਉਮਰ ਲਿਖਾ ਦਿੱਤੀ। ਵੋਟ ਲੈਣ ਦੀ ਖਾਤਰ ਸਰਪੰਚ ਨੇ ਉਸ ਉਮਰ ਨੂੰ ਤਸਦੀਕ ਕਰ ਦਿੱਤਾ। ਫਾਇਲ ਸਬੰਧਤ ਐਸ.ਐਮ.ਓ. ਕੋਲ ਚਲੀ ਗਈ। ਮੈਡੀਕਲ ਅਫਸਰ ਨੇ ਵੀ ਸਰਪੰਚ ਵਲੋਂ ਤਸਦੀਕ ਕੀਤੀ ਸਹੀ ਉਮਰ 'ਤੇ ਹੀ ਮੋਹਰ ਲਗਾ ਦਿੱਤੀ ਅਤੇ ਉਸ ਤੋਂ ਬਾਅਦ ਉਹ ਫਾਇਲ ਜ਼ਿਲ੍ਹੇ ਦੇ ਸਮਾਜਿਕ ਸੁਰੱਖਿਆ ਅਫਸਰ ਕੋਲ ਚਲੀ ਗਈ ਅਤੇ ਪੈਨਸ਼ਨ ਲਗਾ ਦਿੱਤੀ ਗਈ। ਫਿਰ ਕਾਂਗਰਸ ਸਰਕਾਰ ਬਣੀ ਅਤੇ ਸਰਕਾਰ ਵਲੋਂ ਪੰਚਾਇਤੀ ਚੋਣਾਂ ਕਰਵਾਈਆਂ ਗਈਆਂ। ਇਨ੍ਹਾਂ ਚੋਣਾਂ ਵਿਚ ਸਰਪੰਚ ਵੀ ਕਾਂਗਰਸ ਦੇ ਬਣੇ ਅਤੇ ਫਿਰ ਸ਼ੁਰੂ ਹੋਈ ਅਯੋਗ ਲਾਭਪਾਤਰੀਆਂ ਦੀ ਜਾਂਚ-ਪੜਤਾਲ।

## ਸੁਖਬੀਰ ਬਾਦਲ ਵਲੋਂ ਲੰਬੀ ਹਲਕੇ ਤੋਂ ਚੋਣ ਲੜਨ ਦੇ ਸੰਕੇਤ

**ਲੰਬੀ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਉਮਰ ਦਰਾਜ਼ੀ ਕਾਰਨ 2022 'ਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਲੰਬੀ ਹਲਕੇ ਤੋਂ ਚੋਣ ਲੜਨ ਦੇ ਆਸਾਰ ਹਨ। ਸੁਖਬੀਰ ਸਿੰਘ ਬਾਦਲ ਨੇ 2022 ਦੇ ਸਿਆਸੀ ਫਾਈਨਲ ਲਈ ਪੰਜਾਬ 'ਫਤਹਿ' ਕਰਨ ਲਈ ਜਥੇਬੰਦਕ ਰਣਨੀਤੀ ਤਹਿਤ ਜ਼ਮੀਨੀ ਕਵਾਇਦ ਸਿਆਸੀ ਰਾਜਧਾਨੀ ਲੰਬੀ ਤੋਂ ਵਿੱਢ ਦਿੱਤੀ ਹੈ, ਜਿਸ ਤਹਿਤ ਅਕਾਲੀ ਦਲ ਨੇ ਲੰਬੀ ਹਲਕੇ ਨੂੰ 19 ਸਰਕਲਾਂ 'ਚ ਵੰਡ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਨੇ ਪਿੰਡ ਬਾਦਲ ਵਿਖੇ ਲੰਬੀ ਹਲਕੇ 'ਚ ਗਠਿਤ ਨਵੇਂ 19 ਸਰਕਲਾਂ ਦੇ ਅਹੁਦੇਦਾਰਾਂ ਨਾਲ ਬਾਦਲ ਪਿੰਡ 'ਚ ਮੀਟਿੰਗ ਕੀਤੀ, ਜਿਸ ਵਿਚ ਉਨ੍ਹਾਂ ਲੰਬੀ ਹਲਕੇ ਤੋਂ ਚੋਣ ਲੜਨ ਦੇ ਸੰਕੇਤ ਦਿੱਤੇ ਹਨ। ਸੁਖਬੀਰ ਸਿੰਘ ਨੇ ਆਖਿਆ ਕਿ ਜੇਕਰ ਉਹ ਲੰਬੀ ਤੋਂ ਚੋਣ ਲੜਦੇ ਹਨ ਤਾਂ ਸੂਬੇ ਭਰ 'ਚ ਚੋਣ ਪ੍ਰਚਾਰ ਦੀ ਜ਼ਿੰਮੇਵਾਰੀ ਉਨ੍ਹਾਂ ਸਿਰ ਹੋਣ ਕਰਕੇ ਲੰਬੀ 'ਚ ਵਰਕਰਾਂ ਅਤੇ ਕਾਡਰ ਨੂੰ ਸਮੁੱਚੀ ਕਮਾਨ ਸੰਭਾਲਣੀ ਪਵੇਗੀ। ਹੁਣ ਤੱਕ ਸੁਖਬੀਰ ਵਲੋਂ ਰਵਾਇਤੀ ਜਲਾਲਾਬਾਦ ਹਲਕੇ ਤੋਂ ਚੋਣ ਲੜਨ ਦੀ ਗੱਲ ਆਉਂਦੀ ਰਹੀ ਹੈ। ਮੰਨਿਆ ਜਾ ਰਿਹਾ ਕਿ ਨਵੇਂ ਸੰਕੇਤਾਂ ਨਾਲ ਪੰਜਾਬ ਦੀ ਸਿਆਸਤ 'ਚ ਨਵੇਂ ਨਜ਼ਰੀਏ ਨਸ਼ਰ ਹੋਣ ਸਥਿਤੀ ਬਣੇਗੀ। ਉਂਜ 93 ਸਾਲਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਢੇਰੀ ਉਮਰ ਦੇ ਬਾਵਜੂਦ ਬਹੁਤ ਸਰਗਰਮ ਹਨ ਅਤੇ ਕਰੋਨਾ ਦੌਰਾਨ ਵੀ ਟੈਲੀਫੋਨਿਕ ਸੰਪਰਕਾਂ ਰਾਹੀਂ ਸਮਾਜਿਕ ਅਤੇ ਰਾਜਸੀ ਤਾਣੇ-ਬਾਣੇ ਨਾਲ ਲਗਾਤਾਰ ਜੁੜੇ ਹੋਏ ਹਨ। ਉਹ ਪਹਿਲਾਂ ਵਾਂਗ ਹੁਣ ਵੀ ਘਰੋਂ ਹੀ ਟੈਲੀਫੋਨ 'ਤੇ ਲੋਕਾਂ ਦੇ ਦੁੱਖ-ਸੁੱਖ 'ਚ ਸ਼ਾਮਲ ਹੋ ਰਹੇ ਹਨ।



## ਕਾਂਗਰਸ ਦੀ ਰੈਲੀ 'ਚ ਖਾਲਿਸਤਾਨ ਪੱਖੀ ਨਾਅਰੇ ਲਾਉਣ ਵਾਲੇ ਖਿਲਾਫ ਕੇਸ ਦਰਜ

**ਮਲੋਟ:** ਪਿਛਲੇ ਦਿਨੀਂ ਮਲੋਟ ਵਿਚ ਕਾਂਗਰਸ ਵੱਲੋਂ ਕੀਤੀ ਕਿਸਾਨ ਬਚਾਓ ਰੈਲੀ ਦੌਰਾਨ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਦੀ ਹਾਜ਼ਰੀ ਵਿਚ ਇਕ ਵਿਅਕਤੀ ਵੱਲੋਂ ਮੰਚ ਤੋਂ ਹੀ ਖਾਲਿਸਤਾਨ ਸਬੰਧੀ ਕੀਤੀ ਗਈ ਟਿੱਪਣੀ ਦੇ ਮਾਮਲੇ ਵਿਚ ਸਿਟੀ ਪੁਲਿਸ ਨੇ ਉਸ ਵਿਅਕਤੀ ਖਿਲਾਫ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਪਿੰਡ ਵਿਰਕਾਂ ਖੇੜਾ ਵਿਖੇ ਪੁਲਿਸ ਬੈਰੀਕੇਡਾਂ ਉਤੇ ਖਾਲਿਸਤਾਨ ਜ਼ਿੰਦਾਬਾਦ ਲਿਖੇ ਝੰਡੇ ਲੱਗੇ ਵੀ ਮਿਲੇ ਸਨ। ਹੁਣ ਸਿਟੀ ਪੁਲਿਸ ਨੇ ਇਸ ਖੇਤਰ ਵਿਚ ਗਰਮਾ ਰਹੇ ਮਹੌਲ ਨੂੰ ਕਾਬੂ 'ਚ ਰੱਖਣ ਲਈ ਰਜਿੰਦਰ ਸਿੰਘ ਦੇ ਬਿਆਨਾਂ ਉਤੇ ਖਾਲਿਸਤਾਨ ਬਾਰੇ ਬੋਲਣ ਵਾਲੇ ਸੁਖਪ੍ਰੀਤ ਸਿੰਘ ਵਾਸੀ ਖੁੰਬਣ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਗਿਆ ਹੈ। ਖਾਲਿਸਤਾਨ ਬਾਰੇ ਬੋਲਣ ਕਾਰਨ ਉਸ ਨੂੰ ਤੁਰਤ ਮੰਚ ਤੋਂ ਉਤਾਰ ਦਿੱਤਾ ਗਿਆ, ਜਿਸ ਤੋਂ ਬਾਅਦ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਨੇ ਸਫਾਈ ਦਿੰਦਿਆਂ ਕਿਹਾ ਕਿ ਕਾਂਗਰਸ ਧਰਮ ਨਿਰਪੱਖ ਪਾਰਟੀ ਹੈ, ਖਾਲਿਸਤਾਨ ਸਬੰਧੀ ਟਿੱਪਣੀ ਕਰਨ ਵਾਲਾ ਵਿਅਕਤੀ ਨਾ ਤਾਂ ਪਾਰਟੀ ਦਾ ਕੋਈ ਅਹੁਦੇਦਾਰ ਹੈ ਤੇ ਨਾ ਹੀ ਆਮ ਵਰਕਰ। ਉਨ੍ਹਾਂ ਪੁਲਿਸ ਨੂੰ ਇਸ ਸਬੰਧੀ ਸਖਤ ਕਾਰਵਾਈ ਦੇ ਨਿਰਦੇਸ਼ ਦਿੱਤੇ ਸਨ।

## ਪੰਜਾਬ 'ਚ 16 ਨਵੰਬਰ ਤੋਂ ਖੁੱਲ੍ਹਣਗੇ ਕਾਲਜ ਤੇ 'ਵਰਸਿਟੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ 16 ਨਵੰਬਰ ਤੋਂ ਮੁੜ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ 'ਚ ਤਕਰੀਬਨ ਅੱਠ ਮਹੀਨਿਆਂ ਦੇ ਵਕਫੇ ਮਗਰੋਂ ਉੱਚ ਵਿਦਿਅਕ ਅਦਾਰੇ ਖੁੱਲ੍ਹ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 13 ਮਾਰਚ ਨੂੰ ਕੋਵਿਡ ਦੇ ਮੱਦੇਨਜ਼ਰ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਮੁਢਲੇ ਪੜਾਅ 'ਤੇ 31 ਮਾਰਚ ਤੱਕ ਬੰਦ ਰੱਖਣ ਦਾ ਫੈਸਲਾ ਲਿਆ ਸੀ। ਕੋਵਿਡ ਮਹਾਮਾਰੀ ਸੰਕਟ ਡੂੰਘਾ ਹੋਣ ਕਰਕੇ ਮਿਆਦ 'ਚ ਸਮੇਂ-ਸਮੇਂ ਉਤੇ ਵਾਧਾ ਕੀਤਾ ਜਾਂਦਾ ਰਿਹਾ।

ਪੰਜਾਬ ਸਰਕਾਰ ਨੇ 16 ਨਵੰਬਰ ਤੋਂ ਕੰਟੇਨਮੈਂਟ ਜ਼ੋਨ ਤੋਂ ਬਾਹਰਲੇ ਖੇਤਰਾਂ ਵਿਚ ਪੈਂਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਮੁੜ ਖੋਲ੍ਹਣ ਲਈ ਹਰੀ ਝੰਡੀ ਦੇ ਦਿੱਤੀ ਹੈ ਜਦੋਂਕਿ ਸਕੂਲ ਪਹਿਲਾਂ ਹੀ ਖੋਲ੍ਹੇ ਜਾ ਚੁੱਕੇ ਹਨ। ਦੱਸਣਯੋਗ ਹੈ ਕਿ ਵਿਦਿਆਰਥੀ ਯੂਨੀਅਨਾਂ ਨੇ ਐਲਾਨ ਕੀਤੇ ਸਨ ਕਿ ਜੇਕਰ ਸਰਕਾਰ ਨੇ ਕਾਲਜ ਨਾ ਖੋਲ੍ਹੇ ਤਾਂ ਉਹ ਕਾਲਜਾਂ ਦੇ ਮੁੱਖ ਗੇਟਾਂ ਅੱਗੇ ਅਣਮਿੱਥੇ ਸਮੇਂ ਲਈ ਧਰਨੇ ਦੇਣਗੇ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਚੇਰੀ ਸਿੱਖਿਆ, ਮੈਡੀਕਲ ਸਿੱਖਿਆ ਤੇ ਖੋਜ ਅਤੇ ਤਕਨੀਕੀ ਸੰਸਥਾਵਾਂ ਸਮੇਤ ਸੂਬੇ ਦੇ ਕੰਟੇਨਮੈਂਟ ਜ਼ੋਨਾਂ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ 16 ਨਵੰਬਰ ਤੋਂ ਮੁੜ ਖੋਲ੍ਹਣ ਦੀ ਮਨਜ਼ੂਰੀ ਦਿੱਤੀ ਗਈ ਹੈ। ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਅਧੀਨ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਆਖਰੀ ਸਾਲ ਦੇ ਵਿਦਿਆਰਥੀਆਂ ਦੀਆਂ ਜਮਾਤਾਂ 9 ਨਵੰਬਰ ਤੋਂ ਸ਼ੁਰੂ ਹੋਣਗੀਆਂ। ਇਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਅਤੇ ਕੇਂਦਰ ਸਰਕਾਰ ਦੇ ਸਬੰਧਤ ਮੰਤਰਾਲੇ ਦੀ ਸਲਾਹ ਨਾਲ ਆਪਣੇ ਪ੍ਰਬੰਧਕੀ ਵਿਭਾਗਾਂ ਵਲੋਂ ਤਿਆਰ ਕੀਤੀਆਂ ਸੁਰੱਖਿਆ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਨੀ ਹੋਵੇਗੀ।



### ਨਿਯਮਾਂ ਦੀ ਪਾਲਣਾ ਜ਼ਰੂਰੀ

**ਨਵੀਂ ਦਿੱਲੀ:** ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਵਲੋਂ ਯੂਨੀਵਰਸਿਟੀਆਂ ਅਤੇ ਕਾਲਜ ਖੋਲ੍ਹਣ ਸਬੰਧੀ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਨ੍ਹਾਂ ਨਿਰਦੇਸ਼ਾਂ ਵਿਚ ਕਿਹਾ ਗਿਆ ਹੈ ਕਿ ਯੂਨੀਵਰਸਿਟੀਆਂ ਇਹ ਯਕੀਨੀ ਬਣਾਉਣ ਕਿ ਕਿਸੇ ਵੀ ਸਮੇਂ ਕੁੱਲ ਵਿਦਿਆਰਥੀਆਂ 'ਚੋਂ 50 ਫੀਸਦ ਤੋਂ ਵੱਧ ਹਾਜ਼ਰ ਨਾ ਹੋਣ। ਯੂ.ਜੀ.ਸੀ. ਦੇ ਨਿਰਦੇਸ਼ਾਂ ਅਨੁਸਾਰ ਸਿਰਫ ਸੀਮਤ ਗਿਣਤੀ ਦੇ ਹੋਸਟਲ ਖੋਲ੍ਹੇ ਜਾਣ ਅਤੇ ਸਖਤੀ ਨਾਲ ਸੁਰੱਖਿਆ ਤੇ ਸਿਹਤ ਨੇਮਾਂ ਦੀ ਪਾਲਣਾ ਕੀਤੀ ਜਾਵੇ। ਇਕ ਤੋਂ ਵੱਧ ਵਿਦਿਆਰਥੀ ਨੂੰ ਹੋਸਟਲ ਦੇ ਕਮਰੇ ਵਿਚ ਰੁਕਣ ਦੀ ਆਗਿਆ ਨਾ ਦਿੱਤੀ ਜਾਵੇ। ਕੋਵਿਡ-19 ਦੇ ਲੱਛਣਾਂ ਵਾਲੇ ਵਿਦਿਆਰਥੀਆਂ ਨੂੰ ਕਿਸੇ ਵੀ ਹਾਲਤ ਵਿਚ ਹੋਸਟਲ ਵਿੱਚ ਰੁਕਣ ਦੀ ਆਗਿਆ ਨਾ ਦਿੱਤੀ ਜਾਵੇ।

## ਡੇਰਾ ਮੁਖੀ 'ਤੇ ਮਿਹਰਬਾਨ ਹੋਈ ਖੱਟਰ ਸਰਕਾਰ, ਚੁੱਪ-ਚੁਪੀਤੇ ਇਕ ਦਿਨ ਦੀ ਪੈਰੋਲ ਦਿੱਤੀ

**ਚੰਡੀਗੜ੍ਹ:** ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਕ ਦਿਨ ਦੀ ਗੁਪਤ ਪੈਰੋਲ ਦਿੱਤੀ। ਡੇਰਾ ਮੁਖੀ ਬਲਾਤਕਾਰ ਦੇ ਦੋਸ਼ ਵਿਚ 20 ਸਾਲ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ ਅਤੇ ਕਈ ਵਾਰ ਅਦਾਲਤ ਉਸ ਨੂੰ ਜ਼ਮਾਨਤ ਤੋਂ ਇਨਕਾਰ ਕਰ ਚੁੱਕੀ ਹੈ।

ਸੂਤਰਾਂ ਨੇ ਦੱਸਿਆ ਕਿ ਡੇਰਾ ਮੁਖੀ ਨੂੰ ਉਸ ਦੀ ਪਤਨੀ ਹਰਜੀਤ ਕੌਰ ਦੀ ਅਪੀਲ 'ਤੇ ਇਸ ਅਧਾਰ ਉਤੇ ਪੈਰੋਲ ਦਿੱਤੀ ਗਈ ਕਿ ਉਸ ਦੀ 85 ਸਾਲਾ ਮਾਂ ਨਸੀਬ ਕੌਰ ਦਿਲ ਦੀ ਬਿਮਾਰੀ ਤੋਂ ਪੀੜਤ ਹੈ ਤੇ ਉਸ ਦੀ ਹਾਲਤ ਗੰਭੀਰ ਹੈ। ਡੇਰਾ ਮੁਖੀ ਨੇ ਆਪਣੀ ਮਾਂ ਨਾਲ ਮੁਲਾਕਾਤ ਕੀਤੀ, ਜੋ ਗੁਰੂਗ੍ਰਾਮ ਵਿਚ ਹਸਪਤਾਲ ਵਿਚ ਭਰਤੀ ਹੈ। ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਡੇਰਾ ਮੁਖੀ ਨੂੰ ਭਾਰੀ ਸੁਰੱਖਿਆ ਹੇਠ ਗੁਰੂਗ੍ਰਾਮ ਹਸਪਤਾਲ ਲਿਜਾਇਆ ਗਿਆ, ਜਿਥੇ ਉਹ ਦਿਨ ਵੇਲੇ ਰਿਹਾ ਅਤੇ ਸ਼ਾਮ ਨੂੰ ਜੇਲ੍ਹ ਲਿਆਂਦਾ ਗਿਆ।



52 ਸਾਲਾ ਡੇਰਾ ਮੁਖੀ ਇਸ ਸਮੇਂ ਰਾਜ ਦੀ ਰਾਜਧਾਨੀ ਚੰਡੀਗੜ੍ਹ ਤੋਂ 250 ਕਿਲੋਮੀਟਰ ਦੂਰ ਰੋਹਤਕ ਦੀ ਉੱਚ ਸੁਰੱਖਿਆ ਵਾਲੀ ਸੁਨਾਰੀਆ ਜੇਲ੍ਹ ਵਿਚ ਬੰਦ ਹੈ। ਪੁਲਿਸ ਦੇ ਇਕ ਅਧਿਕਾਰੀ ਨੇ ਕਿਹਾ ਕਿ ਉਸ ਨੂੰ ਗੁਰੂਗ੍ਰਾਮ ਦੇ ਹਸਪਤਾਲ 'ਚ ਸਖਤ ਸੁਰੱਖਿਆ ਵਿਚਾਲੇ ਲਿਜਾਇਆ ਗਿਆ, ਜਿਥੇ ਉਹ ਦਿਨ 'ਚ ਰੁਕਿਆ ਸੀ ਅਤੇ ਸ਼ਾਮ ਨੂੰ ਉਸ ਨੂੰ ਫਿਰ ਉਸੇ ਜੇਲ੍ਹ 'ਚ ਵਾਪਸ ਲਿਜਾਇਆ ਗਿਆ।

### ਕਾਨੂੰਨ ਦੇ ਦਾਇਰੇ ਵਿਚ ਹੀ ਪੈਰੋਲ ਦੇਣ ਦਾ ਦਾਅਵਾ

**ਚੰਡੀਗੜ੍ਹ:** ਹਰਿਆਣਾ ਦੇ ਬਿਜਲੀ ਤੇ ਜੇਲ੍ਹ ਮੰਤਰੀ ਚੌਧਰੀ ਰਣਜੀਤ ਸਿੰਘ ਨੇ ਕਿਹਾ ਹੈ ਕਿ ਐਮਰਜੈਂਸੀ 'ਚ ਪੁਲਿਸ ਕੋਲ ਅਧਿਕਾਰ ਹੈ ਕਿ ਉਹ ਕਿਸੇ ਵੀ ਕੈਦੀ ਨੂੰ ਇਕ ਦਿਨ ਦੀ ਪੈਰੋਲ ਦੇ ਸਕਦੀ ਹੈ। ਕਾਨੂੰਨ ਦੇ ਦਾਇਰੇ 'ਚ ਹੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਕ ਦਿਨ ਦੀ ਪੈਰੋਲ ਦਿੱਤੀ ਗਈ ਸੀ। ਮੰਤਰੀ ਨੇ ਦੱਸਿਆ ਕਿ ਡੇਰਾ ਮੁਖੀ ਨੂੰ ਇਕ ਦਿਨ ਦੀ ਪੈਰੋਲ ਦਿੱਤੀ ਗਈ ਸੀ, ਜੇ ਜ਼ਿਆਦਾ ਦਿਨ ਦੀ ਪੈਰੋਲ ਹੁੰਦੀ ਤਾਂ ਸਰਕਾਰ ਇਸ ਮਾਮਲੇ ਉਤੇ ਵਿਚਾਰ ਕਰਦੀ।

# ਕਰਤਾਰਪੁਰ ਸਾਹਿਬ ਦੇ ਪ੍ਰਬੰਧ ਗੈਰ-ਸਿੱਖ ਸੰਸਥਾ ਨੂੰ ਸੌਂਪਣ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਪਾਕਿਸਤਾਨ ਸਥਿਤ ਸਿੱਖਾਂ ਦੇ ਇਤਿਹਾਸਕ ਧਾਰਮਿਕ ਅਸਥਾਨ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਪ੍ਰਬੰਧ ਇਕ ਗੈਰ ਸਿੱਖ ਸੰਸਥਾ ਨੂੰ ਸੌਂਪੇ ਜਾਣ ਦਾ ਮਾਮਲਾ ਭਖ ਗਿਆ ਹੈ। ਪਹਿਲਾਂ ਇਸ ਗੁਰਦੁਆਰੇ ਦਾ ਪ੍ਰਬੰਧ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਲ ਸੀ ਪਰ ਹੁਣ ਪਾਕਿਸਤਾਨ ਨੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਨੂੰ ਗੁਰਦੁਆਰੇ ਦਾ ਪ੍ਰਬੰਧ ਸੌਂਪ ਦਿੱਤਾ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ 'ਚ ਵਫਦ ਨੇ ਵਿਦੇਸ਼ ਮੰਤਰਾਲੇ ਨਾਲ ਮੁਲਾਕਾਤ ਕੀਤੀ ਹੈ। ਵਫਦ ਨੇ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਖਿਆਲ ਰੱਖਦਿਆਂ ਇਹ ਮਾਮਲਾ ਤੁਰਤ ਪਾਕਿਸਤਾਨ ਸਰਕਾਰ ਕੋਲ ਚੁੱਕਿਆ ਜਾਵੇ ਅਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਮੁੜ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਵਾਲੇ ਕੀਤਾ ਜਾਵੇ।

ਉਧਰ, ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਦਾ ਇਹ ਇਕਪਾਸੜ ਫੈਸਲਾ ਨਿੰਦਣਯੋਗ ਹੈ ਅਤੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹੇ ਜਾਣ ਦੀ ਭਾਵਨਾ ਅਤੇ ਸਿੱਖ ਭਾਈਚਾਰੇ ਦੇ ਧਾਰਮਿਕ ਖਿਆਲਾਂ ਦੇ ਵਿਰੁੱਧ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਸ ਕਦਮ ਨਾਲ ਧਾਰਮਿਕ ਘੱਟ ਗਿਣਤੀਆਂ ਦੇ ਹਿਤਾਂ ਦੀ ਰੱਖਿਆ ਸਬੰਧੀ ਪਾਕਿਸਤਾਨ ਦੇ ਵੱਡੇ-ਵੱਡੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ ਹੈ। ਭਾਰਤ ਨੇ ਪਾਕਿਸਤਾਨ ਨੂੰ ਕਿਹਾ ਹੈ ਕਿ ਉਹ ਆਪਣਾ ਇਹ ਫੈਸਲਾ ਵਾਪਸ ਲਵੇ ਕਿਉਂਕਿ ਪਵਿੱਤਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਮਾਮਲਿਆਂ ਨੂੰ ਸੰਭਾਲਣ ਦਾ ਜਿੰਮਾ ਸਿੱਖ ਭਾਈਚਾਰੇ ਦਾ ਹੈ। ਦੱਸਣਯੋਗ ਹੈ ਕਿ ਪਾਕਿਸਤਾਨ 'ਚ ਧਾਰਮਿਕ ਮਾਮਲਿਆਂ ਦੇ ਮੰਤਰਾਲੇ ਵਲੋਂ ਇਕ ਪ੍ਰੋਜੈਕਟ ਕਮੇਟੀ ਬਣਾਈ ਗਈ ਹੈ। ਇਸ ਤੋਂ ਬਾਅਦ ਹੀ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਵਾਪਸ ਲੈ ਲਿਆ ਗਿਆ। 3 ਨਵੰਬਰ ਨੂੰ ਜਾਰੀ ਨੋਟੀਫਿਕੇਸ਼ਨ ਦੇ ਮੁਤਾਬਕ ਇਵੈਕੂਈ ਟਰੱਸਟ ਹੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਵੇਖੇਗਾ।

ਉਧਰ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਫ ਕੀਤਾ ਹੈ ਕਿ ਇਵੈਕੂਈ ਪ੍ਰਾਪਰਟੀ ਟਰੱਸਟ ਬੋਰਡ (ਈ.ਟੀ.ਪੀ.ਬੀ.) ਹੀ ਆਰੰਭ ਤੋਂ ਘੱਟ-ਗਿਣਤੀਆਂ ਦੇ ਧਾਰਮਿਕ ਅਸਥਾਨਾਂ ਦੇ ਪ੍ਰਬੰਧਾਂ ਦੀ ਦੇਖ-ਰੇਖ ਕਰਦੀ ਆ ਰਹੀ ਹੈ, ਜਦਕਿ ਪਾਕਿ ਸਥਿਤ ਹੋਰਨਾਂ ਗੁਰਦੁਆਰਾ ਸਾਹਿਬਾਨ ਸਮੇਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਧਾਰਮਿਕ ਪ੍ਰਬੰਧ ਗੁਰਦੁਆਰਾ ਕਮੇਟੀ ਵਲੋਂ ਕੀਤੇ ਜਾ ਰਹੇ ਹਨ ਅਤੇ ਅਗਾਂਹ ਵੀ ਇਹ ਪ੍ਰਬੰਧ ਕਮੇਟੀ ਵਲੋਂ ਹੀ ਕੀਤੇ ਜਾਂਦੇ ਰਹਿਣਗੇ। ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਦੱਸਿਆ ਕਿ ਈ.ਟੀ.ਪੀ.ਬੀ. ਵਲੋਂ ਕਾਇਮ ਕੀਤਾ ਗਿਆ ਪੀ.ਐਮ.ਯੂ. ਸਵੈ-ਵਿੱਤ ਸੰਗਠਨ ਹੈ, ਜੋ ਕਰਤਾਰਪੁਰ ਲਾਂਘਾ ਅਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਰੱਖ-ਰਖਾਅ ਅਤੇ ਸੇਵਾ-ਸੰਭਾਲ ਲਈ ਕੀਤੇ ਜਾਣ ਵਾਲੇ ਖਰਚਿਆਂ ਦਾ ਹਿਸਾਬ ਰੱਖਣ ਦੇ ਨਾਲ-ਨਾਲ ਇਸ ਸਭ ਲਈ ਪਾਕਿ ਸਰਕਾਰ ਤੇ ਹੋਰਨਾਂ ਵਸੀਲਿਆਂ ਤੋਂ ਫੰਡ ਵੀ ਇਕੱਠੇ ਕਰੇਗਾ। ਜਦਕਿ ਗੁਰਦੁਆਰਾ ਸਾਹਿਬ ਦੇ ਧਾਰਮਿਕ ਪ੍ਰਬੰਧਾਂ, ਲੰਗਰ, ਸੇਵਾ, ਕੀਰਤਨ, ਸ਼ਰਧਾਲੂਆਂ ਦੇ ਚੜ੍ਹਾਵੇ ਆਦਿ ਸਮੇਤ ਬਾਕੀ ਸਭ ਕਾਰਜਾਂ ਦੀ ਜ਼ਿੰਮੇਵਾਰੀ ਪਹਿਲਾਂ ਦੀ ਤਰ੍ਹਾਂ ਕਮੇਟੀ ਕੋਲ ਹੀ ਰਹੇਗੀ। ਕਮੇਟੀ ਦੇ ਜਨਰਲ ਸਕੱਤਰ ਅਮੀਰ ਸਿੰਘ ਅਤੇ ਮੈਂਬਰ ਇੰਦਰਜੀਤ ਸਿੰਘ ਨੇ ਕੁਝ ਭਾਰਤੀ ਸਿੱਖ ਜਥੇਬੰਦੀਆਂ ਦੇ ਆਗੂਆਂ ਵਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਨੂੰ ਸਿਰੇ ਤੋਂ ਰੱਦ ਕਰਦਿਆਂ ਕਿਹਾ ਕਿ ਇਹ ਸਭ ਲਾਂਘੇ ਨਾਲ ਭਾਰਤ-ਪਾਕਿ ਸਬੰਧਾਂ ਅਤੇ ਸਿੱਖ-ਮੁਸਲਿਮ ਭਾਈਚਾਰੇ 'ਚ ਆਏ ਸੁਧਾਰ 'ਚ ਵਿਗਾੜ ਪਾਉਣ ਲਈ ਇਕ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹਨ। ਉਨ੍ਹਾਂ ਇਹ ਵੀ ਸਾਫ ਕੀਤਾ ਕਿ ਪਾਕਿਸਤਾਨ 'ਚ ਘੱਟ-ਗਿਣਤੀ ਭਾਈਚਾਰੇ ਦੇ ਧਾਰਮਿਕ ਅਸਥਾਨਾਂ ਦੀ ਦੇਖ-ਰੇਖ ਦੇਸ਼ ਦੀ ਵੰਡ ਦੇ ਬਾਅਦ ਤੋਂ ਪਾਕਿਸਤਾਨ ਔਕਾਫ ਬੋਰਡ ਕਰਦਾ ਆ ਰਿਹਾ ਹੈ।



### ਪਾਕਿਸਤਾਨ ਸਰਕਾਰ ਫੈਸਲਾ ਵਾਪਸ ਲਵੇ: ਲੌਂਗੋਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਕਿ ਉਸ ਨੂੰ ਗੁਰਦੁਆਰਾ ਕਰਤਾਰਪੁਰ ਦਾ ਪ੍ਰਬੰਧ ਗੈਰ ਸਿੱਖ ਸੰਗਠਨ ਇਵੈਕੂਈ ਬੋਰਡ ਨੂੰ ਸੌਂਪਣ ਦਾ ਫੈਸਲਾ ਤੁਰਤ ਬਦਲਣਾ ਚਾਹੀਦਾ ਹੈ। ਕਿਉਂਕਿ ਇਸ ਫੈਸਲੇ ਨਾਲ ਵਿਸ਼ਵ ਭਰ ਦੀਆਂ ਸਿੱਖ ਸੰਗਤਾਂ 'ਚ ਰੋਸ ਉਪਜਿਆ ਹੈ। ਇਹ ਰੋਸ ਸ਼ਾਂਤ ਕਰਨ ਲਈ ਪਾਕਿਸਤਾਨ ਸਰਕਾਰ ਨੂੰ ਆਪਣਾ ਫੈਸਲਾ ਬਦਲਣਾ ਚਾਹੀਦਾ ਹੈ।

### ਪ੍ਰਧਾਨ ਮੰਤਰੀ ਦਖਲ ਦੇਣ: ਸੁਖਬੀਰ ਬਾਦਲ

**ਚੰਡੀਗੜ੍ਹ** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਦਖਲ ਦੇ ਕੇ ਖੁਦ ਪਾਕਿਸਤਾਨ ਸਰਕਾਰ ਨੂੰ ਬੇਨਤੀ ਕਰਨ ਕਿ ਉਹ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਮੁੜ ਤੋਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰੇ ਤੇ 9 ਮੈਂਬਰੀ ਪ੍ਰੋਜੈਕਟ ਮੈਨੇਜਮੈਂਟ ਯੂਨਿਟ, ਜੋ ਕਿ ਇਵੈਕੂਈ ਪ੍ਰਾਪਰਟੀ ਟਰੱਸਟ ਬੋਰਡ (ਈ.ਟੀ.ਪੀ.ਬੀ.) ਅਧੀਨ ਬਣਾਇਆ ਗਿਆ ਹੈ, ਨੂੰ ਤੁਰਤ ਭੰਗ ਕਰੇ। ਸਾਬਕਾ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਸ ਨਾਲ ਸਮੂਹ ਸਿੱਖ ਸੰਗਤ ਦੇ ਦਿਲਾਂ ਨੂੰ ਭਾਰੀ ਠੇਸ ਪਹੁੰਚੀ ਹੈ।

### ਪ੍ਰਬੰਧਾਂ ਬਾਰੇ ਪ੍ਰਚਾਰ ਗਲਤ: ਅਮੀਰ ਸਿੰਘ

**ਲਾਹੌਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅਮੀਰ ਸਿੰਘ, ਸਾਬਕਾ ਪ੍ਰਧਾਨ ਬਿਸ਼ਨ ਸਿੰਘ ਤੇ ਹੋਰ ਸਿੱਖ ਆਗੂਆਂ ਨੇ ਦੋਸ਼ ਲਾਇਆ ਕਿ ਗੁਰਦੁਆਰਾ ਕਰਤਾਰਪੁਰ ਦੇ ਪ੍ਰਬੰਧ ਨੂੰ ਲੈ ਕੇ ਭਾਰਤ ਵਿਚ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਸਬੰਧੀ ਇਕ ਵੀਡੀਓ ਵੀ ਸੋਸ਼ਲ ਮੀਡੀਆ ਰਾਹੀਂ ਇਧਰ (ਭਾਰਤ) ਪੁੱਜੀ ਹੈ। ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਅਮੀਰ ਸਿੰਘ ਨੇ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਪਾਕਿਸਤਾਨ ਸਰਕਾਰ ਵੱਲੋਂ ਆਪਣੇ ਹੱਥਾਂ ਵਿਚ ਲੈ ਲੈਣ ਦੀਆਂ ਖਬਰਾਂ ਗੁਮਰਾਹਕੁੰਨ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਦਾ ਅੰਦਰੂਨੀ ਪ੍ਰਬੰਧ ਜਿਸ ਵਿਚ ਗੁਰਦੁਆਰੇ ਦੀ ਮਰਿਆਦਾ ਤੇ ਹੋਰ ਸ਼ਾਮਲ ਹਨ, ਗੁਰਦੁਆਰਾ ਕਮੇਟੀ ਕਰ ਰਹੀ ਹੈ। ਗੁਰਦੁਆਰਿਆਂ ਦੀ ਸੁਰੱਖਿਆ ਤੇ ਹੋਰ ਬਾਹਰੀ ਪ੍ਰਬੰਧ ਪਹਿਲਾਂ ਵੀ ਸਰਕਾਰ ਵਲੋਂ ਹੀ ਕੀਤੇ ਜਾਂਦੇ ਸਨ ਅਤੇ ਹੁਣ ਵੀ ਸਰਕਾਰ ਵੱਲੋਂ ਕੀਤੇ ਜਾ ਰਹੇ ਹਨ।

# ਆਸਟਰੇਲੀਆ ਵਲੋਂ ਭਾਰਤੀਆਂ ਨੂੰ ਸਥਾਈ ਨਿਵਾਸ ਦਾ ਸੱਦਾ



**ਬ੍ਰਿਸਬੇਨ:** ਆਸਟਰੇਲੀਆ ਸਰਕਾਰ ਵੱਲੋਂ ਪਹਿਲੀ ਜਨਵਰੀ ਤੋਂ 9 ਸਤੰਬਰ 2020 ਦੌਰਾਨ ਕੁੱਲ 265 ਪ੍ਰਤਿਭਾਸ਼ਾਲੀ ਭਾਰਤੀ ਨਾਗਰਿਕਾਂ ਨੂੰ ਗਲੋਬਲ ਟੇਲੈਂਟ ਇੰਡੀਪੈਂਡੈਂਟ ਪ੍ਰੋਗਰਾਮ (ਜੀ.ਟੀ.ਆਈ) ਤਹਿਤ ਆਸਟਰੇਲੀਆ ਵਿਚ ਸਥਾਈ ਨਿਵਾਸ ਲਈ ਅਰਜ਼ੀਆਂ ਦੇਣ ਦਾ ਸੱਦਾ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਗਲੋਬਲ ਟੇਲੈਂਟ ਵੀਜ਼ਾ ਆਸਟਰੇਲੀਆ 'ਚ ਸਥਾਈ ਨਿਵਾਸ (ਪਰਮਾਨੈਂਟ ਰੇਸੀਡੈਂਸੀ ਜਾਂ ਪੀ.ਆਰ.) ਲਈ ਤੇਜ਼ ਅਤੇ ਸਫਲ ਤਰੀਕਾ ਹੈ, ਜਿਸ ਦੀ ਪੂਰੀ ਪ੍ਰਕਿਰਿਆ ਲਈ ਨਿਰਧਾਰਿਤ ਸਮਾਂ ਦੋ ਦਿਨਾਂ ਤੋਂ ਦੋ ਮਹੀਨਿਆਂ ਤੱਕ ਮਿਥਿਆ ਜਾਂਦਾ ਹੈ। ਇਸ ਪ੍ਰੋਗਰਾਮ ਤਹਿਤ ਵੀਜ਼ਾ ਪ੍ਰਾਪਤ ਕਰਨ ਵਾਲਿਆਂ ਵਿਚ ਸਭ ਤੋਂ ਵੱਡੀ ਗਿਣਤੀ ਇਰਾਨ ਵਾਸੀ ਸ਼ਾਮਲ ਹਨ। ਦੂਜਾ ਸਥਾਨ ਬੰਗਲਾਦੇਸ਼ੀ ਨਾਗਰਿਕਾਂ ਹੈ ਅਤੇ ਭਾਰਤੀ ਤੀਜੇ ਸਥਾਨ ਉਤੇ ਹਨ। ਇਹ ਵੀਜ਼ਾ ਗਲੋਬਲ ਪ੍ਰਤਿਭਾ ਸੁਤੰਤਰ ਪ੍ਰੋਗਰਾਮ ਦਾ ਹਿੱਸਾ ਹੈ, ਜੋ ਨਵੰਬਰ 2019 ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਦਾ ਮੁੱਖ ਉਦੇਸ਼ ਦੁਨੀਆਂ ਦੇ ਸਭ ਤੋਂ ਪ੍ਰਤਿਭਾਸ਼ਾਲੀ, ਹੁਨਰਮੰਦ ਟੈਕਨਾਲੋਜਿਸਟ ਜਿਵੇਂ ਸਪੇਸ, ਸਾਈਬਰ ਸੁਰੱਖਿਆ, ਡਾਟਾ ਵਿਗਿਆਨ, ਊਰਜਾ ਅਤੇ ਖਣਨ ਤਕਨਾਲੋਜੀ ਆਦਿ ਵਿਚ ਕੰਮ ਕਰ ਰਹੇ ਮਾਹਿਰਾਂ ਨੂੰ ਸਥਾਈ ਤੌਰ ਉਤੇ ਆਸਟਰੇਲੀਆ ਵਿਚ ਰਹਿਣ ਅਤੇ ਕੰਮ ਕਰਨ ਲਈ ਆਕਰਸ਼ਿਤ ਕਰਨਾ ਹੈ। ਇਸ ਸ਼੍ਰੇਣੀ ਅਧੀਨ ਬਿਨੈਕਾਰਾਂ ਨੂੰ ਹਰ ਸਾਲ 1,53,600 ਡਾਲਰ ਜਾਂ ਇਸ ਤੋਂ ਵੱਧ ਦੀ ਆਮਦਨੀ ਕਮਾਉਣ ਦੀ ਯੋਗਤਾ ਦਿਖਾਉਣੀ ਪੈਂਦੀ ਹੈ ਅਤੇ ਉਨ੍ਹਾਂ ਨੂੰ ਉਸੇ ਖਾਸ ਖੇਤਰ ਵਿਚ ਕਿਸੇ ਕੌਮੀ ਪ੍ਰਸਿੱਧੀ ਵਾਲੇ ਸਪਾਂਸਰ ਤੋਂ ਨਾਮਜ਼ਦਗੀ ਪ੍ਰਾਪਤ ਕਰਨੀ ਹੁੰਦੀ

# ਪਹਿਲੀ ਵਰ੍ਹੇਗੰਢ ਮੌਕੇ ਬੰਦ ਰਿਹਾ ਕਰਤਾਰਪੁਰ ਲਾਂਘਾ

**ਚੰਡੀਗੜ੍ਹ:** ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ 9 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਖੋਲ੍ਹਿਆ ਗਿਆ ਸੀ। ਲਾਂਘਾ ਖੋਲ੍ਹਣ ਦੀ ਰਸਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੀ ਸੀ। 9 ਨਵੰਬਰ ਨੂੰ ਖੁੱਲ੍ਹੇ ਇਸ ਲਾਂਘੇ ਦੀ ਯਾਤਰਾ ਸਿਰਫ 128 ਦਿਨ ਹੀ ਚੱਲ ਸਕੀ ਅਤੇ ਕੋਵਿਡ-19 ਮਹਾਮਾਰੀ ਕਾਰਨ ਭਾਰਤ ਸਰਕਾਰ ਨੇ ਇਸ ਨੂੰ 16 ਮਾਰਚ 2020 ਨੂੰ ਬੰਦ ਕਰ ਦਿੱਤਾ।

ਹੁਣ ਸਿੱਖ ਜਥੇਬੰਦੀਆਂ ਮੰਗ ਕਰ ਰਹੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖ ਕੇ ਲਾਂਘਾ ਖੋਲ੍ਹ ਦਿੱਤਾ ਜਾਵੇ। ਭਾਵੇਂ ਪਾਕਿਸਤਾਨ ਨੇ ਪਹਿਲ ਕਰਦੇ ਹੋਏ ਮੁੜ ਲਾਂਘਾ ਖੋਲ੍ਹ ਦਿੱਤਾ ਹੈ ਪਰ ਭਾਰਤ ਸਰਕਾਰ ਅਜੇ ਵੀ ਕਰੋਨਾ ਦਾ ਡਰ ਵਿਖਾ ਕੇ ਸਾਫ ਇਨਕਾਰ ਕਰ ਰਹੀ ਹੈ। ਸਿੱਖ ਜਥੇਬੰਦੀਆਂ ਸਵਾਲ ਕਰ ਰਹੀਆਂ ਹਨ ਕਿ ਹੁਣ ਜਦੋਂ ਕਰੋਨਾ ਕਾਰਨ ਬੰਦ ਸਾਰੇ ਕੰਮ-ਕਾਰ ਅਤੇ ਧਾਰਮਿਕ ਸਥਾਨ ਖੁੱਲ੍ਹ ਗਏ ਹਨ, ਇਥੋਂ ਤੱਕ ਕਿ ਸਿਨੇਮਾ ਹਾਲ ਵੀ ਖੋਲ੍ਹੇ ਜਾ ਰਹੇ ਹਨ ਤਾਂ ਭਾਰਤ ਸਰਕਾਰ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਇਜਾਜ਼ਤ ਵੀ ਦੇਣੀ ਚਾਹੀਦੀ ਹੈ।

9 ਨਵੰਬਰ 2019 ਨੂੰ ਰਸਮੀ ਉਦਘਾਟਨ ਮੌਕੇ 500 ਸ਼ਰਧਾਲੂ ਪਾਕਿਸਤਾਨ ਗਏ ਸਨ ਅਤੇ ਉਸ ਤੋਂ ਬਾਅਦ ਕੋਵਿਡ-19 ਕਾਰਨ 15 ਮਾਰਚ 2020 ਨੂੰ ਬੰਦ ਕੀਤੇ ਲਾਂਘੇ ਦੇ 128 ਦਿਨਾਂ ਦਰਮਿਆਨ 62774 ਸ਼ਰਧਾਲੂਆਂ ਨੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਸਨ। ਇਹ ਚਾਰ ਮਹੀਨੇ ਅਤੇ 6 ਦਿਨਾਂ 'ਚ ਵੱਧ ਤੋਂ ਵੱਧ ਇਕ ਦਿਨ ਵਿਚ 1992 ਸ਼ਰਧਾਲੂ ਹੀ ਯਾਤਰਾ ਕਰਨ ਪਹੁੰਚੇ। ਲਾਂਘੇ ਨੂੰ ਲੈ ਕੇ ਭਾਰਤ-ਪਾਕਿ ਵਿਚ ਹੋਏ ਸਮਝੌਤੇ ਵਿਚ ਇਕ ਦਿਨ ਵਿਚ 5 ਹਜ਼ਾਰ ਸ਼ਰਧਾਲੂ ਜਾ ਸਕਦੇ ਸਨ ਪਰ ਇਹ ਅੰਕੜਾ ਇਕ ਦਿਨ ਵੀ 5 ਹਜ਼ਾਰ ਦੀ ਗਿਣਤੀ ਤੱਕ ਨਾ ਪਹੁੰਚ ਸਕਿਆ। ਇਸ ਦਾ ਕਾਰਨ ਭਾਰਤ-ਪਾਕਿ ਦਰਮਿਆਨ ਸਮੇਂ-ਸਮੇਂ ਉਤੇ ਆਪਸੀ ਸਬੰਧਾਂ ਵਿਚ ਆਉਂਦੇ ਉਤਰਾਅ-ਚੜ੍ਹਾਅ ਨੂੰ ਵੀ ਸਮਝਿਆ ਜਾਂਦਾ ਰਿਹਾ ਹੈ।



ਪਹਿਲੀ ਵਰ੍ਹੇਗੰਢ ਮੌਕੇ ਹੀ ਲਾਂਘਾ ਬੰਦ ਰਹਿਣ ਕਾਰਨ ਸੰਗਤ ਵਿਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ।


ਦੱਸਣਯੋਗ ਹੈ ਕਿ ਪਾਕਿਸਤਾਨ ਨੇ ਮਹੀਨਾ ਕੁ ਪਹਿਲਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਆਪਣੇ ਪਾਸੇ ਤੋਂ ਖੋਲ੍ਹ ਦਿੱਤਾ ਸੀ ਅਤੇ ਭਾਰਤ ਨੂੰ ਵੀ ਖੋਲ੍ਹਣ ਦੀ ਅਪੀਲ ਕੀਤੀ ਸੀ। 9 ਨਵੰਬਰ 2019 ਨੂੰ ਕਾਹਲੀ ਨਾਲ ਖੋਲ੍ਹੇ ਲਾਂਘੇ ਦੌਰਾਨ ਟਰਮੀਨਲ ਅੰਦਰ ਬਹੁਤ ਸਾਰਾ ਕੰਮ ਅਧੂਰਾ ਰਹਿ ਗਿਆ ਸੀ, ਜੋ ਹੁਣ ਸਰਕਾਰ ਵਲੋਂ ਪੂਰਾ ਕਰ ਲਿਆ ਗਿਆ ਹੈ। ਪਾਰਕਿੰਗ ਵਿਚ ਮਹਾਨ ਯੋਧਿਆਂ ਨਾਲ ਸਬੰਧਤ ਬੁੱਤ ਲਗਾ ਦਿੱਤੇ ਗਏ ਹਨ। ਚਾਹ-ਪਾਣੀ ਲਈ ਕੰਟੀਨਾਂ ਵੀ ਬਣਾ ਦਿੱਤੀਆਂ ਗਈਆਂ ਹਨ।

# ਯੂ. ਏ. ਈ: ਨਿੱਜੀ ਆਜ਼ਾਦੀ ਖਾਤਰ ਇਸਲਾਮਿਕ ਕਾਨੂੰਨਾਂ ਵਿਚ ਬਦਲਾਓ ਕੀਤਾ

**ਦੁਬਈ:** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੇ ਨਿੱਜੀ ਆਜ਼ਾਦੀ ਦਾ ਦਾਇਰਾ ਵਧਾਉਣ ਲਈ ਮੁਲਕ ਦੇ ਇਸਲਾਮਿਕ ਕਾਨੂੰਨਾਂ ਵਿਚ ਢਿੱਲ ਦੇਣ ਦਾ ਐਲਾਨ ਕੀਤਾ ਹੈ। ਵੱਡੇ ਪੱਧਰ ਉਤੇ ਕੀਤੇ ਜਾ ਰਹੇ ਬਦਲਾਓ ਵਿਚ ਅਣਵਿਆਹੇ ਜੋੜਿਆਂ ਨੂੰ ਇਕੱਠਿਆਂ ਰਹਿਣ ਦੀ ਇਜਾਜ਼ਤ ਦੇਣ, ਸ਼ਰਾਬ ਉਤੇ ਪਾਬੰਦੀਆਂ ਵਿਚ ਢਿੱਲ ਦੇਣਾ ਤੇ 'ਅਣਖ ਖਾਤਰ ਕਤਲ' ਨੂੰ ਅਪਰਾਧ ਦੀ ਸ਼੍ਰੇਣੀ ਵਿਚ ਲਿਆਉਣਾ ਸ਼ਾਮਲ ਹੈ।

ਨਿੱਜੀ ਆਜ਼ਾਦੀ ਦਾ ਦਾਇਰ ਵਧਾਉਣਾ ਮੁਲਕ ਦੇ ਬਦਲ ਰਹੇ ਮੁਹਾਂਦਰੇ ਨੂੰ ਦਰਸਾਉਂਦਾ ਹੈ ਜੋ ਕਿ ਪੱਛਮੀ ਸੈਲਾਨੀਆਂ ਨੂੰ ਖਿੱਚਣ ਲਈ ਹਰ ਢੰਗ-ਤਰੀਕਾ ਅਪਣਾ ਰਿਹਾ ਹੈ। ਇਸ ਦਾ ਮਕਸਦ ਕਾਰੋਬਾਰੀਆਂ ਤੇ ਦੌਲਤਮੰਦਾਂ ਨੂੰ ਖਿੱਚਣਾ ਵੀ ਹੈ ਜੋ ਯੂ.ਏ.ਈ. ਵਿਚ ਆਪਣਾ ਭਵਿੱਖ ਬਣਾਉਣ ਦੇ ਚਾਹਵਾਨ ਹਨ, ਪਰ ਇਸਲਾਮਿਕ ਕਾਨੂੰਨ ਦੀ ਸਖਤੀ ਕਾਰਨ ਪਿੱਛੇ ਹਟਦੇ ਹਨ। ਇਹ ਬਦਲਾਓ ਇਹ ਵੀ ਦਰਸਾਉਂਦੇ ਹਨ ਕਿ ਯੂ.ਏ.ਈ. ਦੇ ਸ਼ਾਸਕ ਮੁਲਕ ਵਿਚ ਲਗਾਤਾਰ ਬਦਲ ਰਹੇ ਸਮਾਜ ਨਾਲ ਢਲਣ ਦੇ ਚਾਹਵਾਨ ਹਨ।

ਅਮੀਰਾਤ ਦਾ ਇਹ ਐਲਾਨ ਯੂ.ਏ.ਈ. ਤੇ ਇਜ਼ਰਾਈਲ ਦੇ ਇਤਿਹਾਸਕ ਸਮਝੌਤੇ ਮਗਰੋਂ ਸਾਹਮਣੇ ਆਇਆ ਹੈ ਜਿਸ ਵਿਚ ਅਮਰੀਕਾ ਨੇ ਵਿਚੋਲਗੀ ਕੀਤੀ ਹੈ। ਵੱਡੀ ਗਿਣਤੀ ਇਜ਼ਰਾਇਲੀ ਸੈਲਾਨੀਆਂ ਤੇ ਨਿਵੇਸ਼ਕਾਂ ਦੇ ਯੂ.ਏ.ਈ. ਦਾ ਰੁਖ ਕਰਨ ਦੀ ਸੰਭਾਵਨਾ ਹੈ। ਕੀਤੇ ਗਏ ਨਵੇਂ ਬਦਲਾਓ ਤਹਿਤ ਹੁਣ 21 ਸਾਲ ਜਾਂ ਇਸ ਤੋਂ ਵੱਧ ਦੇ ਵਿਅਕਤੀ ਨੂੰ ਸ਼ਰਾਬ ਪੀਣ ਲਈ ਜੁਰਮਾਨਾ ਨਹੀਂ ਹੋਵੇਗਾ। ਉਹ ਇਸ ਨੂੰ ਖਰੀਦ ਕੇ ਵੀ ਰੱਖ ਸਕਣਗੇ। ਇਸ ਤੋਂ ਪਹਿਲਾਂ ਸ਼ਰਾਬ ਖਰੀਦਣ, ਕਿਤੇ ਲਿਜਾਣ ਤੇ ਘਰ ਰੱਖਣ ਲਈ ਲਾਇਸੈਂਸ ਲੈਣਾ ਪੈਂਦਾ ਸੀ।



### ਪਰਵਾਸੀ ਕਾਮਿਆਂ ਬਾਰੇ ਨਵੇਂ ਸੁਧਾਰਾਂ ਦਾ ਐਲਾਨ

**ਦੁਬਈ:** ਸਾਊਦੀ ਅਰਬ ਵਲੋਂ ਨਵੇਂ ਸੁਧਾਰਾਂ ਦਾ ਐਲਾਨ ਕੀਤਾ ਗਿਆ ਹੈ, ਜਿਨ੍ਹਾਂ ਰਾਹੀਂ ਰੁਜ਼ਗਾਰਦਾਤਿਆਂ ਦੇ ਤਸ਼ੱਦਦ ਦਾ ਸ਼ਿਕਾਰ ਹੁੰਦੇ ਲੱਖਾਂ ਪਰਵਾਸੀ ਕਾਮਿਆਂ ਤੋਂ ਕੁਝ ਪਾਬੰਦੀਆਂ ਹਟਣਗੀਆਂ। ਮਨੁੱਖ ਸਰੋਤ ਅਤੇ ਸਮਾਜਿਕ ਵਿਕਾਸ ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਸੁਧਾਰਾਂ ਦੇ ਲਾਗੂ ਹੋਣ ਨਾਲ ਵਿਦੇਸ਼ੀ ਕਾਮਿਆਂ ਨੂੰ ਆਪਣੀ ਸਪਾਂਸਰਸ਼ਿਪ ਇਕ ਰੁਜ਼ਗਾਰਦਾਤੇ ਤੋਂ ਦੂਜੇ ਤੱਕ ਤਬਦੀਲ ਕਰਵਾ ਕੇ ਆਪਣੀ ਨੌਕਰੀ ਬਦਲਣ ਦਾ ਅਧਿਕਾਰ ਮਿਲੇਗਾ, ਮੁਲਕ ਛੱਡਣ ਅਤੇ ਮੁੜ ਦਾਖਲ ਹੋਣ ਦੀ ਆਗਿਆ ਮਿਲੇਗੀ ਅਤੇ ਰੁਜ਼ਗਾਰਦਾਤੇ ਦੀ ਆਗਿਆ ਲਏ ਬਿਨਾਂ ਮੁਲਕ ਛੱਡਣ ਲਈ ਵੀਜ਼ਾ ਮਿਲੇਗਾ। ਇਨ੍ਹਾਂ ਸੁਧਾਰਾਂ ਦੀ ਪਿਛਲੇ ਲੰਬੇ ਸਮੇਂ ਤੋਂ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਉਪ ਮੰਤਰੀ ਨੇ ਕਿਹਾ ਕਿ ਲੇਬਰ ਸਬੰਧੀ ਇਹ ਨਵੇਂ ਸੁਧਾਰ ਮਾਰਚ 2021 ਤੋਂ ਲਾਗੂ ਹੋਣਗੇ।

# ਨੋਟਬੰਦੀ ਦੇ ਚਾਰ ਵਰ੍ਹੇ: ਵਿਰੋਧੀ ਧਿਰਾਂ ਨੇ ਘੇਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਾਰ ਵਰ੍ਹੇ ਪੂਰੇ ਹੋਣ 'ਤੇ ਜਿਥੇ ਨੋਟਬੰਦੀ ਦੇ ਫਾਇਦੇ ਗਿਣਵਾਏ, ਉਥੇ ਵਿਰੋਧੀ ਧਿਰਾਂ ਨੇ ਇਸ ਫੈਸਲੇ ਨੂੰ ਅਰਥਵਿਵਸਥਾ ਨੂੰ ਤਬਾਹ ਕਰਨ ਵਾਲਾ ਦੱਸਿਆ। ਪ੍ਰਧਾਨ ਮੰਤਰੀ ਨੇ ਨੋਟਬੰਦੀ ਨੂੰ ਮੁਲਕ ਲਈ ਲਾਹੇਵੰਦ ਦੱਸਦਿਆਂ ਕਿਹਾ ਕਿ ਇਸ ਨਾਲ ਕਾਲਾ ਧਨ ਘਟਾਉਣ ਵਿਚ ਬਹੁਤ ਮਦਦ ਮਿਲੀ। ਪ੍ਰਧਾਨ ਮੰਤਰੀ ਦਾ ਦਾਅਵਾ ਹੈ ਕਿ ਨੋਟਬੰਦੀ ਨੇ ਕਾਲਾ ਧਨ ਘਟਾਉਣ, ਟੈਕਸ ਵਧਾਉਣ ਅਤੇ ਰਸਮੀ ਅਦਾਇਗੀ ਤੇ ਪਾਰਦਰਸ਼ਿਤਾ ਮਜ਼ਬੂਤ ਕਰਨ ਵਿਚ ਮਦਦ ਕੀਤੀ। ਇਹ ਸਿੱਟੇ ਕੌਮੀ ਵਿਕਾਸ ਦੀ ਤਰੱਕੀ ਲਈ ਬਹੁਤ ਲਾਹੇਵੰਦ ਹਨ।

ਉਧਰ, ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਨੋਟਬੰਦੀ ਦਾ ਜ਼ਿਕਰ ਕਰਦਿਆਂ ਕੇਂਦਰ ਸਰਕਾਰ ਉਤੇ ਨਿਸ਼ਾਨਾ ਸੇਧਿਆ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਾਰ ਸਾਲ ਪਹਿਲਾਂ ਇਹ ਫੈਸਲਾ ਆਪਣੇ ਕੁਝ 'ਕਰੀਬੀ ਪੂੰਜੀਵਾਦੀ ਮਿੱਤਰਾਂ' ਦੀ ਮਦਦ ਕਰਨ ਲਈ ਲਿਆ ਸੀ, ਇਸ ਨੇ ਅਰਥਵਿਵਸਥਾ ਨੂੰ ਬਰਬਾਦ ਕਰ ਦਿੱਤਾ। ਗਾਂਧੀ ਤੇ ਕਾਂਗਰਸ ਦੋਸ਼ ਲਾ ਰਹੇ ਹਨ ਕਿ 2016 ਦਾ ਇਹ ਫੈਸਲਾ ਲੋਕ ਹਿੱਤ ਵਿਚ ਨਹੀਂ ਸੀ। ਇਸ ਦੇ ਆਰਥਿਕਤਾ ਉਤੇ ਮਾੜੇ ਪ੍ਰਭਾਵ ਪਏ। ਹਾਲਾਂਕਿ ਸਰਕਾਰ ਇਸ ਗੱਲ ਤੋਂ ਮੁੱਕਰਦੀ ਰਹੀ ਹੈ। ਕਾਂਗਰਸ ਨੇ ਇਕ ਆਨਲਾਈਨ ਮੁਹਿੰਮ 'ਸਪੀਕ ਅੱਪ ਅਗੇਂਸਟ ਡੀਮੋਡੀਜ਼ਾਸਟਰ' ਆਰੰਭੀ ਹੈ ਤੇ ਇਸੇ ਤਹਿਤ ਇਕ ਵੀਡੀਓ ਰਿਲੀਜ਼ ਕੀਤੀ




ਗਈ ਹੈ। ਰਾਹੁਲ ਨੇ ਕਿਹਾ ਕਿ ਸਵਾਲ ਉੱਠਦਾ ਹੈ ਕਿ ਬੰਗਲਾਦੇਸ਼ ਦੀ ਅਰਥਵਿਵਸਥਾ 'ਸਾਡੇ ਤੋਂ ਅੱਗੇ' ਕਿਵੇਂ ਲੰਘ ਗਈ। ਇਕ ਸਮਾਂ ਸੀ ਜਦ ਭਾਰਤੀ ਅਰਥਵਿਵਸਥਾ ਬੜੀ ਤੇਜ਼ੀ ਨਾਲ ਵਿਕਾਸ ਕਰ ਰਹੀ ਸੀ ਤੇ ਦੁਨੀਆਂ ਦੀ ਮੋਹਰੀ ਆਰਥਿਕਤਾ ਬਣ ਰਹੀ ਸੀ। ਰਾਹੁਲ ਨੇ ਕਿਹਾ 'ਸਰਕਾਰ ਕਹਿ ਰਹੀ ਹੈ ਕਿ ਇਸ ਦਾ ਕਾਰਨ ਕੋਵਿਡ ਹੈ, ਪਰ ਕਰੋਨਾ ਵਾਇਰਸ ਤਾਂ ਬੰਗਲਾਦੇਸ਼ ਤੇ ਸੰਸਾਰ ਵਿਚ ਹੋਰ ਥਾਵਾਂ ਉਤੇ ਵੀ ਹੈ। ਉਨ੍ਹਾਂ ਕਿਹਾ ਕਿ ਕੋਵਿਡ ਕਾਰਨ ਨਹੀਂ ਹੈ, ਬਲਕਿ ਨੋਟਬੰਦੀ ਤੇ ਜੀ.ਐਸ.ਟੀ. ਹੈ।' ਰਾਹੁਲ ਨੇ ਕਿਹਾ ਕਿ ਚਾਰ ਸਾਲ ਪਹਿਲਾਂ ਮੋਦੀ ਨੇ ਭਾਰਤੀ ਆਰਥਿਕਤਾ ਉਤੇ ਹੱਲਾ ਬੋਲਣਾ ਆਰੰਭਿਆ। ਇਸ ਦਾ ਨੁਕਸਾਨ ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਦੁਕਾਨਦਾਰਾਂ ਨੂੰ ਹੋਇਆ।

ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ 'ਮਨਮੋਹਨ ਸਿੰਘ ਜੀ ਨੇ ਕਿਹਾ ਸੀ ਕਿ ਅਰਥਵਿਵਸਥਾ ਦੋ ਪ੍ਰਤੀਸ਼ਤ ਗੁਆ ਲਵੇਗੀ, ਇਹੀ ਵਾਪਰਿਆ।' ਰਾਹੁਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਸ ਨੂੰ ਕਾਲੇ ਧਨ ਖਿਲਾਫ ਲੜਾਈ ਦੱਸਿਆ ਸੀ ਪਰ ਇਹ ਝੂਠ ਸੀ। ਇਹ ਹੱਲਾ ਲੋਕਾਂ 'ਤੇ ਸੀ ਤੇ ਮੋਦੀ ਨੇ ਲੋਕਾਂ ਦਾ ਪੈਸਾ ਆਪਣੇ ਦੋ-ਤਿੰਨ ਕਰੀਬੀ ਪੂੰਜੀਵਾਦੀਆਂ ਨੂੰ ਸੌਂਪ ਦਿੱਤਾ। ਰਾਹੁਲ ਨੇ ਕਿਹਾ ਲੋਕ ਕਤਾਰਾਂ ਵਿਚ ਲੱਗੇ ਬੈਂਕਾਂ ਵਿਚ ਪੈਸਾ ਜਮ੍ਹਾਂ ਕਰਵਾਇਆ, ਮੋਦੀ ਨੇ ਇਹੀ ਪੈਸਾ ਆਪਣੇ ਮਿੱਤਰਾਂ ਨੂੰ ਦੇ ਦਿੱਤਾ, ਨਾਲ ਹੀ 3,50,000 ਕਰੋੜ ਦਾ ਕਰਜ਼ਾ ਮੁਆਫ ਕਰ ਦਿੱਤਾ। ਇਸ ਤੋਂ ਬਾਅਦ 'ਖਾਮੀਆਂ ਵਾਲਾ ਜੀ.ਐਸ.ਟੀ' ਲਾਗੂ ਕੀਤਾ ਗਿਆ। ਇਸ ਨੇ ਛੋਟੇ ਤੇ ਦਰਮਿਆਨੇ ਕਾਰੋਬਾਰ ਤਬਾਹ ਕਰ ਦਿੱਤੇ। ਰਾਹੁਲ ਮੁਤਾਬਕ ਇਹ ਫੈਸਲਾ ਵੀ ਮੋਦੀ ਨੇ 'ਆਪਣੇ ਪੂੰਜੀਵਾਦੀ ਮਿੱਤਰਾਂ ਲਈ ਰਾਹ ਪੱਧਰਾ ਕਰਨ ਲਈ ਲਿਆ।' ਗਾਂਧੀ ਨੇ ਦੋਸ਼ ਲਾਇਆ ਕਿ ਹੁਣ ਤਿੰਨ ਨਵੇਂ ਖੇਤੀ ਕਾਨੂੰਨਾਂ ਨਾਲ ਕਿਸਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਕਾਂਗਰਸ ਨੋਟਬੰਦੀ ਦੀ ਚੌਥੀ ਵਰ੍ਹੇਗੰਢ (8 ਨਵੰਬਰ, 2016) ਨੂੰ 'ਵਿਸ਼ਵਾਸਘਾਤ ਦਿਵਸ' ਵਜੋਂ ਮਨਾ ਰਹੀ ਹੈ।

ਇਸੇ ਦੌਰਾਨ ਕਾਂਗਰਸ ਨੇ ਮੋਦੀ ਸਰਕਾਰ ਉਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕੇਂਦਰ ਸਰਕਾਰ ਚਾਰ ਸਾਲ ਪਹਿਲਾਂ ਲਏ ਫੈਸਲੇ ਪਿਛਲੇ ਕਾਰਨਾਂ ਨੂੰ ਲਗਾਤਾਰ ਬਦਲਦੀ ਰਹਿੰਦੀ ਹੈ। ਇਸ ਫੈਸਲੇ ਲਈ ਹਰ ਵਾਰ ਵੱਖ ਕਾਰਨ ਦਾ ਹਵਾਲਾ ਦਿੱਤਾ ਜਾਂਦਾ ਹੈ। ਕਾਂਗਰਸ ਦੇ ਜਨਰਲ ਸਕੱਤਰ ਅਜੈ ਮਾਕਨ ਨੇ ਕਿਹਾ ਕਿ ਨੋਟਬੰਦੀ 'ਵੱਡੀ ਪ੍ਰਬੰਧਕੀ ਨਾਕਾਮੀ ਸੀ, ਇਹ ਇਕ ਤਰ੍ਹਾਂ ਦੀ ਸੰਗਠਿਤ ਲੁੱਟ, ਆਮ ਲੋਕਾਂ ਦੀ ਲੁੱਟ ਨੂੰ ਜਾਇਜ਼ ਠਹਿਰਾਉਣ ਦੇ ਬਰਾਬਰ ਸੀ।' ਮਾਕਨ ਨੇ ਕਿਹਾ ਕਿ 99.3 ਫੀਸਦ ਬੰਦ ਕੀਤੀ ਗਈ ਕਰੰਸੀ ਮੁੜ ਬਾਜ਼ਾਰ ਵਿਚ ਆ ਗਈ ਹੈ। ਭ੍ਰਿਸ਼ਟਾਚਾਰ ਵਧਿਆ ਹੈ, ਗੈਰ-ਭਾਜਪਾ ਸੂਬਾ ਸਰਕਾਰਾਂ ਨੂੰ ਪੈਸੇ ਦੀ ਤਾਕਤ ਨਾਲ ਅਸਥਿਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨੋਟਬੰਦੀ ਲਈ ਕੈਸ਼ਲੈੱਸ ਆਰਥਿਕਤਾ ਦਾ ਹਵਾਲਾ ਦਿੱਤਾ ਗਿਆ, ਪਰ ਇਸ ਦੀ ਲੋੜ ਹੀ ਕੀ ਸੀ? ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਕਿਸੇ ਸੈਕਟਰ ਵਿਚ ਸੁਧਾਰ ਨਹੀਂ ਆਇਆ, ਉਲਟਾ ਨੌਕਰੀਆਂ ਖਤਮ ਹੋ ਗਈਆਂ।

### ਨੋਟਬੰਦੀ ਨੇ ਕਾਲੇ ਧਨ 'ਤੇ ਲਗਾਮ ਕੱਸੀ: ਮੋਦੀ

**ਨਵੀਂ ਦਿੱਲੀ:** ਨੋਟਬੰਦੀ ਦੀ ਚੌਥੀ ਵਰ੍ਹੇਗੰਢ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਸ ਨਾਲ ਕਾਲੇ ਧਨ ਨੂੰ ਘਟਾਉਣ ਵਿਚ ਮਦਦ ਮਿਲੀ ਹੈ। ਇਸ ਤੋਂ ਇਲਾਵਾ ਵੱਧ ਟੈਕਸ ਇਕੱਠਾ ਹੋਇਆ ਹੈ ਤੇ ਪਾਰਦਰਸ਼ਤਾ ਵਧੀ ਹੈ। ਜ਼ਿਕਰਯੋਗ ਹੈ ਕਿ ਅੱਠ ਨਵੰਬਰ 2016 ਨੂੰ ਪ੍ਰਧਾਨ ਮੰਤਰੀ ਨੇ ਅੱਧੀ ਰਾਤ ਨੂੰ ਐਲਾਨ ਕਰ ਕੇ ਨੋਟਬੰਦੀ ਕਰ ਦਿੱਤੀ ਸੀ। ਟਵੀਟ ਕਰਦਿਆਂ ਮੋਦੀ ਨੇ ਨੋਟਬੰਦੀ ਦੇ ਫਾਇਦੇ ਗਿਣਾਏ। ਉਨ੍ਹਾਂ ਕਿਹਾ ਕਿ ਦੇਸ਼ ਦੀ ਤਰੱਕੀ ਵਿਚ ਨੋਟਬੰਦੀ ਦੇ ਨਤੀਜਿਆਂ ਨੇ ਵੱਡਾ ਯੋਗਦਾਨ ਪਾਇਆ ਹੈ। ਟਵੀਟ ਦੇ ਨਾਲ ਮੋਦੀ ਨੇ ਇਕ ਗ੍ਰਾਫ ਵੀ ਸਾਂਝਾ ਕੀਤਾ। ਇਸ ਵਿਚ ਦਰਸਾਇਆ ਗਿਆ ਹੈ ਕਿ ਕਿਵੇਂ ਨੋਟਬੰਦੀ ਨਾਲ ਵੱਧ ਟੈਕਸ ਆਇਆ ਹੈ, ਜੀ.ਡੀ.ਪੀ. ਅਨੁਪਾਤ ਵਿਚ ਸੁਧਾਰ ਆਇਆ ਹੈ।

## ਐਨ.ਜੀ.ਟੀ. ਨੇ ਪਟਾਕੇ ਚਲਾਉਣ 'ਤੇ ਪਾਬੰਦੀ ਲਾਈ

**ਨਵੀਂ ਦਿੱਲੀ:** ਨੈਸ਼ਨਲ ਗ੍ਰੀਨ ਟ੍ਰਿਬਿਊਨਲ(ਐਨ.ਜੀ.ਟੀ.) ਨੇ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ.) ਵਿਚ 9 ਨਵੰਬਰ ਅੱਧੀ ਰਾਤ ਤੋਂ ਲੈ ਕੇ 30 ਨਵੰਬਰ ਅੱਧੀ ਰਾਤ ਤੱਕ ਹਰ ਤਰ੍ਹਾਂ ਦੇ ਪਟਾਕਿਆਂ ਦੀ ਵਿਕਰੀ ਅਤੇ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਉਧਰ. ਮੁੰਬਈ ਨਗਰ ਨਿਗਮ ਨੇ ਦੀਵਾਲੀ ਤੋਂ ਪਹਿਲਾਂ, ਜਨਤਕ ਤੇ ਪ੍ਰਾਈਵੇਟ ਥਾਵਾਂ ਉਤੇ ਪਟਾਕੇ ਚਲਾਉਣ ਅਤੇ ਆਤਿਸ਼ਬਾਜ਼ੀ ਕਰਨ ਉਤੇ ਰੋਕ ਲਗਾਈ ਹੈ।

ਐਨ.ਜੀ.ਟੀ. ਦੇ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੇ ਬੈਂਚ ਨੇ ਸਪਸ਼ਟ ਕੀਤਾ ਹੈ ਕਿ ਇਹ ਪਾਬੰਦੀ ਮੁਲਕ ਦੇ ਹਰ ਉਸ ਸ਼ਹਿਰ ਅਤੇ ਕਸਬੇ ਵਿਚ ਲਾਗੂ ਹੋਵੇਗੀ ਜਿਥੇ ਨਵੰਬਰ ਦੇ ਮਹੀਨੇ (ਬੀਤੇ ਵਰ੍ਹੇ ਦੇ ਉਪਲਬਧ ਅੰਕੜਿਆਂ ਅਨੁਸਾਰ) ਵਿਚ ਹਵਾ ਦਾ ਪੱਧਰ 'ਖਰਾਬ' ਜਾਂ 'ਅਤਿ ਖਰਾਬ' ਪੱਧਰ ਉਤੇ ਪੁੱਜ ਗਿਆ ਸੀ। ਬੈਂਚ ਨੇ ਕਿਹਾ ਕਿ ਉਨ੍ਹਾਂ ਸ਼ਹਿਰਾਂ ਜਾਂ ਕਸਬਿਆਂ ਜਿਥੇ ਹਵਾ ਦਾ ਪੱਧਰ 'ਦਰਮਿਆਨਾ' ਜਾਂ ਉਸ ਤੋਂ ਹੇਠਾਂ ਦਰਜ ਕੀਤਾ ਗਿਆ, ਉਥੇ ਸਿਰਫ ਗ੍ਰੀਨ ਪਟਾਕੇ ਵੇਚੇ ਜਾ ਸਕਦੇ ਹਨ ਅਤੇ ਦੀਵਾਲੀ, ਛੱਠ, ਨਵੇਂ ਵਰ੍ਹੇ/ ਕ੍ਰਿਸਮਿਸ ਦੀ ਪੂਰਵ ਸੰਧਿਆ ਵਰਗੇ ਹੋਰਨਾਂ ਮੌਕਿਆਂ ਉਤੇ ਪਟਾਕੇ ਚਲਾਉਣ ਦਾ ਸਮਾਂ ਦੋ ਘੰਟੇ ਤੱਕ ਹੀ ਸੀਮਤ ਹੋਵੇਗੀ। ਇਸ ਦੇ ਇਲਾਵਾ ਐਨ.ਜੀ.ਟੀ. ਨੇ ਸਭਨਾਂ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹਰ ਤਰ੍ਹਾਂ ਦੇ ਹਵਾ ਪ੍ਰਦੂਸ਼ਣ ਉਤੇ ਕੰਟਰੋਲ ਕਰਨ ਲਈ ਪਹਿਲ ਕਰਨ ਦਾ ਹੁਕਮ ਦਿੱਤਾ ਹੈ, ਕਿਉਂਕਿ ਪ੍ਰਦੂਸ਼ਣ ਨਾਲ ਸੰਭਾਵਿਤ ਤੌਰ ਉਤੇ ਕੋਵਿਡ-19 ਕੇਸਾਂ ਵਿਚ ਵਾਧਾ ਹੋ ਸਕਦਾ ਹੈ।



## ਪੰਜਾਬ ਦੇ ਕਿਸਾਨਾਂ ਨੇ ਝੋਨੇ ਦੇ ਝਾੜ 'ਚ ਮਾਰੀਆਂ ਮੱਲਾਂ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਨੇ ਐਤਕੀਂ ਝੋਨੇ ਦੇ ਝਾੜ 'ਚ ਮੱਲ ਮਾਰੀ ਹੈ। ਕੇਂਦਰੀ ਖੇਤੀ ਕਾਨੂੰਨਾਂ ਦੇ ਹੱਲੇ ਦੇ ਬਾਵਜੂਦ ਕਿਸਾਨਾਂ ਨੇ ਪਿੱਠ ਨਹੀਂ ਦਿਖਾਈ। ਝੋਨੇ ਦਾ ਝਾੜ ਇੰਨਾ ਵਧਿਆ ਹੈ ਕਿ ਸਰਕਾਰੀ ਖਰੀਦ ਪ੍ਰਬੰਧ ਵੀ ਡਗਮਗਾ ਗਏ ਹਨ। ਹਰ ਜ਼ਿਲ੍ਹੇ ਵਿਚ ਵਧੇ ਝਾੜ ਦੇ ਮੱਦੇਨਜ਼ਰ ਬਾਰਦਾਨੇ ਅਤੇ ਭੰਡਾਰਨ ਆਦਿ ਦੇ ਨਵੇਂ ਸਿਰਿਓਂ ਪ੍ਰਬੰਧ ਕੀਤੇ ਜਾ ਰਹੇ ਹਨ।

ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਐਤਕੀਂ ਝੋਨੇ ਦੀ 172 ਲੱਖ ਮੀਟਰਿਕ ਟਨ ਦੀ ਪੈਦਾਵਾਰ ਹੋਣ ਦਾ ਅਨੁਮਾਨ ਲਾਇਆ ਗਿਆ ਸੀ ਪਰ ਝਾੜ ਨੂੰ ਦੇਖਦੇ ਹੋਏ ਇਹ ਪੈਦਾਵਾਰ 188 ਲੱਖ ਮੀਟਰਿਕ ਟਨ ਦੇ ਨੇੜੇ-ਤੇੜੇ ਪੁੱਜਣ ਦੀ ਆਸ ਹੈ। ਅੰਦਾਜ਼ੇ ਅਨੁਸਾਰ ਕਰੀਬ 18 ਲੱਖ ਮੀਟਰਿਕ ਟਨ ਝੋਨਾ ਪਿਛਲੇ ਸਾਲ ਦੇ ਮੁਕਾਬਲੇ ਵੱਧ ਆਏਗਾ। ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਪਹਿਲਾਂ ਹੀ 70 ਫੀਸਦ ਬਾਰਦਾਨੇ ਦਾ ਪ੍ਰਬੰਧ ਚੌਲ ਮਿੱਲ ਮਾਲਕਾਂ ਨੂੰ ਕਰਨ ਲਈ ਆਖਿਆ ਗਿਆ ਹੈ ਜਦੋਂਕਿ ਵਿਭਾਗ ਵਲੋਂ 30 ਫੀਸਦ ਬਾਰਦਾਨੇ ਦਾ ਪ੍ਰਬੰਧ ਕੀਤਾ ਗਿਆ ਸੀ।

ਹੁਣ ਜਦੋਂ ਝਾੜ ਵਧ ਗਿਆ ਹੈ ਤਾਂ ਖੁਰਾਕ ਤੇ ਸਪਲਾਈ ਵਿਭਾਗ ਨੇ ਕੇਂਦਰ ਸਰਕਾਰ ਨੂੰ ਪੱਤਰ ਭੇਜ ਕੇ ਪੰਜ ਫੀਸਦ ਬੀ-ਕਲਾਸ ਬਾਰਦਾਨਾ ਵਰਤਣ ਦੀ ਪ੍ਰਵਾਨਗੀ ਮੰਗੀ ਹੈ। ਪੰਜਾਬ ਮੰਡੀ ਬੋਰਡ ਅਨੁਸਾਰ ਖਰੀਦ ਕੇਂਦਰਾਂ ਵਿਚ ਹੁਣ ਤੱਕ 164 ਲੱਖ ਮੀਟਰਿਕ ਟਨ ਝੋਨਾ ਖਰੀਦ ਲਈ ਪਹੁੰਚ ਗਿਆ ਹੈ ਜਦੋਂ ਕਿ ਪਿਛਲੇ ਸਾਲ ਇਸ ਦਿਨ ਤੱਕ 100 ਲੱਖ ਮੀਟਰਿਕ ਟਨ ਝੋਨਾ ਪੁੱਜਿਆ ਸੀ। ਇਸ ਵਾਰ ਝੋਨੇ ਦੀ ਖਰੀਦ ਵੀ ਹਫਤਾ ਪਹਿਲਾਂ ਸ਼ੁਰੂ ਹੋ ਗਈ ਸੀ। ਬਠਿੰਡਾ ਜ਼ਿਲ੍ਹੇ ਵਿਚ ਕਰੀਬ ਡੇਢ ਲੱਖ ਮੀਟਰਿਕ ਟਨ ਜ਼ਿਆਦਾ ਖਰੀਦ ਹੋਣ ਦਾ ਅਨੁਮਾਨ ਹੈ। ਝਾੜ ਨੂੰ ਦੇਖਦੇ ਹੋਏ ਖਰੀਦ ਪ੍ਰਬੰਧਾਂ ਵਿਚ ਵਾਧਾ ਕਰ ਰਹੇ ਹਨ। ਖੇਤੀ ਵਿਭਾਗ ਪੰਜਾਬ ਦੇ ਡਾਇਰੈਕਟਰ ਰਾਜੇਸ਼ ਵਸ਼ਿਸ਼ਟ ਨੇ ਦੱਸਿਆ ਕਿ ਹੁਣ ਤੱਕ ਰੁਝਾਨ ਅਨੁਸਾਰ ਪੰਜਾਬ ਵਿਚ ਝੋਨੇ ਦੀ ਬੰਪਰ ਪੈਦਾਵਾਰ ਹੈ, ਜੋ ਕਿ 188 ਲੱਖ ਮੀਟਰਿਕ ਟਨ ਤੱਕ ਪੁੱਜਣ ਦੀ ਆਸ ਹੈ। ਉਨ੍ਹਾਂ ਦੱਸਿਆ ਕਿ ਫਸਲ ਚੰਗੀ ਹੋਣ ਕਰਕੇ ਪ੍ਰਤੀ ਏਕੜ ਪਿੱਛੇ ਤਿੰਨ ਤੋਂ 3.5 ਕੁਇੰਟਲ ਝਾੜ ਵੱਧ ਆ ਰਿਹਾ ਹੈ। ਐਤਕੀਂ ਝੋਨੇ ਹੇਠ ਕਰੀਬ 21.5 ਲੱਖ ਹੈਕਟੇਅਰ ਰਕਬਾ ਸੀ ਜਦੋਂ ਕਿ ਬਾਸਮਤੀ ਹੇਠ ਕਰੀਬ 6 ਲੱਖ ਹੈਕਟੇਅਰ ਰਕਬਾ ਸੀ।



# ਪਰਾਲੀ ਮਸਲਾ: ਕਿਸਾਨਾਂ ਨੇ ਸਰਕਾਰੀ ਸਖਤੀ ਨੂੰ ਟਿੱਚ ਸਮਝਿਆ

**ਚੰਡੀਗੜ੍ਹ:** ਕੇਂਦਰ ਤੇ ਰਾਜ ਸਰਕਾਰਾਂ ਤੋਂ ਇਲਾਵਾ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਕਈ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ ਪਰ ਇਨ੍ਹਾਂ ਯਤਨਾਂ ਦੇ ਬਾਵਜੂਦ ਪੰਜਾਬ ਅੰਦਰ 7 ਨਵੰਬਰ 2020 ਤੱਕ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲਿਆਂ ਵਿਚ ਰਿਕਾਰਡ ਵਾਧਾ ਹੋਇਆ ਹੈ। ਪੰਜਾਬ ਵਿਚ 57 ਹਜ਼ਾਰ 686 ਥਾਵਾਂ ਉਤੇ ਪਰਾਲੀ ਨੂੰ ਅੱਗ ਲਗਾਈ ਗਈ ਹੈ, ਜੋ ਪਿਛਲੇ ਸਾਲਾਂ ਨਾਲੋਂ ਕਾਫੀ ਵੱਧ ਹੈ। ਜਾਣਕਾਰੀ ਅਨੁਸਾਰ ਸਾਲ 2016 'ਚ 81 ਹਜ਼ਾਰ, ਸਾਲ 2017 'ਚ 45 ਹਜ਼ਾਰ 384, 2018 'ਚ 50 ਹਜ਼ਾਰ 590 ਤੇ 2019 ਵਿਚ 55 ਹਜ਼ਾਰ 210 ਥਾਵਾਂ ਉਤੇ ਪਰਾਲੀ ਨੂੰ 7 ਨਵੰਬਰ ਤੱਕ ਅੱਗ ਲਗਾਈ ਗਈ।

ਪੰਜਾਬ ਵਿਚ ਝੋਨੇ ਦੀ ਕਟਾਈ ਦਾ ਕੰਮ 90 ਫੀਸਦੀ ਤੋਂ ਜ਼ਿਆਦਾ ਪੂਰਾ ਹੋ ਚੁੱਕਾ ਹੈ। ਪੰਜਾਬ ਰਿਮੋਟ ਸੈਂਸਿੰਗ ਸੈਂਟਰ ਦੇ ਰਿਕਾਰਡ ਅਨੁਸਾਰ ਪਿਛਲੇ 4 ਸਾਲਾਂ ਵਿਚ ਅੱਧੀ ਦਰਜਨ ਜ਼ਿਲ੍ਹੇ ਸੰਗਰੂਰ, ਬਠਿੰਡਾ, ਫਿਰੋਜ਼ਪੁਰ, ਪਟਿਆਲਾ, ਸ੍ਰੀ ਮੁਕਤਸਰ, ਮਾਨਸਾ ਤੇ ਮੋਗਾ ਪਰਾਲੀ ਸਾੜਨ ਵਾਲੇ ਜ਼ਿਲ੍ਹੇ ਹਨ। ਪੰਜਾਬ ਦੇ ਤਰਨਤਾਰਨ ਵਿਖੇ ਵੀ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲੇ ਸਾਹਮਣੇ ਆਏ ਹਨ। ਪੰਜਾਬ ਦੇ 22 ਜ਼ਿਲ੍ਹਿਆਂ ਵਿਚੋਂ 6 ਜ਼ਿਲ੍ਹਿਆਂ ਵਿਚ ਕੁੱਲ ਅੱਗ ਲੱਗ ਦੀਆਂ ਘਟਨਾਵਾਂ ਵਿਚ 60 ਤੋਂ 64 ਫੀਸਦੀ ਦਾ ਵਾਧਾ ਹੋਇਆ ਹੈ। 7 ਨਵੰਬਰ ਤੱਕ ਸੰਗਰੂਰ ਨੂੰ ਸਭ ਤੋਂ ਵੱਧ 752 ਥਾਵਾਂ, ਦੂਸਰੇ ਨੰਬਰ ਉਤੇ ਬਠਿੰਡਾ 'ਚ 612 ਥਾਵਾਂ, ਤੀਸਰੇ ਨੰਬਰ 'ਤੇ ਮੋਗਾ ਵਿਚ 584 ਥਾਵਾਂ 'ਤੇ, ਚੌਥੇ ਨੰਬਰ ਉਤੇ ਬਰਨਾਲਾ 'ਚ 400 ਥਾਵਾਂ, ਪੰਜਵੇਂ ਨੰਬਰ ਉਤੇ ਮਾਨਸਾ 'ਚ 397 ਥਾਵਾਂ ਅਤੇ ਛੇਵੇਂ ਨੰਬਰ ਉਤੇ ਸ੍ਰੀ ਮੁਕਤਸਰ ਸਾਹਿਬ 360 ਥਾਵਾਂ 'ਤੇ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲੇ ਸਾਹਮਣੇ ਆਏ ਹਨ। ਸਾਲ 2019 'ਚ 7 ਹਜ਼ਾਰ ਤੋਂ ਵੱਧ ਥਾਵਾਂ ਉਤੇ ਪਰਾਲੀ ਨੂੰ ਅੱਗ ਲਗਾਉਣ ਕਰਕੇ ਸੰਗਰੂਰ ਪੰਜਾਬ ਵਿਚੋਂ ਪਰਾਲੀ ਸਾੜਨ ਵਿਚ ਮੋਹਰੀ ਜ਼ਿਲ੍ਹਾ ਸੀ, ਜਦ ਕਿ 2018 'ਚ 6882, 2017 'ਚ 6968 ਥਾਵਾਂ ਉਤੇ ਅੱਗ ਲਗਾਈ ਗਈ ਸੀ। ਪੰਜਾਬ ਵਿਚ ਖੇਤਾਂ 'ਚ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ 2 ਕਰੋੜ ਰੁਪਏ ਜਰਮਾਨੇ ਕੀਤੇ ਗਏ, ਜਿਨ੍ਹਾਂ ਵਿਚੋਂ 4.15 ਲੱਖ ਰੁਪਏ ਵਸੂਲ ਵੀ ਕਰ ਗਏ ਗਏ ਹਨ।

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤਹਿਤ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਵਲੋਂ 2016 'ਚ ਸੈਟੇਲਾਈਟ ਨਾਲ ਪਰਾਲੀ ਦੀਆਂ ਅੱਗਾਂ ਨੂੰ ਰਿਕਾਰਡ ਕਰਨਾ ਸ਼ੁਰੂ ਕੀਤਾ ਸੀ ਅਤੇ ਸੂਬੇ ਵਿਚ ਲਗਭਗ 81 ਹਜ਼ਾਰ ਥਾਵਾਂ ਉਤੇ ਅੱਗ ਲੱਗੀ ਸੀ ਪਰ ਉਸ ਤੋਂ ਬਾਅਦ ਹਰ ਸਾਲ ਵਿਚ ਅੱਗ ਲਗਾਉਣ ਦਾ ਰੁਝਾਨ ਘੱਟ ਰਿਹਾ ਹੈ। ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿਚ ਇਕ ਦਮ ਵਾਧਾ ਹੋਣ ਦਾ ਵੱਡਾ ਕਾਰਨ ਕਣਕ ਦੀ ਬਿਜਾਈ ਪਹਿਲਾਂ ਸ਼ੁਰੂ ਹੋਣਾ ਅਤੇ ਕਿਸਾਨਾਂ ਵਲੋਂ ਖੇਤਾਂ ਵਿਚ ਛੇਤੀ ਪਰਾਲੀ ਸਾਫ ਕਰਨ ਦੀ ਕਾਹਲੀ ਹੀ ਹੈ। ਪੰਜਾਬ ਸਰਕਾਰ ਵਲੋਂ ਪੰਜਾਬ ਅੰਦਰ ਪਰਾਲੀ ਨੂੰ ਸੰਭਾਲਣ ਲਈ 74 ਹਜ਼ਾਰ ਮਸ਼ੀਨਾਂ ਸਬਸਿਡੀ ਉਤੇ ਮੁਹੱਈਆ ਕਰਵਾਈਆਂ ਗਈਆਂ ਸਨ ਅਤੇ ਵੱਖ-ਵੱਖ ਕਮਿਸ਼ਨ ਤੇ ਕਮੇਟੀ ਬਣਾਉਣ ਤੋਂ ਇਲਾਵਾ ਪੰਜਾਬ ਵਿਚ 8 ਹਜ਼ਾਰ ਨੋਡਲ ਅਫਸਰਾਂ ਦੀ ਨਿਯੁਕਤੀ ਕੀਤੀ ਗਈ ਸੀ ਪਰ ਇਸ ਸਭ ਤੋਂ ਬਾਵਜੂਦ ਪੰਜਾਬ ਅੰਦਰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੀ ਗਿਣਤੀ ਪਿਛਲੇ 4 ਸਾਲਾਂ ਨਾਲੋਂ ਵੱਧ ਗਈ ਹੈ। ਕਿਸਾਨ ਜਥੇਬੰਦੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਸਰਕਾਰਾਂ ਵਲੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਆਖਿਆ ਜਾਂਦਾ ਹੈ ਪਰ ਉਸ ਦੇ ਬਦਲੇ ਵਿਚ ਕਿਸਾਨਾਂ ਨੂੰ ਕੋਈ ਵੀ ਸਹੂਲਤ ਪ੍ਰਦਾਨ ਨਹੀਂ ਕੀਤੀ ਜਾਂਦੀ।

### ਪੰਜਾਬ ਵਿਚ ਪਰਾਲੀ ਸਾੜਨ ਦੇ ਮਾਮਲਿਆਂ 'ਚ ਰਿਕਾਰਡ ਵਾਧਾ



ਪੰਜਾਬ ਟਾਈਮਜ਼

ਸਨਿਚਰਵਾਰ, 14 ਨਵੰਬਰ 2020

## ਸਿਆਸੀ ਅੜੀ ਦਾ ਮਤਲਬ

ਅਮਰੀਕਾ ਵਿਚ ਰਾਸ਼ਟਰਪਤੀ ਦੀ ਚੋਣ ਭਾਵੇਂ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਨੇ ਜਿੱਤ ਲਈ ਹੈ ਪਰ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਾਰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਭਾਰਤ ਸਮੇਤ ਕਈ ਮੁਲਕਾਂ ਦੇ ਮੁਖੀਆਂ ਨੇ ਬਾਇਡਨ ਨੂੰ ਵਧਾਈਆਂ ਵੀ ਦੇ ਦਿੱਤੀਆਂ ਹਨ ਪਰ ਟਰੰਪ ਨੇ ਅਦਾਲਤ ਦਾ ਰੁਖ ਅਖਤਿਆਰ ਕਰ ਲਿਆ ਹੈ। ਇਸ ਮਸਲੇ 'ਤੇ ਡੋਨਲਡ ਟਰੰਪ ਦੀ ਰਿਪਬਲਿਕਨ ਪਾਰਟੀ ਵੀ ਵੰਡੀ ਗਈ ਹੈ। ਸਾਬਕਾ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਨੇ ਭਾਵੇਂ ਬਾਇਡਨ ਨੂੰ ਵਧਾਈਆਂ ਦੇ ਕੇ ਇਕ ਤਰ੍ਹਾਂ ਨਾਲ ਚੋਣ ਨਤੀਜਾ ਸਵੀਕਾਰ ਕਰ ਲਿਆ ਹੈ ਪਰ ਪ੍ਰਭਾਵਸ਼ਾਲੀ ਰਿਪਬਲਿਕਨ ਲੀਡਰ, ਸੈਨੇਟਰ ਮਿੱਕ ਮੈਕਨਲ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਡੋਨਲਡ ਟਰੰਪ ਨੂੰ ਇਸ ਚੋਣ ਨਤੀਜੇ ਨੂੰ ਚੁਣੌਤੀ ਦੇਣ ਦਾ ਪੂਰਾ ਹੱਕ ਹੈ। ਇਸੇ ਦੌਰਾਨ ਟਰੰਪ ਪ੍ਰਸ਼ਾਸਨ ਨੇ ਸੱਤਾ ਤਬਾਦਲੇ ਦੀ ਪ੍ਰਕਿਰਿਆ ਨੂੰ ਵੀ ਬੰਨ੍ਹ ਮਾਰ ਲਿਆ ਹੈ। ਚੋਣਾਂ ਦੇ ਨਤੀਜਿਆਂ ਤੋਂ ਬਾਅਦ ਇਹ ਰਵਾਇਤ ਚਿਰਾਂ ਤੋਂ ਚੱਲ ਰਹੀ ਹੈ ਮਨੋਨੀਤ ਹੋਇਆ ਰਾਸ਼ਟਰਪਤੀ ਵ੍ਹਾਈਟ ਹਾਊਸ ਅੰਦਰ ਪ੍ਰਾਹੁਣਾ ਬਣ ਕੇ ਜਾਂਦਾ ਹੈ, ਜਿਵੇਂ ਪਿਛਲੀ ਵਾਰ ਬਰਾਕ ਓਬਾਮਾ ਵੇਲੇ ਡੋਨਲਡ ਟਰੰਪ ਵ੍ਹਾਈਟ ਹਾਊਸ ਗਏ ਸਨ ਪਰ ਇਸ ਵਾਰ ਟਰੰਪ ਦੇ ਅੜਨ ਕਾਰਨ ਅਜਿਹਾ ਕੁਝ ਵੀ ਨਹੀਂ ਹੋ ਰਿਹਾ। ਉਨ੍ਹਾਂ ਤਾਂ ਸਗੋਂ ਇਹ ਵਟੀਟ ਕੀਤਾ ਹੈ ਕਿ 'ਅਸੀਂ ਅੱਗੇ ਵਧ ਰਹੇ ਹਾਂ। ਅਗਲੇ ਹਫਤੇ ਨਤੀਜੇ ਆਉਣੇ ਆਰੰਭ ਹੋ ਜਾਣਗੇ। ਅਮਰੀਕਾ ਨੂੰ ਮੁੜ ਮਹਾਨ ਬਣਾਓ'। ਅਸਲ ਵਿਚ ਚੋਣਾਂ ਦੌਰਾਨ ਹੀ ਕੁਝ ਹਲਕਿਆਂ ਵੱਲੋਂ ਇਹ ਖਦਸ਼ੇ ਜ਼ਾਹਿਰ ਕੀਤੇ ਜਾ ਰਹੇ ਸਨ ਕਿ ਹਾਰਨ ਦੀ ਸੂਰਤ ਵਿਚ ਡੋਨਲਡ ਟਰੰਪ ਕੋਈ ਨਾ ਕੋਈ ਰੱਫੜ ਖੜ੍ਹਾ ਕਰੇਗਾ। ਹੁਣ ਪਿਛਲੇ ਇਕ ਹਫਤੇ ਤੋਂ ਉਹ ਇਸੇ ਕੰਮ ਵਿਚ ਜੁਟੇ ਹੋਏ ਹਨ, ਬਤੌਰ ਰਾਸ਼ਟਰਪਤੀ ਉਨ੍ਹਾਂ ਕੋਈ ਵੀ ਕੰਮ ਨਹੀਂ ਕੀਤਾ ਹੈ ਸਗੋਂ ਵਟੀਟ ਜਾਰੀ ਕਰ ਕੇ ਆਪਣੇ ਰੱਖਿਆ ਮੰਤਰੀ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਯਾਦ ਰਹੇ ਕਿ 1860 ਵਿਚ ਦੱਖਣੀ ਰਾਜਾਂ ਨੇ ਅਬਰਾਹਮ ਲਿੰਕਨ ਦੀ ਚੋਣ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਉਦੋਂ ਗ੍ਰਹਿ ਯੁੱਧ ਛਿੜ ਗਿਆ ਸੀ। ਟਰੰਪ ਵੀ ਹੁਣ ਇਹੀ ਚਾਹੁੰਦਾ ਹੈ ਅਤੇ ਪਿਛਲੇ ਚਾਰ ਸਾਲਾਂ ਦੌਰਾਨ ਉਸ ਨੇ ਮੁਲਕ ਨੂੰ ਇਸੇ ਆਧਾਰ 'ਤੇ ਇਕ ਤਰ੍ਹਾਂ ਨਾਲ ਵੰਡ ਹੀ ਛੱਡਿਆ ਹੈ। ਉਧਰ ਮਨੋਨੀਤ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਸੱਤਾ ਤਬਾਦਲੇ ਨੂੰ ਹੁਣ ਕੋਈ ਨਹੀਂ ਰੋਕ ਸਕਦਾ। ਨਤੀਜਿਆਂ ਨੇ ਸਭ ਸਪਸ਼ਟ ਕਰ ਦਿੱਤਾ ਹੈ ਅਤੇ ਅਮਰੀਕਾ ਤੇ ਅਮਰੀਕੀ ਲੋਕ ਅਗਲਾ ਕਦਮ ਅਗਾਂਹ ਰੱਖਣ ਲਈ ਤਿਆਰ ਹਨ।

ਇਸੇ ਦੌਰਾਨ ਭਾਰਤ ਦੇ ਅਹਿਮ ਰਾਜ, ਬਿਹਾਰ ਦੇ ਚੋਣ ਨਤੀਜੇ ਵੀ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਜਮਹੂਰੀ ਅਮਲ ਵਿਚ ਵੱਖ-ਵੱਖ ਧਿਰਾਂ ਦੀ ਜਿੱਤ-ਹਾਰ ਤਾਂ ਚੱਲਦੀ ਹੀ ਰਹਿੰਦੀ ਹੈ ਪਰ ਬਿਹਾਰ ਵਿਚ ਭਾਰਤੀ ਜਨਤਾ ਪਾਰਟੀ ਨੇ ਜਿਸ ਤਰ੍ਹਾਂ ਦੇ ਨਤੀਜੇ ਸਾਹਮਣੇ ਲਿਆਂਦੇ ਹਨ, ਉਹ ਹੈਰਾਨ ਕਰਨ ਵਾਲੇ ਤਾਂ ਹਨ ਹੀ, ਭਾਰਤ ਦੀ ਅਗਲੀ ਸਿਆਸਤ ਦੀ ਸੂਹ ਵੀ ਦੇ ਰਹੇ ਹਨ। ਬਿਹਾਰ ਵਿਚ ਨਿਤੀਸ਼ ਕੁਮਾਰ ਦੀ ਅਗਵਾਈ ਹੇਠ ਜਨਤਾ (ਯੂ) ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ। ਐਤਕੀਂ ਚੋਣਾਂ ਦੌਰਾਨ ਇਕ ਪਾਸੇ ਇਹ ਦੋਵੇਂ ਪਾਰਟੀਆਂ ਅਤੇ ਇਨ੍ਹਾਂ ਨਾਲ ਕੁਝ ਹੋਰ ਛੋਟੇ-ਛੋਟੇ ਦਲ ਸਨ। ਦੂਜੇ ਬੰਨੇ ਰਾਸ਼ਟਰੀ ਜਨਤਾ ਦਲ, ਕਾਂਗਰਸ ਅਤੇ ਕਮਿਊਨਿਸਟਾਂ ਦਾ ਗਠਜੋੜ ਬਣਿਆ। ਇਕ ਹੋਰ ਅਹਿਮ ਧਿਰ, ਮਰਹੂਮ ਲੀਡਰ ਰਾਮ ਵਿਲਾਸ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ ਨੇ ਵੱਖਰੇ ਤੌਰ 'ਤੇ ਚੋਣਾਂ ਲੜੀਆਂ। ਹੈਰਾਨੀ ਇਸ ਗੱਲ ਦੀ ਹੈ ਕਿ ਕੇਂਦਰ ਵਿਚ ਇਹ ਪਾਰਟੀ ਭਾਰਤੀ ਜਨਤਾ ਪਾਰਟੀ ਦੀ ਭਾਈਵਾਲ ਹੈ ਅਤੇ ਬਿਹਾਰ ਵਿਚ ਇਸ ਨੇ ਇਕੱਲਿਆਂ ਚੋਣਾਂ ਲੜੀਆਂ। ਹੁਣ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਬਿਹਾਰ ਵਿਚ ਨਿਤੀਸ਼ ਕੁਮਾਰ ਦਾ ਕੱਦ ਛੋਟਾ ਕਰਨ ਅਤੇ ਖੁਦ ਵੱਡੀ ਪਾਰਟੀ ਬਣਨ ਦੇ ਦਾਈਏ ਨਾਲ ਹੀ ਮਰਹੂਮ ਰਾਮ ਵਿਲਾਸ ਪਾਸਵਾਨ ਦੇ ਪੁੱਤਰ ਚਿਰਾਗ ਪਾਸਵਾਨ ਨੂੰ ਇਕੱਲਿਆਂ ਚੋਣਾਂ ਲੜਨ ਲਈ ਤਿਆਰ ਕੀਤਾ ਅਤੇ ਉਸ ਨੇ ਨਿਤੀਸ਼ ਕੁਮਾਰ ਦੀ ਪਾਰਟੀ ਦੇ ਸਾਰੇ ਉਮੀਦਵਾਰਾਂ ਖਿਲਾਫ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇ। ਹੁਣ ਜਿਹੜੇ ਨਤੀਜੇ ਸਾਹਮਣੇ ਆਏ ਹਨ, ਉਨ੍ਹਾਂ ਨਾਲ ਸਰਕਾਰ ਤਾਂ ਭਾਵੇਂ ਜਨਤਾ ਦਲ (ਯੂ) ਅਤੇ ਭਾਰਤੀ ਜਨਤਾ ਪਾਰਟੀ ਦੀ ਹੀ ਬਣਨੀ ਹੈ ਪਰ ਹੁਣ ਨਿਤੀਸ਼ ਕੁਮਾਰ ਦੀ ਹਾਲਤ ਬਹੁਤ ਕਮਜ਼ੋਰ ਹੋ ਗਈ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਹਰ ਰਾਜ ਅੰਦਰ ਇਹੀ ਸਿਆਸਤ ਚਲਾਉਣ ਲਈ ਅੜੀ ਹੋਈ ਹੈ ਕਿ ਜਿਵੇਂ ਨਾ ਕਿਵੇਂ ਵੱਡੀ ਪਾਰਟੀ ਬਣਨਾ ਹੈ। ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਇਹੀ ਰੱਫੜ ਸੀ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਜੋ ਵਤੀਰਾ ਅਖਤਿਆਰ ਕੀਤਾ ਗਿਆ, ਉਸ ਤੋਂ ਵੀ ਇਸੇ ਸਿਆਸਤ ਦੀ ਸੂਹ ਪੈਂਦੀ ਹੈ।

ਇਹ ਗੱਲ ਵੱਖਰੀ ਹੈ ਕਿ ਹੁਣ ਪੰਜਾਬ ਵਿਚ ਕਿਸਾਨ ਅੰਦੋਲਨ ਕਾਰਨ ਇਸ ਦੀ ਇਹ ਚਾਲ ਧਰੀ-ਧਰਾਈ ਰਹਿ ਗਈ ਜਾਪਦੀ ਹੈ। ਇਸ ਨੇ ਪੰਜਾਬ ਵਿਚ ਆਪਣੀ ਸਿਆਸਤ ਲਈ ਜਿਹੜੇ ਸਿੱਖ ਚਿਹਰੇ ਤਿਆਰ ਕੀਤੇ ਸਨ, ਉਹ ਜਾਂ ਤਾਂ ਅਸਤੀਫੇ ਦੇ ਰਹੇ ਹਨ ਜਾਂ ਪਿਛਾਂਹ ਹਟ ਰਹੇ ਹਨ। ਬਿਹਾਰ ਵਿਚ ਇਹ ਸਿਆਸਤ ਭਾਰਤੀ ਜਨਤਾ ਪਾਰਟੀ ਨੇ ਪੂਰੀ ਕਾਮਯਾਬੀ ਨਾਲ ਖੇਡੀ ਹੈ। ਪਿਛਲੇ ਕੁਝ ਸਾਲਾਂ 'ਤੇ ਨਿਗਾਹ ਮਾਰੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਪਾਰਟੀ ਆਪਣੇ ਵਿਰੋਧੀਆਂ ਦੇ ਨਾਲ-ਨਾਲ ਆਪਣੇ ਭਾਈਵਾਲਾਂ ਨੂੰ ਵੀ ਕਮਜ਼ੋਰ ਕਰਨ ਦੀ ਸਿਆਸਤ ਖੇਡ ਰਹੀ ਹੈ ਅਤੇ ਆਰ.ਐਸ.ਐਸ. ਦੇ ਕੇਂਦਰੀਕਰਨ ਦੇ ਏਜੰਡੇ ਨੂੰ ਜ਼ੋਰ-ਸ਼ੋਰ ਨਾਲ ਲਾਗੂ ਕਰ ਰਹੀ ਹੈ। ਇਹ ਡੋਨਲਡ ਟਰੰਪ ਵਾਲੀ ਤਰਜ਼ ਉਤੇ ਹੀ ਭਾਰਤ ਨੂੰ ਮੁੜ ਮਹਾਨ ਬਣਾਉਣ ਦਾ ਰਾਗ ਅਲਾਪ ਰਹੀ ਹੈ ਅਤੇ ਹਿੰਦੂਤਵ ਨੂੰ ਸਮੁੱਚੇ ਭਾਰਤੀ ਲੋਕਾਂ ਦੀ ਜੀਵਨ-ਜਾਚ ਦਾ ਅੰਗ ਦਰਸਾ ਰਹੀ ਹੈ। ਆਉਣ ਵਾਲਾ ਸਮਾਂ ਭਾਰਤ ਲਈ ਬੇਹੱਦ ਸੰਵੇਦਨਸ਼ੀਲ ਹੈ ਅਤੇ ਪੰਜਾਬ ਦੇ ਕਿਸਾਨ ਅੰਦੋਲਨ ਨੇ ਦਰਸਾ ਦਿੱਤਾ ਹੈ ਕਿ ਆਉਂਦੇ ਸਾਲਾਂ ਦੌਰਾਨ ਕਿਸੇ ਨਵੀਂ ਸਿਆਸੀ ਸਫਬੰਦੀ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਹਾਕਮੋਂ ਹਸ਼ਰ ਦੇਖੋ!

ਖੱਟ ਕੇ ਕਲੰਕ ਗਏ ਹਾਕਮਾਂ ਨੂੰ ਭੁੱਲ ਜਾਂਦੇ, ਚਾਨਣਾ ਨਾ ਦਿਸੇ ਇਤਿਹਾਸ ਵਾਲੇ ਲੰਪ ਦਾ।
ਪਹਿਲਾਂ ਹੋਸ਼ ਕਰਦੇ ਨਾ ਮਗਰੋਂ ਸਵਾਦ ਆਵੇ, ਨਾਲ ਵਾਲੀ ਜੁੰਡਲੀ ਦੇ ਦਿੱਤੇ ਹੋਏ ਪੰਪ ਦਾ।
ਨਹਿਸ਼ ਦੇ ਯਾਰਾਨੇ ਦਾ ਪੁੱਠਾ ਅਸਰ ਪਿਆ, 'ਹਾਊ ਡੀ ਮੋਦੀ' ਵਾਲੇ ਮਚਾਏ ਹੜਕੰਪ ਦਾ।
ਜਿਸ ਦੇ ਵਿਰੁਧ ਲੋਕੀਂ ਗੁੱਸੇ ਵਿਚ ਵੋਟਾਂ ਪਾਉਣ, ਵੋਟਾਂ ਦੇ ਨਤੀਜੇ ਰਾਹ ਦਿਖਾਉਂਦੇ ਉਹਨੂੰ ਡੰਪ ਦਾ।
ਕਦੋਂ ਥੱਲੇ ਆਣ ਡਿੱਗੇ ਹੁੰਦਾ ਨਾ ਭਰੋਸਾ ਕੋਈ, ਧਨ ਧੌਂਸ ਮਾਇਆ ਤੇ ਹੰਕਾਰ ਵਾਲੇ ਜੰਪ ਦਾ।
ਨੀਤੀਆਂ ਨਸਲਵਾਦੀ ਲੈ ਕੇ ਡੁੱਬ ਜਾਣ ਕਿੱਦਾਂ, ਦੇਖ ਲਉ ਹੁਕਮਰਾਨੋ ਹੋਇਆ ਕੀ ਟਰੰਪ ਦਾ!

# ਟਰੰਪ ਹਾਰਿਆ, ਟਰੰਪਵਾਦ ਨਹੀਂ

***ਸੰਸਾਰ ਦੇ ਸਭ ਤੋਂ ਤਾਕਤਵਰ ਮੰਨੇ ਜਾਂਦੇ ਮੁਲਕ ਅਮਰੀਕਾ ਵਿਚ ਸੱਤਾ ਦੀ ਕਮਾਨ ਹੁਣ ਡੈਮੋਕਰੈਟਿਕ ਪਾਰਟੀ ਦੇ ਲੀਡਰ ਜੋਅ ਬਾਇਡਨ ਦੇ ਹੱਥ ਆ ਗਈ ਹੈ। ਰਾਸ਼ਟਰਪਤੀ ਡੋਨਲਡ ਟਰੰਪ ਭਾਵੇਂ ਹਾਰ ਗਏ ਹਨ ਪਰ ਪਿਛਲੇ ਚਾਰ ਸਾਲਾਂ ਦੌਰਾਨ ਉਨ੍ਹਾਂ ਨੇ ਜਿਸ ਤਰ੍ਹਾਂ ਦੀ ਸਿਆਸਤ ਕੀਤੀ ਹੈ ਅਤੇ ਜਿਵੇਂ ਵੱਖ-ਵੱਖ ਸੰਸਥਾਵਾਂ ਨੂੰ ਆਪਣੇ ਹੱਕ ਵਿਚ ਵਰਤਣ ਦਾ ਯਤਨ ਕੀਤਾ, ਉਸ ਨਾਲ ਅਮਰੀਕੀ ਸਮਾਜ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ ਅਤੇ ਇਸ ਅੰਦਰ ਅੰਤਾਂ ਦੀ ਅਸਹਿਣਸ਼ੀਲਤਾ ਭਰ ਗਈ ਹੈ।***

ਅਮਰੀਕੀ ਚੋਣ ਪ੍ਰਣਾਲੀ ਭਾਰਤ ਨਾਲੋਂ ਪੂਰੀ ਤਰ੍ਹਾਂ ਵੱਖਰੀ ਹੈ। ਭਾਰਤ ਵਿਚ ਜੋ ਪਹਿਲਾਂ ਮਾਰੇ, ਉਸ ਨੂੰ ਮੀਰ ਮੰਨਿਆ ਜਾਂਦਾ ਹੈ। ਇਸ ਨੂੰ ਹੀ ਅੰਗਰੇਜ਼ੀ ਵਿਚ 'ਫਸਟ ਪਾਸਟ ਦਿ ਪੋਸਟ ਸਿਸਟਮ' ਕਹਿੰਦੇ ਹਨ। ਇਸ ਪ੍ਰਣਾਲੀ ਵਿਚ 51 ਫੀਸਦੀ ਵੋਟਾਂ ਹਾਸਲ ਕਰਨ ਵਾਲਾ ਜਿੱਤ ਜਾਂਦਾ ਹੈ ਅਤੇ 49 ਫੀਸਦੀ ਵੋਟਾਂ ਹਾਸਲ ਕਰਨ ਵਾਲੇ ਨੂੰ 'ਉਪ ਜੇਤੂ' ਭਾਵ 'ਰਨਰਅਪ' ਦਾ ਖਿਤਾਬ ਜਾਂ ਸੋਨੇ ਦੇ ਤਗਮੇ ਦੀ ਬਜਾਏ ਕਾਂਸੇ ਦਾ ਤਗਮਾ ਵੀ ਨਹੀਂ ਮਿਲਦਾ। ਦੂਜਾ ਭਾਰਤ ਵਿਚ ਕੌਮੀ ਚੋਣ ਕਮਿਸ਼ਨ ਹੈ ਜੋ ਸਾਰੇ ਦੇਸ਼ ਵਿਚ ਚੋਣ ਜ਼ਾਬਤੇ ਰਾਹੀਂ ਚੋਣ ਕਰਵਾਉਂਦਾ ਹੈ। ਚੋਣ ਕਮਿਸ਼ਨ ਦਾ ਦਬਦਬਾ ਅਤੇ ਸ਼ਾਨ ਲਗਾਤਾਰ ਵਧਦੀ ਹੀ ਗਈ ਹੈ।



**ਅਭੈ ਕੁਮਾਰ ਦੂਬੇ**

ਇਸ ਤੋਂ ਉਲਟ ਅਮਰੀਕਾ ਵਿਚ ਅਨੁਪਾਤਕ ਚੋਣ ਪ੍ਰਣਾਲੀ ਹੈ ਜੋ 51-49 ਫੀਸਦੀ ਦੇ ਫਾਰਮੂਲੇ 'ਤੇ ਨਹੀਂ ਚਲਦੀ। ਨਾ ਹੀ ਅਮਰੀਕਾ ਵਿਚ ਕੋਈ ਕੌਮੀ ਚੋਣ ਕਮਿਸ਼ਨ ਹੈ। ਉਥੋਂ ਦਾ ਸੰਘੀ ਢਾਂਚਾ ਵੱਖਰਾ ਹੈ। ਹਰ ਰਾਜ ਨੂੰ ਆਪੋ-ਆਪਣੇ ਢੰਗ ਨਾਲ ਵੋਟਿੰਗ ਕਰਵਾਉਣ ਅਤੇ ਵੋਟਾਂ ਦੀ ਗਿਣਤੀ ਜਾਂ ਦੁਬਾਰਾ ਗਿਣਤੀ ਕਰਵਾਉਣ ਦਾ ਅਧਿਕਾਰ ਹੈ। ਜਿੱਤਣ ਵਾਲੇ ਦੀਆਂ ਵੋਟਾਂ ਦੀ ਫੀਸਦੀ ਚੋਣ ਨਤੀਜੇ 'ਤੇ ਖਾਸ ਅਸਰ ਨਹੀਂ ਪਾਉਂਦੀ। ਹਾਂ, ਇਹ ਫੀਸਦੀ ਇੰਨਾ ਜ਼ਰੂਰ ਦਿਖਾਉਂਦੀ ਹੈ ਕਿ ਜਿੱਤਣ ਵਾਲਾ ਆਮ ਵੋਟਰਾਂ ਵਿਚ ਕਿੰਨਾ ਹਰਮਨ ਪਿਆਰਾ ਹੈ। ਜਿਸ ਨੂੰ ਕਿਸੇ ਰਾਜ ਵਿਚ ਜ਼ਿਆਦਾ ਵੋਟਾਂ ਮਿਲਦੀਆਂ ਹਨ, ਉਸ ਨੂੰ ਇਲੈਕਟੋਰਲ ਕਾਲਜ ਵਿਚ ਨਿਰਧਾਰਤ ਵੋਟਾਂ ਮਿਲਦੀਆਂ ਹਨ; ਭਾਵ, ਜੇਕਰ ਇਕ ਰਾਜ ਨੂੰ ਜਿੱਤਣ ਦੀ ਕੀਮਤ 12 ਇਲੈਕਟੋਰਲ ਵੋਟਾਂ ਦੇ ਬਰਾਬਰ ਹੈ ਤਾਂ ਉਮੀਦਵਾਰ ਰਾਸ਼ਟਰਪਤੀ ਦੀ ਦੌੜ ਵਿਚ 12 ਵੋਟਾਂ ਹਾਸਲ ਕਰ ਲਵੇਗਾ। ਜਦੋਂ ਤੱਕ ਉਸ ਨੂੰ 270 ਇਲੈਕਟੋਰਲ ਵੋਟਾਂ ਨਹੀਂ ਮਿਲਦੀਆਂ, ਉਹ ਰਾਸ਼ਟਰਪਤੀ ਦੀ ਚੋਣ ਨਹੀਂ ਜਿੱਤ ਸਕੇਗਾ।

ਇਸ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਹਾਰਨ ਵਾਲੇ ਉਮੀਦਵਾਰ ਦੇ ਹਿੱਸੇ ਵਿਚ ਵੀ ਕਈ ਰਾਜ ਆਉਂਦੇ ਹਨ ਜਿੱਥੋਂ ਦੀਆਂ ਇਲੈਕਟੋਰਲ ਵੋਟਾਂ ਉਸ ਨੂੰ ਮਿਲਦੀਆਂ ਹਨ। ਉਹ ਚੋਣ ਹਾਰਨ ਦੇ ਬਾਵਜੂਦ ਅਮਰੀਕੀ ਰਾਜਨੀਤੀ ਵਿਚ ਆਪਣੀ ਆਵਾਜ਼ ਅਤੇ ਅਹਿਮੀਅਤ ਕਾਇਮ ਰੱਖ ਸਕਦਾ ਹੈ। ਸੈਨੇਟ ਅਤੇ ਪ੍ਰਤੀਨਿਧ ਸਭਾ ਵਿਚ ਜੇਕਰ ਹਾਰਨ ਵਾਲੀ ਪਾਰਟੀ ਦੀ ਮੌਜੂਦਗੀ ਚੰਗੀ ਹੈ ਤਾਂ ਉਹ ਜਿੱਤਿਆ ਐਲਾਨੇ ਗਏ ਉਮੀਦਵਾਰ ਦੇ ਏਜੰਡੇ ਨੂੰ ਲਾਗੂ ਹੋਣ ਤੋਂ ਕਾਫੀ ਹੱਦ ਤੱਕ ਰੋਕ ਸਕਦੀ ਹੈ; ਭਾਵ ਚੋਣ ਹਾਰਨ ਵਾਲੇ ਨੂੰ ਅਮਰੀਕਾ ਵਿਚ ਨਾ ਸਿਰਫ ਉਪ ਜੇਤੂ ਦਾ ਅਹੁਦਾ ਮਿਲਦਾ ਹੈ ਸਗੋਂ ਕਈ ਵਾਰ ਉਹ ਜੇਤੂ ਦੇ ਨੱਕ ਵਿਚ ਦਮ ਵੀ ਕਰ ਦਿੰਦਾ ਹੈ।

ਇਸ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਚੋਣ ਮੁਕਾਬਲਾ ਜ਼ਰੂਰ ਖਤਮ ਹੋ ਜਾਂਦਾ ਹੈ ਪਰ ਲੋਕਤੰਤਰੀ ਮੁਕਾਬਲਾ ਜਿੱਤਣ ਵਾਲੇ ਦੇ ਪੱਖ ਵਿਚ ਬਹੁਤ ਜ਼ਿਆਦਾ ਝੁਕਣ ਦਾ ਖਦਸ਼ਾ ਨਹੀਂ ਰਹਿੰਦਾ। ਬਾਵਜੂਦ ਇਸ ਦੇ ਕਿ ਅਮਰੀਕੀ ਰਾਸ਼ਟਰਪਤੀ ਦੇ ਕਾਰਜਕਾਰੀ ਅਧਿਕਾਰ ਭਾਰਤ ਦੇ ਪ੍ਰਧਾਨ ਮੰਤਰੀ ਨਾਲੋਂ ਜ਼ਿਆਦਾ ਹੁੰਦੇ ਹਨ।

ਭਾਰਤ ਅਤੇ ਅਮਰੀਕਾ ਦੀਆਂ ਚੋਣ ਪ੍ਰਣਾਲੀਆਂ ਦਾ ਇਹ ਫਰਕ ਦੱਸਣਾ ਇਸ ਲਈ ਜ਼ਰੂਰੀ ਸੀ ਤਾਂ ਕਿ ਇਹ ਦਿਖਾਇਆ ਜਾ ਸਕੇ ਕਿ ਉਥੇ ਹਾਰਨ ਵਾਲੇ ਦਾ ਜਲਵਾ ਖਤਮ ਨਹੀਂ ਹੁੰਦਾ। ਇਸ ਰੁਝਾਨ ਦੀ ਸਭ ਤੋਂ ਦਿਲਚਸਪ ਉਦਾਹਰਨ ਤਾਂ ਮੌਜੂਦਾ ਚੋਣ ਹੀ ਹੈ। ਡੈਮੋਕ੍ਰੈਟਿਕ ਉਮੀਦਵਾਰ ਜੋਅ ਬਾਇਡਨ ਨੂੰ ਅਮਰੀਕੀ ਇਤਿਹਾਸ ਦੀਆਂ ਸਭ ਤੋਂ ਜ਼ਿਆਦਾ ਵੋਟਾਂ ਮਿਲੀਆਂ ਅਤੇ ਇਲੈਕਟੋਰਲ ਕਾਲਜ ਦੀ ਫੈਸਲਾਕੁਨ ਦੌੜ ਵਿਚ ਵੀ ਇਹ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਨਾਲੋਂ ਬਹੁਤ ਅੱਗੇ ਸਾਬਤ ਹੋਏ। ਇਸ ਦੇ ਬਾਵਜੂਦ ਟਰੰਪ ਨਾ ਸਿਰਫ ਚੋਣ ਦ੍ਰਿਸ਼ਟੀ ਨਾਲ ਸਗੋਂ ਵਿਚਾਰਧਾਰਕ ਦ੍ਰਿਸ਼ਟੀ ਨਾਲ ਜਾਂ ਅਮਰੀਕੀ ਸਮਾਜ 'ਤੇ ਆਪਣੇ ਪ੍ਰਭਾਵ ਦੇ ਲਿਹਾਜ਼ ਨਾਲ ਬਹੁਤ ਮਹੱਤਵਪੂਰਨ ਬਣੇ ਰਹਿਣਗੇ; ਇੰਨੇ ਮਹੱਤਵਪੂਨ ਕਿ ਹੁਣ ਤੋਂ ਹੀ ਉਨ੍ਹਾਂ ਨੂੰ ਚਾਰ ਸਾਲ ਬਾਅਦ 2024 ਦੀਆਂ ਚੋਣਾਂ ਵਿਚ ਰਾਸ਼ਟਰਪਤੀ ਉਮੀਦਵਾਰ ਦੇ ਦਾਅਵੇਦਾਰ ਵਜੋਂ ਦੇਖਿਆ ਜਾਣ ਲੱਗਾ ਹੈ। ਇਹ ਵੱਖ ਗੱਲ ਹੈ ਕਿ ਉਸ ਸਮੇਂ ਟਰੰਪ ਦੀ ਉਮਰ 84 ਸਾਲ ਦੀ ਹੋਵੇਗੀ ਅਤੇ ਜੇਕਰ ਬਾਇਡਨ ਵੀ ਦੂਜੇ ਕਾਰਜਕਾਲ ਲਈ ਚੋਣਾਂ ਵਿਚ ਖੜ੍ਹੇ ਹੁੰਦੇ ਹਨ ਤਾਂ ਉਹ ਵੀ ਟਰੰਪ ਦੇ ਬਰਾਬਰ ਹੀ ਹੋਣਗੇ। ਚੋਣ ਦ੍ਰਿਸ਼ਟੀ ਨਾਲ ਟਰੰਪ ਦੀ ਅਹਿਮੀਅਤ ਇਸ ਗੱਲ ਵਿਚ ਹੋਵੇਗੀ ਕਿ ਸੈਨੇਟ ਅਤੇ ਪ੍ਰਤੀਨਿਧ ਸਭਾ ਵਿਚ ਉਨ੍ਹਾਂ ਦੀ ਪਾਰਟੀ ਨਵੇਂ ਚੁਣੇ ਰਾਸ਼ਟਰਪਤੀ ਨੂੰ ਆਪਣੇ ਮਨ ਦੀ ਕਰਨ ਦੀ ਇਜਾਜ਼ਤ ਨਾ ਦੇਣ ਦੀ ਹਾਲਤ ਵਿਚ ਆ ਚੁੱਕੀ ਹੈ, ਕਿਉਂਕਿ ਡੈਮੋਕ੍ਰੈਟਿਕ ਪਾਰਟੀ ਇਨ੍ਹੀਂ ਦਿਨੀਂ ਦੋਵਾਂ ਸਦਨਾਂ ਵਿਚ ਆਰਾਮਦੇਹ ਬਹੁਮਤ ਜਿੱਤ ਸਕਣ ਵਿਚ ਅਸਫਲ ਰਹੀ ਹੈ, ਇਸ ਲਈ ਉਹ ਸਰਬਉਚ ਅਦਾਲਤ ਵਿਚ ਆਪਣੇ ਮਨਪਸੰਦ ਜੱਜਾਂ ਦੀ ਨਿਯੁਕਤੀ ਵੀ ਨਹੀਂ ਕਰ ਸਕੇਗੀ।



ਉਂਜ, ਜੋ ਗੱਲ ਇਸ ਨਾਲੋਂ ਵੀ ਜ਼ਿਆਦਾ ਜ਼ਰੂਰੀ ਹੈ, ਉਹ ਕੁਝ ਹੋਰ ਹੈ। ਟਰੰਪ ਦੀ ਹਾਰ ਟਰੰਪਵਾਦ ਦੀ ਹਾਰ ਨਹੀਂ ਹੈ। ਟਰੰਪਵਾਦ ਫਜ਼ੂਲ ਅਤੇ ਅਤਿਵਾਦੀ ਕਿਸਮ ਦੀ ਵਿਚਾਰਧਾਰਾ ਹੈ ਜਿਸ ਨੇ ਅਮਰੀਕੀ ਸਮਾਜ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਟਰੰਪਵਾਦ ਦਾ ਭਾਵ ਹੈ, ਸਿਆਹਫਾਮਾਂ ਖਿਲਾਫ ਨਸਲਵਾਦੀ ਨਜ਼ਰੀਆ, ਔਰਤਾਂ ਪ੍ਰਤੀ ਤ੍ਰਿਸਕਾਰ ਵਾਲਾ ਰਵੱਈਆ ਰੱਖਣਾ, ਵਾਤਾਵਰਨ ਅਤੇ ਵੱਖ-ਵੱਖ ਵਿਸ਼ੇਸ਼ ਹਾਲਾਤ ਦੀ ਪ੍ਰਵਾਹ ਨਾ ਕਰਨਾ, ਪਰਵਾਸੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ, ਰਾਸ਼ਟਰ ਦੇ ਰੂਪ ਵਿਚ ਗਰਮ ਵਿਚਾਰਾਂ ਨਾਲ ਅਮਰੀਕਾ ਨੂੰ ਗੋਰੇ ਭਾਈਚਾਰੇ ਦੇ ਦੇਸ਼ ਦੇ ਰੂਪ ਵਿਚ ਕਲਪਿਤ ਕਰਨਾ, ਵੱਖ-ਵੱਖ ਤਰ੍ਹਾਂ ਦੀਆਂ ਸਾਜ਼ਿਸ਼ਾਂ ਦੀਆਂ ਥਿਊਰੀਆਂ ਨੂੰ ਉਛਾਲਣਾ, ਆਪਣੇ ਵਿਰੋਧੀਆਂ ਤੇ ਆਲੋਚਕਾਂ ਪ੍ਰਤੀ ਗੈਰ ਮਿਆਰੀ ਵਿਹਾਰ ਕਰਨਾ ਅਤੇ ਕਿਸੇ ਵੀ ਤਰ੍ਹਾਂ ਦੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਅੰਗੂਠਾ ਦਿਖਾਉਣਾ ਆਦਿ।

***ਟਰੰਪਵਾਦ ਅਤਿਵਾਦੀ ਕਿਸਮ ਦੀ ਵਿਚਾਰਧਾਰਾ ਹੈ ਜਿਸ ਨੇ ਅਮਰੀਕੀ ਸਮਾਜ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ... ਟਰੰਪਵਾਦ ਕਾਰਨ ਹੋਇਆ ਇਹ ਹੈ ਕਿ ਅਮਰੀਕੀ ਸਮਾਜ ਵਿਚ ਅਸਹਿਣਸ਼ੀਲਤਾ ਵਧੀ ਹੈ। ਰਾਜਨੇਤਾਵਾਂ ਬਾਰੇ ਬੇਵਿਸ਼ਵਾਸੀ ਦੀ ਭਾਵਨਾ ਵੋਟਰ ਵਿਚ ਆਮ ਹੈ।***

ਡੋਨਾਲਡ ਟਰੰਪ ਨੇ ਆਪਣੇ ਚਾਰ ਸਾਲ ਦੇ ਕਾਰਜਕਾਲ ਵਿਚ ਇਹੀ ਸਭ ਕੁਝ ਕੀਤਾ ਹੈ ਪਰ ਹੈਰਾਨੀ ਇਹ ਹੈ ਕਿ ਅਮਰੀਕੀ ਜਨਤਾ ਦੇ ਕਾਫੀ ਵੱਡੇ ਅਤੇ ਪ੍ਰਭਾਵੀ ਹਿੱਸੇ ਨੂੰ ਉਨ੍ਹਾਂ ਦੀਆਂ ਇਹ ਹਰਕਤਾਂ ਬਹੁਤ ਪਸੰਦ ਆਈਆਂ ਹਨ। ਉਹ ਡੈਮੋਕ੍ਰੈਟਿਕ ਪਾਰਟੀ ਦੇ ਉਦਾਰਵਾਦੀ ਰਵੱਈਏ ਤੋਂ ਖੁਸ਼ ਨਹੀਂ ਹਨ। ਟਰੰਪ ਦਾ ਦਾਅਵਾ ਹੈ ਕਿ ਇਹ ਉਦਾਰਵਾਦ ਪਖੰਡੀ ਕਿਸਮ ਦਾ ਹੈ। ਕੁਝ ਹੱਦ ਤੱਕ ਉਨ੍ਹਾਂ ਦੀ ਗੱਲ ਸਹੀ ਵੀ ਹੈ। ਦੁਨੀਆ ਵਿਚ ਕਿਸੇ ਵੀ ਤਰ੍ਹਾਂ ਦੇ ਉਦਾਰਵਾਦੀ (ਇੱਥੇ ਭਾਵ ਮਨੁੱਖ ਦੀ ਉਦਾਰਤਾ ਨਾ ਹੋ ਕੇ 'ਲਿਬਰਲਿਜ਼ਮ' ਤੋਂ ਹੈ ਜੋ ਪੱਛਮੀ ਵਿਚਾਰਧਾਰਾ ਹੈ ਜਿਹੜੀ 19ਵੀਂ ਸਦੀ ਦੇ ਉਪਨਿਵੇਸ਼ਵਾਦ ਦਾ ਸਮਰਥਨ ਕਰਦੀ ਹੈ) ਆਪਣੀ ਸਮਝੌਤਾਪ੍ਰਸਤੀ ਅਤੇ ਪਖੰਡ ਦੇ ਕਾਰਨ ਆਲੋਚਨਾ ਦਾ ਸ਼ਿਕਾਰ ਹੋਏ ਹਨ। ਜਨਤਾ ਨੇ ਲੰਬੇ ਅਰਸੇ ਤੱਕ ਇਸ ਦੇ ਅਹਿਲਕਾਰਾਂ ਨੂੰ ਸੱਤਾ 'ਤੇ ਬਿਠਾਇਆ ਪਰ ਹੁਣ ਹਰ ਜਗ੍ਹਾ ਇਨ੍ਹਾਂ ਦੀਆਂ ਅਸਫਲਤਾਵਾਂ ਕਰ ਕੇ ਇਨ੍ਹਾਂ ਦੀ ਆਲੋਚਨਾ ਹੋ ਰਹੀ ਹੈ।

ਟਰੰਪਵਾਦ ਕਾਰਨ ਹੋਇਆ ਇਹ ਹੈ ਕਿ ਅਮਰੀਕੀ ਸਮਾਜ ਵਿਚ ਅਸਹਿਣਸ਼ੀਲਤਾ ਵਧੀ ਹੈ। ਰਾਜਨੇਤਾਵਾਂ ਬਾਰੇ ਬੇਵਿਸ਼ਵਾਸੀ ਦੀ ਭਾਵਨਾ ਵੋਟਰ ਵਿਚ ਆਮ ਹੈ। 73 ਫੀਸਦੀ ਅਮਰੀਕੀ ਮੰਨਦੇ ਹਨ ਕਿ ਦੇਸ਼ ਦੀਆਂ ਦੋਵੇਂ ਮੁੱਖ ਪਾਰਟੀਆਂ ਬੁਨਿਆਦੀ ਗੱਲਾਂ 'ਤੇ ਅਸਹਿਮਤ ਹਨ, ਇਸ ਲਈ ਕੌਮੀ ਸਹਿਮਤੀ ਦੀ ਘਾਟ ਹੈ। ਪੰਜ ਵਿਚੋਂ ਇਕ ਅਮਰੀਕੀ ਮੰਨਦਾ ਹੈ ਕਿ ਜੇਕਰ ਉਨ੍ਹਾਂ ਦੀ ਪਸੰਦ ਦਾ ਵਿਅਕਤੀ ਚੋਣ ਨਾ ਜਿੱਤੇ ਤਾਂ ਉਨ੍ਹਾਂ ਨੂੰ ਹਿੰਸਾ ਕਰਨ ਦਾ ਅਧਿਕਾਰ ਹੈ। 60 ਫੀਸਦੀ ਵੋਟਰਾਂ ਨੂੰ ਯਕੀਨ ਹੈ ਕਿ ਉਨ੍ਹਾਂ ਦੀ ਵਿਰੋਧੀ ਪਾਰਟੀ ਕਾਰਨ ਅਮਰੀਕਾ ਖਤਰੇ ਵਿਚ ਹੈ, ਉਸ ਲਈ ਉਸ ਨੂੰ ਰਾਸ਼ਟਰਘਾਤੀ ਦੇ ਤੌਰ 'ਤੇ ਦੇਖਿਆ ਜਾ ਸਕਦਾ ਹੈ। 40 ਫੀਸਦੀ ਵੋਟਰ ਆਪਣੇ ਵਿਰੋਧੀਆਂ ਨੂੰ ਦੁਸ਼ਟ ਮੰਨਦੇ ਹਨ। 20 ਫੀਸਦੀ ਤਾਂ ਇਸ ਹੱਦ ਤੱਕ ਚਲੇ ਗਏ ਹਨ ਕਿ ਵਿਰੋਧੀ ਉਨ੍ਹਾਂ ਦੀ ਨਜ਼ਰ ਵਿਚ ਜਾਨਵਰ ਤੋਂ ਵੀ ਬਦਤਰ ਹਨ। ਗੋਰਾ ਅਮਰੀਕੀ ਵਰਗ ਗਰਮਖਿਆਲੀ ਰਾਸ਼ਟਰਵਾਦੀ ਬਣਨ ਤੱਕ ਚਲਾ ਗਿਆ ਹੈ। ਉਹ ਮੰਨਣ ਲੱਗਾ ਹੈ ਕਿ ਅਮਰੀਕੀ ਰਾਸ਼ਟਰਵਾਦ ਨੂੰ ਪਰਵਾਸੀਆਂ ਅਤੇ ਸਿਆਹਫਾਮਾਂ ਤੋਂ ਬਚਾਉਣ ਦੀ ਜ਼ਰੂਰਤ ਹੈ। ਟਰੰਪ ਨੂੰ ਆਪਣੀ ਅਸਹਿਣਸ਼ੀਲ ਵਿਚਾਰਧਾਰਾ ਦੇ ਬਾਵਜੂਦ ਅਫਰੀਕੀ ਮੂਲ ਦੇ ਲੋਕਾਂ ਵਿਚੋਂ 13 ਤੋਂ 18 ਫੀਸਦੀ ਤੱਕ ਸਮਰਥਨ ਮਿਲਦਾ ਹੈ।

ਇਹ ਸਭ ਤੱਥ ਅਮਰੀਕਾ ਦੇ ਵਜੂਦ ਨੂੰ ਸੰਕਟ ਵਿਚ ਪਾਉਣ ਵਾਲੇ ਹਨ। ਕੀ ਇਹ ਵਿਡੰਬਨਾ ਨਹੀਂ ਹੈ ਕਿ ਅਮਰੀਕੀ ਸਿਆਸਤ 'ਤੇ ਰਿਪਬਲਿਕਨ ਪਾਰਟੀ ਦੇ ਹੋਂਦ ਵਿਚ ਆਉਣ ਦੀ ਸ਼ੁਰੂਆਤ ਇਬਰਾਹਿਮ ਲਿੰਕਨ ਦੀ ਰਾਸ਼ਟਰਪਤੀ ਦੇ ਅਹੁਦੇ ਦੀ ਜਿੱਤ ਨਾਲ 1860 ਵਿਚ ਹੋਈ ਸੀ। ਉਹ ਜਿੱਤ ਨਸਲਵਾਦ ਅਤੇ ਵੰਡਪਾਊ ਦੇ ਉਪਰ ਮਨੁੱਖਤਾ ਦੀ ਜਿੱਤ ਦਾ ਪ੍ਰਤੀਕ ਸੀ ਪਰ ਉਸੇ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨਸਲਵਾਦੀ ਭਾਵਨਾਵਾਂ ਦੀ ਨੁਮਾਇੰਦਗੀ ਕਰ ਰਹੇ ਹਨ। ਨਵੇਂ ਰਾਸ਼ਟਰਪਤੀ ਜੋਅ ਬਾਇਡਨ ਨੇ ਅਜੇ ਬਹੁਤ ਸਾਰੇ ਫੱਟਾਂ 'ਤੇ ਮਰਹਮ ਲਗਾਉਣਾ ਹੈ।

# ਅਰਨਬ ਗੋਸਵਾਮੀ: ਕਿੰਨੀ ਪੱਤਰਕਾਰੀ, ਕਿੰਨਾ ਜੁਰਮ?

***ਰਿਪਬਲਿਕ ਟੀ.ਵੀ. ਦੇ ਮੁੱਖ ਸੰਪਾਦਕ ਅਰਨਬ ਗੋਸਵਾਮੀ ਨਾਲ 'ਹੁਣ ਆਇਆ ਊਠ ਪਹਾੜ ਥੱਲੇ' ਕਹਾਵਤ ਵਾਲੀ ਗੱਲ ਹੋਈ ਹੈ। ਆਪਣੇ ਸ਼ੋਅ 'ਤੇ ਹਰ ਕਿਸੇ ਦੀ ਲਾਹ-ਪਾਹ ਕਰਨ ਵਾਲੇ ਨੂੰ ਜੇਲ੍ਹ ਦੀ ਹਵਾ ਖਾਣੀ ਪਈ ਹੈ ਅਤੇ ਪੱਤਰਕਾਰਾਂ ਦੇ ਹੱਕਾਂ ਉਤੇ ਡਾਕਾ ਮਾਰਨ ਵਾਲੀ ਮੋਦੀ ਸਰਕਾਰ ਦੇ ਮੰਤਰੀ ਹੁਣ ਉਸ ਦੇ ਹੱਕ ਵਿਚ ਬਿਆਨ-ਦਰ-ਬਿਆਨ ਦਾਗ ਰਹੇ ਹਨ। ਅਰਨਬ ਨੂੰ ਪੱਤਰਕਾਰ ਹੋਣ ਕਰ ਕੇ ਨਹੀਂ ਬਲਕਿ ਲੈਣ-ਦੇਣ ਦੇ ਇਕ ਮਾਮਲੇ ਨਾਲ ਜੁੜੇ ਖੁਦਕੁਸ਼ੀ ਲਈ ਉਕਸਾਉਣ ਵਾਲੇ ਕੇਸ ਵਿਚ ਫੜਿਆ ਗਿਆ ਹੈ। ਇਸ ਸਮੁੱਚੇ ਹਾਲਾਤ ਬਾਰੇ ਟਿੱਪਣੀ ਇਕ ਸਾਬਕਾ ਆਈ.ਪੀ.ਐਸ. ਅਫਸਰ ਵਿਜੈ ਸ਼ੰਕਰ ਸਿੰਘ ਨੇ ਕੀਤੀ ਹੈ ਜਿਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

**ਵਿਜੈ ਸ਼ੰਕਰ ਸਿੰਘ**
**ਅਨੁਵਾਦ: ਬੂਟਾ ਸਿੰਘ**






***ਅਰਨਬ ਗੋਸਵਾਮੀ ਦੀ ਗ੍ਰਿਫਤਾਰੀ ਤੋਂ ਬਾਅਦ ਇਕ ਕਲਾਕਾਰ ਵਲੋਂ ਉਸ ਦਾ ਬਣਾਇਆ ਕਾਰਟੂਨ ਅਤੇ (ਸੱਜੇ) ਪੱਤਰਕਾਰਾਂ ਨੂੰ ਸੰਬੋਧਨ ਕਰ ਰਹੀ ਅਨਵਿਆ ਨਾਇਕ ਦੀ ਪਤਨੀ ਅਕਸ਼ਤਾ ਅਤੇ ਧੀ ਅਧਨਯਾ।***

ਅਰਨਬ ਗੋਵਸਾਮੀ ਮਾਮਲੇ 'ਚ ਤਾਜ਼ੀ ਖਬਰ ਇਹ ਹੈ ਕਿ 9 ਨਵੰਬਰ ਨੂੰ ਮੁੰਬਈ ਹਾਈ ਕੋਰਟ ਨੇ ਉਸ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ। ਸੈਸ਼ਨ ਕੋਰਟ ਵਿਚ ਅਰਜ਼ੀ ਦਾ ਅਜੇ ਫੈਸਲਾ ਨਹੀਂ ਹੋਇਆ। ਉਸ ਦੀ ਗ੍ਰਿਫਤਾਰੀ ਨਿੱਜੀ ਲੈਣ-ਦੇਣ ਸੰਬੰਧੀ (ਰਾਏਗੜ੍ਹ) ਮਹਾਰਾਸ਼ਟਰ ਪੁਲੀਸ ਨੇ ਕੀਤੀ ਜਿਸ ਦਾ ਭਾਜਪਾ ਨੇ ਪੁਰਜ਼ੋਰ ਵਿਰੋਧ ਕੀਤਾ ਹੈ। ਅਰਨਬ ਦੀ ਪੱਤਰਕਾਰੀ ਦੀ ਲਾਈਨ ਸੱਤਾ ਦੀ ਹਮਾਇਤੀ ਹੋਣ ਕਾਰਨ ਇਸ ਨੂੰ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਪਰ ਹਮਲਾ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ। ਕੀ ਸੱਚਮੁੱਚ ਇੰਜ ਹੀ ਹੈ?

ਵਿਅਕਤੀ, ਸਮਾਜ ਜਾਂ ਪ੍ਰੈਸ ਦੀ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਲੋਕਤੰਤਰ ਦਾ ਬੁਨਿਆਦੀ ਅਸੂਲ ਹੈ ਜਿਸ ਤੋਂ ਬਿਨਾ ਲੋਕਤੰਤਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਵਾਮ ਦਾ ਫਰਜ਼ ਹੈ ਕਿ ਉਹ ਆਪਣੇ ਹੱਕਾਂ ਪ੍ਰਤੀ ਸੁਚੇਤ ਰਹੇ। ਸੱਚ ਤਾਂ ਇਹ ਹੈ ਕਿ ਅਵਾਮ ਦੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਪ੍ਰੈਸ ਦੀ ਆਜ਼ਾਦੀ ਦੇ ਭਰੋਸੇ ਹੀ ਮਹਿਫੂਜ਼ ਰਹਿ ਸਕਦੀ ਹੈ। ਇਸ ਲਈ ਜ਼ਰੂਰੀ ਹੈ ਕਿ ਪ੍ਰੈਸ ਲੋਕਪੱਖੀ ਪੱਤਰਕਾਰੀ ਕਰੇ। ਜੇ ਅਰਨਬ ਮੁਕੱਦਮੇ ਦੇ ਬਹਾਨੇ ਇਸ ਸਵਾਲ ਉਪਰ ਬਹਿਸ ਛਿੜਦੀ ਹੈ ਤਾਂ ਇਸ ਦੀ ਹਮਾਇਤ ਕੀਤੀ ਜਾਣੀ ਚਾਹੀਦੀ ਹੈ, ਲੇਕਿਨ ਬਹਿਸ ਚੁਣਵੀਂ ਨਾ ਹੋਵੇ ਅਤੇ ਪਾਰਟੀ ਸਵਾਰਥ ਤੋਂ ਵੀ ਦੂਰ ਰਹੇ।

ਹੁਣ ਸਵਾਲ ਇਹ ਹੈ ਕਿ ਜੋ ਲੋਕ ਅੱਜ ਪ੍ਰਗਟਾਵੇ ਅਤੇ ਪ੍ਰੈਸ ਦੀ ਆਜ਼ਾਦੀ ਦੀ ਗੱਲ ਕਰ ਰਹੇ ਹਨ, ਉਹ ਸਿਰਫ ਅਰਨਬ ਦੇ ਹੱਕ ਵਿਚ ਹੀ ਕਿਉਂ ਬੋਲ ਰਹੇ ਹਨ? ਕੀ ਉਹਨਾਂ ਦਾ ਰੋਹ ਪਿਛਲੇ ਸਾਲਾਂ 'ਚ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਪ੍ਰੈਸ ਅਤੇ ਪੱਤਰਕਾਰਾਂ ਦੇ ਦਮਨ, ਜੋ ਅੱਜ ਵੀ ਜਾਰੀ ਹੈ, ਨੂੰ ਲੈ ਕੇ ਵੀ ਹੈ? ਸਰਕਾਰ ਵਿਰੋਧੀ ਖਬਰਾਂ ਛਾਪਣ 'ਤੇ ਪੱਤਰਕਾਰਾਂ ਵਿਰੁਧ ਘੱਟੋ-ਘੱਟ 20 ਮਾਮਲੇ ਤਾਂ ਇਕੱਲੇ ਯੂ.ਪੀ. ਵਿਚ ਹੋਏ। ਛੱਤੀਸਗੜ੍ਹ, ਰਾਜਸਥਾਨ, ਗੁਜਰਾਤ ਆਦਿ ਤੋਂ ਵੀ ਐਸੀਆਂ ਹੀ ਖਬਰਾਂ ਹਨ। ਹਰ ਸਰਕਾਰ ਆਪਣੀ ਆਲੋਚਨਾ ਤੋਂ ਚਿੜਦੀ ਹੈ, ਹਾਂ ਉਸ ਦਾ ਪ੍ਰਤੀਕਰਮ ਉਸ ਦੀ ਸਹਿਣਸ਼ੀਲਤਾ ਉਪਰ ਮੁਨੱਸਰ ਹੈ।

ਅਰਨਬ ਦੇ ਮੁਕੱਦਮੇ ਦਾ ਪੱਤਰਕਾਰੀ ਦੇ ਮੂੱਲਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਨਾਲ ਕੋਈ ਸੰਬੰਧ ਨਹੀਂ। ਇਹ ਮਹਿਜ਼ ਕੰਮ ਕਰਵਾ ਕੇ ਕਿਸੇ ਦਾ ਪੈਸਾ ਦੱਬ ਲੈਣ, ਦਾਦਾਗਿਰੀ ਅਤੇ ਹੈਸੀਅਤ ਦੀ ਦੁਰਵਰਤੋਂ ਦਾ ਮਾਮਲਾ ਹੈ। ਉਸ ਨੂੰ ਸੱਤਾ ਦਾ ਜਨੂਨ ਹੈ। ਐਸੇ ਲੋਕ ਆਪਣੇ ਅਤੇ ਆਪਣੇ ਸਰਪ੍ਰਸਤਾਂ ਦੇ ਆਭਾ ਮੰਡਲ ਦੇ ਹੰਕਾਰ 'ਚ ਅੰਨ੍ਹੇ ਹੋਏ ਰਹਿੰਦੇ ਹਨ।

ਅਰਨਬ ਆਪਣੀ ਪੱਤਰਕਾਰੀ ਦੀ ਵਚਿੱਤਰ ਸ਼ੈਲੀ ਕਾਰਨ ਮਸ਼ਹੂਰ ਹੈ, ਨਾ ਕਿ ਪੱਤਰਕਾਰੀ ਦੇ ਮੂਲ ਉਦੇਸ਼ ਅਤੇ ਚਰਿੱਤਰ ਕਾਰਨ। ਤੱਥਾਂ ਦੀ ਬਜਾਏ ਨਿੱਜੀ ਗੱਲਾਂ ਅਤੇ ਵਿਅਕਤੀਗਤ ਹਮਲੇ ਉਸ ਦੀ ਸ਼ੈਲੀ ਦੀ ਖਾਸੀਅਤ ਹੈ। ਉਸ ਦੇ ਰਿਪਬਲਿਕ ਟੀ.ਵੀ. ਦਾ ਪਹਿਲਾ ਐਪੀਸੋਡ ਸ਼ਸ਼ੀ ਥਰੂਰ ਦੀ ਪਤਨੀ ਸੁਨੰਦਾ ਪੁਸ਼ਕਰ ਦੀ ਸ਼ੱਕੀ ਮੌਤ ਬਾਬਤ ਸੀ। ਇਸੇ ਤਰ੍ਹਾਂ ਸੋਨੀਆ ਗਾਂਧੀ ਬਾਰੇ ਉਸ ਦੀ ਨਿੱਜੀ ਟਿੱਪਣੀ ਸੀ। ਉਹ ਵਿਰੋਧੀ ਧਿਰ ਦੇ ਆਗੂਆਂ ਬਾਰੇ ਨਿੱਜੀ ਟਿੱਪਣੀਆਂ ਕਰ ਕੇ ਸੱਤਾਧਾਰੀ ਧਿਰ ਦੀ ਸ਼ਾਬਾਸ਼ ਬਟੋਰਨ ਦਾ ਮਾਹਿਰ ਹੈ। ਭਾਰਤ ਸਰਕਾਰ ਦਾ ਉਸ ਦੇ ਹੱਕ ਵਿਚ ਖੜ੍ਹਨਾ ਹੀ ਉਸ ਦਾ ਸੱਤਾ ਦੇ ਨੇੜੇ ਹੋਣ ਦਾ ਸਬੂਤ ਹੈ।

ਪਾਲਘਰ ਹਜੂਮੀ ਹਿੰਸਾ ਦੀ ਰਿਪੋਰਟਿੰਗ ਤੋਂ ਬਾਅਦ ਉਸ ਦੀ ਮਹਾਰਾਸ਼ਟਰ ਸਰਕਾਰ ਨਾਲ ਅਣਬਣ ਹੋ ਗਈ। ਫਿਰ ਸੁਸ਼ਾਂਤ ਸਿੰਘ ਰਾਜਪੂਤ ਦੀ ਖੁਦਕੁਸ਼ੀ ਦੀ ਘਟਨਾ ਵਾਪਰ ਗਈ। ਇਸ ਦੀ ਜਾਂਚ ਸੀ.ਬੀ.ਆਈ. ਕਰ ਰਹੀ ਹੈ। ਇਸੇ ਦੌਰਾਨ ਅਰਨਬ ਨੇ ਆਪਣੀ ਰਿਪੋਰਟਿੰਗ ਦਾ ਪੂਰਾ ਫੋਕਸ ਸੁਸ਼ਾਂਤ ਦੀ ਦੋਸਤ ਅਭਿਨੇਤਰੀ ਰਿਆ ਚਕਰਵਰਤੀ ਉਪਰ ਕਰ ਕੇ ਇਹ ਸਥਾਪਤ ਕਰਨ ਲਈ ਪੂਰਾ ਜ਼ੋਰ ਲਗਾਇਆ ਕਿ ਉਸ ਦਾ ਕਤਲ ਹੋਇਆ ਹੈ ਅਤੇ ਇਸ ਪਿੱਛੇ ਰਿਆ ਦਾ ਹੱਥ ਹੈ।

ਇਹ ਖਬਰਾਂ ਦੇਖਣ ਵਾਲਿਆਂ ਨੇ ਦੇਖਿਆ ਹੋਵੇਗਾ ਕਿ ਇਹ ਸੁਸ਼ਾਂਤ ਦੀ ਖੁਦਕੁਸ਼ੀ ਬਾਰੇ ਘੱਟ, ਦਰਅਸਲ ਹਰ ਤਰ੍ਹਾਂ ਨਾਲ ਰਿਆ ਨੂੰ ਕਿਸੇ ਹੋਰ ਮਨੋਰਥ ਲਈ ਦੋਸ਼ੀ ਠਹਿਰਾਉਣ ਲਈ ਜਾਣ-ਬੁਝ ਕੇ ਚਲਾਈ ਜਾ ਰਹੀ ਸੀ। ਇਸ ਦਰਮਿਆਨ ਇਸ ਮਾਮਲੇ ਵਿਚ ਊਧਵ ਠਾਕਰੇ ਦੇ ਫਰਜ਼ੰਦ ਆਦਿਤਿਯਾ ਠਾਕਰੇ ਦਾ ਨਾਮ ਵੀ ਆਇਆ। ਇਸ ਨਾਲ ਅਰਨਬ ਅਤੇ ਮਹਾਰਾਸ਼ਟਰ ਸਰਕਾਰ ਦਰਮਿਆਨ ਕੁੜੱਤਣ ਵਧ ਗਈ। ਕੇਂਦਰ ਸਰਕਾਰ ਅਤੇ ਮਹਾਰਾਸ਼ਟਰ ਸਰਕਾਰ ਦੇ ਸੰਬੰਧ ਸੁਖਾਵੇਂ ਨਾ ਹੋਣ ਕਾਰਨ ਰੱਸਾਕਸ਼ੀ ਚੱਲ ਰਹੀ ਹੈ, ਅਰਨਬ ਇਸ ਰੱਸਾਕਸ਼ੀ ਦਾ ਮੋਹਰਾ ਬਣ ਗਿਆ। ਇਹ ਭੂਮਿਕਾ ਉਸ ਨੇ ਖੁਦ ਚੁਣੀ ਜਾਂ ਹਾਲਾਤ ਐਸੇ ਬਣਦੇ ਗਏ, ਇਹ ਤਾਂ ਅਰਨਬ ਹੀ ਦੱਸ ਸਕਦਾ ਹੈ। ਅਰਨਬ ਨੇ ਖਬਰ ਚਲਾਈ ਕਿ ਮੁੰਬਈ ਪੁਲਿਸ ਕਮਿਸ਼ਨਰ ਦੇ ਖਿਲਾਫ ਮੁੰਬਈ ਪੁਲਿਸ ਵਿਚ ਅਸੰਤੋਖ ਹੈ ਜਿਸ ਤੋਂ ਚਿੜ ਕੇ ਮਹਾਰਾਸ਼ਟਰ ਸਰਕਾਰ ਨੇ ਉਸ ਵਿਰੁਧ ਮਾਮਲਾ ਦਰਜ ਕਰ ਲਿਆ। ਭਾਰਤ ਵਿਚ ਪੁਲਿਸ ਫੋਰਸ ਵਿਚ ਅਸੰਤੋਖ ਫੈਲਾਉਣ ਸੰਬੰਧੀ ਕਾਨੂੰਨ 1922 ਵਿਚ ਦੋਸ਼ੀ ਨੂੰ ਘੱਟੋ-ਘੱਟ ਛੇ ਮਹੀਨੇ ਤੋਂ ਲੈ ਕੇ ਤਿੰਨ ਸਾਲ ਦੀ ਕੈਦ ਅਤੇ ਜੁਰਮਾਨੇ ਦੀ ਵਿਵਸਥਾ ਹੈ।

ਇਸ ਮਾਮਲੇ 'ਚ ਪੱਤਰਕਾਰੀ ਦੇ ਤਮਾਮ ਨੈਤਿਕ ਮੁੱਲਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਤਾਂ ਬਹਿਸ ਹੋ ਰਹੀ ਹੈ ਲੇਕਿਨ ਕੋਈ ਇਹ ਬਹਿਸ ਨਹੀਂ ਕਰ ਰਿਹਾ ਕਿ ਅਨਵਿਆ ਨਾਇਕ ਨੂੰ ਅਰਨਬ ਵਲੋਂ ਬਿੱਲ ਦਾ ਭੁਗਤਾਨ ਕੀਤਾ ਗਿਆ ਜਾਂ ਨਹੀਂ (2018 ਵਿਚ ਪੁਲਿਸ ਨੇ ਅੰਤਿਮ ਰਿਪੋਰਟ ਦੇ ਕੇ ਇਕ ਤਰ੍ਹਾਂ ਨਾਲ ਮੁਕੱਦਮਾ ਬੰਦ ਕਰ ਦਿੱਤਾ ਸੀ। ਉਦੋਂ ਸੂਬੇ ਵਿਚ ਭਾਜਪਾ ਦੀ ਸਰਕਾਰ ਸੀ)। ਹੁਣ ਇਸ ਮਾਮਲੇ ਦੀ ਵੀ ਜਾਂਚ ਹੋ ਰਹੀ ਹੈ ਕਿ ਇਹ ਕੇਸ ਬੰਦ ਕਿਵੇਂ ਕੀਤਾ ਗਿਆ।

ਜਿੱਥੋਂ ਤੱਕ ਪ੍ਰਗਟਾਵੇ ਦੀ ਆਜ਼ਾਦੀ ਦਾ ਸਵਾਲ ਹੈ, ਸਾਨੂੰ ਉਹਨਾਂ ਮਾਮਲਿਆਂ ਨੂੰ ਚੇਤੇ ਰੱਖਣਾ ਹੋਵੇਗਾ ਜਿਹਨਾਂ ਨੂੰ ਉਹਨਾਂ ਦੇ ਸੱਤਾ ਵਿਰੋਧੀ ਵਿਚਾਰਾਂ ਕਾਰਨ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਭੀਮਾ-ਕੋਰੇਗਾਓਂ ਮਾਮਲੇ ਵਿਚ ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਵਰਵਰਾ ਰਾਓ ਸਮੇਤ ਲੋਕ ਹੱਕਾਂ ਦੇ ਕਾਰਕੁਨ ਉਸੇ ਜੇਲ੍ਹ ਵਿਚ ਬੰਦ ਹਨ ਜਿੱਥੇ ਹੁਣ ਅਰਨਬ ਨੂੰ ਭੇਜਿਆ ਗਿਆ ਹੈ। ਇਸੇ ਜੇਲ੍ਹ ਅਥਾਰਟੀਜ਼ ਨੇ ਪਾਰਕਿੰਸਨ ਰੋਗ ਤੋਂ ਪੀੜਤ 83 ਸਾਲ ਦੇ ਬਜ਼ੁਰਗ ਸਟੇਨ ਸਵਾਮੀ ਤੋਂ ਉਸ ਦਾ ਜ਼ਰੂਰੀ ਸਮਾਨ ਵਾਲਾ ਬੈਗ ਵੀ ਖੋਹ ਲਿਆ। ਅਦਾਲਤ ਵਿਚ ਜਾਣ 'ਤੇ ਕੌਮੀ ਜਾਂਚ ਏਜੰਸੀ (ਆਈ.ਐਨ.ਏ.) ਨੇ ਇਸ ਦਾ ਜਵਾਬ ਦੇਣ ਲਈ ਕਈ ਦਿਨਾਂ ਦਾ ਸਮਾਂ ਮੰਗ ਲਿਆ। ਦੂਜਾ ਮਾਮਲਾ ਗੁਜਰਾਤ ਕਾਡਰ ਦੇ ਆਈ.ਪੀ.ਐਸ. ਅਫਸਰ ਸੰਜੀਵ ਭੱਟ ਦਾ ਹੈ ਜਿਸ ਨੂੰ ਗੁਜਰਾਤ ਕਤਲੇਆਮ ਵਿਚ ਨਰਿੰਦਰ ਮੋਦੀ ਦੀ ਭੂਮਿਕਾ ਬਾਰੇ ਗਵਾਹੀ ਦੇਣੀ ਮਹਿੰਗੀ ਪਈ। ਉਸ ਵਿਰੁਧ 1990 ਵਿਚ ਪੁਲਿਸ ਹਿਰਾਸਤ ਦੇ ਮਾਮਲੇ ਅਤੇ 1996 ਦੇ ਨਸ਼ਾ ਰੱਖਣ ਦੇ ਮਾਮਲੇ ਦੀਆਂ ਬੰਦ ਮਿਸਲਾਂ ਖੁੱਲ੍ਹ ਗਈਆਂ ਅਤੇ ਹੁਣ ਉਹ ਉਮਰ ਕੈਦ ਭੁਗਤ ਰਿਹਾ ਹੈ। ਹਾਥਰਸ ਬਲਾਤਕਾਰ ਅਤੇ ਹੱਤਿਆ ਕਾਂਡ ਦੀ ਕਵਰੇਜ ਕਰਨ ਜਾ ਰਿਹਾ ਮਲਿਆਲਮ ਪੱਤਰਕਾਰ ਸਿਦੀਕ ਕੱਪਨ ਯੂ.ਏ.ਪੀ.ਏ. ਤਹਿਤ ਜੇਲ੍ਹ ਵਿਚ ਹੈ, ਉਸ ਨੂੰ ਜ਼ਮਾਨਤ ਨਹੀਂ ਦਿੱਤੀ ਗਈ। ਜੰਮੂ ਕਸ਼ਮੀਰ ਵਿਚ ਲੰਮੇ ਸਮੇਂ ਤੋਂ ਪੱਤਰਕਾਰਾਂ ਦਾ ਦਮਨ ਹੋ ਰਿਹਾ ਹੈ। ਇਹ ਸਭ ਸਰਕਾਰਾਂ ਦੇ ਵਿਰੋਧ ਅਤੇ ਆਲੋਚਨਾ ਕਰਨ ਵਾਲਿਆਂ ਵਿਰੁਧ ਬਦਲਾਲਊ ਵਤੀਰੇ ਦੇ ਮਾਮਲੇ ਹਨ ਲੇਕਿਨ ਭਾਜਪਾ ਦੇ ਕੇਂਦਰੀ ਵਜ਼ੀਰ ਪ੍ਰਗਟਾਵੇ ਦੀ ਆਜ਼ਾਦੀ ਲਈ ਟਵੀਟ ਸਿਰਫ ਅਰਨਬ ਦੇ ਹੱਕ ਵਿਚ ਕਰ ਰਹੇ ਹਨ। ਆਪਣੀ ਆਜ਼ਾਦੀ ਲਈ ਸੁਚੇਤ ਮੀਡੀਆ ਅਤੇ ਪੱਤਰਕਾਰ ਜਥੇਬੰਦੀਆਂ ਵੀ ਇਹਨਾਂ ਮਾਮਲਿਆਂ ਉਪਰ ਨਹੀਂ ਬੋਲਦੇ, ਨਾ ਆਪਣੇ ਪ੍ਰੋਗਰਾਮਾਂ ਵਿਚ ਚਰਚਾ ਕਰਦੇ ਹਨ। ਸਿਆਸੀ ਪਾਰਟੀਆਂ ਦਾ ਨਜ਼ਰੀਆ ਸਿਲੈਕਟਿਵ ਹੋ ਸਕਦਾ ਹੈ, ਲੇਕਿਨ ਮੀਡੀਆ ਦਾ ਐਸਾ ਕਿਉਂ ਹੈ? ਐਡੀਟਰਜ਼ ਗਿਲਡ ਆਫ ਇੰਡੀਆ ਅਤੇ ਪੱਤਰਕਾਰ ਜਥੇਬੰਦੀਆਂ ਨੂੰ ਪ੍ਰੈਸ ਦੀ ਆਜ਼ਾਦੀ ਦਾ ਪੂਰਾ ਹੱਕ ਹੈ। ਉਹਨਾਂ ਨੂੰ ਇਹ ਵੀ ਚਾਹੀਦਾ ਹੈ ਕਿ ਮਹਿਜ਼ ਖਬਰਾਂ ਛਾਪਣ ਕਾਰਨ ਸਰਕਾਰ ਦੇ ਦਬਾਏ-ਸਤਾਏ ਪੱਤਰਕਾਰਾਂ ਦਾ ਅੰਕੜਾ ਵੀ ਜਾਰੀ ਕਰਨ।

ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨਾਗਰਿਕਾਂ ਦੇ ਮੌਲਿਕ ਹੱਕਾਂ ਵਿਚੋਂ ਇਕ ਹੈ। ਦੁਨੀਆ ਭਰ ਦੇ ਬਹੁਤ ਸਾਰੇ ਮੁਲਕ ਆਪਣੇ ਨਾਗਰਿਕਾਂ ਨੂੰ ਇਹ ਆਜ਼ਾਦੀ ਸੁਨਿਸ਼ਚਿਤ ਕਰਦੇ ਹਨ। ਇਹ ਹੱਕ ਉਹਨਾਂ ਨੂੰ ਕਾਨੂੰਨਾਂ ਤਹਿਤ ਸਜ਼ਾ ਦੇ ਡਰ ਤੋਂ ਮੁਕਤ ਹੋ ਕੇ ਆਪਣੇ ਮਨ ਦੀ ਗੱਲ ਕਹਿਣ ਦੇ ਸਮਰੱਥ ਬਣਾਉਂਦਾ ਹੈ। ਭਾਰਤ ਵਿਚ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਸੱਤਾ ਦੀ ਬਦਲਾਖੋਰੀ ਦੇ ਡਰ ਦੇ ਸਾਏ ਹੇਠ ਹੈ।

ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਧਾਰਨਾ ਬਹੁਤ ਪੁਰਾਣੀ ਹੈ। ਇੰਗਲੈਂਡ ਵਿਚ 1689 ਵਿਚ ਸੰਵਿਧਾਨਕ ਹੱਕ ਦੇ ਰੂਪ ਵਿਚ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਅਪਣਾਇਆ ਗਿਆ ਸੀ ਅਤੇ ਸਾਡੇ ਸੰਵਿਧਾਨ ਵਿਚ ਇਹ ਧਾਰਨਾ ਉਥੋਂ ਹੀ ਆਈ ਸੀ। ਫਰਾਂਸ ਦੇ ਇਨਕਲਾਬ ਨੇ ਮਨੁੱਖ ਅਤੇ ਨਾਗਰਿਕਾਂ ਦੇ ਹੱਕਾਂ ਦੇ ਐਲਾਨ ਨੂੰ ਮਜ਼ਬੂਤ ਸੰਵਿਧਾਨਕ ਹੱਕ ਦੇ ਰੂਪ 'ਚ ਅਪਣਾਇਆ।

ਮਨੁੱਖੀ ਹੱਕ, ਨਾਗਰਿਕ ਹੱਕ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਵਰਗੇ ਸ਼ਬਦ ਜਿੰਨੇ ਮਨਮੋਹਕ ਤੇ ਆਸ ਬੰਨ੍ਹਾਊ ਹਨ, ਓਨਾ ਹੀ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਅਸਹਿਜ ਵੀ ਕਰਦੇ ਹਨ; ਲੇਕਿਨ ਇਸ ਤਮਾਮ ਅਸਹਿਜਤਾ ਦਰਮਿਆਨ ਲੋਕ ਹਿਤ ਦੇ ਮੁੱਦੇ ਕਿਉਂ ਅਤੇ ਕਿਸ ਤਰ੍ਹਾਂ ਉਠਾਏ ਜਾਣ, ਇਹ ਵੀ ਦੇਖਣਾ ਪੱਤਰਕਾਰ ਜਮਾਤ ਦੀ ਹੀ ਜ਼ਿੰਮੇਵਾਰੀ ਹੈ। ਕ੍ਰਾਈਮ ਰਿਪੋਰਟਿੰਗ ਨੂੰ ਲੈ ਕੇ ਪੁਲਿਸ ਅਤੇ ਮੀਡੀਆ ਦਰਮਿਆਨ ਅਕਸਰ ਟਕਰਾਓ ਆਉਂਦਾ ਹੈ; ਲੇਕਿਨ ਅਰਨਬ ਤਰਜ਼ ਦੀ ਕ੍ਰਾਈਮ ਰਿਪੋਰਟਿੰਗ ਸਮਝ ਤੋਂ ਪਰੇ ਹੈ। ਐਡੀਟਰਜ਼ ਗਿਲਡ ਨੂੰ ਚੀਕ-ਚਿਹਾੜੇ ਵਾਲੀ ਇਸ ਪੱਤਰਕਾਰੀ ਅਤੇ ਐਂਕਰਿੰਗ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

2014 ਤੋਂ ਬਾਅਦ ਭਾਰਤੀ ਮੀਡੀਆ ਲਈ ਇਕ ਖਾਸ ਸ਼ਬਦ ਗੋਦੀ ਮੀਡੀਆ ਇਸਤੇਮਾਲ ਕੀਤਾ ਜਾ ਰਿਹਾ ਹੈ, ਯਾਨੀ ਐਸਾ ਮੀਡੀਆ ਜੋ ਸੱਤਾ ਜਾਂ ਸਰਕਾਰ ਦੀ ਗੋਦੀ ਵਿਚ ਬੈਠਾ ਹੈ ਅਤੇ 'ਜੋ ਤੁਹਾਨੂੰ ਪਸੰਦ ਹੋਵੇ, ਉਹੀ ਗੱਲ ਕਰਾਂਗੇ' ਦੀ ਤਰਜ਼ 'ਤੇ ਪੱਤਰਕਾਰੀ ਕਰਦਾ ਹੈ। ਜਦ ਸਰਕਾਰ ਆਪਣੇ ਅਨੁਕੂਲ ਸੰਗੀਤ ਸੁਣਨ ਦੇ ਨਸ਼ੇ ਵਿਚ ਆ ਜਾਂਦੀ ਹੈ ਤਾਂ ਉਹ ਆਪਣੀ ਤਮਾਮ ਆਲੋਚਨਾ ਤੇ ਵਿਰੋਧ ਪ੍ਰਤੀ ਐਸਾ ਹੀ ਨਜ਼ਰੀਆ ਅਪਣਾਉਂਦੀ ਹੈ, ਜਿਵੇਂ ਮਸ਼ਹੂਰ ਫਿਲਮੀ ਗੀਤ ਕਹਿੰਦਾ ਹੈ: 'ਤੁਮ ਕਿਸੀ ਔਰ ਕੋ ਚਾਹੋਗੀ ਤੋ ਮੁਸ਼ਕਿਲ ਹੋਗੀ'। ਇਹੀ ਰਵੱਈਆ ਘੱਟ ਜਾਂ ਵੱਧ ਰੂਪ ਵਿਚ ਮੁਲਕ ਦੀ ਸਾਰੀਆਂ ਹੀ ਸਰਕਾਰਾਂ ਦਾ ਹੈ।

10 ਦਸੰਬਰ 1948 ਦੇ ਮਨੁੱਖੀ ਹੱਕਾਂ ਦੇ ਐਲਾਨਨਾਮੇ ਅਨੁਸਾਰ ਜੋ ਸਰਕਾਰਾਂ ਵਿਚਾਰਾਂ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਤੈਅ ਨਹੀਂ ਕਰਦੀਆਂ ਤੇ ਨਾਗਰਿਕਾਂ ਨੂੰ ਆਪਣੀ ਰਾਇ ਬੇਖੌਫ ਰੱਖਣ ਦਾ ਹੱਕ ਨਹੀਂ ਦੇ ਰਹੀਆਂ, ਉਹ ਲੋਕਤੰਤਰੀ ਸਰਕਾਰਾਂ ਨਹੀਂ ਹੋ ਸਕਦੀਆਂ। ਇਹ ਆਜ਼ਾਦੀ ਹੀ ਲੋਕਾਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਅਤੇ ਸਮਾਜ ਵਿਚ ਹਾਂ-ਪੱਖੀ ਬਦਲਾਓ ਲਿਆਉਣ ਦੀ ਤਾਕਤ ਹੈ; ਲੇਕਿਨ ਪੱਤਰਕਾਰ ਜਾਂ ਕੋਈ ਵੀ ਨਾਗਰਿਕ ਕਾਨੂੰਨ ਤੋਂ ਉਪਰ ਨਹੀਂ ਹੈ। ਜੇ ਉਸ ਨੇ ਕੋਈ ਜੁਰਮ ਕੀਤਾ ਹੈ ਤਾਂ ਸੰਬੰਧਤ ਕਾਨੂੰਨ ਉਸ ਉਪਰ ਵੀ ਲਾਗੂ ਹੋਣਗੇ। ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਇਸੇ ਨਜ਼ਰੀਏ ਨਾਲ ਲੈਣਾ ਚਾਹੀਦਾ ਹੈ।

# ਆਰ. ਐਸ. ਐਸ. ਦੀ ਅਗਲੀ ਰਣਨੀਤੀ

**ਬਿਨਾਏ ਵਿਸਵਾਮ**

ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਵਲੋਂ ਚਲਾਈ ਜਾ ਰਹੀ ਭਾਜਪਾ ਸਰਕਾਰ ਵਾਰ-ਵਾਰ ਅਸਫਲ ਸਾਬਤ ਹੋਈ ਹੈ। ਹਰ ਵਰਗ ਦੇ ਲੋਕਾਂ ਨੂੰ ਆਪੋ-ਆਪਣੇ ਵਾਅਦੇ ਪੂਰੇ ਨਾ ਕਰ ਕੇ ਇਸ ਨੇ ਧੋਖਾ ਦਿੱਤਾ ਹੈ। ਸਮਾਜ ਦਾ ਹਰ ਵਰਗ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਸੰਘਰਸ਼ ਦੇ ਮੈਦਾਨ ਵਿਚ ਆਉਣ ਲਈ ਮਜਬੂਰ ਹੈ। ਕਿਸਾਨਾਂ, ਕਿਰਤੀਆਂ, ਵਿਦਿਆਰਥੀਆਂ, ਔਰਤਾਂ ਅਤੇ ਦਲਿਤਾਂ, ਸਾਰਿਆਂ ਨੇ ਆਪਣੇ ਅਨੁਭਵ ਤੋਂ ਇਹੀ ਸਿੱਖਿਆ ਹੈ ਕਿ ਜੀਵਤ ਰਹਿਣ ਦਾ ਇਕਲੌਤਾ ਤਰੀਕਾ ਇਕਜੁੱਟ ਹੋ ਕੇ ਸਰਕਾਰ ਵਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਵਿਰੁਧ ਲੜਨਾ ਹੀ ਹੈ।

ਆਰ.ਐਸ.ਐਸ. ਦੇ ਵਿਚਾਰਕਾਂ ਨੇ ਲੋਕਾਂ ਦੇ ਗੁੱਸੇ ਨੂੰ ਗੈਰ-ਪ੍ਰਭਾਵੀ ਬਣਾ ਕੇ ਆਪਣੀ ਬੇੜੀ ਬੰਨੇ ਲਾਉਣ ਦੀ ਨੀਤੀ ਤਿਆਰ ਕੀਤੀ ਹੈ। ਇਹ ਫਾਸ਼ੀਵਾਦੀ ਵਿਚਾਰਧਾਰਾ ਲਈ ਜੁਟੀਆਂ ਕੱਟੜ ਤਾਕਤਾਂ ਦਾ ਸਿਧਾਂਤ ਤੇ ਵਿਹਾਰ ਰਿਹਾ ਹੈ, ਭਾਵ ਲੋਕਾਂ ਵਿਚ ਵਿਸ਼ਵਾਸ ਤੇ ਮਿੱਥਾਂ ਦੀ ਵਰਤੋਂ ਕਰਦਿਆਂ ਵੰਡੀਆਂ ਪਾਉਣਾ। ਕਿਸੇ ਵੇਲੇ ਮੁਸੋਲੀਨੀ ਅਤੇ ਹਿਟਲਰ ਨੇ ਵੀ ਇਹੀ ਕੀਤਾ ਸੀ। ਭਾਰਤ ਵਿਚ ਉਹ ਬਰਤਾਨਵੀ ਸਾਮਰਾਜਵਾਦ ਤੋਂ ਇਲਾਵਾ ਕਿਸੇ ਹੋਰ ਦੇ ਰਿਣੀ ਨਹੀਂ ਹਨ ਜੋ 'ਫੁੱਟ ਪਾਓ ਅਤੇ ਰਾਜ ਕਰੋ' ਦੇ ਚੈਂਪੀਅਨ ਸਨ। ਸੰਘ ਪਰਿਵਾਰ ਨੇ ਆਪਣੇ ਸਿਆਸੀ ਹਿਤ ਪੂਰੇ ਕਰਨ ਲਈ ਦਹਾਕਿਆਂ ਤੱਕ ਰਾਮ ਜਨਮ ਭੂਮੀ ਦਾ ਮੁੱਦਾ ਉਠਾਇਆ ਜਿਸ ਕਾਰਨ ਆਖਰ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹ ਦਿੱਤੀ ਗਈ ਸੀ।

ਵਰਤਮਾਨ ਹਾਲਾਤ ਵਿਚ ਸੰਕਟ ਡੂੰਘਾ ਹੋ ਰਿਹਾ ਹੈ ਅਤੇ ਲੋਕ ਸੰਘਰਸ਼ ਲਈ ਮੈਦਾਨ ਵਿਚ ਆ ਗਏ ਹਨ, ਇਸ ਲਈ ਉਹ ਹੋਰ ਨਵੇਂ ਮੁੱਦਿਆਂ ਦੀ ਤਲਾਸ਼ ਵਿਚ ਹਨ ਜਿਸ ਰਾਹੀਂ ਲੋਕਾਂ ਦਾ ਧਿਆਨ ਭਟਕਾਇਆ ਜਾ ਸਕੇ। ਇਸ ਤਰ੍ਹਾਂ ਉਤਰ ਪ੍ਰਦੇਸ਼ ਦੇ ਮਥੁਰਾ ਵਿਚ ਕ੍ਰਿਸ਼ਨ ਜਨਮਭੂਮੀ ਵਿਵਾਦ ਨੂੰ ਇਕ ਵਾਰ ਫਿਰ ਉਭਾਰਿਆ ਜਾ ਰਿਹਾ ਹੈ। ਸਤੰਬਰ 2020 ਵਿਚ ਮਥੁਰਾ ਦੀ ਇਕ ਅਦਾਲਤ ਵਿਚ 13.37 ਏਕੜ ਜ਼ਮੀਨ ਦੇ ਮਾਲਕਾਨਾ ਹੱਕ ਲਈ ਮੁਕੱਦਮਾ ਦਾਇਰ ਕੀਤਾ ਗਿਆ ਜਿੱਥੇ ਅੱਜਕਲ੍ਹ ਸ਼ਾਹੀ ਈਦਗਾਹ ਮਸਜਿਦ ਹੈ। 1989 ਵਿਚ ਅਯੁੱਧਿਆ ਵਿਚ ਵਿਵਾਦ ਵਾਲੀ ਜ਼ਮੀਨ ਦੀ ਮਾਲਕੀ ਲਈ ਰਾਮ ਲੱਲਾ ਬਿਰਾਜਮਾਨ ਵਲੋਂ ਦਾਇਰ ਸਿਵਲ ਕੇਸ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਮਥੁਰਾ ਵਿਚ ਸ੍ਰੀ ਕਿਸ਼ਨ ਬਿਰਾਜਮਾਨ ਵਲੋਂ ਮੁਕੱਦਮਾ ਦਾਇਰ ਕੀਤਾ ਗਿਆ ਹੈ।

ਇਹ ਭਗਵਾਨ ਸ੍ਰੀ ਕ੍ਰਿਸ਼ਨ ਬਿਰਾਜਮਾਨ ਕਟਰਾ ਕੇਸ਼ਵਦੇਵ ਕੇਵਟ, ਮੌਰਿਆ, ਮਥੁਰਾ ਬਾਜ਼ਾਰ ਸਿਟੀ ਸਿਵਲ ਕੇਸ ਦੇ ਪ੍ਰੇਮੀ ਹਨ। ਉਨ੍ਹਾਂ ਨਾਲ ਛੇ ਹੋਰ ਲੋਕ ਵੀ ਹਨ। ਮੁਢਲੇ ਤੌਰ 'ਤੇ ਇਸ ਨੂੰ ਅਣਡਿੱਠ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਇਕ ਹੋਰ ਸਿਵਲ ਕੇਸ ਹੈ ਜੋ ਨਿਸਚਿਤ ਸਥਾਨ 'ਤੇ ਕੁਝ ਜਾਇਦਾਦ ਦੀ ਮਾਲਕੀ ਦਾ ਦਾਅਵਾ ਕਰਦਾ ਹੈ ਪਰ ਭਾਰਤ ਦੀ ਧਰਮ ਨਿਰਪੱਖਤਾ ਦੇ ਪੱਖ ਤੋਂ ਇਸ ਤਰ੍ਹਾਂ ਅਣਡਿੱਠ ਨਹੀਂ ਕੀਤਾ ਜਾ ਸਕਦਾ ਹੈ। 2019 ਵਿਚ ਅਯੁੱਧਿਆ ਜਨਮ ਭੂਮੀ ਦੇ ਫੈਸਲੇ ਨੇ ਯਕੀਨੀ ਰੂਪ ਨਾਲ ਉਨ੍ਹਾਂ ਤਾਕਤਾਂ ਨੂੰ ਪ੍ਰੇਰਿਆ ਹੈ ਜੋ ਇਸ ਨਾਗਰਿਕ ਮੁਕੱਦਮੇਬਾਜ਼ੀ ਦੇ ਪਿੱਛੇ ਹਨ। ਇਹ ਅਜਿਹੀਆਂ ਚਾਲਾਂ ਦੀ ਸ਼ੁਰੂਆਤ ਹੋ ਸਕਦੀ ਹੈ ਜੋ ਵੱਖ-ਵੱਖ ਸਥਾਨਾਂ 'ਤੇ ਆਉਣ ਵਾਲੇ ਸਮੇਂ ਵਿਚ ਚੱਲੀਆਂ ਜਾ ਸਕਦੀਆਂ ਹਨ। ਦੇਸ਼ ਵਿਚ ਧਰਮ ਨਿਰਪੱਖ ਤਾਕਤਾਂ ਨੂੰ ਇਸ ਤਰ੍ਹਾਂ ਦੀਆਂ ਕਾਨੂੰਨੀ ਕਾਰਵਾਈਆਂ ਦੀ ਸ਼ੱਕੀ ਪ੍ਰਵਿਰਤੀ ਬਾਰੇ ਚੌਕਸ ਰਹਿਣਾ ਚਾਹੀਦਾ ਹੈ, ਜਿੱਥੇ ਧਰਮ ਅਤੇ ਵਿਸ਼ਵਾਸ ਨੂੰ ਰਾਜਨੀਤਕ ਉਦੇਸ਼ਾਂ ਲਈ ਵਰਤਣ ਦੇ ਕੁਝ ਤਾਕਤਾਂ ਵਲੋਂ ਯਤਨ ਕੀਤੇ ਜਾ ਰਹੇ ਹਨ।

ਜਿੱਥੋਂ ਤੱਕ ਸੰਘ ਪਰਿਵਾਰ ਦੀ ਗੱਲ ਹੈ, ਉਨ੍ਹਾਂ ਦਾ ਏਜੰਡਾ ਲੁਕਿਆ ਨਹੀਂ। ਉਨ੍ਹਾਂ ਅਯੁੱਧਿਆ ਵਿਚ ਪੂਜਾ ਦੇ ਵੱਖ-ਵੱਖ ਸਥਾਨਾਂ ਦੀ ਮਾਲਕੀ ਦਾ ਦਾਅਵਾ ਕਰਨ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਸੀ। ਬਾਬਰੀ ਮਸਜਿਦ ਢਾਹੁਣ ਤੋਂ ਬਾਅਦ ਉਸ ਦਿਨ ਉਨ੍ਹਾਂ ਨੇ ਅਜਿਹੀ ਨਾਅਰੇਬਾਜ਼ੀ ਕੀਤੀ ਸੀ ਜੋ ਲੋਕਤੰਤਰੀ ਰਾਜ ਲਈ ਸ਼ਰਮ ਦੀ ਗੱਲ ਸੀ। ਜਦੋਂ ਬਾਬਰੀ ਮਸਜਿਦ ਡਿਗ ਰਹੀ ਸੀ ਤਾਂ ਨਾਅਰੇ ਗੂੰਜ ਰਹੇ ਸਨ- 'ਹਮ ਐਸੇ ਬਨਾਏਂਗੇ ਹਿੰਦੂ ਰਾਸ਼ਟਰ'। ਇਸ ਦੇ ਨਾਲ ਹੀ ਉਹ 'ਯਹ ਤੋ ਪਹਿਲੀ ਝਾਕੀ ਹੈ; ਕਾਸ਼ੀ, ਮਥੁਰਾ ਬਾਕੀ ਹੈ' ਦਾ ਰੌਲਾ ਵੀ ਪਾ ਰਹੇ ਸਨ।

ਇਉਂ ਅਜਿਹੀ ਰਣਨੀਤੀ ਬਣਾਈ ਜਿਸ ਨੂੰ ਆਰ.ਐਸ.ਐਸ. ਨੇ ਧਾਰਮਿਕ ਕਲੇਸ਼, ਅਸਮਾਨਤਾ ਅਤੇ ਭੜਕਾਊ ਬੀਜ ਬੀਜ ਕੇ ਪੈਦਾ ਕੀਤਾ। ਉਦੇਸ਼ ਸਪਸ਼ਟ ਹੈ। ਜਨਤਾ ਨੂੰ ਉਨ੍ਹਾਂ ਕਾਰਨਾਂ ਅਤੇ ਮਸਲਿਆਂ 'ਤੇ ਗੌਰ ਕਰਨ ਦਾ ਮੌਕਾ ਨਾ ਦਿੱਤਾ ਜਾਏ ਜੋ ਉਨ੍ਹਾਂ ਦੀਆਂ ਔਖਿਆਈਆਂ ਦਾ ਕਾਰਨ ਹਨ। ਧਾਰਮਿਕ ਅਤਿਵਾਦ ਉਨ੍ਹਾਂ ਦੀ ਸਿਆਸਤ ਦਾ ਹਿੱਸਾ ਹੈ।

# ਕੀ ਹੁਣ ਭਾਰਤ-ਅਮਰੀਕਾ ਰਿਸ਼ਤੇ 'ਚ ਵੀ ਕੋਈ ਵੱਡੀ ਤਬਦੀਲੀ ਆਵੇਗੀ?

*ਅਮਰੀਕਾ ਵਿਚ ਰਾਸ਼ਟਰਪਤੀ ਦੀਆਂ ਚੋਣਾਂ ਨੂੰ ਐਤਕੀਂ ਸਮੁੱਚੇ ਸੰਸਾਰ ਨੇ ਬਹੁਤ ਉਤਸੁਕਤਾ ਨਾਲ ਦੇਖਿਆ ਹੈ। ਹਕੀਕਤ ਇਹ ਹੈ ਕਿ ਪਾਰਟੀ ਨਾਲ ਸਿਸਟਮ ਵਿਚ ਭਾਵੇਂ ਬਹੁਤਾ ਫਰਕ ਤਾਂ ਨਹੀਂ ਪੈਣਾ ਪਰ ਇਹ ਜ਼ਰੂਰ ਹੈ ਕਿ ਲੋਕਾਂ ਦਾ ਡੋਨਲਡ ਟਰੰਪ ਵਰਗੇ ਆਗੂ ਤੋਂ ਖਹਿੜਾ ਛੁੱਟ ਜਾਵੇਗਾ। ਇਸ ਚੋਣ ਨੂੰ ਭਾਰਤ-ਅਮਰੀਕੀ ਰਿਸ਼ਤਿਆਂ ਦੇ ਪ੍ਰਸੰਗ ਵਿਚ ਵੀ ਅਹਿਮੀਅਤ ਦਿੱਤੀ ਜਾ ਰਹੀ ਹੈ। ਭਾਰਤੀ ਪ੍ਰਧਾਨ ਮੰਤਰੀ ਨੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਵਧਾਈਆਂ ਦੇ ਕੇ ਅਗਾਮੀ ਰਿਸ਼ਤਿਆਂ ਦਾ ਆਗਾਜ਼ ਕਰ ਦਿੱਤਾ ਹੈ। -ਸੰਪਾਦਕ*



ਨਿਰੰਜਣ ਬੋਹਾ, ਮਾਨਸਾ
ਫੋਨ: 91-89682-82700

ਅਮਰੀਕਾ ਵਿਚ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਭਾਰਤੀ ਮੀਡੀਆ ਦੇ ਨਾਲ ਨਾਲ ਰਾਜਨੀਤੀ ਵਿਚ ਦਿਲਚਸਪੀ ਰੱਖਣ ਵਾਲੇ ਹਰੇਕ ਨਾਗਰਿਕ ਨੇ ਵੀ ਪੂਰੀ ਦਿਲਚਸਪੀ ਵਿਖਾਈ ਹੈ। ਖਾਸ ਤੌਰ 'ਤੇ ਦੇਸ਼ ਦੀਆਂ ਖੱਬੀਆਂ ਰਾਜਸੀ ਧਿਰਾਂ ਤੇ ਉਨ੍ਹਾਂ ਦੀ ਵਿਚਾਰਧਾਰਾ ਨਾਲ ਸਹਿਮਤੀ ਰੱਖਣ ਵਾਲੇ ਲੋਕਾਂ ਨੇ ਰਾਸ਼ਟਰਪਤੀ ਟਰੰਪ ਦੀ ਹਾਰ ਵੇਖਣ ਲਈ ਪੂਰੀ ਉਤਸੁਕਤਾ ਵਿਖਾਈ ਹੈ। ਖੱਬੀ ਸੋਚ ਨਾਲ ਜੁੜੇ ਲੋਕਾਂ ਵੱਲੋਂ ਜਿਸ ਗਰਮਜੋਸ਼ੀ ਨਾਲ ਸੋਸ਼ਲ ਮੀਡੀਆ 'ਤੇ ਜੋਅ ਬਾਇਡਨ ਦੇ ਅਮਰੀਕੀ ਰਾਸ਼ਟਰਪਤੀ ਬਣਨ ਦਾ ਸਵਾਗਤ ਕੀਤਾ ਹੈ, ਉਸ ਤੋਂ ਲੱਗਦਾ ਹੈ ਕਿ ਉਹ ਬਾਇਡਨ 'ਤੇ ਕੁਝ ਵੱਡੀਆਂ ਹੀ ਉਮੀਦਾਂ ਲਾਈ ਬੈਠੇ ਹਨ। ਸੋਚਣ ਵਾਲੀ ਗੱਲ ਹੈ ਕਿ ਕੀ ਰਾਸ਼ਟਰਪਤੀ ਬਦਲਣ ਨਾਲ ਇਕ ਸਾਮਰਾਜੀ ਮੁਲਕ ਦਾ ਖਾਸਾ ਵੀ ਬਦਲ ਜਾਵੇਗਾ ਅਤੇ ਉਹ ਆਪਣੇ ਕੌਮੀ ਤੇ ਰਾਜਸੀ ਹਿੱਤ ਵੀ ਤਿਆਗ ਦੇਵੇਗਾ? ਅਮਰੀਕੀ ਰਾਜ ਗੱਦੀ 'ਤੇ ਬਾਇਡਨ ਬੈਠੇ ਜਾਂ ਟਰੰਪ, ਭਾਰਤ-ਅਮਰੀਕੀ ਰਿਸ਼ਤਿਆਂ ਵਿਚ ਵੱਡੀਆਂ ਤਬਦੀਲੀਆਂ ਨਹੀਂ ਆਉਣ ਵਾਲੀਆਂ, ਕਿਉਂਕਿ ਦੋਹਾਂ ਮੁਲਕਾਂ ਦੇ ਰਿਸ਼ਤੇ ਭਾਵਨਾਵਾਂ 'ਤੇ ਨਹੀਂ, ਸਗੋਂ ਆਪੋ ਆਪਣੇ ਆਰਥਕ ਹਿੱਤਾਂ 'ਤੇ ਨਿਰਭਰ ਹਨ।

ਵਿਰੋਧੀ ਧਿਰ ਵਿਚ ਹੁੰਦਿਆਂ ਟਰੰਪ ਦੀ ਭਾਰਤ ਪ੍ਰਤੀ ਨੀਤੀ ਦੇ ਖਿਲਾਫ ਬੋਲਣਾ ਬਾਇਡਨ ਦੀ ਸਿਆਸੀ ਲੋੜ ਹੋ ਸਕਦੀ ਹੈ, ਪਰ ਸੱਤਾ ਵਿਚ ਆ ਕੇ ਉਹ ਆਪਣੇ ਦੇਸ਼ ਦੇ ਹਿੱਤ ਅਨੁਸਾਰ ਹੀ ਬੋਲੇਗਾ। ਭਲਾ ਭਾਰਤ ਵਰਗੀ 'ਵੱਡੀ ਮੰਡੀ' ਨੂੰ ਛੱਡ ਕੇ ਉਹ ਪਾਕਿਸਤਾਨ ਵਰਗੀ 'ਛੋਟੀ ਮੰਡੀ' (ਜੋ ਇਸ ਵੇਲੇ ਉਸ ਦੇ ਵੱਡੇ ਦੁਸ਼ਮਣ ਮੁਲਕ ਚੀਨ ਨਾਲ ਨੇੜਤਾ ਰੱਖਦੀ ਹੈ) ਦੇ ਹੱਕ ਵਿਚ ਬੋਲਣ ਦਾ ਜੋਖਮ ਕਿਉਂ ਲਵੇਗਾ? ਭਾਵੇਂ ਉਹ ਟਰੰਪ ਵਾਂਗ ਸਿੱਧੇ ਤੇ ਸਪਸ਼ਟ ਤੌਰ 'ਤੇ ਭਾਰਤ ਨੂੰ ਚੀਨ ਨਾਲ ਜੰਗ ਛੇੜਨ ਲਈ ਨਾ ਉਕਸਾਵੇ, ਪਰ ਵਿਸ਼ਵ ਮੰਡੀ ਵਿਚ ਚੀਨ ਅਮਰੀਕਾ ਦਾ ਨੇੜਲਾ ਸ਼ਰੀਕ ਹੈ, ਇਸ ਲਈ ਸ਼ਰੀਕ ਨੂੰ ਉਲਝਾਈ ਰੱਖਣ ਲਈ ਭਾਰਤ ਨੂੰ ਟਰੰਪ ਵਾਂਗ ਹੀ ਵਰਤਦਾ ਰਹੇਗਾ। ਕੁਝ ਸਿਆਸੀ ਰਵਾਇਤਾਂ ਅਜਿਹੀਆਂ ਹੁੰਦੀਆਂ ਹਨ, ਜੋ ਸੱਤਾ ਵਿਚ ਆ ਕਿ ਵਿਰੋਧੀ ਧਿਰ ਨੂੰ ਵੀ ਨਿਭਾਉਣੀਆਂ ਪੈਂਦੀਆਂ ਹਨ ਤੇ ਭਾਰਤ ਅਮਰੀਕਾ ਸਬੰਧ ਹੁਣ ਵੀ ਅਜਿਹੀ ਰਵਾਇਤ ਬਣ ਚੁਕੇ ਹਨ, ਜਿਨ੍ਹਾਂ ਨੂੰ ਬਦਲਣਾ ਐਨਾ ਅਸਾਨ ਨਹੀਂ ਹੈ।

ਰਹੀ ਗੱਲ ਮੋਦੀ ਤੇ ਟਰੰਪ ਦੀ ਦੋਸਤੀ ਦੀ, ਅਮਰੀਕਾ ਵਿਸ਼ਵ ਦਾ ਵੱਡਾ ਵਪਾਰੀ ਹੈ ਅਤੇ ਵਪਾਰੀ ਲਈ ਵਪਾਰ ਦੋਸਤੀ ਤੋਂ ਉਪਰ ਹੁੰਦਾ ਹੈ। ਜਿਵੇਂ ਵੱਡੇ ਬੰਦੇ ਜਾਂ ਵੱਡੇ ਲੀਡਰ ਨਾਲ ਫੋਟੋਆਂ ਖਿਚਵਾ ਕੇ ਅਸੀਂ ਉਸ ਨਾਲ ਨੇੜਤਾ ਵਿਖਾਉਣ ਲਈ ਫੇਸਬੁੱਕ 'ਤੇ ਪਾਉਂਦੇ ਰਹਿੰਦੇ ਹਾਂ, ਉਹੀ ਕੰਮ ਮੋਦੀ ਨੇ ਕੀਤਾ ਹੈ। ਮੋਦੀ ਜੁਮਲੇਬਾਜ਼ ਹੈ, ਜਿਸ ਮੁਲਕ ਦੇ ਮੁਖੀ ਨੂੰ ਮਿਲਦਾ ਹੈ, ਉਸ ਨੂੰ ਹੀ ਜੁਮਲੇਬਾਜ਼ੀ ਰਾਹੀਂ ਪੱਕਾ ਦੋਸਤ ਦਰਸਾਉਣ ਦੀ ਪੂਰੀ ਟਿੱਲ ਲਾ ਦਿੰਦਾ ਹੈ। ਜੇ ਕੋਈ ਕਸਰ ਰਹਿ ਜਾਂਦੀ ਹੈ ਤਾਂ ਉਸ ਦਾ ਗੋਦੀ ਮੀਡੀਆ ਦਿਨ ਰਾਤ ਦੋਸਤੀ ਦੇ ਗੋਗੇ ਗਾ ਕੇ ਲੋਕਾਂ ਦੇ ਮਨਾਂ ਵਿਚ ਇਹ ਗੱਲ ਬਿਠਾ ਦਿੰਦਾ ਹੈ ਕਿ ਮੋਦੀ ਤੇ ਫਲਾਣੇ ਦੇਸ਼ ਦਾ ਮੁਖੀ ਪਿਛਲੇ ਜਨਮ ਤੋਂ ਹੀ ਇਕ ਦੂਜੇ ਦੇ ਦੋਸਤ ਚਲੇ ਆ ਰਹੇ ਹਨ। ਬੱਸ ਤੁਸੀਂ ਇਕ ਵਾਰ ਬਾਇਡਨ ਤੇ ਮੋਦੀ ਨੂੰ ਮਿਲ ਲੈਣ ਦਿਓ, ਵੇਖਿਓ, ਉਹ ਬਾਇਡਨ ਨੂੰ ਟਰੰਪ ਨਾਲੋਂ ਵੀ ਆਪਣਾ ਪੱਕਾ



ਦੋਸਤ ਸਾਬਿਤ ਕਰ ਦੇਵੇਗਾ। ਗੋਦੀ ਮੀਡੀਆ ਨੇ ਇਸ ਨਵੀਂ ਜਨਮ ਲੈਣ ਵਾਲੀ ਦੋਸਤੀ ਲਈ ਗਰਾਊਂਡ ਤਿਆਰ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ ਤੇ ਬਾਇਡਨ ਦੇ ਭਾਰਤ ਨਾਲ ਪੁਰਾਣੇ ਸਬੰਧਾਂ ਦੇ ਕਸੀਦੇ ਪੜ੍ਹੇ ਵੀ ਜਾਣ ਲੱਗ ਪਏ ਹਨ।

ਬਾਇਡਨ ਦੇ ਅਮਰੀਕੀ ਰਾਸ਼ਟਰਪਤੀ ਬਣਨ ਨਾਲ ਭਾਰਤੀ ਸ਼ੇਅਰ ਮਾਰਕਿਟ ਵਿਚ ਆਇਆ ਥੋੜ੍ਹਾ ਜਿਹਾ ਉਛਾਲ ਭਾਵੇਂ ਇਹ ਸੰਕੇਤ ਦੇ ਰਿਹਾ ਕਿ ਭਾਰਤ-ਚੀਨ ਵਿਚਕਾਰ ਜੰਗ ਲੱਗਣ ਦਾ ਫੌਰੀ ਖਤਰਾ ਨਹੀਂ ਹੈ, ਪਰ ਬਾਇਡਨ ਵੀ ਕਦੇ ਨਹੀਂ ਚਾਹੇਗਾ ਕਿ ਉਹ ਵੱਡੀ ਅਬਾਦੀ ਵਾਲੇ ਮੁਲਕਾਂ ਵਿਚ ਤਣਾਓ ਨੂੰ ਘੱਟ ਹੋਣ ਦੇਵੇ। ਪਾਕਿਸਤਾਨ ਨਾਲ 72 ਸਾਲ ਤੋਂ ਚਲਦੇ ਤਣਾਓ ਦੇ ਬਾਵਜੂਦ ਭਾਰਤ ਨੂੰ ਏਨੇ ਵੱਡੇ ਪੱਧਰ 'ਤੇ ਹਥਿਆਰ ਖਰੀਦਣ ਦੀ ਲੋੜ ਨਹੀਂ ਪਈ, ਜਿੰਨੀ ਹੁਣ ਚੀਨ ਨਾਲ ਚਲਦੇ ਤਣਾਓ ਸਮੇਂ ਇਹ ਲੋੜ ਮਹਿਸੂਸ ਹੋ ਰਹੀ ਹੈ। ਉਹ ਤੇ ਅਮਰੀਕਾ ਦੇ ਫਰਾਂਸ ਤੇ ਇਟਲੀ ਵਰਗੇ ਭਾਈਵਾਲ ਮੁਲਕ ਕਦੋਂ ਚਾਹੁਣਗੇ ਕਿ ਹਥਿਆਰਾਂ ਦੀ ਏਡੀ ਵੱਡੀ ਮੰਡੀ ਉਸ ਦੇ ਹੱਥ ਵਿਚੋਂ ਨਿਕਲੇ। ਭਾਰਤ-ਚੀਨ ਜੰਗ ਸ਼ੁਰੂ ਹੋਣ ਨਾਲ ਅਮਰੀਕਾ ਨੂੰ ਤਾਂ ਦੂਹਰਾ ਲਾਭ ਹੈ। ਇਕ ਪਾਸੇ ਉਸ ਦਾ ਹਥਿਆਰਾਂ ਦਾ ਜਖੀਰਾ ਮਹਿੰਗੇ ਭਾਅ ਵਿਕੇਗਾ ਤੇ ਦੂਜੇ ਪਾਸੇ ਉਸ ਤੋਂ ਸੁਪਰ ਪਾਵਰ ਦਾ ਰੁਤਬਾ ਖੋਹਣ ਲਈ ਕਾਹਲਾ ਪਿਆ ਚੀਨ ਵੀ ਕਮਜ਼ੋਰ ਹੋਵੇਗਾ।

ਰਾਸ਼ਟਰ ਦਾ ਚਰਿਤਰ ਲੰਮੇ ਸਮੇਂ ਵਿਚ ਬਣਦਾ ਹੈ। ਮੁਖੀ ਬਦਲਣ ਨਾਲ ਇਸ ਵਿਚ ਅੰਸ਼ਿਕ ਤਬਦੀਲੀਆਂ ਭਾਵੇਂ ਆ ਜਾਣ, ਪਰ ਇਹ ਚਰਿਤਰ ਨੂੰ ਮੂਲ ਰੂਪ ਵਿਚ ਬਦਲਣਾ ਅਸਾਨ ਨਹੀਂ ਹੁੰਦਾ। ਇਸ ਚਰਿਤਰ ਨਾਲ ਲੋਕ ਭਾਵਨਾਵਾਂ ਵੀ ਜੁੜੀਆਂ ਹੁੰਦੀਆਂ ਹਨ, ਇਸ ਕਰਕੇ ਕੋਈ ਸਰਕਾਰ ਇਨ੍ਹਾਂ ਨੀਤੀਆਂ ਨੂੰ ਪੂਰੀ ਤਰ੍ਹਾਂ ਨਹੀਂ ਤਿਆਗਦੀ। ਮੋਦੀ ਸਰਕਾਰ ਕਾਂਗਰਸ ਦੀਆਂ ਸਰਕਾਰਾਂ ਨਾਲੋਂ ਵਿਚਾਰਧਾਰਕ ਤੌਰ 'ਤੇ ਵੱਖਰੀ ਪਹੁੰਚ ਰੱਖਦੀ ਹੈ, ਪਰ ਉਸ ਨੇ ਵੀ ਆਪਣੀ ਵਿਦੇਸ਼ ਨੀਤੀ ਵਿਚ ਕੋਈ ਵੱਡੀ ਤਬਦੀਲੀ ਨਹੀਂ ਕੀਤੀ। ਹਾਂ, ਏਨਾ ਕੁ ਕੰਮ ਉਸ ਨੇ ਜ਼ਰੂਰ ਕੀਤਾ ਹੈ ਕਿ ਗੁਆਂਢੀ ਮੁਲਕਾਂ ਨਾਲ ਵਿਗੜੇ ਸਬੰਧਾਂ ਨੂੰ ਰਾਸ਼ਟਰਵਾਦ ਨਾਲ ਜੋੜ ਕੇ ਆਪਣਾ ਸਥਾਈ ਵੋਟ ਬੈਂਕ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ।

ਸੋ, ਬਾਇਡਨ ਦੇ ਰਾਸ਼ਟਰਪਤੀ ਬਣਨ 'ਤੇ ਭਾਰਤੀਆਂ ਨੂੰ ਐਵੇਂ ਬਿਗਾਨੀ ਬਰਾਤ ਵਿਚ ਭੰਗੜੇ ਪਾਉਣ ਦੀ ਲੋੜ ਨਹੀਂ ਹੈ। ਅਮਰੀਕਾ ਦੀ ਵਿਦੇਸ਼ੀ ਨੀਤੀ ਸਿਰਫ ਰਾਸ਼ਟਰਪਤੀ ਹੀ ਤਿਆਰ ਨਹੀਂ ਕਰਦਾ, ਸਗੋਂ ਪੈਂਟਾਗਨ ਵਿਚ ਬੈਠੀ ਡੀਪ ਸਟੇਟ ਦੀ ਇਸ ਵਿਚ ਸਭ ਤੋਂ ਅਹਿਮ ਭੂਮਿਕਾ ਹੁੰਦੀ ਹੈ। ਵਿਹਾਰਕ ਤੌਰ 'ਤੇ ਵੀ ਡੈਮੋਕਰੈਟਸ ਦੇ ਭਾਰਤ ਨਾਲ ਸਬੰਧ ਰਿਪਬਲੀਕਨਾਂ ਨਾਲੋਂ ਬਿਹਤਰ ਰਹੇ ਹਨ। ਇਹ ਹੋ ਸਕਦਾ ਹੈ ਕਿ ਬਾਇਡਨ ਸਰਕਾਰ ਰਿਪਬਲਿਕਨ ਪਾਰਟੀ ਨਾਲ ਜੁੜੀ ਖੱਬੇ ਪੱਖੀ ਲਾਬੀ ਨੂੰ ਖੁਸ਼ ਕਰਨ ਲਈ ਸਾਲ-ਛੇ ਮਹੀਨੇ ਪਿੱਛੋਂ ਮੋਦੀ ਸਰਕਾਰ ਦੀਆਂ ਹਿੰਦੂਵਾਦੀ ਨਤੀਆਂ ਦੀ ਆਲੋਚਨਾ ਕਰ ਦਿਆ ਕਰੇ, ਪਰ ਇਹ ਨਿਸ਼ਚਿਤ ਹੈ ਕਿ ਅਮਰੀਕਾ ਦੀ ਭਾਰਤ ਲਈ ਬਣਾਈ ਵਿਦੇਸ਼ੀ ਨੀਤੀ ਵਿਚ ਵੱਡਾ ਬਦਲਾਓ ਨਹੀਂ ਆਵੇਗਾ। ਅਮਰੀਕਾ ਵੱਲੋਂ ਏਸ਼ੀਆ ਵਿਚ ਭਾਰਤ ਨੂੰ ਅਹਿਮੀਅਤ ਦੇਣ ਵਾਲੀ ਬਣਾਈ 'ਏਸ਼ੀਆ ਪੈਸੇਫਿਕ ਪਾਲਿਸੀ' ਰਿਪਬਲੀਕਨ ਦੀ ਓਬਾਮਾ ਸਰਕਾਰ ਵੱਲੋਂ ਹੀ ਬਣੀ ਗਈ ਸੀ, ਜਿਸ ਵਿਚ ਟਰੰਪ ਸਰਕਾਰ ਨੇ ਵੀ ਕੋਈ ਤਬਦੀਲੀ ਨਹੀਂ ਕੀਤੀ ਤਾਂ ਹੁਣ ਭਲਾ ਬਾਇਡਨ ਸਰਕਾਰ ਇਸ ਨੂੰ ਕਿਉਂ ਬਦਲੇਗੀ!

ਇਕ ਪੰਜਾਬੀ ਕਹਾਵਤ ਹੈ ਕਿ ਜੱਟ ਜੱਟਾਂ ਦਾ ਤੇ ਭੋਲੂ ਨਰਾਇਣ ਦਾ। ਅਜੇ ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ ਅਤੇ ਇਹ ਵੀ ਵੇਖੋ ਕੇ ਅੱਗੇ ਕੀ ਬੈਂਗਣੀ ਉਘੜਦੀ ਹੈ। ਅਮਰੀਕਾ ਤੇ ਚੀਨ ਵੱਲ ਵੇਖਣ ਦੀ ਥਾਂ ਭਾਰਤ ਤੇ ਪਾਕਿਸਤਾਨ ਨੂੰ ਗੰਭੀਰਤਾ ਦੀ ਮੇਜ਼ 'ਤੇ ਬੈਠ ਕੇ ਆਪਣੇ ਹੱਲ ਹੋ ਸਕਦੇ ਮਸਲੇ, ਹੱਲ ਕਰ ਲੈਣੇ ਚਾਹੀਦੇ ਹਨ। ਜੇ ਸੱਚੀ ਨੀਅਤ ਹੋਵੇ ਤਾਂ ਦੋਵੇਂ ਮੁਲਕਾਂ ਵੱਲੋਂ ਦੋਹਾਂ ਪਾਸਿਆਂ ਦੇ ਕਸ਼ਮੀਰ ਦੇ ਲੋਕਾਂ ਨੂੰ ਵਧੇਰੇ ਖੁਦ ਮੁਖਤਿਆਰੀ ਦੇ ਕੇ ਸਭ ਤੋਂ ਪੇਚੀਦਾ ਮਸਲਾ ਵੀ ਸੁਲਝਾਇਆ ਜਾ ਸਕਦਾ ਹੈ। ਅੱਜ ਕਰਨ ਜਾਂ ਕੱਲ੍ਹ, ਦੋਹਾਂ ਮੁਲਕਾਂ ਨੂੰ ਇਕ ਦਿਨ ਤਾਂ ਇਹ ਮਸਲਾ ਸੁਲਝਾਉਣਾ ਹੀ ਪਵੇਗਾ।

# ਕਿਸਾਨ ਜਥੇਬੰਦੀਆਂ ਦਾ ਚੱਕਾ ਜਾਮ ਸਫਲ ਪਰ ਕੇਂਦਰ ਦੀ ਨਾ-ਅਹਿਲੀਅਤ ਬਰਕਰਾਰ

**ਭਖਦੇ ਮਸਲੇ**



ਸੁਕੰਨਿਆਂ ਭਾਰਦਵਾਜ ਨਾਭਾ
ਫੋਨ: 815-307-3112

ਕਿਸਾਨ ਜਥੇਬੰਦੀਆਂ ਦੇ ਪੰਜ ਨਵੰਬਰ ਦੇ ਚੱਕਾ ਜਾਮ ਦੇ ਸੱਦੇ ਨੂੰ ਪੰਜਾਬ ਸਮੇਤ ਦੇਸ਼ ਦੇ 22 ਰਾਜਾਂ ਵਿਚ ਭਰਵਾਂ ਹੁੰਗਾਰਾ ਮਿਲਿਆ। 4 ਘੰਟੇ ਦੇ ਇਸ ਜਾਮ ਵਿਚ ਹਰ ਵਰਗ, ਨੌਜਵਾਨ, ਬੱਚੇ ਤੇ ਔਰਤਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਦੇਸ਼ ਵਿਆਪੀ ਇਸ ਜਾਮ ਵਿਚ ਕਿਤੋਂ ਵੀ ਕੋਈ ਅਣਸੁਖਾਵੀਂ ਘਟਨਾ ਦੀ ਸੂਚਨਾ ਨਹੀਂ। ਪਿਛਲੇ ਦੋ ਮਹੀਨਿਆਂ ਤੋਂ ਕਿਸਾਨ ਜਥੇਬੰਦੀਆਂ ਜਿਸ ਜ਼ਿੰਮੇਵਾਰੀ ਤੇ ਜ਼ਾਬਤਾਬੱਧ ਤਰੀਕੇ ਨਾਲ ਇਸ ਸੰਘਰਸ਼ ਨੂੰ ਚਲਾ ਰਹੀਆਂ ਹਨ, ਇਸ ਦੀ ਮਿਸਾਲ ਸੰਘਰਸ਼ੀ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ, ਸਿਵਾਏ ਸ਼ਾਹੀਨ ਬਾਗ ਦਿੱਲੀ ਦੇ। ਦੇਸ਼ ਵਿਆਪੀ ਇਸ ਕਿਸਾਨੀ ਘੋਲ ਦੀ ਪੰਜਾਬ ਅਗਵਾਈ ਕਰ ਰਿਹਾ ਹੈ, ਜਿਸ ਵਿਚ 4 ਸੌ ਤੋਂ ਉਪਰ ਕਿਸਾਨ ਜਥੇਬੰਦੀਆਂ ਹਿੱਸਾ ਲੈ ਰਹੀਆਂ ਹਨ; ਪਰ ਕੇਂਦਰ ਨੇ ਅਜੇ ਤਕ ਕਿਸਾਨਾਂ ਨੂੰ ਕੋਈ ਵੀ ਰਾਹਤ ਦੇਣ ਵਿਚ ਰੁਚੀ ਨਹੀਂ ਵਿਖਾਈ।

ਪੰਜਾਬ ਵਿਧਾਨ ਸਭਾ ਨੇ 20 ਅਕਤੂਬਰ ਨੂੰ ਗਵਰਨਰ ਪੰਜਾਬ ਨੂੰ ਕੇਂਦਰੀ ਕਾਨੂੰਨਾਂ ਨੂੰ ਰੱਦ ਕਰਨ ਤੇ ਨਵੇਂ ਬਿੱਲ ਆਪਣੇ ਵੱਲੋਂ ਪਾਸ ਕਰਨ ਦਾ ਮਤਾ ਦਿੱਤਾ ਸੀ, ਜਿਸ ਨੂੰ ਉਨ੍ਹਾਂ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ। ਫਿਰ ਕੈਪਟਨ ਅਮਰਿੰਦਰ ਸਿੰਘ ਤੇ ਵਿਧਾਨਕਾਰਾਂ ਨੇ ਰਾਸ਼ਟਰਪਤੀ ਕੋਵਿੰਦ ਰਾਮ ਤੋਂ ਮਿਲਣ ਦਾ ਸਮਾਂ ਮੰਗਿਆ ਤਾਂ ਉਨ੍ਹਾਂ ਵੀ ਨਾਂਹ ਕਰ ਦਿੱਤੀ। ਪੰਜਾਬ ਦੇ ਕਾਂਗਰਸੀ ਸੰਸਦ ਮੈਂਬਰਾਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਰੇਲਵੇ ਮੰਤਰੀ ਪਿਯੂਸ਼ ਗੋਇਲ ਨੂੰ ਮਿਲ ਕੇ ਪੰਜਾਬ ਲਈ ਮਾਲ ਗੱਡੀਆਂ ਚਲਾਉਣ ਲਈ ਬੇਨਤੀ ਕੀਤੀ। ਉਨ੍ਹਾਂ 7 ਨਵੰਬਰ ਤੋਂ ਗੱਡੀਆਂ ਚਲਾਉਣ ਦਾ ਭਰੋਸਾ ਦਿੱਤਾ, ਪਰ ਸ਼ਰਤ ਰੱਖ ਦਿੱਤੀ ਕਿ ਪੰਜਾਬ ਸਰਕਾਰ ਗੱਡੀਆਂ ਤੇ ਰੇਲਵੇ ਟਰੈਕਾਂ ਦੀ ਸੁਰੱਖਿਆ ਯਕੀਨੀ ਬਣਾਵੇ। ਕੀ ਇਹ ਸੁਰੱਖਿਆ ਦੀ ਜ਼ਿੰਮੇਵਾਰੀ ਸਿਰਫ ਪੰਜਾਬ ਸਰਕਾਰ ਦੀ ਹੀ ਹੈ? ਕੇਂਦਰ ਸਰਕਾਰ ਜਾਂ ਰੇਲਵੇ ਪੁਲਿਸ ਦੀ ਨਹੀਂ ਹੈ?

ਇਸ ਤੋਂ ਪਹਿਲਾਂ 21 ਅਕਤੂਬਰ ਨੂੰ ਕਿਸਾਨਾਂ ਨੇ ਰੇਲਵੇ ਟਰੈਕ ਖਾਲੀ ਕਰ ਦਿੱਤੇ ਸਨ ਤੇ ਪੰਜਾਬ ਸਰਕਾਰ ਨੇ ਵੀ ਆਪਣੇ ਵੱਲੋਂ ਹਰ ਤਰ੍ਹਾਂ ਦੀ ਸੁਰੱਖਿਆ ਦੇਣ ਦਾ ਭਰੋਸਾ ਦਿੱਤਾ ਸੀ। ਇਹ ਸਾਰੀ ਚਾਰਾਜੋਈ ਦੇ ਉਲਟ ਰੇਲਵੇ ਚੇਅਰਮੈਨ ਵਿਨੋਦ ਕੁਮਾਰ ਯਾਦਵ ਨੇ ਆਪਣੇ ਸੰਬੋਧਨ ਵਿਚ ਮਾਲ ਗੱਡੀਆਂ ਦੇ ਨਾਲ ਯਾਤਰੂ ਗੱਡੀਆਂ ਚਲਾਉਣ 'ਤੇ ਜੋਰ ਦਿੰਦਿਆਂ ਫਿਰ ਉਹੋ ਹੀ ਅਸੁਰੱਖਿਆ ਦਾ ਰਾਗ ਅਲਾਪਿਆ। ਦੋ ਮਹੀਨੇ ਦੇ ਕਰੀਬ ਸਮਾਂ ਹੋ ਗਿਆ ਕਿਸਾਨਾਂ ਨੂੰ ਰੇਲਵੇ ਟਰੈਕ 'ਤੇ ਬੈਠਿਆਂ ਨੂੰ, ਕੋਈ ਨੁਕਸਾਨ ਨਹੀਂ ਹੋਇਆ, ਫਿਰ ਅੱਜ ਇਹ ਹਊਆ ਕਿਉਂ ਖੜ੍ਹਾ ਕੀਤਾ ਜਾ ਰਿਹਾ ਹੈ? ਅਸਲ ਵਿਚ ਕੇਂਦਰ ਕਿਸਾਨੀ ਤੇ ਪੰਜਾਬ ਦੀ ਸਮੱਸਿਆ ਨੂੰ ਸਮਝਣਾ ਹੀ ਨਹੀਂ ਚਾਹੁੰਦਾ। ਬਸ ਬਾਂਹ ਮਰੋੜ ਕੇ ਆਪਣੀ ਗੱਲ ਮੰਨਵਾਉਣਾ ਚਾਹੁੰਦਾ ਹੈ। ਇਸੇ ਲਈ ਕਿਸਾਨਾਂ ਦੀ ਮੁੱਖ ਮੰਗ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਥਾਂ ਰੇਲਵੇ ਆਵਾਜਾਈ ਦਾ ਰੇੜਕਾ ਖੜ੍ਹਾ ਕੀਤਾ ਗਿਆ ਹੈ।

ਅਸਲ ਵਿਚ ਪੰਜਾਬ ਦੀ ਆਰਥਕ ਘੇਰਾਬੰਦੀ ਕੀਤੀ ਜਾ ਰਹੀ ਹੈ, ਕਿਉਂਕਿ ਪੰਜਾਬ ਪਹਿਲਾਂ ਹੀ ਆਰਥਕ ਮੰਦੀ ਦਾ ਸਾਹਮਣਾ ਕਰ ਰਿਹਾ ਹੈ। ਜੀ. ਐਸ. ਟੀ. ਦਾ ਬਕਾਇਆ ਨਾ ਦੇਣ 'ਤੇ ਆਰ. ਡੀ. ਐਫ. 'ਤੇ ਰੋਕ, ਕਿਸਾਨ ਨੂੰ ਕਰਜ਼ੇ ਦੇ ਵਿਆਜ ਮੁਆਫ ਕਰਨ ਦੀ ਸੂਚੀ ਵਿਚੋਂ ਬਾਹਰ ਰੱਖਣ ਆਦਿ ਹਥਕੰਡਿਆਂ ਨਾਲ ਕਿਸਾਨ/ਪੰਜਾਬ ਨੂੰ ਗੋਡਿਆਂ ਭਾਰ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਉਤੋਂ ਮਾਲ ਗੱਡੀਆਂ ਬੰਦ ਕਰਕੇ ਪੰਜਾਬ ਨੂੰ ਕੋਲਾ, ਯੂਰੀਆ, ਡੀ. ਏ. ਪੀ. ਖਾਦ ਸਮੇਤ ਬਹੁਤ ਸਾਰੀਆਂ ਦਿੱਕਤਾਂ ਪੈਦਾ ਕਰਕੇ ਕਿਸਾਨੀ ਸੰਘਰਸ਼ ਨੂੰ ਲੀਹੋਂ ਲਾਹੁਣ ਦੇ ਮਨਸੂਬੇ ਘੜੇ ਜਾ ਰਹੇ ਹਨ; ਕਿਉਂਕਿ ਛੋਟੇ ਵਪਾਰੀ ਨੂੰ ਵੀ ਮਾਲ ਗੱਡੀਆਂ ਦੇ ਬੰਦ ਹੋਣ ਨਾਲ ਭਾਰੀ ਆਰਥਕ ਨੁਕਸਾਨ ਝੱਲਣਾ ਪੈ ਰਿਹਾ ਹੈ। ਤਿਉਹਾਰਾਂ ਦਾ ਸੀਜਨ ਹੋਣ ਕਾਰਨ ਜਰੂਰੀ ਵਸਤਾਂ ਪੰਜਾਬ ਨਹੀਂ ਆ ਸਕਦੀਆਂ ਤੇ ਤਿਆਰ ਮਾਲ ਦੇਸ਼ ਦੇ ਦੂਜੇ ਰਾਜਾਂ ਵਿਚ ਨਹੀਂ ਜਾ ਸਕਦਾ। ਸਰਦੀ ਦਾ ਮੌਸਮ ਹੋਣ ਕਾਰਨ ਲੁਧਿਆਣੇ ਦੀਆਂ ਹੌਜਰੀਆਂ ਦਾ ਤਿਆਰ ਮਾਲ ਗੁਦਾਮਾਂ ਵਿਚ ਡੰਪ ਹੋ ਗਿਆ ਹੈ। ਇਸ ਤਰ੍ਹਾਂ ਇਨ੍ਹਾਂ ਹੌਜਰੀ ਤੇ ਹੋਰ ਛੋਟੇ ਵਪਾਰੀਆਂ ਨੂੰ ਤਿਆਰ ਮਾਲ ਭੇਜਣ ਤੇ ਕੱਚਾ ਮਾਲ ਬਾਹਰੋਂ ਮੰਗਵਾਉਣ ਵਿਚ ਬਹੁਤ ਸਾਰੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਵੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਕਿਸਾਨਾਂ ਦੀਆਂ ਮੰਗਾਂ ਮੰਨ ਕੇ ਰੇਲਵੇ ਆਵਾਜਾਈ ਛੇਤੀ ਖੋਲ੍ਹੀ ਜਾਵੇ, ਪਰ ਕੇਂਦਰ ਲਗਾਤਾਰ ਹਰ ਅਪੀਲ ਨੂੰ ਜਾਣ-ਬੁੱਝ ਕੇ ਅਣਗੌਲਿਆਂ ਕਰ ਰਿਹਾ ਹੈ। ਉਧਰ ਕਿਸਾਨਾਂ ਨੇ ਵੀ ਛੋਟੇ ਵਪਾਰੀਆਂ, ਦੁਕਾਨਦਾਰਾਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਆਪਣਾ ਸੰਘਰਸ਼ ਖੇਤੀ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਤਕ ਜਾਰੀ ਰੱਖਣ ਦਾ ਅਹਿਦ ਕੀਤਾ ਹੈ।

ਕੇਂਦਰ ਸਰਕਾਰ ਕਿਸਾਨੀ ਸੰਘਰਸ਼ ਨੂੰ ਬਦਨਾਮ ਕਰਨ ਲਈ ਉਨ੍ਹਾਂ ਨੂੰ ਦਲਾਲ, ਵਿਚੋਲੀਏ ਤੇ ਕਾਂਗਰਸ ਦੇ ਏਜੰਟ ਤਕ ਦੱਸ ਚੁਕੀ ਹੈ। ਬਾਹਰੋਂ ਫੰਡ ਅਉਣ ਦੇ ਵੀ ਦੋਸ਼ ਲਾਉਂਦੀ ਹੈ। ਜਥੇਬੰਦੀਆਂ ਨੂੰ ਮਿਲਦੇ ਫੰਡਾਂ ਦੀਆਂ ਕੁਝ ਮਿਸਾਲਾਂ ਪੇਸ਼ ਕਰਨ ਲੱਗੀ ਹਾਂ। ਇੱਕ ਰਿਕਸ਼ੇ ਵਾਲਾ ਦੋ ਸਵਾਰੀਆਂ ਲੈ ਕੇ ਮੁੜ੍ਹਕੋ ਮੁੜ੍ਹਕਾ ਹੋਏ ਆਉਂਦਾ ਹੈ ਤਾਂ ਰਸਤੇ ਵਿਚ ਕਿਸਾਨ ਧਰਨੇ ਨੂੰ ਦੇਖ ਕੇ ਆਪਣੇ ਰਿਕਸ਼ੇ ਤੋਂ ਉਤਰਦਾ ਹੈ। ਆਪਣੀ ਸੱਜੀ ਬਾਂਹ ਨਾਲ ਪਸੀਨਾ ਪੂੰਝ ਕੇ ਕੁੜਤੇ ਦੀ ਜੇਬ ਵਿਚੋਂ ਪੰਜਾਂ ਦਾ ਨੋਟ ਕੱਢ ਕੇ 'ਮੇਰੇ ਵਲੋਂ ਤਿੱਲ ਫੁੱਲ' ਕਹਿ ਕੇ ਜਿਧਰੋਂ ਆਇਆ ਉਧਰ ਹੀ ਚਲਾ ਜਾਂਦਾ ਹੈ। ਇਸੇ ਤਰ੍ਹਾਂ ਇੱਕ ਪਰਵਾਸੀ ਮਜਦੂਰ ਲੋਹੀਆਂ ਖਾਸ ਵਿਖੇ ਆਪਣੀ ਮੂੰਗਫਲੀ ਦੀ ਰੇਹੜੀ ਕਿਸਾਨ ਧਰਨੇ 'ਤੇ ਮੁਫਤ ਵਿਚ ਲੁਟਾ ਦਿੰਦਾ ਹੈ, ਜਦੋਂ ਕਿ ਇਹ ਗਰੀਬ ਮਜਦੂਰ ਆਪ ਭੁੱਖਾ ਭਾਣਾ ਰਹਿੰਦਾ ਹੋਇਆ ਵੀ ਚਾਰ ਦਾਣੇ ਆਪਣੇ ਮੂੰਹ ਵਿਚ ਨਹੀਂ ਪਾਉਂਦਾ। ਇਥੇ ਹੀ ਇੱਕ ਛੋਟਾ ਦੁਕਾਨਦਾਰ ਪਾਣੀ ਦੀਆਂ ਬੋਤਲਾਂ ਲਾਗਤ ਮੁੱਲ ਪੰਜ ਰੁਪਏ 'ਤੇ ਧਰਨਾਕਾਰੀਆਂ ਨੂੰ ਵੇਚ ਦਿੰਦਾ ਹੈ। ਪਿੰਡਾਂ ਤੋਂ ਵਾਰੀ ਸਿਰ ਦੋ ਵੇਲੇ ਦਾ ਲੰਗਰ ਤੇ ਚਾਹ ਪਾਣੀ ਆਉਣਾ ਬਾ-ਦਸਤੂਰ ਜਾਰੀ ਹੈ। ਕਈ ਧਾਰਮਿਕ ਅਦਾਰੇ ਵੀ ਇਹ ਸੇਵਾ ਨਿਭਾ ਰਹੇ ਹਨ। ਕਿਸਾਨਾਂ ਦੇ ਧੀਆਂ ਪੁੱਤ ਪਰਵਾਸੀ ਭਾਰਤੀਆਂ ਵਲੋਂ ਤੇ ਪਿੰਡਾਂ ਵਲੋਂ ਲੋੜ ਅਨੁਸਾਰ ਮਾਲੀ ਮਦਦ ਕੀਤੀ ਜਾ ਰਹੀ ਹੈ। ਕੋਈ ਵਿਦੇਸ਼ੀ ਸਰਕਾਰਾਂ ਉਨ੍ਹਾਂ ਨੂੰ ਫੰਡ ਨਹੀਂ ਭੇਜ ਰਹੀਆਂ। ਇਹ ਸਰੋਤ ਨੇ ਕਿਸਾਨ ਦੀ ਫੰਡਿੰਗ ਦੇ, ਜੋ ਉਸ ਦਾ ਸੰਘਰਸ਼ ਲੜਨ ਦਾ ਜੇਰਾ ਤੇ ਉਤਸ਼ਾਹ ਬਣਾਈ ਰੱਖਦੇ ਹਨ।

ਖੇਤੀ ਪ੍ਰਧਾਨ ਦੇਸ਼ ਵਿਚ ਕਿਸਾਨਾਂ ਦੀ ਇਹ ਦੁਰਦਸ਼ਾ ਦੇਖ ਕੇ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਰੋਜ ਆਉਂਦਾ ਹੈ। ਪੂੰਜੀਵਾਦ ਦੀਆਂ ਇਨ੍ਹਾਂ ਚਾਲਾਂ ਨਾਲ ਉਸ ਨੂੰ ਐਮ. ਐਸ. ਪੀ. ਤਕ ਸੀਮਤ ਕੀਤਾ ਜਾ ਰਿਹਾ ਹੈ, ਜਦੋਂ ਕਿ ਸਵਾਮੀਨਾਥਨ ਰਿਪੋਰਟ ਕੁਝ ਹੱਦ ਤਕ ਕਿਸਾਨੀ ਨੂੰ ਰਾਹਤ ਦੇ ਸਕਦੀ ਹੈ। ਦੇਸ਼ ਦੀ 70% ਅਬਾਦੀ ਦਾ ਮੁਖ ਧੰਦਾ ਖੇਤੀਬਾੜੀ ਹੈ। ਤਕਨਾਲੋਜੀ, ਚਕਿਤਸਾ, ਵਪਾਰ, ਖਾਣਾਂ, ਉਦਯੋਗ, ਥਰਮਲ ਪਲਾਂਟ-ਗੱਲ ਕੀ ਭਾਰਤ ਦੇ ਹਰੇਕ ਵੱਡੇ, ਛੋਟੇ ਕਾਰਜ ਦਾ ਆਧਾਰ ਖੇਤੀ ਹੈ। ਫਿਰ ਕਿਸਾਨੀ ਨੂੰ ਕਿਉਂ ਅਣਗੌਲਿਆਂ ਕੀਤਾ ਜਾਂਦਾ ਹੈ। ਪੂਰੇ ਸੰਸਾਰ ਵਿਚ ਕਿਸਾਨ ਹੀ ਅਜਿਹਾ ਉਤਪਾਦਕ ਹੈ, ਜੋ ਆਪਣੇ ਉਤਪਾਦ ਦਾ ਮੁੱਲ ਨਹੀਂ ਮਿੱਥ ਸਕਦਾ। ਇਸ ਲਈ ਉਸ ਨੂੰ ਮੰਡੀ 'ਤੇ ਨਿਰਭਰ ਰਹਿਣਾ ਪੈਂਦਾ ਹੈ।

ਮਾਲ ਗੱਡੀਆਂ ਦਾ ਪਹੀਆ ਜਾਮ ਹੋ ਜਾਣ 'ਤੇ ਰੇਲਵੇ ਵਿਭਾਗ 12 ਹਜ਼ਾਰ ਕਰੋੜ ਤੋਂ ਵੀ ਵੱਧ ਦਾ ਨੁਕਸਾਨ ਦੱਸ ਰਿਹਾ ਹੈ, ਜਦੋਂ ਕਿ ਕਿਸਾਨ ਦੇ ਨੁਕਸਾਨ ਨੂੰ ਕੋਈ ਅੰਕਿਤ ਨਹੀਂ ਕਰਦਾ। ਕਿਵੇਂ ਉਹਦਾ ਝੋਨਾ/ਕਣਕ ਰੁਲਣ ਲਈ ਮਜਬੂਰ ਹਨ। ਉਹਦਾ ਸਾਰਾ ਪਰਿਵਾਰ ਕਿਸਾਨੀ ਸੰਘਰਸ਼ ਦੇ ਲੇਖੇ ਲੱਗਾ ਹੋਇਆ ਹੈ। ਸ਼ਾਹੂਕਾਰਾਂ ਦਾ ਕਰਜਾ ਉਸ ਨੂੰ ਜ਼ਿੰਦਗੀ ਜਿਉਣ ਨਹੀਂ ਦਿੰਦਾ। ਡੇਢ ਦਰਜਨ ਦੇ ਕਰੀਬ ਕਿਸਾਨ ਇਸ ਸੰਘਰਸ਼ ਦੀ ਭੇਟਾ ਚੜ੍ਹ ਚੁਕੇ ਹਨ। ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਉਹ ਵੱਖਰਾ ਲੜ ਰਿਹਾ ਹੈ। ਬੁਢਲਾਡਾ ਦੇ ਰੇਲਵੇ ਟਰੈਕ ਉਤੇ 80 ਸਾਲਾ ਬਜੁਰਗ ਮਾਤਾ ਤੇਜ ਕੌਰ ਲਾਇਨ ਤੋਂ ਪੈਰ ਤਿਲਕਣ ਨਾਲ ਅਕਾਲ ਚਲਾਣਾ ਕਰ ਗਈ ਸੀ, ਪਰ ਪਰਿਵਾਰ ਤੇ ਕਿਸਾਨ ਜਥੇਬੰਦੀਆਂ ਵਲੋਂ ਪਰਿਵਾਰ ਦਾ ਕਰਜਾ ਮੁਆਫ ਕਰਨ, 10 ਲੱਖ ਦਾ ਮੁਆਵਜਾ ਤੇ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਦੀਆਂ ਮੰਗਾਂ ਨੂੰ ਮਨਾਉਣ ਲਈ ਡੀ. ਸੀ., ਮਾਨਸਾ ਦੇ ਦਫਤਰ ਅੱਗੇ 23 ਦਿਨ ਤਕ ਧਰਨਾ ਦੇਣਾ ਪਿਆ ਤਾਂ ਜਾ ਕੇ ਮਾਤਾ ਦਾ ਸਸਕਾਰ ਹੋ ਸਕਿਆ। ਸਰਕਾਰਾਂ ਦੀ ਨਾ-ਅਹਿਲੀਅਤ ਕਿਸਾਨੀ ਸੰਘਰਸ਼ ਨੂੰ ਪਤਾ ਨਹੀ ਕਿਸ ਮੋੜ 'ਤੇ ਲਿਜਾ ਖੜ੍ਹਾ ਕਰੇਗੀ, ਪਰ ਭਾਜਪਾ ਦੇ ਅੰਦਰੋਂ ਹੀ ਬਾਗੀ ਸੁਰਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਅਹੁਦੇਦਾਰਾਂ ਵਲੋਂ ਅਸਤੀਫਿਆਂ ਦਾ ਦੌਰ ਜਾਰੀ ਹੈ। ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਵੀ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਦਿਆਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ ਹੈ।

ਜਿਥੇ ਕਿਸਾਨ ਸੰਘਰਸ਼ ਨੂੰ ਸਮੂਹ ਪੰਜਾਬੀਆਂ ਦਾ ਸਮਰਥਨ ਹਾਸਲ ਹੈ, ਉਥੇ ਸੂਬੇ ਦੀਆਂ ਮੁਖ ਵਿਰੋਧੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ (ਆਪ) ਆਪਣਾ ਵੱਖਰਾ ਹੀ ਰਾਗ ਅਲਾਪ ਰਹੀਆਂ ਹਨ। ਉਨ੍ਹਾਂ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਵਿਧਾਨਕਾਰਾਂ ਵਲੋਂ ਦਿੱਲੀ ਜੰਤਰ-ਮੰਤਰ 'ਤੇ ਦਿੱਤੇ ਗਏ ਧਰਨੇ ਵਿਚ ਸ਼ਾਮਲ ਹੋਣ ਤੋਂ ਪਾਸਾ ਵੱਟ ਲਿਆ। ਕੀ ਇਹ ਧਰਨਾ ਕਾਂਗਰਸ ਜਾਂ ਕੈਪਟਨ ਅਮਰਿੰਦਰ ਸਿੰਘ ਦਾ ਸੀ?

ਇਹ ਧਰਨਾ ਤਾਂ ਪੰਜਾਬ/ਕਿਸਾਨ ਦੀਆਂ ਹਕੂਕੀ ਮੰਗਾਂ ਲਈ ਤੇ ਕੇਂਦਰ ਦੀ ਅਣਦੇਖੀ ਵਿਰੁੱਧ ਸੂਬੇ ਦੀ ਸਰਕਾਰ ਵਲੋਂ ਲਾਇਆ ਗਿਆ ਸੀ, ਜਿਸ ਵਿਚ ਕੈਪਟਨ ਦੇ ਸਿਆਸੀ ਵਿਰੋਧੀ ਸੁਖਪਾਲ ਸਿੰਘ ਖਹਿਰਾ, ਪਰਮਿੰਦਰ ਸਿੰਘ ਢੀਂਡਸਾ ਤੇ ਬੈਂਸ ਭਰਾ ਵੀ ਸ਼ਾਮਲ ਸਨ। ਸਭ ਨੂੰ ਪਤਾ ਹੈ ਕਿ ਧਰਨੇ ਵਿਚ ਸਿਆਸਤਦਾਨਾਂ ਦੇ ਸ਼ਾਮਲ ਹੋਣ ਨਾਲ ਖੇਤੀ ਕਾਨੂੰਨ ਵਾਪਸ ਨਹੀਂ ਹੋ ਜਾਣੇ ਸਨ, ਪਰ ਪੰਜਾਬ ਦੀ ਇੱਕਮੁੱਠਤਾ ਦਾ ਸੰਦੇਸ਼ ਜਾਣਾ ਸੀ। ਕਿਸਾਨਾਂ ਦਾ ਮਸੀਹਾ ਕਹਾਉਣ ਵਾਲੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਕਿਸਾਨੀ ਮਸਲੇ ਉਤੇ ਉੱਕਾ ਹੀ ਚੁਪ ਧਾਰੀ ਹੋਈ ਹੈ।

# ਦੁਨੀਆਂ ਦਾ ਹਰ ਹੱਕ ਹਰ ਕਿਸੇ ਲਈ ਬਰਾਬਰ ਹੋਵੇ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜਿਹੜੇ ਯੁੱਗ ਵਿਚ ਅਸੀਂ ਲੋਕ ਰਹਿ ਰਹੇ ਹਾਂ, ਇਹ ਉਨ੍ਹਾਂ ਰਾਜਿਆਂ ਦੇ ਰਾਜ ਤੋਂ ਵੱਖਰੀ ਕਿਸਮ ਦਾ ਹੈ, ਜਿਨ੍ਹਾਂ ਦੇ ਮੂੰਹ ਤੋਂ ਨਿਕਲਿਆ ਹਰ ਲਫਜ਼ ਹੀ ਕਾਨੂੰਨ ਹੁੰਦਾ ਸੀ। ਅੱਜ ਵੀ ਇਹੋ ਜਿਹੇ ਰਾਜੇ ਕਈ ਦੇਸ਼ਾਂ ਵਿਚ ਹਨ, ਪਰ ਉਨ੍ਹਾਂ ਦੇਸ਼ਾਂ ਵਿਚ ਵੀ ਕੁਝ ਨਾ ਕੁਝ ਹੱਦਾਂ ਰੱਖਣੀਆਂ ਪੈਂਦੀਆਂ ਹਨ। ਫਿਰ ਵੀ ਜੋ ਖੁੱਲ੍ਹਾਂ ਤੇ ਜਿੰਨੇ ਅਧਿਕਾਰ ਲੋਕਤੰਤਰੀ ਦੇਸ਼ਾਂ ਵਿਚ ਲੋਕਾਂ ਨੂੰ ਦੇਣੇ ਜ਼ਰੂਰੀ ਸਮਝੇ ਜਾਂਦੇ ਹਨ, ਉਹ ਕਿਸੇ ਵੀ ਹੋਰ ਰਾਜ ਤੋਂ ਵਧੇਰੇ ਤੇ ਵਡੇਰੇ ਹਨ। ਲੋਕਤੰਤਰੀ ਦੇਸ਼ਾਂ ਦੀ ਹਰ ਸਰਕਾਰ ਨੂੰ, ਉਹ ਬਿਨਾ ਸ਼ੱਕ ਕਿਸੇ ਖਾਸ ਧਰਮ ਜਾਂ ਸੋਚ ਦੀ ਧਾਰਨਾ ਨਾਲ ਅੱਗੇ ਆਈ ਹੋਵੇ, ਜੇ ਉਸ ਸਰਕਾਰ ਨੇ ਲੋਕਤੰਤਰ ਦਾ ਭਰਮ ਰੱਖਣਾ ਹੈ, ਤਾਂ ਉਸ ਨੂੰ ਕੁਝ ਏਦਾਂ ਦੇ ਹੱਕ ਆਪਣੇ ਲੋਕਾਂ ਲਈ ਐਲਾਨ ਕਰਨੇ ਜ਼ਰੂਰੀ ਸਮਝੇ ਜਾਂਦੇ ਹਨ, ਜੋ ਰਾਜਿਆਂ ਜਾਂ ਫੌਜੀ ਤਾਨਾਸ਼ਾਹਾਂ ਜਾਂ ਇੱਕ ਪਾਰਟੀ ਵਾਲੇ ਰਾਜ ਵਿਚ ਨਹੀਂ ਹੋ ਸਕਦੇ। ਭਾਰਤੀ ਸੰਵਿਧਾਨ ਵਿਚ ਵੀ ਮੁਢਲੇ ਅਧਿਕਾਰਾਂ ਵਿਚ ਇਹ ਦਰਜ ਹੈ ਕਿ ਹਰ ਵਿਅਕਤੀ ਨੂੰ ਆਪਣੀ ਮਰਜ਼ੀ ਦਾ ਧਰਮ ਮੰਨਣ, ਆਪਣੀ ਪਸੰਦ ਦਾ ਸਭਿਆਚਾਰ ਮਾਣਨ ਅਤੇ ਕਿਰਤ ਦੀ ਆਜ਼ਾਦੀ ਤੋਂ ਲੈ ਕੇ ਅਦਾਲਤਾਂ ਤੋਂ ਨਿਆਂ ਮੰਗਣ ਤੇ ਲੈਣ ਦਾ ਹੱਕ ਹੋਵੇਗਾ। ਇਸ ਤਰ੍ਹਾਂ ਦੇ ਹੱਕ ਬਹੁਤ ਸਾਰੇ ਦੇਸ਼ਾਂ ਵਿਚ ਮਿਲ ਜਾਂਦੇ ਹਨ ਅਤੇ ਇਨ੍ਹਾਂ ਹੱਕਾਂ ਦਾ ਸਤਿਕਾਰ ਵੀ ਕੀਤਾ ਜਾਂਦਾ ਹੈ।

ਅਜੋਕੇ ਸਮਿਆਂ ਵਿਚ ਇਨ੍ਹਾਂ ਅਧਿਕਾਰਾਂ ਵਿਚ ਵਿਚਾਰਾਂ ਦੇ ਪ੍ਰਗਟਾਵੇ ਦਾ ਅਧਿਕਾਰ ਵੀ ਗਿਣਿਆ ਜਾਂਦਾ ਹੈ, ਜਿਸ ਬਾਰੇ ਬਹੁਤ ਸਾਰੇ ਲੋਕਾਂ ਦੇ ਵੱਖੋ-ਵੱਖ ਵਿਚਾਰ ਹਨ। ਇਨਸਾਨ ਦੇ ਇਸ ਅਧਿਕਾਰ ਨੂੰ ਕੁਝ ਲੋਕ ਇੱਕ ਹਿੰਦੀ ਫਿਲਮ ਦੇ ਗਾਣੇ ਵਿਚ 'ਮੈਂ ਚਾਹੇ ਯੇ ਕਰੂੰ, ਮੈਂ ਚਾਹੇ ਵੋ ਕਰੂੰ, ਮੇਰੀ ਮਰਜ਼ੀ' ਦੀ ਹੱਦ ਤੱਕ ਲਿਜਾਣਾ ਚਾਹੁੰਦੇ ਹਨ, ਪਰ ਕੁਝ ਹੋਰ ਲੋਕ ਇਹ ਸਮਝਦੇ ਹਨ ਕਿ ਅਧਿਕਾਰ ਵੀ ਹਰ ਕਿਸੇ ਨੂੰ ਉੱਕੇ-ਪੁੱਕੇ ਨਹੀਂ ਦਿੱਤੇ ਜਾ ਸਕਦੇ। ਕੱਲ੍ਹ ਨੂੰ ਕੋਈ ਆਣ ਕੇ ਕਹੇ ਕਿ ਉਸ ਦਾ ਸੜਕ ਉੱਤੇ ਆਪਣੀ ਮਰਜ਼ੀ ਨਾਲ ਗੱਡੀ ਸੱਜੇ-ਖੱਬੇ ਜਿੱਧਰ ਜੀਅ ਕਰੇ, ਚਲਾਉਣ ਦਾ ਅਧਿਕਾਰ ਹੈ ਤਾਂ ਉਸ ਨੂੰ ਇਹ ਅਧਿਕਾਰ ਨਹੀਂ ਦਿੱਤਾ ਜਾ ਸਕਦਾ ਅਤੇ ਜੇ ਦੇ ਦਿੱਤਾ ਤਾਂ ਉਹ ਆਪ ਵੀ ਮਰ ਸਕਦਾ ਹੈ ਤੇ ਕਈ ਹੋਰ ਲੋਕਾਂ ਲਈ ਮੌਤ ਦਾ ਕਾਰਨ ਵੀ ਹੋ ਸਕਦਾ ਹੈ। ਆਮ ਧਾਰਨਾ ਇਹ ਹੈ ਕਿ ਕਿਸੇ ਵੀ ਵਿਅਕਤੀ ਦੀ ਆਜ਼ਾਦੀ ਕਿਸੇ ਦੂਜੇ ਵਿਅਕਤੀ ਦੀ ਆਜ਼ਾਦੀ ਤੇ ਉਸ ਦੇ ਅਧਿਕਾਰਾਂ ਦਾ ਘਾਣ ਕਰਨ ਤੱਕ ਜਾਣ ਵਾਲੀ ਨਹੀਂ ਹੋ ਸਕਦੀ। ਵਿਚਾਰ ਪ੍ਰਗਟਾਵੇ ਦਾ ਅਧਿਕਾਰ ਵੀ ਬਹੁਤ ਚੰਗਾ ਹੈ ਅਤੇ ਅਸੀਂ ਸਮਝਦੇ ਹਾਂ ਕਿ ਇਸ ਦਾ ਸਤਿਕਾਰ ਹੋਣਾ ਚਾਹੀਦਾ ਹੈ, ਪਰ ਇਹ ਵੀ ਦੂਜੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਲਾਉਣ ਤੱਕ ਨਾ ਜਾਵੇ, ਇਸ ਦਾ ਖਿਆਲ ਇਹ ਅਧਿਕਾਰ ਵਰਤਣ ਵਾਲੇ ਲੋਕਾਂ ਨੂੰ ਵੀ ਰੱਖਣਾ ਚਾਹੀਦਾ ਹੈ ਅਤੇ ਸਰਕਾਰਾਂ ਨੂੰ ਵੀ। ਇਸੇ ਤਰ੍ਹਾਂ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਵੀ ਇੱਕ-ਦੂਜੇ ਧਰਮ ਦੇ ਬਾਰੇ ਟਿੱਪਣੀ ਕਰਨ ਤੋਂ ਸੰਕੋਚ ਕਰਨ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ, ਪਰ ਵੇਖਿਆ ਇਹ ਜਾਂਦਾ ਹੈ ਕਿ ਧਰਮਾਂ ਦੇ ਪੈਰੋਕਾਰ ਹੀ ਆਪਣੇ ਧਰਮ ਨੂੰ ਵੱਡਾ ਅਤੇ ਚੰਗੇਰਾ ਤੇ ਦੂਸਰਿਆਂ ਦੇ ਧਰਮ ਨੂੰ ਹੀਣਾ ਮੰਨ ਕੇ ਟਿੱਪਣੀਆਂ ਕਰਨ ਲੱਗਦੇ ਹਨ।

> **ਆਮ ਧਾਰਨਾ ਇਹ ਹੈ ਕਿ ਕਿਸੇ ਵੀ ਵਿਅਕਤੀ ਦੀ ਆਜ਼ਾਦੀ ਕਿਸੇ ਦੂਜੇ ਵਿਅਕਤੀ ਦੀ ਆਜ਼ਾਦੀ ਤੇ ਉਸ ਦੇ ਅਧਿਕਾਰਾਂ ਦਾ ਘਾਣ ਕਰਨ ਤੱਕ ਜਾਣ ਵਾਲੀ ਨਹੀਂ ਹੋ ਸਕਦੀ। ਵਿਚਾਰ ਪ੍ਰਗਟਾਵੇ ਦਾ ਅਧਿਕਾਰ ਵੀ ਬਹੁਤ ਚੰਗਾ ਹੈ ਅਤੇ ਅਸੀਂ ਸਮਝਦੇ ਹਾਂ ਕਿ ਇਸ ਦਾ ਸਤਿਕਾਰ ਹੋਣਾ ਚਾਹੀਦਾ ਹੈ, ਪਰ ਇਹ ਵੀ ਦੂਜੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਲਾਉਣ ਤੱਕ ਨਾ ਜਾਵੇ, ਇਸ ਦਾ ਖਿਆਲ ਇਹ ਅਧਿਕਾਰ ਵਰਤਣ ਵਾਲੇ ਲੋਕਾਂ ਨੂੰ ਵੀ ਰੱਖਣਾ ਚਾਹੀਦਾ ਹੈ ਅਤੇ ਸਰਕਾਰਾਂ ਨੂੰ ਵੀ।**

ਇਸ ਵਕਤ ਇਹ ਮੁੱਦਾ ਬਹਿਸ ਦਾ ਵਿਸ਼ਾ ਇਸ ਲਈ ਬਣ ਰਿਹਾ ਹੈ ਕਿ ਫਰਾਂਸ ਦੇ ਇੱਕ ਅਖਬਾਰ ਨੇ ਇਸਲਾਮ ਦੇ ਮੋਢੀ ਪੈਗੰਬਰ ਮੁਹੰਮਦ ਸਾਹਿਬ ਦਾ ਕਾਰਟੂਨ ਛਾਪਿਆ ਅਤੇ ਇੱਕ ਬਿਖੇੜਾ ਪੈ ਗਿਆ ਹੈ। ਇਸ ਬਿਖੇੜੇ ਦੀ ਸ਼ੁਰੂਆਤ ਫਰਾਂਸ ਤੋਂ ਨਹੀਂ ਹੋਈ, ਪਹਿਲੀ ਵਾਰ ਏਦਾਂ ਦਾ ਸਕੈੱਚ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਵਿਚਲੇ ਇੱਕ ਅਖਬਾਰ ਨੇ ਛਾਪਿਆ ਸੀ, ਜਿਸ ਨਾਲ ਉਹ ਕੱਟੜਪੰਥੀ ਸੰਗਠਨਾਂ ਦੇ ਨਿਸ਼ਾਨੇ ਉੱਤੇ ਆ ਗਿਆ ਸੀ। ਜਿਹੜਾ ਡੇਵਿਡ ਕੋਲਮੈਨ ਹੇਡਲੀ ਭਾਰਤ ਦੇ ਮੁੰਬਈ ਵਿਚ ਹੋਏ ਦਹਿਸ਼ਤਗਰਦ ਹਮਲੇ ਲਈ ਦੋਸ਼ੀ ਮੰਨਿਆ ਜਾਂਦਾ ਹੈ, ਉਹ ਕੋਪਨਹੇਗਨ ਦੇ ਉਸੇ ਅਖਬਾਰ ਦੀ ਟੋਹ ਲੈਣ ਦੀ ਕੋਸ਼ਿਸ਼ ਵਿਚ ਫੜਿਆ ਗਿਆ ਸੀ। ਉਸ ਦੇ ਬਾਅਦ ਉਹ ਹੀ ਸਕੈੱਚ ਫਰਾਂਸ ਦੇ ਸ਼ਾਰਲੀ ਹੈਬਦੋ ਨੇ ਛਾਪ ਦਿੱਤਾ ਅਤੇ ਇੱਕ ਦਿਨ ਉਸ ਅਖਬਾਰ ਦੇ ਦਫਤਰ ਉੱਤੇ ਹਮਲਾ ਕਰ ਕੇ ਬਾਰਾਂ ਬੰਦੇ ਮਾਰ ਦਿੱਤੇ ਤੇ ਗਿਆਰਾਂ ਜ਼ਖਮੀ ਕਰ ਦਿੱਤੇ ਗਏ ਸਨ। ਸ਼ਾਰਲੀ ਹੈਬਦੋ ਅਖਬਾਰ ਨੇ ਇਸ ਹਮਲੇ ਦੇ ਬਾਅਦ ਵੀ ਇਹੋ ਕਿਹਾ ਕਿ ਵਿਚਾਰਾਂ ਦੇ ਪ੍ਰਗਟਾਵੇ ਦਾ ਹੱਕ ਉਨ੍ਹਾਂ ਨੂੰ ਫਰਾਂਸ ਦੇ ਸੰਵਿਧਾਨ ਨੇ ਦਿੱਤਾ ਹੈ ਅਤੇ ਉਹ ਇਸ ਹੱਕ ਦੀ ਵਰਤੋਂ ਕਰਦੇ ਰਹਿਣਗੇ। ਪਿਛਲੇ ਮਹੀਨੇ ਫਿਰ ਤੋਂ ਫਰਾਂਸ ਵਿਚ ਇਹ ਮੁੱਦਾ ਉਦੋਂ ਭਖ ਪਿਆ, ਜਦੋਂ ਇੱਕ ਟੀਚਰ ਨੇ ਵਿਦਿਆਰਥੀਆਂ ਨੂੰ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਬਾਰੇ ਪੜ੍ਹਾਉਂਦੇ ਸਮੇਂ ਮੁਹੰਮਦ ਸਾਹਿਬ ਦਾ ਉਹੋ ਕਾਰਟੂਨ ਵਿਖਾ ਦਿੱਤਾ ਅਤੇ ਇੱਕ ਵਿਦਿਆਰਥੀ ਵੱਲੋਂ ਘਰ ਜਾ ਕੇ ਦੱਸਣ ਦੇ ਬਾਅਦ ਅਗਲੇ ਦਿਨ ਉਸ ਪਰਿਵਾਰ ਦੇ ਇੱਕ ਆਦਮੀ ਨੇ ਉਸ ਟੀਚਰ ਦਾ ਗਲਾ ਜਾ ਵੱਢਿਆ। ਫਿਰ ਫਰਾਂਸ ਵਿਚ ਇੱਕ ਪਿੱਛੋਂ ਦੂਜੇ ਥਾਂ ਲਗਾਤਾਰ ਤਿੰਨ ਘਟਨਾਵਾਂ ਹੋ ਗਈਆਂ ਅਤੇ ਭੜਕੇ ਹੋਏ ਕੱਟੜਪੰਥੀਆਂ ਵਿਚੋਂ ਕੁਝ ਨੇ ਆਸਟਰੀਆ ਤੇ ਕੈਨੇਡਾ ਵਿਚ ਵੀ ਏਦਾਂ ਦਾ ਹਮਲਾ ਜਾ ਕੀਤਾ। ਇਸ ਕਾਰਨ ਇਸ ਮੁੱਦੇ ਦੀ ਬਹਿਸ ਫਿਰ ਤੇਜ਼ ਹੋ ਗਈ ਹੈ।

ਜਿਹੜਾ ਫਰਾਂਸ ਇਸ ਬਹਿਸ ਦਾ ਕੇਂਦਰ ਜਾਪਦਾ ਹੈ, ਉਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ ਸਾਫ ਕਿਹਾ ਹੈ ਕਿ ਉਹ ਇਸ ਪੱਖ ਵਿਚ ਨਹੀਂ ਕਿ ਇਹੋ ਜਿਹੇ ਕਾਰਟੂਨ ਛਾਪੇ ਜਾਣ, ਜਿਨ੍ਹਾਂ ਨਾਲ ਦੂਜੇ ਲੋਕਾਂ ਦੀ ਧਾਰਮਿਕ ਭਾਵਨਾ ਨੂੰ ਸੱਟ ਵੱਜੇ, ਪਰ ਨਾਲ ਹੀ ਇਹ ਵੀ ਕਿਹਾ ਹੈ ਕਿ ਵਿਚਾਰ ਪ੍ਰਗਟਾਵੇ ਉੱਤੇ ਰੋਕ ਉਹ ਨਹੀਂ ਲਾਉਣਗੇ। ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਨੇ ਉਨ੍ਹਾਂ ਦੀ ਇਸ ਗੱਲ ਪਿੱਛੋਂ ਉਨ੍ਹਾਂ ਖਿਲਾਫ ਰੋਸ ਪ੍ਰਗਟਾਵੇ ਕੀਤੇ ਅਤੇ ਕਈ ਥਾਂਈਂ ਉਸ ਦਾ ਪੁਤਲਾ ਬਣਾ ਕੇ ਉਸ ਪੁਤਲੇ ਦਾ ਸਿਰ ਵੀ ਕਲਮ ਕੀਤਾ ਹੈ। ਇਹ ਸਭ ਕੁਝ ਉਦੋਂ ਹੋ ਰਿਹਾ ਹੈ, ਜਦੋਂ ਸੰਸਾਰ ਵਿਚ ਪਹਿਲਾਂ ਹੀ ਦਹਿਸ਼ਤਗਰਦੀ ਦਾ ਝੱਖੜ ਝੁੱਲਦਾ ਪਿਆ ਹੈ ਅਤੇ ਇਸ ਨੂੰ ਕੋਈ ਇੱਕ-ਦੋ ਦੇਸ਼ ਨਹੀਂ, ਦੁਨੀਆਂ ਭਰ ਦੇ ਸਾਰੇ ਹੀ ਪ੍ਰਮੁੱਖ ਦੇਸ਼ ਭੁਗਤ ਰਹੇ ਹਨ। ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ ਵੀ ਦਹਿਸ਼ਤਗਰਦੀ ਦੇ ਨਿਸ਼ਾਨੇ ਉੱਤੇ ਹਨ ਤੇ ਰੂਸ ਵਰਗੇ ਦੇਸ਼ ਵਿਚ ਵੀ ਇਸ ਨਾਲ ਸਬੰਧਤ ਵਰਤਾਰਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਏਸ਼ੀਆ ਵਿਚ ਦੂਰ ਦੇ ਦੇਸ਼ਾਂ ਨੂੰ ਕੀ ਕਹਿਣਾ, ਭਾਰਤ ਤੇ ਇਸ ਦੇ ਗਵਾਂਢ ਵਾਲੇ ਸ੍ਰੀਲੰਕਾ ਤੇ ਬੰਗਲਾ ਦੇਸ਼ ਵੀ ਇਸ ਦਾ ਸੰਤਾਪ ਹੰਢਾਉਂਦੇ ਪਏ ਹਨ। ਪਾਕਿਸਤਾਨ ਦਾ ਜ਼ਿਕਰ ਅਸੀਂ ਇਸ ਲਈ ਨਹੀਂ ਕੀਤਾ ਕਿ ਉਹ ਖੁਦ ਇਸ ਤਰ੍ਹਾਂ ਦੇ ਅਤਿਵਾਦ ਦੀ ਨਰਸਰੀ ਹੈ ਅਤੇ ਜਿਸ ਕਿਸੇ ਦੇਸ਼ ਵਿਚ ਏਦਾਂ ਦੀ ਘਟਨਾ ਹੁੰਦੀ ਹੈ, ਹਰ ਥਾਂ ਸਭ ਤੋਂ ਪਹਿਲਾ ਜ਼ਿਕਰ ਪਾਕਿਸਤਾਨ ਦਾ ਹੀ ਹੁੰਦਾ ਹੈ। ਫਰਾਂਸ ਦੀਆਂ ਤਾਜ਼ਾ ਘਟਨਾਵਾਂ ਦਾ ਕੋਈ ਦੋਸ਼ੀ ਪਾਕਿਸਤਾਨ ਨਾਲ ਜੁੜਿਆ ਸੀ ਜਾਂ ਨਹੀਂ, ਇਹ ਤਾਂ ਪਤਾ ਨਹੀਂ, ਪਰ ਇਸ ਦੌਰਾਨ ਫਰਾਂਸ ਦੀ ਵਿਰੋਧੀ ਧਿਰ ਨੇ ਜ਼ੋਰ ਨਾਲ ਇਹੋ ਮੰਗ ਚੁੱਕੀ ਸੀ ਕਿ ਪਾਕਿਸਤਾਨੀ ਮੂਲ ਦੇ ਲੋਕਾਂ ਦਾ ਇਥੇ ਆਉਣਾ ਬੰਦ ਕਰ ਦਿੱਤਾ ਜਾਵੇ। ਇਸ ਮੰਗ ਦਾ ਅਸਰ ਸੀ ਜਾਂ ਕੋਈ ਹੋਰ ਕਾਰਨ, ਅਗਲੇ ਦਿਨਾਂ ਵਿਚ ਫਰਾਂਸ ਦੀ ਸਰਕਾਰ ਨੇ ਇੱਕ ਸੌ ਤਿਰਾਸੀ ਪਾਕਿਸਤਾਨੀ ਲੋਕਾਂ ਦਾ ਵੀਜ਼ਾ ਰੱਦ ਕਰ ਦਿੱਤਾ ਅਤੇ ਇੱਕ ਸੌ ਅਠਾਰਾਂ ਜਣਿਆਂ ਨੂੰ ਪਾਕਿਸਤਾਨ ਵੱਲ ਡਿਪੋਰਟ ਵੀ ਕਰ ਦਿੱਤਾ ਹੈ। ਉਨ੍ਹਾਂ ਨੇ ਇਸ ਤੋਂ ਇਲਾਵਾ ਹੋਰ ਵੀ ਕਈ ਦੇਸ਼ਾਂ ਵਿਰੁੱਧ ਇਹੋ ਜਿਹੀ ਕਾਰਵਾਈ ਕੀਤੀ ਹੈ, ਪਰ ਮੂਲ ਮੁੱਦਾ ਉਥੇ ਹੀ ਖੜ੍ਹਾ ਹੈ।

ਸਵਾਲ ਇਸ ਵਕਤ ਸਿਰਫ ਇਸਲਾਮ ਦਾ ਨਹੀਂ, ਦੂਜੇ ਧਰਮਾਂ ਵਾਲੇ ਵੀ ਆਪਣੇ ਕਿਸੇ ਭਗਵਾਨ, ਕਿਸੇ ਗੁਰੂ ਜਾਂ ਕਿਸੇ ਨਾਇਕ ਦੇ ਖਿਲਾਫ ਲਿਖੀ ਗਈ ਹਰ ਗੱਲ ਨੂੰ ਆਪਣੇ ਧਰਮ ਉੱਤੇ ਹਮਲਾ ਮੰਨ ਕੇ ਭੜਕ ਪੈਂਦੇ ਹਨ। ਜਿਹੜੇ ਲੋਕਾਂ ਨੂੰ ਆਪਣੇ ਕਿਸੇ ਭਗਤ, ਭਗਵਾਨ, ਗੁਰੂ ਜਾਂ ਨਾਇਕ ਦੇ ਖਿਲਾਫ ਕਹੀ ਗਈ ਕੋਈ ਗੱਲ ਵੀ ਬਰਦਾਸ਼ਤ ਨਹੀਂ ਹੁੰਦੀ, ਉਹ ਖੁਦ ਦੂਸਰਿਆਂ ਦੇ ਖਿਲਾਫ ਹਰ ਗੱਲ ਬਿਨਾ ਬ੍ਰੇਕ ਲਾਏ ਤੋਂ ਕਹਿਣਾ ਆਪਣਾ ਹੱਕ ਸਮਝਦੇ ਹਨ। ਲੋਕਤੰਤਰ ਦਾ ਚੰਗਾ ਪੱਖ ਹੀ ਇਹ ਹੈ ਕਿ ਇਸ ਵਿਚ ਕਿਸੇ ਇੱਕ ਜਾਂ ਦੂਜੇ ਨਾਲ ਵਿਤਕਰਾ ਨਾ ਕਰਨ ਦੀ ਸੋਚ ਹੁੰਦੀ ਹੈ, ਭਾਵੇਂ ਅਮਲ ਵਿਚ ਉਹ ਪੂਰੀ ਤਰ੍ਹਾਂ ਲਾਗੂ ਨਹੀਂ ਵੀ ਹੁੰਦੀ, ਪਰ ਧਾਰਨਾ ਤਾਂ ਇਹ ਹੁੰਦੀ ਹੈ। ਅਸੀਂ ਜਿਹੜੇ ਲੋਕਤੰਤਰੀ ਯੁੱਗ ਵਿਚ ਰਹਿਣ ਦਾ ਮੌਕਾ ਮਾਣਦੇ ਪਏ ਹਾਂ, ਉਸ ਵਿਚ ਸਿਰਫ ਆਪਣੇ ਲਈ ਹਰ ਕੋਈ ਹੱਕ ਨਹੀਂ ਮੰਗਿਆ ਜਾ ਸਕਦਾ, ਦੂਜੇ ਲੋਕਾਂ ਬਾਰੇ ਵੀ ਇਹ ਸੋਚਣਾ ਪਵੇਗਾ ਕਿ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸੱਟ ਨਾ ਲੱਗੇ। ਵਿਚਾਰਾਂ ਦੇ ਪ੍ਰਗਟਾਵੇ ਸਮੇਤ ਦੁਨੀਆਂ ਦਾ ਹਰ ਹੱਕ ਸਿਰਫ ਮੇਰੇ ਲਈ ਨਹੀਂ ਹੋਣਾ ਚਾਹੀਦਾ, ਸਭਨਾਂ ਨੂੰ ਉਸ ਦੀ ਗਾਰੰਟੀ ਹੋਣੀ ਚਾਹੀਦੀ ਹੈ ਅਤੇ ਇਹ ਗਾਰੰਟੀ ਸਿਰਫ ਦੇਸ਼ਾਂ ਦੇ ਕਾਨੂੰਨ ਨਹੀਂ ਦੇ ਸਕਦੇ, ਲੋਕਾਂ ਨੂੰ ਵੀ ਆਪੋ-ਆਪਣੀ ਮਾਨਸਿਕਤਾ ਦਾ ਹਿੱਸਾ ਬਣਾਉਣੀ ਚਾਹੀਦੀ ਹੈ।

# ਵਿਸ਼ਵ ਅੰਦਰ ਲੋਕਤੰਤਰ ਦਾ ਕਮਜ਼ੋਰ ਹੋਣਾ ਚਿੰਤਾ ਦਾ ਵਿਸ਼ਾ

ਅੱਬਾਸ ਧਾਲੀਵਾਲ ਮਾਲੇਰਕੋਟਲਾ
ਫੋਨ: 91-98552-59650

ਲੋਕਤੰਤਰ ਦੀ ਪਰਿਭਾਸ਼ਾ ਦਿੰਦਿਆਂ ਅਕਸਰ ਕਿਹਾ ਜਾਂਦਾ ਹੈ ਕਿ ਇਹ ਅਜਿਹੀ ਸ਼ਾਸਨ ਪ੍ਰਣਾਲੀ ਹੈ, ਜੋ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਹੁੰਦੀ ਹੈ; ਪਰ ਜੇ ਮਾਹਿਰਾਂ ਦੀ ਮੰਨੀਏ ਤਾਂ ਅਜੋਕੇ ਸਮੇਂ ਉਕਤ ਗੱਲਾਂ ਵਿਚੋਂ ਕੋਈ ਵੀ ਗੱਲ ਸੱਚ ਨਹੀਂ ਜਾਪਦੀ-ਨਾ ਲੋਕਾਂ ਦੀ, ਨਾ ਲੋਕਾਂ ਦੁਆਰਾ ਤੇ ਨਾ ਹੀ ਲੋਕਾਂ ਲਈ।

ਇਕ ਹਕੀਕੀ ਲੋਕਤੰਤਰੀ ਦੇਸ਼ 'ਚ ਮੁਲਕ ਦੇ ਆਵਾਮ ਨੂੰ ਜੇ ਹੁਕਮਰਾਨ ਜਮਾਤ ਦੀਆਂ ਨੀਤੀਆਂ ਵਿਚ ਆਪਣੇ ਹਿਤ ਸੁਰੱਖਿਅਤ ਨਾ ਲੱਗਣ ਤਾਂ ਹਾਕਮਾਂ ਨੂੰ ਆਪਹੁਦਰੇ ਅਧਿਕਾਰ ਨਹੀਂ ਹੋਣੇ ਚਾਹੀਦੇ ਕਿ ਉਹ ਆਪਣੀਆਂ ਨੀਤੀਆਂ ਰਾਸ਼ਟਰੀ ਹਿਤ ਦੇ ਨਾਂ ਹੇਠ ਥੋਪਣ ਅਤੇ ਕਾਨੂੰਨਾਂ ਨੂੰ ਜਬਰਨ ਆਲੋਚਕਾਂ ਦੀ ਜ਼ੁਬਾਨਬੰਦੀ ਲਈ ਹਥਿਆਰ ਬਣਾ ਕੇ ਵਰਤਣ। ਜਮਹੂਰੀਅਤ ਦਰਅਸਲ ਵਿਚਾਰਾਂ ਦੇ ਪ੍ਰਗਟਾਵੇ, ਘੱਟ ਗਿਣਤੀਆਂ ਅਤੇ ਦਲਿਤਾਂ ਲਈ ਬੇਖੌਫ ਅਤੇ ਬਰਾਬਰੀ ਦੇ ਸਿਆਸੀ ਤੇ ਸਮਾਜਕ ਮਾਹੌਲ ਵਿਚ ਹੀ ਫਲਦੀ-ਫੁਲਦੀ ਹੈ। ਲੋਕਤੰਤਰ ਵਿਚ ਅਸਹਿਮਤੀ ਅਤੇ ਵਿਰੋਧੀ ਵਿਚਾਰ ਰੱਖਣ ਦੇ ਹੱਕ ਦਾ ਸਨਮਾਨ ਕਰਕੇ ਹੀ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਚਾਇਆ ਜਾ ਸਕਦਾ ਹੈ। ਇਹ ਵਰਣਨਯੋਗ ਹੈ ਕਿ ਲੋਕ ਸਰੋਕਾਰਾਂ ਤੋਂ ਸੱਖਣੀਆਂ ਚੋਣਾਂ ਕਦਾਚਿਤ ਵੀ ਜਮਹੂਰੀਅਤ ਦੇ ਭਵਿੱਖ ਲਈ ਸ਼ੁਭ ਸ਼ਗਨ ਨਹੀਂ ਹੋ ਸਕਦੀਆਂ।

ਜਮਹੂਰੀਅਤ ਦੇ ਸੰਦਰਭ ਵਿਚ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਤਰਾਨਾ ਲਿਖਣ ਵਾਲੇ ਸ਼ਾਇਰ ਇਕਬਾਲ ਨੇ ਇਕ ਵਾਰ ਕੌੜਾ ਸੱਚ ਬਿਆਨ ਕਰਦਿਆਂ ਕਿਹਾ ਸੀ,

ਇਸ ਰਾਜ਼ ਕੋ ਇਕ
ਮਰਦ-ਏ-ਫਿਰੰਗੀ ਨੇ ਕੀਯਾ ਫਾਸ਼,
ਹਰ ਚੰਦ ਕੇ ਦਾਨਾ ਇਸੇ ਖੋਲ੍ਹਾ ਨਹੀਂ ਕਰਤੇ।
ਜਮਹੂਰੀਅਤ ਇਕ ਤਰਜ਼-ਏ-ਹਕੂਮਤ
ਕਿ ਜਿਸ ਮੇਂ
ਬੰਦੋਂ ਕੋ ਗਿਣਾ ਕਰਤੇ ਹੈਂ,
ਤੋਲਾ ਨਹੀਂ ਕਰਤੇ।

ਇਹ ਕਿ ਪਿਛਲੇ ਲੰਮੇ ਸਮੇਂ ਤੋਂ ਸਾਡਾ ਦੇਸ਼ ਵਿਸ਼ਵ ਦੀ ਵੱਡੀ ਜਮਹੂਰੀਅਤ ਕਹਾਉਣ ਦਾ ਦਮ ਭਰਦਾ ਆ ਰਿਹਾ ਹੈ, ਪਰ ਹੁਣ 'ਵੀ-ਡੈਮ ਇੰਸਟੀਚਿਊਟ' ਨੇ ਆਪਣੀ ਰਿਪੋਰਟ ਵਿਚ ਦੇਸ਼ ਦੇ ਲੋਕਤੰਤਰ ਦੇ ਡਿਗ ਰਹੇ ਮਿਆਰ, ਕਮਜ਼ੋਰ ਹੋ ਰਹੀ ਵਿਵਸਥਾ ਦੇ ਸੰਦਰਭ ਵਿਚ ਜੋ ਵਿਚਾਰ ਪ੍ਰਗਟਾਏ ਹਨ, ਉਹ ਯਕੀਨਨ ਸਾਡੇ ਸਭਨਾਂ ਲਈ ਚਿੰਤਾ ਦਾ ਵਿਸ਼ਾ ਹਨ।

ਇਸ ਰਿਪੋਰਟ ਨੂੰ ਸਵੀਡਨ ਦੀ ਗੋਟੇਨਬਰਗ ਯੂਨੀਵਰਸਿਟੀ ਨਾਲ ਜੁੜੀ ਵੀ-ਡੈਮ ਇੰਸਟੀਚਿਊਟ ਨਾਮੀ ਸੰਸਥਾ ਨੇ ਤਿਆਰ ਕੀਤਾ ਹੈ। ਇਸ ਸੰਸਥਾ ਦੇ ਅਧਿਕਾਰੀ ਦਾ ਮੰਨਣਾ ਹੈ ਕਿ ਭਾਰਤ ਵਿਚ ਲੋਕਤੰਤਰ ਦੀ ਵਿਗੜਦੀ ਸਥਿਤੀ ਦੀ ਉਨ੍ਹਾਂ ਨੂੰ ਫਿਕਰ ਹੈ। ਰਿਪੋਰਟ ਵਿਚ 'ਉਦਾਰ ਲੋਕਤੰਤਰ ਇੰਡੈਕਸ' ਵਿਚ ਭਾਰਤ ਨੂੰ 179 ਦੇਸ਼ਾਂ ਵਿਚੋਂ 90ਵਾਂ ਸਥਾਨ ਮਿਲਿਆ ਹੈ। ਜੋ ਯਕੀਨਨ ਦੇਸ਼ ਵਾਸੀਆਂ ਲਈ ਫਿਕਰ ਵਾਲੀ ਗੱਲ ਹੈ, ਜਦੋਂ ਕਿ ਉਕਤ ਰਿਪੋਰਟ ਦੇ ਇੰਡੈਕਸ ਵਿਚ ਡੈਨਮਾਰਕ ਪਹਿਲੇ ਸਥਾਨ 'ਤੇ ਰਿਹਾ ਹੈ। ਇਸ ਦੇ ਨਾਲ ਹੀ ਸਾਡੇ ਗੁਆਂਢੀ ਦੇਸ਼ਾਂ 'ਚੋਂ ਸ੍ਰੀਲੰਕਾ 70ਵੇਂ ਨੰਬਰ 'ਤੇ ਹੈ, ਜਦੋਂ ਕਿ ਨੇਪਾਲ 72ਵੇਂ, ਪਾਕਿਸਤਾਨ 126ਵੇਂ ਅਤੇ ਬੰਗਲਾਦੇਸ਼ 154ਵੇਂ ਸਥਾਨ 'ਤੇ ਆਏ ਹਨ।

ਰਿਪੋਰਟ ਵਿਚ ਭਾਰਤ ਦੇ ਸੰਦਰਭ ਵਿਚ ਕਿਹਾ ਗਿਆ ਹੈ ਕਿ ਮੀਡੀਆ, ਸਿਵਲ ਸੁਸਾਇਟੀ ਅਤੇ ਸਰਕਾਰ ਵਿਚ ਵਿਰੋਧੀ ਧਿਰ ਦੀ ਥਾਂ ਘੱਟ ਹੁੰਦੀ ਜਾ ਰਹੀ ਹੈ, ਜਿਸ ਕਾਰਨ ਲੋਕਤੰਤਰੀ ਦੇਸ਼ ਵਜੋਂ ਭਾਰਤ ਆਪਣਾ ਸਥਾਨ ਗੁਆਉਣ ਦੀ ਕਗਾਰ ਵਲ ਵਧ ਰਿਹਾ ਹੈ।

ਵੀ-ਡੈਮ ਇੰਸਟੀਚਿਊਟ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਿਪੋਰਟ ਨੂੰ ਤਿਆਰ ਕਰਨ ਵੇਲੇ ਗਲੋਬਲ ਸਟੈਂਡਰਡ ਅਤੇ ਸਥਾਨਕ ਜਾਣਕਾਰੀਆਂ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਸੰਸਥਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਰਿਪੋਰਟ ਬਾਕੀ ਰਿਪੋਰਟਾਂ ਤੋਂ ਵੱਖ ਹੈ, ਕਿਉਂਕਿ ਇਹ ਜਟਿਲ ਡਾਟਾ 'ਤੇ ਆਧਾਰਿਤ ਹੈ।

ਰਿਪੋਰਟ ਤਿਆਰ ਕਰਨ ਵਾਲੇ ਸਟਾਫਨ ਲਿੰਡਬਰਗ ਨੇ ਇੱਕ ਇੰਟਰਵਿਊ ਵਿਚ ਆਖਿਆ ਹੈ, "ਇਹ ਮੈਂ ਜਾਂ ਪੱਛਮੀ ਦੇਸ਼ਾਂ ਵਿਚ ਬੈਠੇ ਲੋਕ ਭਾਰਤ ਜਾਂ ਦੂਜੇ ਦੇਸ਼ਾਂ ਵਿਚ ਲੋਕਤੰਤਰ ਦੀ ਦਸ਼ਾ 'ਤੇ ਨਹੀਂ ਬੋਲ ਰਹੇ ਹਨ।...ਸਾਡੇ ਨਾਲ 3 ਹਜ਼ਾਰ ਤੋਂ ਵੱਧ ਮਾਹਰਾਂ ਦਾ ਇੱਕ ਨੈਟਵਰਕ ਜੁੜਿਆ ਹੈ, ਜਿਨ੍ਹਾਂ ਵਿਚ ਭਾਰਤ ਵਿਚ ਕੰਮ ਕਰਨ ਵਾਲੇ ਪੜ੍ਹੇ-ਲਿਖੇ ਲੋਕ ਵੀ ਹਨ, ਜੋ ਸਿਵਲ ਸੁਸਾਇਟੀ ਅਤੇ ਸਿਆਸੀ ਪਾਰਟੀਆਂ ਨੂੰ ਜਾਣਦੇ ਹਨ। ਉਨ੍ਹਾਂ ਦੀ ਮੁਹਾਰਤ ਪੱਕੀ ਹੈ।"

ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਹਿਯੋਗੀ ਕਿਸੇ ਵੀ ਇੱਕ ਦੇਸ਼ ਵਿਚ 400 ਇੰਡੀਕੇਟਰਸ ਨੂੰ ਲੈ ਕੇ ਲੋਕਤੰਤਰ ਦੀ ਸਿਹਤ ਨੂੰ ਪਰਖਣ ਦੀ ਕੋਸ਼ਿਸ਼ ਕਰਦੇ ਹਨ।

ਇਨ੍ਹਾਂ 'ਚੋਂ ਜੋ ਇੰਡੀਕੇਟਰਸ ਹਨ, ਉਨ੍ਹਾਂ 'ਚ ਬੋਲਣ ਦੀ ਸੁਤੰਤਰਤਾ, ਮੀਡੀਆ ਦੀ ਸੁਤੰਤਰਤਾ, ਸਿਵਲ ਸੁਸਾਇਟੀ ਦੀ ਸੁਤੰਤਰਤਾ, ਚੋਣਾਂ ਦੀ ਗੁਣਵਤਾ, ਮੀਡੀਆ ਵਿਚ ਵੱਖ-ਵੱਖ ਵਿਚਾਰਾਂ ਦੀ ਥਾਂ ਅਤੇ ਸਿੱਖਿਆ ਵਿਚ ਸੁਤੰਤਰਤਾ ਆਦਿ ਸ਼ਾਮਲ ਹਨ।

ਲਿੰਡਬਰਗ ਅਨੁਸਾਰ, "ਮੇਰੇ ਵਿਚਾਰ ਵਿਚ ਪਿਛਲੇ 5 ਸਾਲ ਤੋਂ 8 ਸਾਲਾਂ ਵਿਚ ਸਥਿਤੀ ਵਧੇਰੇ ਵਿਗੜ ਗਈ ਹੈ। ਭਾਰਤ ਹੁਣ ਲੋਕਤੰਤਰ ਨਾ ਅਖਵਾਏ ਜਾਣ ਵਾਲੇ ਦੇਸ਼ਾਂ ਦੀ ਸੂਚੀ ਵਿਚ ਆਉਣ ਦੇ ਬਿਲਕੁਲ ਨੇੜੇ ਹੈ।" ਉਨ੍ਹਾਂ ਦਾ ਇਹ ਵੀ ਮੰਨਣਾ ਹੈ, "ਸਾਡੇ ਇੰਡੀਕੇਟਰਸ ਦੱਸਦੇ ਹਨ ਕਿ ਪਿਛਲੇ ਕੁਝ ਸਾਲਾਂ ਵਿਚ ਸਰਕਾਰ ਪ੍ਰਤੀ ਮੀਡੀਆ ਦਾ ਪੱਖ ਲੈਣ ਦਾ ਸਿਲਸਿਲਾ ਕਾਫੀ ਵਧ ਗਿਆ ਹੈ। ਸਰਕਾਰ ਵੱਲੋਂ ਪੱਤਰਕਾਰਾਂ ਨੂੰ ਤਸੀਹੇ ਦਿੱਤੇ ਜਾਣ, ਮੀਡੀਆ ਨੂੰ ਸੈਂਸਰ ਕਰਨ ਦੀ ਕੋਸ਼ਿਸ਼ ਕਰਨਾ, ਪੱਤਰਕਾਰਾਂ ਦੀ ਗ੍ਰਿਫਤਾਰੀ ਅਤੇ ਮੀਡੀਆ ਵੱਲੋਂ ਸੈਲਫ ਸੈਂਸਰਸ਼ਿਪ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ।"

ਵੀ-ਡੈਮ ਦੀ ਰਿਪੋਰਟ ਮੁਤਾਬਕ ਜੀ-20 ਦੇ ਸਾਰੇ ਪ੍ਰਮੁਖ ਦੇਸ਼ ਅਤੇ ਦੁਨੀਆਂ ਦੇ ਸਾਰੇ ਖੇਤਰ ਹੁਣ 'ਤਾਨਾਸ਼ਾਹੀ ਦੀ ਤੀਜੀ ਲਹਿਰ' ਵਿਚੋਂ ਲੰਘ ਰਹੇ ਹਨ, ਜਿਸ ਦੀ ਲਪੇਟ ਵਿਚ ਭਾਰਤ ਦੇ ਨਾਲ ਨਾਲ ਬ੍ਰਾਜ਼ੀਲ, ਅਮਰੀਕਾ ਅਤੇ ਤੁਰਕੀ ਜਿਹੀਆਂ ਅਰਥ-ਵਿਵਸਥਾਵਾਂ ਆ ਚੁਕੀਆਂ ਹਨ। ਲਿੰਡਬਰਗ ਦਾ ਇਹ ਵੀ ਕਹਿਣਾ ਹੈ, "ਭਾਰਤ ਵਿਚ ਜੋ ਹੋ ਰਿਹਾ ਹੈ, ਉਹ ਵਿਸ਼ਵ ਵਿਚ ਜਾਰੀ ਇੱਕ ਰੁਝਾਨ ਦਾ ਹਿੱਸਾ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਭਾਰਤ ਵਿਚ ਹੋ ਰਹੀ ਤਾਨਾਸ਼ਾਹੀ ਦੁਨੀਆਂ ਦੀ ਤਾਨਾਸ਼ਾਹੀ ਦੇ ਰਸਤੇ ਦਾ ਪਿੱਛਾ ਕਰ ਰਹੀ ਹੈ।" ਉਹ ਇਸ ਰੁਝਾਨ ਨਾਲ ਚਿੰਤਾ ਵਿਚ ਹਨ। ਉਹ ਅੱਗੇ ਕਹਿੰਦੇ ਹਨ, "ਚਿੰਤਾ ਦੀ ਗੱਲ ਇਹ ਹੈ ਕਿ ਦੁਨੀਆਂ ਜਿਨ੍ਹਾਂ ਲੋਕਤੰਤਰੀ ਦੇਸ਼ਾਂ ਵਿਚ ਇਹ ਰੁਝਾਨ ਹੁੰਦਾ ਹੈ, ਉਨ੍ਹਾਂ ਵਿਚੋਂ 80 ਫੀਸਦ ਤਾਨਾਸ਼ਾਹੀ ਵਿਚ ਤਬਦੀਲ ਹੋ ਗਏ ਹਨ।"

ਉਕਤ ਰਿਪੋਰਟ ਦੇ ਸੰਦਰਭ ਵਿਚ ਇੱਕ ਨਿਊਜ਼ ਰਿਪੋਰਟ ਅਨੁਸਾਰ ਸੂਰਿਆ ਪ੍ਰਕਾਸ਼ ਦਾ ਕਹਿਣਾ ਹੈ, "ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿਚ ਮੀਡੀਆ ਦੀ ਥਾਂ ਸੁੰਗੜਦੀ ਜਾ ਰਹੀ ਹੈ। ਪਿਛਲੇ 8-10 ਸਾਲਾਂ ਵਿਚ ਸਾਡੇ ਦੇਸ਼ ਵਿਚ ਕੀ ਹੋਇਆ ਹੈ, ਇਸ ਦਾ ਉਨ੍ਹਾਂ ਨੂੰ ਅੰਦਾਜ਼ਾ ਹੀ ਨਹੀਂ ਹੈ। ਰਜਿਸਟ੍ਰਾਰ ਆਫ ਨਿਊਜ਼ਪੇਪਰਜ਼ ਹਰ ਸਾਲ ਅੰਕੜੇ ਜਾਰੀ ਕਰਦੇ ਹਨ, ਜਿਸ ਮੁਤਾਬਕ 20174 ਦੈਨਿਕ ਅਖਬਾਰਾਂ ਦਾ ਸਰਕੂਲੇਸ਼ਨ 14 ਕਰੋੜ ਸੀ, ਜੋ 2018 ਵਿਚ ਵੱਧ ਕੇ 24 ਕਰੋੜ ਹੋ ਗਿਆ।"

ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ 'ਦੇਸ਼ ਵਿਚ 800 ਟੀ.ਵੀ. ਚੈਨਲ ਹਨ, ਜਿਨ੍ਹਾਂ 'ਚ 200 ਨਿਊਜ਼ ਚੈਨਲ ਹਨ। ਲੋਕਾਂ ਨੇ ਘਰਾਂ 'ਚ ਟੀ. ਵੀ. ਦੇਖਣ ਵਾਲੇ 14 ਕਰੋੜ ਸਨ, ਜੋ 2018 ਵਿਚ ਵਧ ਕੇ 20 ਕਰੋੜ ਹੋ ਗਏ। ਇੰਟਰਨੈਟ ਕੁਨੈਕਸ਼ਨ ਪੰਜ ਸਾਲਾਂ 'ਚ 15 ਕਰੋੜ ਤੋਂ 57 ਕਰੋੜ ਹੋ ਗਿਆ ਹੈ। ਜੇ ਤਾਨਾਸ਼ਾਹੀ ਹੋਵੇ ਤਾਂ ਮੀਡੀਆ ਦਾ ਇਸ ਤਰ੍ਹਾਂ ਨਾਲ ਵਿਸਥਾਰ ਕਿਵੇਂ ਹੋ ਸਕਦਾ ਹੈ?"

ਉਧਰ ਇਸੇ ਨਿਊਜ਼ ਰਿਪੋਰਟ ਅਨੁਸਾਰ ਓਬਜ਼ਰਵਰ ਰਿਸਰਚ ਫਾਊਂਡੇਸ਼ਨ ਦੇ ਨਿਰੰਜਨ ਸਾਹੂ ਨੇ ਉਕਤ ਰਿਪੋਰਟ ਨਾਲ ਸਹਿਮਤੀ ਪ੍ਰਗਟਾਉਂਦਿਆਂ ਆਖਿਆ ਹੈ, "'ਇੱਕ ਜ਼ਮਾਨਾ ਸੀ, ਜਦੋਂ ਨਿਆਂਪਾਲਿਕਾ ਅਤੇ ਚੋਣ ਕਮਿਸ਼ਨ ਵਰਗੀਆਂ ਭਾਰਤ ਦੀਆਂ ਸੁਤੰਤਰ ਸੰਸਥਾਵਾਂ ਦਾ ਸਰਕਾਰ ਅਤੇ ਸ਼ਕਤੀਸ਼ਾਲੀ ਨੇਤਾਵਾਂ ਦੇ ਦਬਾਅ ਵਿਚ ਨਾ ਆਉਣ ਲਈ ਵਿਸ਼ਵ ਵਿਚ ਭਾਰਤ ਦੀ ਪ੍ਰਸ਼ੰਸਾ ਹੁੰਦੀ ਸੀ।"

ਉਨ੍ਹਾਂ ਅੱਗੇ ਕਿਹਾ, "ਹੁਣ ਅਜਿਹਾ ਨਹੀਂ ਹੈ, ਇਨ੍ਹਾਂ ਸੰਸਥਾਵਾਂ ਨੂੰ ਸਰਕਾਰ ਸੋਚ ਮੁਤਾਬਕ ਢਾਲਣ ਲਈ ਲਗਾਤਾਰ ਯਤਨ ਜਾਰੀ ਹਨ। ਅੱਜ ਕਾਰਕੁਨ ਅਤੇ ਵਿਰੋਧੀ ਧਿਰ ਨੇਤਾਵਾਂ ਨੂੰ ਮਹੀਨਿਆਂ ਤੱਕ ਬਿਨਾ ਜ਼ਮਾਨਤ ਹਿਰਾਸਤ ਵਿਚ ਰੱਖਿਆ ਜਾਂਦਾ ਹੈ, ਨਿਆਂਪਾਲਿਕਾ ਆਪਣਾ ਮੂੰਹ ਮੋੜ ਲੈਂਦੀ ਹੈ। ਇਸ ਤਰ੍ਹਾਂ ਜਵਾਬਦੇਹੀ ਤੈਅ ਕਰਨ ਲਈ ਮਹੱਤਵਪੂਰਨ ਤੰਤਰ ਗਾਇਬ ਹੋ ਗਏ ਹਨ।"

ਇਸ ਦੇ ਨਾਲ ਨਾਲ ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ 'ਧਾਰਮਿਕ ਅਤੇ ਸਿਆਸੀ ਧਰੁਵੀਕਰਨ ਵਧ ਰਿਹਾ ਹੈ, ਜੋ ਜ਼ਿਆਦਾਤਰ ਸੋਸ਼ਲ ਮੀਡੀਆ ਵੱਲੋਂ ਸੰਚਾਲਿਤ ਹੁੰਦਾ ਹੈ ਅਤੇ ਜਿਸ ਦਾ ਸੱਤਾ ਧਿਰ ਸਿਆਸੀ ਲਾਹਾ ਚੁਕਦੇ ਹਨ। ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਸੁਤੰਤਰ ਦੇ ਸੰਦਰਭ ਵਿਚ ਇਸ ਦੇ ਵੱਡੇ ਨਕਾਰਾਤਮਕ ਅਸਰ ਹੁੰਦੇ ਹਨ।...ਇਸ ਨਾਲ ਦੇਸ਼ ਵਿਚ ਰਾਜਨੀਤੀ ਮਾਹੌਲ ਜ਼ਹਿਰੀਲਾ ਹੋ ਰਿਹਾ ਹੈ। ਘੱਟ ਗਿਣਤੀ ਅਤੇ ਵਿਰੋਧੀ ਦਲਾਂ ਦੇ ਨੇਤਾਵਾਂ ਨੂੰ ਕਮਜ਼ੋਰ ਅਤੇ ਖਲਨਾਇਕ ਜਾਂ ਰਾਸ਼ਟਰ ਵਿਰੋਧੀ ਦੇ ਰੂਪ ਵਿਚ ਦਿਖਾਇਆ ਜਾ ਰਿਹਾ ਹੈ।"

ਕੁਲ ਮਿਲਾ ਕੇ ਵਿਸ਼ਵ ਦੇ ਲੋਕਤੰਤਰੀ ਦੇਸ਼ਾਂ ਵਿਚ ਮੌਜੂਦਾ ਸਮੇਂ ਜਿਸ ਤਰ੍ਹਾਂ ਵੱਖ ਵੱਖ ਲੋਕਤੰਤਰੀ ਦੇਸ਼ਾਂ ਦੇ ਸਿਆਸੀ ਲੋਕਾਂ ਦੁਆਰਾ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਦਾਅ ਲਾਈ ਜਾ ਰਹੀ ਹੈ, ਉਸ ਦੇ ਚਲਦਿਆਂ ਯਕੀਨਨ ਆਉਣ ਵਾਲੇ ਸਮੇਂ ਵਿਚ ਵਿਸ਼ਵ 'ਚ ਇਕ ਆਦਰਸ਼ ਲੋਕਤੰਤਰ ਪ੍ਰਣਾਲੀ ਦੇ ਰਸਤੇ ਵਿਚ ਗੰਭੀਰ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ। ਇਸ ਸੰਦਰਭ ਵਿਚ ਸਭਨਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ।

# ਕਿਸਾਨ ਸੰਘਰਸ਼: ਗੁਰਮਤਿ, ਪੰਜਾਬ ਅਤੇ ਸਿੱਖ ਇਤਿਹਾਸ

ਕੇਂਦਰ ਸਰਕਾਰ ਵਲੋਂ ਦੇਸ਼ ਦੇ ਖੇਤੀਬਾੜੀ ਢਾਂਚੇ ਵਿਚ ਸੁਧਾਰ ਕਰਨ ਦੇ ਬਹਾਨੇ ਬਣਾਏ ਗਏ ਤਿੰਨ ਨਵੇਂ ਕਾਨੂੰਨਾਂ ਵਿਰੁਧ ਪੰਜਾਬ ਅੰਦਰ ਕਿਸਾਨੀ ਦੇ ਹੋਏ ਉਭਾਰ ਨੇ ਦੁਨੀਆਂ ਭਰ ਵਿਚ ਬੈਠੇ ਸੁਹਿਰਦ ਪੰਜਾਬੀਆਂ ਨੂੰ ਟੁੰਬਿਆ ਹੈ। ਉਹ ਬੜੀ ਨੀਝ ਅਤੇ ਚਿੰਤਾ ਨਾਲ ਇਸ ਸੰਘਰਸ਼ ਵੱਲ ਵੇਖ ਰਹੇ ਹਨ। ਇਹ ਸਭ ਨੂੰ ਪਤਾ ਹੈ ਕਿ ਕਾਂਗਰਸ, ਬਾਦਲ ਦਲੀਆਂ ਅਤੇ ਕੁਝ ਹੋਰਨਾਂ ਜਥੇਬੰਦੀਆਂ ਨੇ ਮਜਬੂਰੀ ਵਸ ਭਾਵੇਂ ਇਸ ਸੰਘਰਸ਼ ਦੀ ਹਮਾਇਤ ਕੀਤੀ ਹੈ, ਪਰ ਇਹ ਹਮਾਇਤ ਵਕਤੀ ਹੈ ਅਤੇ ਫੌਰੀ ਰਾਜਸੀ ਹਿਤਾਂ ਤੋਂ ਪ੍ਰੇਰਿਤ ਹੈ। ਇਹ ਵੀ ਸੱਚਾਈ ਹੈ ਕਿ 31 ਕਿਸਾਨ ਜਥੇਬੰਦੀਆਂ, ਜੋ ਇਸ ਸੰਘਰਸ਼ ਦੀ ਅਗਵਾਈ ਕਰ ਰਹੀਆਂ ਹਨ, ਉਹ ਸਾਰੀਆਂ ਵੀ ਇਕ ਸੋਚ ਦੀਆਂ ਧਾਰਨੀ ਨਹੀਂ ਹਨ। ਅਜਮੇਰ ਸਿੰਘ ਲੱਖੋਵਾਲ ਦੀ ਕਿਸਾਨ ਜਥੇਬੰਦੀ ਦਾ ਹੀਜ ਪਿਆਜ ਸੰਘਰਸ਼ ਦੇ ਮੁੱਢ ਵਿਚ ਹੀ ਨਸ਼ਰ ਹੋ ਗਿਆ ਹੈ। ਇਸੇ ਲੱਖੋਵਾਲ ਨੇ 1984 ਵਿਚ ਸਿੱਖ ਸੰਘਰਸ਼ ਵਲੋਂ ਲੋਕਾਂ ਦਾ ਧਿਆਨ ਲਾਂਭੇ ਹਟਉਣ ਲਈ ਗਵਰਨਰ ਹਾਊਸ ਦੇ ਘੇਰਾਓ ਕਰਨ ਦਾ ਪਾਖੰਡ ਕੀਤਾ ਸੀ, ਪਰ ਉਦੋਂ ਇਸ ਦੀ ਸਰਕਾਰ ਭਗਤੀ ਨਸ਼ਰ ਨਹੀਂ ਸੀ ਹੋ ਸਕੀ।

**ਗੁਰਬਚਨ ਸਿੰਘ**
ਫੋਨ: 91-98156-98451

ਕਿਸਾਨੀ ਦੇ ਹੋਏ ਇਸ ਉਭਾਰ ਬਾਰੇ ਇਕ ਗੱਲ ਬੜੀ ਸਪਸ਼ਟ ਹੈ ਕਿ ਤਤ ਰੂਪ ਵਿਚ ਇਹ ਸਿੱਖ ਉਭਾਰ ਹੈ। ਇਸੇ ਕਰ ਕੇ ਦੁਨੀਆਂ ਭਰ ਦੇ ਹਰੇਕ ਕੋਨੇ ਵਿਚ ਬੈਠੇ ਸਿੱਖ ਇਸ ਸੰਘਰਸ਼ ਦੀ ਹਮਾਇਤ ਵਿਚ ਮੁਜਾਹਰੇ ਕਰ ਰਹੇ ਹਨ। ਪਿਛਲੇ ਕਰੀਬ ਚਾਰ ਦਹਾਕਿਆਂ ਵਿਚ ਪੰਜਾਬ ਅੰਦਰ ਜੋ ਕੁਝ ਵਾਪਰਿਆ ਹੈ, ਉਸ ਬਾਰੇ ਸਿੱਖਾਂ ਦੇ ਮਨਾਂ ਵਿਚ ਭਰਿਆ ਰੋਸ ਕਿਸੇ ਨਾ ਕਿਸੇ ਰੂਪ ਵਿਚ ਇਸ ਸੰਘਰਸ਼ ਵਿਚੋਂ ਵੀ ਪ੍ਰਗਟ ਹੋ ਰਿਹਾ ਹੈ, ਪਰ ਇਸ ਸੰਘਰਸ਼ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਕਿਸਾਨ ਜਥੇਬੰਦੀਆਂ ਦੇ ਰੂਪ ਵਿਚ ਇਸ ਦੀ ਅਗਵਾਈ 'ਕਮਿਊਨਿਸਟ' ਕਰ ਰਹੇ ਹਨ। ਉਹ ਕਮਿਊਨਿਸਟ, ਜਿਨ੍ਹਾਂ ਦੀ ਸੋਚ ਮਾਰਕਸਵਾਦੀ ਫਿਲਾਸਫੀ ਤੋਂ ਕੋਰੀ ਹੈ ਅਤੇ ਜਿਨ੍ਹਾਂ ਦੀ ਸੋਚ ਉਤੇ ਆਰਥਕਵਾਦ ਭਾਰੂ ਹੈ। ਜਿਨ੍ਹਾਂ ਨੂੰ ਮਨੁੱਖ ਦੀ ਪੂਰਨ ਮੁਕਤੀ ਦੇ ਵਿਕਸਿਤ ਕੀਤੇ ਗਏ ਮਾਰਕਸਵਾਦੀ ਸੰਕਲਪ ਦੀ ਉਕਾ ਹੀ ਕੋਈ ਜਾਣਕਾਰੀ ਨਹੀਂ। ਇਸੇ ਕਰ ਕੇ ਉਹ ਗੁਰਮਤਿ, ਪੰਜਾਬ ਅਤੇ ਸਿੱਖ ਇਤਿਹਾਸ ਨੂੰ ਨਫਰਤ ਕਰਦੇ ਹਨ। ਉਨ੍ਹਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿਚ ਵਿਕਸਿਤ ਕੀਤੇ ਗਏ 'ਸਿੱਖ ਪਾਤਸ਼ਾਹੀ' ਦੇ ਮਹਾਨ ਸੰਕਲਪ ਦੀ ਕੋਈ ਸੋਝੀ ਨਹੀਂ। ਉਹ ਕਿਸਾਨੀ ਦੇ ਇਸ ਉਭਾਰ ਨੂੰ ਵੀ ਮੁਖ ਰੂਪ ਵਿਚ ਆਰਥਕ ਭਾਵ 'ਫਸਲਾਂ ਦੇ ਭਾਅ ਨਿਸ਼ਚਿਤ ਕਰਨ ਅਤੇ ਉਨ੍ਹਾਂ ਅਨੁਸਾਰ ਫਸਲਾਂ ਦੀ ਖਰੀਦ ਕਰਨ' ਦੇ ਪੱਖ ਤੋਂ ਵੇਖ ਰਹੇ ਹਨ; ਜਦੋਂ ਕਿ ਇਹ ਸੱਚਾਈ ਸਪਸ਼ਟ ਹੈ ਕਿ ਜੇ ਪੰਜਾਬ ਦੇ ਕਿਸਾਨਾਂ ਦੀਆਂ ਫਸਲਾਂ ਘੱਟੋ ਘੱਟ ਸਹਾਇਕ ਕੀਮਤਾਂ ਉਤੇ ਖਰੀਦਣੀਆਂ ਜਾਰੀ ਵੀ ਰਹਿਣ, ਤਾਂ ਵੀ ਹਰੇ ਇਨਕਲਾਬ ਨਾਲ ਅਰੰਭ ਹੋਇਆ ਪੰਜਾਬ ਦਾ ਉਜਾੜਾ ਉਵੇਂ ਹੀ ਹੁੰਦਾ ਰਹੇਗਾ।

ਦਰਅਸਲ ਪੰਜਾਬ ਅਤੇ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਕਿਸਾਨੀ ਦਾ ਹੋ ਰਿਹਾ ਇਹ ਉਭਾਰ ਭਾਰਤੀ ਕੇਂਦਰੀ ਰਾਜ ਦੇ ਵਜੂਦ ਸਮੋਈ ਇਕ ਬੁਨਿਆਦੀ ਵਿਰੋਧਤਾਈ ਨੂੰ ਪ੍ਰਗਟ ਕਰ ਰਿਹਾ ਹੈ। ਹੁਣ ਤਕ ਜਿਨ੍ਹਾਂ ਸਾਮਰਾਜੀ ਪੂੰਜੀਵਾਦੀ ਆਰਥਕ ਰਿਸ਼ਤਿਆਂ ਉਤੇ ਟੇਕ ਰੱਖ ਕੇ ਸਮੁਚੇ ਦੇਸ਼ ਦਾ ਵਿਕਾਸ ਹੋ ਰਿਹਾ ਹੈ, ਉਹ ਸਾਮਰਾਜੀ ਪੈਦਾਵਾਰੀ ਪ੍ਰਬੰਧ ਦੁਨੀਆਂ ਭਰ ਵਿਚ ਹੀ ਸੰਕਟਗ੍ਰਸਤ ਹੋ ਗਿਆ ਹੈ। 2008 ਵਿਚ ਸ਼ੁਰੂ ਹੋਇਆ ਸੰਸਾਰ ਸਾਮਰਾਜੀ ਆਰਥਕ ਮੰਦਵਾੜਾ ਖਤਮ ਹੋਣ ਦੀ ਥਾਂ ਹੋਰ ਫੈਲਦਾ ਜਾ ਰਿਹਾ ਹੈ। ਸਾਮਰਾਜੀ ਪੈਦਾਵਾਰ ਦੇ ਵਜੂਦ ਸਮੋਏ ਇਸ ਸੰਕਟ ਕਾਰਨ ਦਿਨੋ-ਦਿਨ ਨਿਘਰਦੇ ਜਾ ਰਹੇ ਅਮਰੀਕੀ ਸਾਮਰਾਜ ਦੀ ਥਾਂ ਲੈਣ ਲਈ ਚੀਨੀ ਸਾਮਰਾਜੀ ਆਪਣੇ ਪਰ ਤੋਲ ਰਹੇ ਹਨ। ਭਾਵੇਂ ਇਸ ਆਰਥਕ ਸੰਕਟ ਨੇ ਭਾਰਤੀ ਸਾਮਰਾਜੀ ਰਾਜ ਪ੍ਰਬੰਧ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ, ਪਰ ਬ੍ਰਾਹਮਣਵਾਦੀ ਕਲਪਨਾ ਵਿਚ ਜਿਊਣ ਵਾਲੇ ਭਾਰਤੀ ਸਾਮਰਾਜੀ ਹਾਕਮ ਆਪਣੇ ਕਮਜ਼ੋਰ ਆਧਾਰ ਦੇ ਬਾਵਜੂਦ ਅਜੇ ਵੀ ਸੰਸਾਰ ਦੀ ਇਕ ਮਹਾਸ਼ਕਤੀ ਬਣਨ ਦੇ ਸੁਪਨੇ ਲੈ ਰਹੇ ਹਨ। ਉਹ ਇਸ ਗਲਤ ਧਾਰਨਾ ਦਾ ਵੀ ਸ਼ਿਕਾਰ ਹਨ ਕਿ ਅਜੋਕੇ ਸਾਮਰਾਜੀ ਸੰਕਟ ਵਿਚੋਂ ਬਾਹਰ ਨਿਕਲਣ ਲਈ ਉਹ ਡੁਬ ਰਹੇ ਅਮਰੀਕੀ ਸਾਮਰਾਜੀ ਬੇੜੇ ਉਤੇ ਸੁਆਰ ਹੋ ਕੇ ਚੀਨੀ ਸਾਮਰਾਜ ਦਾ ਮੁਕਾਬਲਾ ਕਰਨ ਵਿਚ ਸਫਲ ਹੋ ਸਕਦੇ ਹਨ।

ਅੰਬਾਨੀ-ਅਡਾਨੀ ਵਰਗੇ ਸਾਮਰਾਜੀ ਕਾਰਪੋਰੇਟਾਂ ਲਈ ਬਾਹਰਲੀ ਮੰਡੀ ਸੁੰਗੜ ਜਾਣ ਕਾਰਨ ਹੁਣ ਉਨ੍ਹਾਂ ਦੇ ਮੁਨਾਫੇ ਵਧਾਉਣ ਲਈ ਦੇਸ਼ ਵਿਚਲੀ ਮੰਡੀ ਦਾ ਫੈਲਾਅ ਕਰਨਾ ਮੋਦੀ ਸਰਕਾਰ ਦੀ ਮਜਬੂਰੀ ਬਣ ਗਈ ਹੈ। ਫਿਰ ਸੰਸਾਰ ਬੈਂਕ, ਸੰਸਾਰ ਵਪਾਰ ਸੰਸਥਾ ਅਤੇ ਕੌਮਾਂਤਰੀ ਮਾਲੀ ਫੰਡ ਵਰਗੇ ਆਲਮੀ ਅਦਾਰੇ ਬੜੇ ਲੰਬੇ ਸਮੇਂ ਤੋਂ ਇਨ੍ਹਾਂ ਸੁਧਾਰਾਂ ਲਈ ਕੇਂਦਰ ਸਰਕਾਰ ਉਤੇ ਦਬਾਅ ਪਾ ਰਹੇ ਹਨ। ਕਰੋਨਾ ਵਾਇਰਸ ਕਾਰਨ ਚਰਮਰਾ ਰਹੀ ਭਾਰਤੀ ਆਰਥਕਤਾ ਨੂੰ ਠੁੰਮਣਾ ਦੇਣ ਲਈ ਆਲਮੀ ਮਾਲੀ ਅਦਾਰਿਆਂ ਕੋਲੋਂ ਕਰਜਾ ਲੈਣ ਵਾਸਤੇ ਦੇਸ਼ ਦੀ ਖੇਤੀ ਉਪਜ ਨੂੰ ਸੰਸਾਰ ਮੰਡੀ ਨਾਲ ਜੋੜਨਾ, ਮੋਦੀ ਸਰਕਾਰ ਦੀ ਇਕ ਹੋਰ ਮਜਬੂਰੀ ਹੈ। ਮੋਦੀ ਸਰਕਾਰ ਵਲੋਂ ਬੜੀ ਕਾਹਲ ਨਾਲ ਸੁਧਾਰਾਂ ਦੇ ਨਾਂ ਉਤੇ ਦੇਸ਼ ਦੇ ਆਰਥਕ ਤੇ ਰਾਜਸੀ ਢਾਂਚੇ ਵਿਚ ਕੀਤੀਆਂ ਜਾ ਰਹੀਆਂ ਇਹ ਤਬਦੀਲੀਆਂ ਦਰਅਸਲ ਉਸ ਦੇ ਇਸ ਆਰਥਕ ਸੰਕਟ ਨੂੰ ਹੱਲ ਕਰਨ ਦੇ ਯਤਨਾਂ ਦਾ ਇਕ ਅੰਗ ਹਨ। ਨੋਟ ਬੰਦੀ ਤੇ ਨੋਟ ਬਦਲੀ ਅਤੇ ਫਿਰ ਦੇਸ਼ ਭਰ ਵਿਚ ਜੀ. ਐਸ. ਟੀ. ਨੂੰ ਲਾਗੂ ਕਰਨਾ ਵੀ ਇਨ੍ਹਾਂ ਯਤਨਾਂ ਦਾ ਇਕ ਹਿੱਸਾ ਸਨ। ਬਦਦਵਾਸੀ ਵਿਚ ਕਿਰਤ ਕਾਨੂੰਨਾਂ ਵਿਚ ਕੀਤੀ ਗਈ ਤਬਦੀਲੀ ਅਤੇ ਖੜ੍ਹੇ ਪੈਰ ਜਰੂਰੀ ਵਸਤੂ ਐਕਟ ਵਿਚ ਤਬਦੀਲੀ ਵੀ ਮੋਦੀ ਸਰਕਾਰ ਦੀਆਂ ਇਨ੍ਹਾਂ ਨੀਤੀਆਂ ਦਾ ਹੀ ਜਾਰੀ ਰੂਪ ਹਨ।

ਇਹ ਇਕੱਲਾ ਫਸਲਾਂ ਦੇ ਭਾਵਾਂ ਦਾ ਮਸਲਾ ਨਹੀਂ। ਮੌਜੂਦਾ ਕਿਸਾਨੀ ਸੰਕਟ ਨੂੰ ਪੰਜਾਬ ਦੇ ਬੀਤੇ ਇਤਿਹਾਸ ਨਾਲੋਂ ਤੋੜ ਕੇ ਵੇਖਣਾ ਅਤੇ ਇਸ ਨੂੰ ਮਹਿਜ ਇਕ ਆਰਥਕ ਮਸਲਾ ਬਣਾ ਕੇ ਪੇਸ਼ ਕਰਨਾ ਨਾ ਸਿਰਫ ਗੁੰਮਰਾਹਕੁੰਨ ਹੈ, ਸਗੋਂ ਪੰਜਾਬ ਦੇ ਲੋਕਾਂ ਨਾਲ ਕੀਤਾ ਜਾਣ ਵਾਲਾ ਇਕ ਹੋਰ ਧੋਖਾ ਹੈ। ਪੰਜਾਬ ਦਾ ਮੌਜੂਦਾ ਸੰਕਟ ਸਰਬ ਪੱਖੀ ਹੈ ਅਤੇ ਇਸ ਦਾ ਮੂਲ ਕਾਰਨ ਪੰਜਾਬ ਦੇ ਵਿਕਾਸ ਦਾ ਬਸਤੀਵਾਦੀ ਢੰਗ ਅਤੇ ਇਸ ਆਧਾਰ ਉਤੇ ਹੋਇਆ ਹਰਾ ਇਨਕਲਾਬ ਹੈ। ਹਰੇ ਇਨਕਲਾਬ ਦੇ ਫਲਸਰੂਪ ਰਸਾਇਣਕ ਖਾਦਾਂ ਦੀ ਮਾਰ ਹੇਠ ਆਈ ਪੰਜਾਬ ਦੀ ਜਮੀਨ ਜ਼ਹਿਰੀ ਹੋਈ ਹੈ। ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਹੈ ਅਤੇ ਪੰਜਾਬ ਅੰਦਰ ਅਣਕਿਆਸੇ ਰੋਗਾਂ ਦੀ ਆਮਦ ਹੋਈ ਹੈ। ਕਿਰਤ ਸਭਿਆਚਾਰ ਦੇ ਖਤਮ ਹੋਣ ਅਤੇ ਸਾਮਰਾਜੀ ਖਪਤਕਾਰੀ ਸਭਿਆਚਾਰ ਦੇ ਫੈਲਣ ਨਾਲ ਪੰਜਾਬ ਵਿਚੋਂ ਬੜੀ ਤੇਜੀ ਨਾਲ ਪਰਵਾਸ ਵਧਿਆ ਹੈ। ਸਾਮਰਾਜੀ ਤਰਜ ਦੇ ਹੋ ਰਹੇ ਇਸ ਵਿਕਾਸ ਦੀ ਬਦੌਲਤ ਪੰਜਾਬ ਦਾ ਸਮੁੱਚਾ ਆਰਥਕ, ਰਾਜਸੀ ਅਤੇ ਸਮਾਜੀ-ਸਭਿਆਚਾਰਕ ਤਾਣਾ-ਬਾਣਾ ਉਖੜ ਗਿਆ ਹੈ। ਸਮਾਜੀ ਤੇ ਪਰਿਵਾਰਕ ਰਿਸ਼ਤਿਆਂ ਵਿਚ ਆਇਆ ਨਿਘਾਰ ਸਮੁੱਚੇ ਸਭਿਆਚਾਰਕ ਨਿਘਾਰ ਦਾ ਪ੍ਰਗਟ ਰੂਪ ਹੈ।

ਮੋਦੀ ਸਰਕਾਰ ਇਨ੍ਹਾਂ ਖੇਤੀ ਸੁਧਾਰਾਂ ਰਾਹੀਂ ਪੰਜਾਬ ਦੀ ਕਿਸਾਨੀ ਨੂੰ ਇਕ ਸ਼ਿਕੰਜੇ ਦੇ ਕੇ ਉਸ ਨੂੰ ਕਾਰਪੋਰੇਟ ਮੰਡੀ ਦਾ ਅਟੁਟ ਅੰਗ ਬਣਾਉਣਾ ਅਤੇ ਸਦਾ ਲਈ ਆਪਣੀ ਆਰਥਕ ਗੁਲਾਮੀ ਵਿਚ ਜਕੜਨਾ ਚਾਹੁੰਦੀ ਹੈ। ਪੰਜਾਬ ਦੀ ਰੀੜ੍ਹ ਦੀ ਹੱਡੀ ਕਿਸਾਨੀ ਦੀ ਆਰਥਕ ਕਮਰ ਤੋੜ ਕੇ ਉਨ੍ਹਾਂ ਨੂੰ ਸਦਾ ਲਈ ਘਸਿਆਰੇ ਬਣਾਉਣਾ ਚਾਹੁੰਦੀ ਹੈ ਅਤੇ ਮੁਖ ਰੂਪ ਵਿਚ ਸਿੱਖ ਕਿਸਾਨੀ ਨੂੰ ਸਦਾ ਲਈ ਆਪਣੇ ਆਰਥਕ ਗੁਲਾਮ ਬਣਾ ਕੇ ਉਨ੍ਹਾਂ ਦੇ ਸਿੱਖ ਸਵੈਮਾਣ ਨੂੰ ਕੁਚਲਣਾ ਚਾਹੁੰਦੀ ਹੈ। ਜੇ ਕੋਈ ਇਹ ਸੋਚਦਾ ਹੈ ਕਿ ਘੱਟੋ ਘੱਟ ਸਹਾਇਕ ਕੀਮਤ ਉਤੇ ਫਸਲਾਂ ਦੀ ਵਿਕਰੀ ਜਾਰੀ ਰਹਿਣ ਨਾਲ ਕਿਸਾਨੀ ਦਾ ਇਹ ਸੰਕਟ ਹੱਲ ਹੋ ਜਾਵੇਗਾ, ਉਹ ਗਲਤਫਹਿਮੀ ਦਾ ਸ਼ਿਕਾਰ ਹੈ। ਪੰਜਾਬ ਦੀ ਕਿਸਾਨੀ ਦਾ ਸੰਕਟ ਮੌਜੂਦਾ ਸੰਸਾਰ ਸਾਮਰਾਜੀ ਸੰਕਟ ਦਾ ਅਟੁਟ ਅੰਗ ਹੈ ਤੇ ਇਸ ਦਾ ਮੂਲ ਕਾਰਨ ਪੂੰਜੀਵਾਦੀ ਆਰਥਕ ਰਿਸ਼ਤੇ ਹਨ। ਜਿੰਨਾ ਚਿਰ ਇਨ੍ਹਾਂ ਰਿਸ਼ਤਿਆਂ ਨੂੰ ਨਹੀਂ ਬਦਲਿਆ ਜਾਂਦਾ, ਓਨੀ ਦੇਰ ਇਸ ਸੰਕਟ ਦਾ ਸਥਾਈ ਹੱਲ ਨਹੀਂ ਹੋ ਸਕਦਾ। ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੇ ਇਸੇ ਸਰਬ ਪੱਖੀ ਸੰਕਟ ਨੂੰ ਹੱਲ ਕਰਨ ਲਈ 1980ਵਿਆਂ ਦੇ ਅਰੰਭ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਧਰਮ ਯੁਧ ਮੋਰਚਾ ਲਾਇਆ ਸੀ।

26 ਜੁਲਾਈ 1981 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਦੀ ਧਾਰਮਿਕ, ਰਾਜਸੀ, ਆਰਥਕ, ਸਮਾਜਕ ਅਧੀਨਗੀ ਤੇ ਨਾਬਰਾਬਰੀ ਦੀਆਂ ਜ਼ੰਜੀਰਾਂ ਤੋੜਨ ਲਈ ਹੀ ਧਰਮ ਯੁਧ ਮੋਰਚੇ ਦਾ ਐਲਾਨ ਕੀਤਾ ਸੀ। ਉਸ ਐਲਾਨ ਵਿਚ ਸਪਸ਼ਟ ਕੀਤਾ ਗਿਆ ਸੀ ਕਿ ਜਗਤ ਇਤਿਹਾਸ ਇਹ ਸਾਖੀ ਭਰ ਰਿਹਾ ਹੈ ਕਿ ਮਾਨਵ ਕਲਿਆਣੀ ਜਮਾਤ ਦਾ ਸਦਾ ਮਾਨਸ ਖਾਣੀ ਜਮਾਤ ਨਾਲ ਟਕਰਾਓ ਰਿਹਾ ਹੈ। ਪੰਦਰਵੀਂ ਸਦੀ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਹਨੇਰੇ ਵਿਚ ਭਟਕਦੀ ਮਨੁੱਖਤਾ ਨੂੰ ਸੱਚ ਦਾ ਮਾਰਗ ਦਿਖਾਇਆ ਤਾਂ ਕਿ ਮਨੁੱਖਤਾ ਸਮਾਜਕ ਮੁਕਤੀ ਦੇ ਮਾਰਗ ਉਤੇ ਚਲਦਿਆਂ ਆਤਮਿਕ ਮੁਕਤੀ ਦੀ ਮੰਜ਼ਿਲ ਪਾ ਸਕੇ। ਇਸ ਪਾਵਨ ਆਸ਼ੇ ਦੀ ਪੂਰਤੀ ਲਈ ਹੀ ਦਸ ਗੁਰੂ ਸਾਹਿਬਾਨ ਨੇ 225 ਸਾਲ ਮਹਾਨ ਕੁਰਬਾਨੀਆਂ ਕਰ ਕੇ, ਤਤੀਆਂ ਤਵੀਆਂ ਉਤੇ ਬੈਠ ਕੇ, ਦਿੱਲੀ ਵਿਚ ਸੀਸ ਦੇ ਕੇ, ਸਰਬੰਸ ਵਾਰ ਕੇ, ਆਪਣੇ ਅਮਲੀ ਜੀਵਨ ਰਾਹੀਂ ਸਿੱਖੀ ਦਾ ਪ੍ਰਚਾਰ ਕੀਤਾ। ਸਰਬੰਸ ਦਾਨੀ ਦਸਮੇਸ਼ ਪਿਤਾ ਨੇ 1699 ਦੀ ਵਿਸਾਖੀ ਦੇ ਪਵਿੱਤਰ ਦਿਹਾੜੇ ਸਿੱਖ ਕੌਮ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਖਾਲਸੇ ਦੀ ਸਿਰਜਣਾ ਕੀਤੀ ਤੇ ਮਾਨਵਤਾ ਦੇ ਕਲਿਆਣ ਲਈ ਹਮੇਸ਼ਾ ਉਦਮਸ਼ੀਲ ਰਹਿਣ ਤੇ ਸੱਚ ਲਈ ਸੀਸ ਵਾਰਨ ਦਾ ਉਪਦੇਸ਼ ਦਿੱਤਾ। ਖਾਲਸਾ ਪੰਥ ਨੇ ਆਪਣੀ ਕਰਨੀ, ਬੀਰਤਾ ਤੇ ਕੁਰਬਾਨੀਆਂ ਨਾਲ ਸਦੀਆਂ ਦਾ ਇਤਿਹਾਸ ਬਦਲ ਦਿਤਾ। ਸਿੱਖ ਕੌਮ ਨੇ ਧਾੜਵੀਆਂ ਦੇ ਲੱਗੇ ਪੈਰਾਂ ਦੇ ਨਿਸ਼ਾਨਾਂ ਨੂੰ ਆਪਣੇ ਖੂਨ ਨਾਲ ਧੋ ਕੇ ਪੰਜਾਬ ਦੀ ਧਰਤੀ ਉਤੇ ਖਾਲਸਾ ਰਾਜ ਸਥਾਪਿਤ ਕੀਤਾ, ਜਿਹੜਾ ਪੰਥਕ ਗੱਦਾਰਾਂ ਤੇ ਨਮਕ-ਹਰਾਮੀਆਂ ਦੀਆਂ ਕਰਤੂਤਾਂ ਕਾਰਨ ਖਤਮ ਹੋ ਗਿਆ ਤੇ ਸਿੱਖ ਕੌਮ ਅੰਗਰੇਜ਼ਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਗਈ।

ਭਾਰਤੀ ਸੁਤੰਤਰਤਾ ਸੰਗਰਾਮ ਵਿਚ ਸਿੱਖ ਕੌਮ ਨੇ ਵਡਮੁੱਲਾ ਹਿੱਸਾ ਪਾਇਆ। 500 ਸਿੰਘ ਅਕਾਲੀ ਲਹਿਰ ਵਿਚ ਸ਼ਹੀਦ ਹੋਏ, 93 ਸਿੰਘਾਂ ਨੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ, 67 ਸਿੰਘ ਬਜਬਜ ਘਾਟ ਉਤੇ ਮੌਤ ਦੇ ਘਾਟ ਉਤਾਰੇ ਗਏ, 91 ਕੂਕੇ ਸਿੱਖ ਤੋਪਾਂ ਨਾਲ ਉਡਾਏ ਗਏ, 790 ਸਿੰਘ ਜੱਲਿਆਂ ਵਾਲੇ ਬਾਗ ਦੇ ਖੂਨੀ ਕਾਂਡ ਵਿਚ ਅੰਗਰੇਜ਼ਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ, 2147 ਸਿੱਖ ਜਲਾਵਤਨ ਕਰਕੇ ਕਾਲੇ ਪਾਣੀ ਭੇਜੇ ਗਏ। ਸਿੱਖ ਕੌਮ ਨੇ ਪੁਰ-ਅਮਨ ਜਲੂਸਾਂ ਵਿਚ ਲਾਠੀਆਂ ਗੋਲੀਆਂ ਖਾ ਕੇ, ਕਾਲ ਕੋਠੜੀਆਂ ਵਿਚ ਜਾ ਕੇ, ਜਾਇਦਾਦਾਂ ਕੁਰਕ ਕਰਵਾ ਕੇ, ਅਸਹਿ ਤੇ ਅਕਹਿ ਕੁਰਬਾਨੀਆਂ ਕਰਕੇ, ਅੰਗਰੇਜ਼ਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਿਆ ਅਤੇ ਸਿੱਖ ਕੌਮ ਦੀ ਕਿਸਮਤ ਨੂੰ ਆਜ਼ਾਦ ਭਾਰਤ ਨਾਲ ਜੋੜਿਆ, ਜਿਸ ਬਦਲੇ ਪੰਜ ਲੱਖ ਸਿੱਖ ਪਾਕਿਸਤਾਨ ਵਿਚ ਸ਼ਹੀਦ ਹੋਇਆ ਤੇ ਸਿੱਖ ਕੌਮ ਨੂੰ ਕਰੋੜਾਂ ਅਰਬਾਂ ਰੁਪਏ ਦੀ ਜਾਇਦਾਦ ਤੋਂ ਹੱਥ ਧੋਣੇ ਪਏ ਤੇ ਜਾਨਮਾਲ ਨਾਲੋਂ ਪਿਆਰੇ ਗੁਰਧਾਮਾਂ ਤੋਂ ਵਿਛੜਨਾ ਪਿਆ।

ਕਾਂਗਰਸ ਨੇ ਸਿੱਖ ਕੌਮ ਨਾਲ ਕੀਤੇ ਰਾਜਸੀ ਵਾਅਦਿਆਂ ਤੋਂ ਮੁਨਕਰ ਹੋ ਕੇ ਆਜ਼ਾਦ ਭਾਰਤ ਵਿਚ ਸਿੱਖ ਕੌਮ ਨਾਲ ਸਦਾ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਤੇ ਸਿੱਖ ਕੌਮ ਨੂੰ ਧਾਰਮਿਕ, ਰਾਜਸੀ, ਆਰਥਕ ਤੇ ਸਮਾਜਕ ਪੱਖੋਂ ਅਧੀਨ ਬਣਾਉਣ ਦੀਆਂ ਕੋਝੀਆਂ ਸਾਜ਼ਿਸ਼ਾਂ ਕੀਤੀਆਂ, ਜਿਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ 1947 ਤੋਂ 1955 ਤਕ ਕਾਂਗਰਸ ਸਰਕਾਰ ਵਲੋਂ ਆਰਥਕ ਤੇ ਰਾਜਸੀ ਸ਼ਕਤੀ ਰਾਹੀਂ ਆਪਣੇ ਏਜੰਟਾਂ ਦਾ ਕਬਜ਼ਾ ਕਰਵਾਉਣਾ। ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਦੀ ਸੇਵਾ-ਸੰਭਾਲ ਸਿੱਖਾਂ ਦੇ ਹੱਥਾਂ ਵਿਚ ਦਿਵਾਉਣ ਲਈ ਕੋਈ ਯਤਨ ਨਾ ਕਰਨਾ। ਦੇਸ-ਪਰਦੇਸ ਵਿਚ ਵਸਦੇ ਸਿੱਖਾਂ ਦੇ ਜਾਨ-ਮਾਲ ਤੇ ਧਰਮ ਦੀ ਸੁਰਖਿਆ ਵਲੋਂ ਅਵੇਸਲੇ ਰਹਿਣਾ। 1971 ਵਿਚ ਦਿੱਲੀ ਦੇ ਗੁਰਦੁਆਰਿਆਂ ਉਤੇ ਜਬਰਨ ਕਬਜ਼ਾ ਕਰਨਾ ਤੇ 15,000 ਸਿੰਘਾਂ ਦੀਆਂ ਗ੍ਰਿਫਤਾਰੀਆਂ ਤੋਂ ਬਾਅਦ ਦਿੱਲੀ ਗੁਰਦੁਆਰਾ ਐਕਟ ਬਣਾਉਣਾ, ਪਰ ਚੋਣਾਂ ਨਾ ਕਰਵਾਉਣੀਆਂ। ਹਰਿਆਣੇ ਦੇ ਗੁਰਦੁਆਰਿਆਂ ਵਿਚ ਲੈਂਡ ਸੀਲਿੰਗ ਐਕਟ ਲਾਗੂ ਕਰਨਾ। ਪੰਦਰਾਂ ਵੱਖ-ਵੱਖ ਤੀਰਥ ਅਸਥਾਨਾਂ ਦੇ ਨਾਮ ਉਤੇ ਰੇਲ ਗੱਡੀਆਂ ਦੇ ਨਾਮ ਰੱਖਣੇ, ਪਰ ਹਰਿਮੰਦਰ ਸਾਹਿਬ ਐਕਸਪ੍ਰੈਸ ਨਾਮ ਰੱਖਣ ਤੋਂ ਇਨਕਾਰ ਕਰਨਾ। ਹਰਦੁਆਰ, ਕਾਂਸ਼ੀ ਤੇ ਕੁਰੂਕਸ਼ੇਤਰ ਸ਼ਹਿਰਾਂ ਨੂੰ ਧਾਰਮਿਕ ਸ਼ਹਿਰਾਂ ਦਾ ਦਰਜਾ ਦੇਣਾ, ਪਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਧਾਰਮਿਕ ਸ਼ਹਿਰ ਦਾ ਦਰਜਾ ਦੇਣ ਤੋਂ ਵਾਵੇਲਾ ਕਰਨਾ।

ਦਰਬਾਰ ਸਾਹਿਬ ਵਿਚ ਟਰਾਂਸਮੀਟਰ ਲਾਉਣ ਦੀ ਆਗਿਆ ਨਾ ਦੇਣਾ। ਆਲ ਇੰਡੀਆ ਗੁਰਦੁਆਰਾ ਐਕਟ ਨਾ ਬਣਾਉਣਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖਾਂ ਦੀ ਇਕੋ-ਇਕ ਪ੍ਰਤੀਨਿਧ ਸੰਸਥਾ ਮੰਨਣ ਤੋਂ ਇਨਕਾਰੀ ਹੋਣਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਕਿਸਤਾਨ ਤੀਰਥ ਯਾਤਰੂ ਭੇਜਣ ਦੇ ਹੱਕ ਉਤੇ ਛਾਪਾ ਮਾਰਨਾ। ਸਿੱਖਾਂ ਦੀਆਂ ਧਾਰਮਿਕ ਰਹੁ-ਰੀਤਾਂ ਵਿਚ ਦਖਲ ਦੇਣਾ ਤੇ ਸਿੱਖ ਪਰੰਪਰਾਵਾਂ ਤੇ ਰਵਾਇਤਾਂ ਦੀ ਪਵਿੱਤਰਤਾ ਨੂੰ ਭੰਗ ਕਰਨਾ। ਧਰਮ ਨਿਰਪੱਖਤਾ ਦੀ ਢੰਡੋਰਚੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਗੈਰ-ਵਿਧਾਨਿਕ, ਪੂਰਨ ਤੌਰ 'ਤੇ ਪੁਲਿਸ ਸ਼ਕਤੀ ਦੀ ਸ਼ਰਮਨਾਕ ਵਰਤੋਂ ਕਰਕੇ ਦਿੱਲੀ ਦੇ ਗੁਰਧਾਮਾਂ ਉਤੇ ਕਬਜ਼ਾ ਕਰਨਾ। ਕਾਂਗਰਸ ਨੇ ਸਿੱਖ ਕੌਮ ਨੂੰ ਰਾਜਸੀ ਵਚਨ ਦਿੱਤਾ ਸੀ ਕਿ ਉਤਰੀ ਭਾਰਤ ਵਿਚ ਇਕ ਅਜਿਹੇ ਖਿੱਤੇ ਦਾ ਪ੍ਰਬੰਧ ਕੀਤਾ ਜਾਵੇਗਾ, ਜਿਸ ਵਿਚ ਸਿੱਖ ਆਜ਼ਾਦੀ ਦਾ ਪੂਰਨ ਅਨੰਦ ਮਾਣ ਸਕਣਗੇ, ਪਰ ਭਾਰਤ ਦੀ ਹੋਮ-ਮਨਿਸਟਰੀ ਨੇ 1947 ਵਿਚ ਹੀ ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦੇ ਦਿੱਤਾ। ਭਾਰਤ ਵਿਚ ਬੋਲੀ ਦੇ ਆਧਾਰ ਉਤੇ ਸੂਬੇ ਸਥਾਪਤ ਕਰਨਾ, ਪਰ ਪੰਜਾਬੀ ਸੂਬੇ ਦੇ ਨਾਹਰੇ ਉਤੇ ਪਾਬੰਦੀ ਲਾਉਣੀ। ਸਿੱਖ ਕੌਮ ਨੇ 18 ਸਾਲ ਜਦੋਜਹਿਦ ਕਰਕੇ, ਜਾਇਦਾਦਾਂ ਕੁਰਕ ਕਰਵਾ ਕੇ, 75 ਹਜ਼ਾਰ ਸਿੰਘ ਜੇਲ੍ਹਾਂ ਵਿਚ ਜਾ ਕੇ, ਜੇਲ੍ਹਾਂ ਵਿਚ ਗੋਲੀਆਂ ਖਾ ਕੇ, ਬੱਚੇ ਖੂਹਾਂ ਵਿਚ ਸੁਟਵਾ ਕੇ, ਲਾਠੀ-ਗੋਲੀ ਦੀ ਕਾਂਗਰਸ ਸਰਕਾਰ ਨੂੰ ਪੰਜਾਬੀ ਸੂਬਾ ਬਣਾਉਣ ਲਈ ਮਜਬੂਰ ਕੀਤਾ। ਪੰਜਾਬ ਤੋਂ ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਦੇ ਹੈਡ ਵਰਕਸ ਦਾ ਪ੍ਰਬੰਧ ਤੇ ਦਰਿਆਵਾਂ ਦੇ ਪਾਣੀ ਤੇ ਬਿਜਲੀ ਨੂੰ ਖੋਹਣਾ।

ਭਾਰਤੀ ਵਿਧਾਨ ਅਸਲੀ ਫੈਡਰਲ ਰੂਪ ਵਿਚ ਢਾਲ ਕੇ ਪਰਦੇਸਾਂ ਨੂੰ ਅੰਦਰੂਨੀ ਖੁਦਮੁਖਤਾਰੀ ਨਾ ਦੇਣਾ, ਸਗੋਂ ਰਾਜਸੀ ਸ਼ਕਤੀ ਦਾ ਕੇਂਦਰੀਕਰਨ ਕਰਨਾ। ਨਹਿਰੂ ਭਾਸ਼ਾਈ ਫਾਰਮੂਲੇ ਅਨੁਸਾਰ ਪੰਜਾਬ ਦੇ ਗੁਆਂਢੀ ਰਾਜਾਂ ਵਿਚ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਨਾ ਦੇਣਾ। ਸਿੱਖਾਂ ਦੀ ਫੌਜ ਵਿਚ ਭਰਤੀ 20 ਫੀਸਦੀ ਤੋਂ ਘਟਾ ਕੇ ਡੇਢ ਫੀਸਦੀ ਕਰ ਦੇਣੀ। ਸਿੱਖਾਂ ਦੇ ਇਕੋ-ਇਕ ਪੰਜਾਬ ਐਂਡ ਸਿੰਧ ਬੈਂਕ ਦਾ ਕੌਮੀਕਰਨ ਕਰਨਾ। ਸਿੱਖਾਂ ਦਾ ਪਰਸਨਲ ਲਾਅ ਨਾ ਮੰਨਣਾ। ਸਿੱਖ ਸਭਿਆਚਾਰ ਦੀ ਪ੍ਰਫੁਲਤਾ ਲਈ ਰੇਡੀਓ ਤੇ ਟੀ. ਵੀ. ਰਾਹੀਂ ਕੋਈ ਉਦਮ ਨਾ ਕਰਨਾ, ਸਗੋਂ ਫਿਲਮਾਂ ਤੇ ਟੀ. ਵੀ. ਉਤੇ ਸਿੱਖ ਕਰੈਕਟਰ ਨੂੰ ਘਟੀਆ ਬਣਾ ਕੇ ਪੇਸ਼ ਕਰਨਾ। ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਡਰਾਈ ਪੋਰਟ ਨਾ ਬਣਾਉਣਾ। ਪੰਜਾਬ ਨੂੰ ਕੇਂਦਰੀ ਮਦਦ ਵਿਚੋਂ ਸਭ ਤੋਂ ਘਟ ਰਕਮ ਦੇਣਾ। ਅਕਾਲੀ ਸਰਕਾਰਾਂ ਨੂੰ ਪੰਜ ਸਾਲ ਦਾ ਪੂਰਾ ਸਮਾਂ ਨਾ ਕਰਨ ਦੇਣਾ ਤੇ ਗੈਰ-ਵਿਧਾਨਕ ਤੇ ਭ੍ਰਿਸ਼ਟਾਚਾਰ ਰਾਹੀਂ ਦਲ-ਬਦਲੀ ਕਰਵਾ ਕੇ ਅਕਾਲੀ ਸਰਕਾਰਾਂ ਨੂੰ ਤੋੜਨਾ।

ਪੰਜਾਬੀਆਂ ਉਪਰ ਬੇਵਿਸ਼ਵਾਸੀ ਪ੍ਰਗਟ ਕਰਦਿਆਂ ਨਿਜੀ ਸੁਰਖਿਆ ਲਈ ਦਿੱਤੇ ਲਾਇਸੰਸੀ ਹਥਿਆਰਾਂ ਨੂੰ ਖੋਹ ਕੇ ਉਨ੍ਹਾਂ ਨੂੰ ਨਿਹੱਥੇ ਬਣਾਉਣਾ। ਆਰਥਕ ਸ਼ਕਤੀ 5 ਪ੍ਰਤੀਸ਼ਤ ਅਮੀਰ ਲੋਕਾਂ ਦੇ ਹੱਥਾਂ ਵਿਚ ਇਕੱਠੀ ਕਰਕੇ ਗਰੀਬੀ-ਅਮੀਰੀ ਦੇ ਪਾੜੇ ਨੂੰ ਹੋਰ ਵਧਾਉਣਾ। ਕਾਂਗਰਸ ਵਲੋਂ 34 ਸਾਲਾਂ ਦੇ ਰਾਜ-ਕਾਲ ਵਿਚ 34 ਕਰੋੜ ਲੋਕਾਂ ਨੂੰ ਅਤੀ ਗਰੀਬ ਬਣਾ ਕੇ ਰੱਖ ਦੇਣਾ। ਪੰਜਾਬ ਨੂੰ ਤਜ਼ਾਰਤੀ ਮੰਡੀ ਬਣਾ ਕੇ ਇਸ ਦੀ ਲੁਟ-ਖਸੁਟ ਕਰਨਾ। ਕਾਂਗਰਸ ਵਲੋਂ ਜਮ੍ਹਾਂਖੋਰੀ, ਮੁਨਾਫਾਖੋਰੀ ਤੇ ਚੋਰ-ਬਾਜ਼ਾਰੀ ਨੂੰ ਵਧਾ ਕੇ ਜਨਤਾ ਨੂੰ ਮਹਿੰਗਾਈ ਦੀ ਚੱਕੀ ਵਿਚ ਪੀਹਣਾ। ਪੰਜਾਬ ਨੂੰ ਆਰਥਕ ਪੱਖੋਂ ਪਛੜਿਆ ਰਖਣ ਲਈ ਪੰਜਾਬ ਵਿਚ ਵੱਡੇ ਕਾਰਖਾਨੇ ਨਾ ਲਾਉਣਾ। ਪੰਜਾਬੀ ਕਿਸਾਨਾਂ ਨੂੰ ਯੂ. ਪੀ. ਤੇ ਹਰਿਆਣਾ ਵਿਚੋਂ ਉਜਾੜਨ ਦੀਆਂ ਕੋਝੀਆਂ ਹਰਕਤਾਂ ਕਰਨੀਆਂ। ਕਿਸਾਨ ਦੀ ਜ਼ਮੀਨ ਦੀ ਹਦ ਸਾਢੇ 7 ਹੈਕਟਰ ਨਿਸ਼ਚਿਤ ਕਰਨਾ, ਪਰ ਸ਼ਹਿਰੀ ਜਾਇਦਾਦ ਤੇ ਆਮਦਨ ਨੂੰ ਸੀਮਤ ਨਾ ਕਰਨਾ। ਕਿਸਾਨ ਨੂੰ ਫਸਲ ਦੇ ਬੀਮੇ ਦੀਆਂ ਸਹੂਲਤਾਂ ਨਾ ਦੇਣਾ। ਕਿਸਾਨ ਨੂੰ ਸਨਅਤੀ ਦਰਾਂ ਦੇ ਆਧਾਰ ਉਤੇ ਕਰਜ਼ਾ ਨਾ ਦੇਣਾ। ਕਿਸਾਨ ਦੀ ਜਿਨਸ ਦੇ ਭਾਅ ਨੂੰ ਪੈਦਾਵਾਰੀ ਸਾਧਨਾਂ ਦੇ ਭਾਅ ਨਾਲ ਜੋੜ ਕੇ, ਉਸ ਦੀ ਪੈਦਾਵਾਰ ਦਾ ਯੋਗ ਮੁਲ ਨਾ ਦੇਣਾ। ਕਿਸਾਨ ਦੀ ਜਿਨਸ ਨੂੰ ਸਸਤੇ ਭਾਅ ਲੁੱਟਣਾ ਅਤੇ ਖਪਤਕਾਰਾਂ ਨੂੰ ਮਹਿੰਗੇ ਭਾਅ ਵੇਚਣਾ। ਦਲਿਤਾਂ, ਕਮਜ਼ੋਰ ਵਰਗਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਲਈ ਯੋਗ ਕਦਮ ਨਾ ਪੁੱਟਣਾ। ਦੇਸ਼ ਵਿਚ ਵਾਪਰੇ ਹਰ ਕੁਦਰਤੀ ਅਤੇ ਗੈਰ-ਕੁਦਰਤੀ ਕਹਿਰ ਲਈ ਮਾਲੀ ਮਦਦ ਦੇਣਾ, ਪਰ ਪੰਜਾਬ ਵਿਚ ਦੋ ਜੰਗਾਂ ਦੀ ਵਾਪਰੀ ਭਿਆਨਕ ਤਬਾਹੀ ਦਾ ਕੋਈ ਮੁਆਵਜ਼ਾ ਨਾ ਦੇਣਾ। ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਨਾ ਦੇਣਾ। ਪੈਦਾਵਾਰ ਦੀ ਕੀਮਤ, ਪੱਕੇ ਮਾਲ ਦੀ ਕੀਮਤ ਤੇ ਤਨਖਾਹਾਂ ਦਾ ਇਨਸਾਫ ਦੇ ਆਧਾਰ ਉਤੇ ਸੁਮੇਲ ਨਾ ਕਰਨਾ। ਇੰਪਲਾਈਜ਼ ਇੰਸ਼ੋਰੈਂਸ ਸਕੀਮ ਤਹਿਤ ਜੋ ਮੈਡੀਕਲ ਸਹੂਲਤਾਂ ਫੈਕਟਰੀ ਕਾਮਿਆਂ ਨੂੰ ਦਿੱਤੀਆਂ ਜਾਂਦੀਆਂ ਹਨ, ਉਹ ਕਿਰਤੀਆਂ ਅਤੇ ਕਿਸਾਨਾਂ ਨੂੰ ਨਾ ਦੇਣਾ। ਕਿਸਾਨ ਦੀ ਸ਼ਹਿਰੀ ਜ਼ਮੀਨ ਨੂੰ ਕੌਡੀਆਂ ਦੇ ਭਾਅ ਜਬਰੀ ਖਰੀਦਣਾ ਤੇ ਅੱਗੋਂ ਸੋਨੇ ਦੇ ਭਾਅ ਵੇਚਣਾ। ਕਾਰਪੋਰੇਸ਼ਨ ਦੀ ਹੱਦ ਤੋਂ ਪੰਜ ਕਿਲੋਮੀਟਰ ਦੇ ਘੇਰੇ ਅੰਦਰ ਆਉਂਦੇ ਪਿੰਡਾਂ ਤਕ ਜ਼ਮੀਨ ਵੇਚਣ ਉਤੇ ਪਾਬੰਦੀ ਲਾਉਣੀ।

ਪੰਥ ਦੀ ਚੜ੍ਹਦੀ ਕਲਾ ਤੇ ਸਰਬਤ ਦੇ ਭਲੇ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਪਾਸ ਕੀਤੇ ਗਏ ਅਨੰਦਪੁਰ ਸਾਹਿਬ ਦੇ ਮਤੇ ਵਿਚਲੀਆਂ ਮੰਗਾਂ ਨੂੰ ਪ੍ਰਵਾਨ ਨਾ ਕਰਨਾ ਸਗੋਂ 'ਪਾੜੋ ਤੇ ਰਾਜ ਕਰੋ' ਦੀ ਨੀਤੀ ਉਤੇ ਅਮਲ ਕਰਦਿਆਂ, ਹਿੰਦੂ-ਸਿੱਖਾਂ ਵਿਚ ਫੁਟ ਪਾਉਣ ਦੀਆਂ ਤੇ ਫਿਰਕੂ ਦੰਗੇ ਕਰਵਾਉਣ ਦੀਆਂ ਕੋਝੀਆਂ ਸਾਜ਼ਿਸ਼ਾਂ ਕਰਨੀਆਂ। ਸਪਸ਼ਟ ਹੈ ਕਿ ਸਿੱਖ ਕੌਮ ਨਾਲ ਸਦਾ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਹੈ। ਜੇ ਸਿੱਖ ਕੌਮ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਬੰਦ ਕਰਕੇ ਉਪਰੋਕਤ ਵਧੀਕੀਆਂ ਨੂੰ ਠੀਕ ਨਾ ਕੀਤਾ ਗਿਆ ਤੇ ਜਗਤ ਦੇ ਫੈਡਰਲ ਵਿਧਾਨਾਂ ਵਾਂਗ ਦੋਹਰੀ ਨਾਗਰਿਕਤਾ, ਦੋਹਰੀ ਵਿਧਾਨ-ਪ੍ਰਣਾਲੀ ਤੇ ਪਰਦੇਸਾਂ ਨੂੰ ਅੰਦਰੂਨੀ ਖੁਦਮੁਖਤਿਆਰੀ ਉਤੇ ਆਧਾਰਿਤ ਭਾਰਤੀ ਵਿਧਾਨ ਨੂੰ ਅਸਲੀ ਫੈਡਰਲ ਰੂਪ ਵਿਚ ਢਾਲ ਕੇ ਸਿੱਖਾਂ ਨੂੰ ਧਾਰਮਿਕ, ਰਾਜਸੀ, ਆਰਥਕ ਅਤੇ ਸਮਾਜਕ ਸੁਤੰਤਰਤਾ ਤੇ ਸਮਾਨਤਾ ਦਾ ਭਾਈਵਾਲ ਨਾ ਬਣਾਇਆ ਗਿਆ, ਤਾਂ ਸ਼੍ਰੋਮਣੀ ਅਕਾਲੀ ਦਲ ਪੰਥਕ ਤੇ ਜਨਤਕ ਮੰਗਾਂ ਲਈ ਧਰਮ ਯੁਧ ਸ਼ੁਰੂ ਕਰ ਦੇਵੇਗਾ ਤੇ ਧਾਰਮਿਕ ਰਾਜਸੀ ਆਰਥਕ ਸਮਾਜਕ ਅਧੀਨਗੀ ਤੇ ਅਸਮਾਨਤਾ ਦੀਆਂ ਜ਼ੰਜੀਰਾਂ ਤੋੜਨ ਲਈ ਵਾਰਨਿੰਗ ਰੋਸ ਜਲੂਸ ਘਿਰਾਓ ਨਾ-ਮਿਲਵਰਤਨ, ਡਾਇਰੈਕਟ ਐਕਸ਼ਨ ਆਦਿ ਵਸੀਲੇ ਵਰਤਣ ਤੋਂ ਸੰਕੋਚ ਨਹੀਂ ਕਰੇਗਾ।


ਇਸ ਐਲਾਨਨਾਮੇ ਵਿਚ ਮੰਗ ਕੀਤੀ ਗਈ ਸੀ ਕਿ ਭਾਰਤ ਵਿਚ ਸਮਾਜਕ, ਆਰਥਕ, ਰਾਜਸੀ ਅਤੇ ਧਾਰਮਿਕ ਆਜ਼ਾਦੀ ਤੇ ਬਰਾਬਰੀ ਵਾਲਾ ਸਮਾਜ ਸਥਾਪਤ ਕਰਨ ਲਈ ਜਗਤ ਦੇ ਫੈਡਰਲ ਵਿਧਾਨਾਂ ਵਾਂਗ ਦੂਹਰੀ ਨਾਗਰਿਕਤਾ, ਦੂਹਰੀ

> ***ਕਿਸਾਨੀ ਦੇ ਹੋਏ ਇਸ ਉਭਾਰ ਬਾਰੇ ਇਕ ਗੱਲ ਬੜੀ ਸਪਸ਼ਟ ਹੈ ਕਿ ਤਤ ਰੂਪ ਵਿਚ ਇਹ ਸਿੱਖ ਉਭਾਰ ਹੈ। ਇਸੇ ਕਰ ਕੇ ਦੁਨੀਆਂ ਭਰ ਦੇ ਹਰੇਕ ਕੋਨੇ ਵਿਚ ਬੈਠੇ ਸਿੱਖ ਇਸ ਸੰਘਰਸ਼ ਦੀ ਹਮਾਇਤ ਵਿਚ ਮੁਜਾਹਰੇ ਕਰ ਰਹੇ ਹਨ। ਪਿਛਲੇ ਕਰੀਬ ਚਾਰ ਦਹਾਕਿਆਂ ਵਿਚ ਪੰਜਾਬ ਅੰਦਰ ਜੋ ਕੁਝ ਵਾਪਰਿਆ ਹੈ, ਉਸ ਬਾਰੇ ਸਿੱਖਾਂ ਦੇ ਮਨਾਂ ਵਿਚ ਭਰਿਆ ਰੋਸ ਕਿਸੇ ਨਾ ਕਿਸੇ ਰੂਪ ਵਿਚ ਇਸ ਸੰਘਰਸ਼ ਵਿਚੋਂ ਵੀ ਪ੍ਰਗਟ ਹੋ ਰਿਹਾ ਹੈ, ਪਰ ਇਸ ਸੰਘਰਸ਼ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਕਿਸਾਨ ਜਥੇਬੰਦੀਆਂ ਦੇ ਰੂਪ ਵਿਚ ਇਸ ਦੀ ਅਗਵਾਈ 'ਕਮਿਊਨਿਸਟ' ਕਰ ਰਹੇ ਹਨ। ਉਹ ਕਮਿਊਨਿਸਟ, ਜਿਨ੍ਹਾਂ ਦੀ ਸੋਚ ਮਾਰਕਸਵਾਦੀ ਫਿਲਾਸਫੀ ਤੋਂ ਕੋਰੀ ਹੈ ਅਤੇ ਜਿਨ੍ਹਾਂ ਦੀ ਸੋਚ ਉਤੇ ਆਰਥਕਵਾਦ ਭਾਰੂ ਹੈ।***

(ਬਾਕੀ ਅਗਲੇ ਸਫੇ 'ਤੇ)

# ਬਦਾਮ ਅਤੇ ਕਾਟੋ

***ਜਿਸ ਮਨ ਦੇ ਸਕੂਨ ਲਈ ਬੰਦਾ ਭੱਜਾ ਫਿਰਦਾ ਹੈ, ਉਸ ਦੀ ਪ੍ਰਾਪਤੀ ਦੀ ਅੱਚਵੀ ਵੀ ਮਨ ਨੂੰ ਬੇਚੈਨ ਕਰੀ ਰੱਖਦੀ ਹੈ। ਵੱਧ ਤੋਂ ਵੱਧ ਪ੍ਰਾਪਤ ਕਰ ਲੈਣ ਪਿਛੋਂ ਹੋਰ ਹੋਰ ਪ੍ਰਾਪਤ ਕਰਨ ਦੀ ਲਾਲਸਾ ਨੇ ਇਨਸਾਨ ਨੂੰ ਬੌਂਦਲਾ ਦਿੱਤਾ ਹੈ, ਪਰ ਸਬਰ ਕਿਸੇ ਨੂੰ ਨਹੀਂ। ਪੁੱਠੇ-ਸਿੱਧੇ ਹਰਬੇ ਵਰਤ ਕੇ ਇਕੱਤਰ ਕੀਤੀ ਮਾਇਆ ਦੇ ਢੇਰ ਵੇਖ ਕੇ ਜਿਨ੍ਹਾਂ ਨੂੰ ਕੁਤਕੁਤਾੜੀਆਂ ਉਠਦੀਆਂ ਹਨ, ਰੂਹਾਨੀ ਖੁਸ਼ੀ ਉਨ੍ਹਾਂ ਦੇ ਚਿਹਰੇ ਤੋਂ ਵੀ ਗਾਇਬ ਹੁੰਦੀ ਹੈ। ਦੇਸ਼ ਹੋਵੇ ਜਾਂ ਵਿਦੇਸ਼, ਭਟਕਣ ਦਾ ਚੱਕਾ ਨਿਰੰਤਰ ਘੁੰਮੀ ਜਾਂਦਾ ਹੈ ਅਤੇ ਮਨ ਦੀ ਸੋਝੀ ਤੇ ਤਨ ਦਾ ਖਿਆਲ ਵੀ ਵਿਸਰਿਆ ਰਹਿੰਦਾ ਹੈ। ਵੱਖ ਵੱਖ ਤਰ੍ਹਾਂ ਦੇ ਦੌੜ-ਭੱਜ ਦੇ ਵਰਤਾਰੇ ਨੂੰ ਹੀ ਅਵਤਾਰ ਗੋਂਦਾਰਾ ਨੇ ਆਪਣੇ ਹਥਲੇ ਲੇਖ ਵਿਚ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਸਹਿਜੇ ਹੀ ਇਸ ਹੜਬੜਾਹਟ ਤੋਂ ਬਚਣ ਦਾ ਸੁਨੇਹਾ ਦਿੱਤਾ ਹੈ। -ਸੰਪਾਦਕ***



**ਅਵਤਾਰ ਗੋਂਦਾਰਾ**
ਫੋਨ: 559-375-2589

ਮੈਨੂੰ ਸੁਨੇਹਾ ਮਿਲਿਆ ਕਿ ਉਸ ਦਾ ਚੂਲਾ ਟੁੱਟ ਗਿਆ ਹੈ। ਉਹ ਬੈਠਣ ਤੋਂ ਵੀ ਆਹਰੀ ਹੈ। ਮੇਰਾ ਜਮਾਤੀ ਅਤੇ ਆੜੀ ਹੋਣ ਕਰਕੇ, ਮੈਂ ਉਸ ਦਾ ਪਤਾ ਲੈਣ ਗਿਆ। ਕਰਦਾ ਮਾਸਟਰੀ ਸੀ, ਪਰ ਪੜ੍ਹਾਉਣ 'ਚ ਉਸ ਦੀ ਕੋਈ ਦਿਲਚਸਪੀ ਨਹੀਂ ਸੀ। ਪਿੰਡ ਦੇ ਹੀ ਸਕੂਲ ਵਿਚ ਪੋਸਟਿੰਗ। ਰੋਜ਼ ਘੰਟਾ ਲੇਟ ਆਉਣਾ, ਛੁੱਟੀ ਹੋਣ ਤੋਂ ਘੰਟਾ ਪਹਿਲਾਂ ਹੀ ਖੇਤ ਭੱਜ ਜਾਣਾ। ਪੈਸੇ ਖਰਚਣ 'ਚ ਸਿਰੇ ਦੀ ਕੰਜੂਸੀ। ਹਿਸਾਬ ਦਾ ਮਾਸਟਰ ਸੀ। ਟਿਊਸ਼ਨਾਂ, ਪੈਸੇ ਵਿਆਜੂ ਦੇ ਦੇ, ਆਏ ਸਾਲ ਇੱਕ ਅੱਧਾ ਕਿਲਾ ਜ਼ਮੀਨ ਖਰੀਦ ਲੈਣੀ। ਜੇਬ ਭਾਵੇਂ ਪੈਸਿਆਂ ਨਾਲ ਭਰੀ ਹੋਣੀ, ਪਰ ਦਿਹਾੜੀਏ ਕਿੰਨੇ ਕਿੰਨੇ ਦਿਨ ਦਿਹਾੜੀ ਲੈਣ ਲਈ ਤਰਲੇ ਕਰਦੇ ਫਿਰਦੇ। ਉਹ 'ਸੁਬ੍ਹਾ ਆਈਂ, ਆਥਣੇ ਆਈਂ' ਕਰੀ ਜਾਂਦਾ। ਰੇਹੜੀ ਵਾਲੇ ਤੋਂ ਸਬਜੀ ਲੈਣੀ ਤਾਂ ਇੱਕ ਦੋ ਪੈਸਿਆਂ ਪਿੱਛੇ ਭਸੂੜੀ ਪਾ ਲੈਣੀ। ਜੇ ਸ਼ਹਿਰ ਜਾਣਾ ਤਾਂ ਝੋਲਾ ਚੁੱਕ ਕੇ ਸਾਰਾ ਬਾਜ਼ਾਰ ਗਾਹ ਦੇਣਾ, ਪਰ ਰਿਕਸ਼ੇ ਵਾਲੇ ਨੂੰ ਦੁਆਨੀ ਨਾ ਦੇਣੀ।

ਘਰ ਪਹੁੰਚਿਆ ਤਾਂ ਪਤਾ ਲੱਗਾ, ਉਸ ਦੀ ਘਰ ਵਾਲੀ ਨੇ ਦੱਸਿਆ ਕਿ ਇਹ ਆਵਦੇ ਮੁੰਡੇ ਦੀ ਬਿਜਲੀ ਦੀ ਦੁਕਾਨ 'ਤੇ ਗੇੜਾ ਮਾਰਨ ਗਿਆ ਸੀ। ਸਟੂਲ 'ਤੇ ਚੜ੍ਹ ਕੇ ਬਲਬ ਬਦਲਣ ਲੱਗਾ ਸੀ, ਡੋਲ ਗਿਆ ਤੇ ਲਿਓੜ ਵਾਂਗ ਡਿੱਗ ਕੇ ਚੂਲਾ ਤੁੜਵਾ ਲਿਆ। ਉਹ ਸਜੇ ਸੰਵੇ ਕਮਰੇ 'ਚ ਡਬਲ ਬੈਡ 'ਤੇ ਪਿਆ ਸੀ ਤੇ ਡੈਂਬਰਿਆਂ ਵਾਂਗ ਛੱਤ ਵੱਲ ਦੇਖ ਰਿਹਾ ਸੀ। ਬਿਨਾ ਧੌਣ ਹਿਲਾਇਆਂ, ਉਸ ਨੇ ਮੇਰਾ ਅਭਿਨੰਦਨ ਕੀਤਾ। ਮੈਂ ਉਸ ਦਾ ਹੌਸਲਾ ਵਧਾਉਣ ਲਈ, ਕੁਝ ਫਿਕਰੇ ਕਹੇ। ਉਸ ਨੂੰ ਬੋਲਣਾ ਔਖਾ ਲੱਗ ਰਿਹਾ ਸੀ। ਡਾਕਟਰਾਂ ਨੇ ਸਟੀਲ ਦਾ ਚੂਲਾ ਪਾ ਦਿੱਤਾ ਸੀ। ਉਸ ਦੀ ਪਤਨੀ ਬੋਲੀ, "ਇਨ੍ਹਾਂ ਨੂੰ ਬਥੇਰਾ ਕਿਹੈ, ਬਈ ਹੁਣ ਉਮਰ ਨ੍ਹੀਂ ਰਹੀ, ਆਰਾਮ ਕਰਿਆ ਕਰੋ। ਪਰ ਕੋਈ ਨਾ ਕੋਈ ਪੰਗਾ ਲਈ ਰੱਖਦੇ ਆ।"

ਉਸ ਦੇ ਪੀੜਤ ਹੋਣ ਨਾਲ ਹਮਦਰਦੀ ਵੀ ਸੀ ਤੇ ਹਿਰਖ ਵੀ ਹੋ ਰਿਹਾ ਸੀ। ਪੈਸੇ ਨਾਲ ਲੈ ਕੇ ਜਾਣੇ ਹਨ? ਜੇ ਹਨ ਤਾਂ ਕੰਮ ਧੰਦੇ 'ਤੇ ਖਰਚ ਕਰਨ ਦਾ ਮਾਦਾ ਵੀ ਹੋਣਾ ਚਾਹੀਦਾ ਹੈ। ਉਸ ਲਈ ਸਾਰਾ ਕੁਝ ਪੈਸਾ ਹੀ ਸੀ। ਕੀੜੇ ਵਾਂਗ ਰਾਤ ਦਿਨ ਭੱਜਿਆ ਫਿਰਦਾ। ਜਿਸ ਨੂੰ ਦਿਹਾੜੀਏ ਨੂੰ ਦਿਹਾੜੀ ਦੇਣੀ ਔਖੀ ਹੋਵੇ, ਉਹ ਬਲਬ ਬਦਲਣ ਲਈ ਬਿਜਲੀ ਵਾਲੇ ਨੂੰ ਕਿਥੋਂ ਸੱਦਦਾ! ਗੱਲਾਂ ਗੱਲਾਂ ਵਿਚ ਕਹਿਣ ਲੱਗਾ, "ਆਰਾਮ ਲਈ ਪਏ ਰਹਿਣਾ, ਉਸ ਨੂੰ ਸਮਾਂ ਬਰਬਾਦ ਕਰਨਾ ਲਗ ਰਿਹੈ।" ਖੈਰ ਕੁਝ ਸਮਾਂ ਮੈਂ ਉਸ ਕੋਲ ਬੈਠਾ, ਉਸ ਦਾ ਦਿਲ ਲੁਆਇਆ, ਮਨ ਪਰਚਾਵਾ ਕੀਤਾ ਤੇ ਆ ਗਿਆ।

ਇੱਕ ਵਾਰ ਮੈਂ ਉਸ ਦੇ ਘਰ ਗਿਆ। ਨੋਟਾਂ ਦੀਆਂ ਕਈ ਥੱਦੀਆਂ ਮੇਜ 'ਤੇ ਪਈਆਂ ਸਨ। ਮੈਂ ਸੁਲ੍ਹਾ ਵਜੋਂ ਕਿਹਾ ਕਿ ਪੈਸੇ ਇਉਂ ਰੱਖੇ ਹਨ, ਕਿਸੇ ਦਾ ਵੀ ਮਨ ਬੇਈਮਾਨ ਹੋ ਸਕਦਾ ਹੈ। ਕਹਿੰਦਾ, ਜਮੀਨ ਦਾ ਠੇਕਾ ਆਇਆ ਸੀ। ਮੇਰੇ ਇੱਕ ਹੋਰ ਮਿੱਤਰ ਵਾਂਗ, ਪੈਸਿਆਂ ਦੇ ਢੇਰ ਨੂੰ ਦੇਖ ਕੇ ਉਸ ਨੂੰ ਕੁਤਕੁਤਾੜੀਆਂ ਉਠਦੀਆਂ ਸਨ।

ਗਰੀਬ ਲਈ ਪੈਸੇ ਦੀ ਬੜੀ ਮਹਿਮਾ ਹੈ। ਇਸੇ ਤਰ੍ਹਾਂ ਥੁੜ੍ਹੇ ਬੰਦੇ ਲਈ, ਬਹੁਲਤਾ ਹੁੰਦੀ ਹੈ। ਗਰੀਬ ਕੋਲ ਅਮੀਰ ਹੋਣ ਦਾ ਜਨੂਨ ਹੁੰਦਾ ਹੈ। ਇਸ ਲਈ ਉਹ ਰਾਤ ਦਿਨ ਭੱਜਿਆ ਫਿਰਦਾ ਹੈ। ਕਈ ਜ਼ਫਰ ਜਾਲਦਾ ਹੈ, ਕਈ ਗੁਨਾਹ ਕਰਦਾ ਹੈ, ਠੱਗੀਆਂ ਮਾਰਦਾ ਹੈ। ਰਿਸ਼ਤਿਆਂ ਨੂੰ ਦਾਅ 'ਤੇ ਲਾਉਂਦਾ ਹੈ। ਜਿਨ੍ਹਾਂ ਦਾ ਬਚਪਨ ਗਰੀਬੀ 'ਚ ਬੀਤਿਆ ਹੋਵੇ, ਪੈਸਾ ਤੇ ਚੀਜਾਂ ਉਨ੍ਹਾਂ ਨੂੰ ਉਮਰ ਭਰ ਹਾਂਟ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਨੂੰ ਇਕੱਠਾ ਕਰਨ ਵਿਚ ਹੀ ਥਰਿੱਲ ਮਿਲਦਾ ਹੈ। ਜਦੋਂ ਇਸ ਗੱਲ ਦਾ ਪਤਾ ਲਗਦਾ ਹੈ ਕਿ ਪੈਸਾ ਤੇ ਚੀਜਾਂ ਤਾਂ ਸਾਧਨ ਹਨ, ਮਨੋਰਥ ਨਹੀਂ, ਉਦੋਂ ਤਕ ਉਮਰ ਬੀਤ ਜਾਂਦੀ ਹੈ। ਇਸ ਘੁੰਡੀ ਦਾ ਪਤਾ ਤਾਂ ਸਿਧਾਰਥ ਨੂੰ ਸੀ, ਜੋ ਸੱਤਾ ਤੇ ਸਰਮਾਇਆ ਛੱਡ ਕੇ ਸੱਚ ਦੀ ਤਾਲਾਸ਼ ਵਿਚ ਘਰੋਂ ਨਿਕਲ ਤੁਰਿਆ-ਜਿਸ ਪਿੱਛੇ ਅਸੀਂ ਭੱਜੇ ਫਿਰਦੇ ਹਾਂ, ਪਿੰਡ ਛੱਡ ਕੇ ਸ਼ਹਿਰ ਆਉਂਦੇ ਹਾਂ। ਸ਼ਹਿਰ ਛੱਡ ਕੇ ਸੂਬਾ ਬਦਲਦੇ ਹਾਂ। ਸੂਬਾ ਛੱਡ ਕੇ ਬਿਗਾਨੇ ਮੁਲਕਾਂ ਵੱਲ ਚਾਲੇ ਪਾ ਦਿੰਦੇ ਹਾਂ। ਪਰਵਾਸੀ ਬਣ ਜਾਂਦੇ ਹਾਂ। ਮਹਿਲ ਮਾੜੀਆਂ, ਮੁਟਿਆਰ ਸੋਹਣੀ ਤੀਵੀਂ, ਬੱਚਾ, ਸੁੱਖ ਸਹੂਲਤਾਂ ਛੱਡਣ ਵਾਲੇ ਸਿਧਾਰਥ ਕਿੰਨੇ ਕੁ ਹਨ? ਇਹ ਤਿਆਗ ਹੀ ਕਿਸੇ ਨੂੰ ਬੁੱਧ ਬਣਾਉਂਦਾ ਹੈ।

ਇਹ ਅੱਚਵੀ ਦਾ ਦੌਰ ਹੈ। ਕਿਸੇ ਨੂੰ ਆਪਣੇ ਹਥਲੇ ਕੰਮ ਜਾਂ ਪੇਸ਼ੇ ਵਿਚ ਤਸੱਲੀ ਨਹੀਂ। ਬਾਰੁਜ਼ਗਾਰਾਂ ਦਾ ਹਾਲ ਵੀ ਬੇਰੁਜ਼ਗਾਰਾਂ ਵਾਲਾ ਹੈ। ਜਦੋਂ ਗੱਲ ਕਰੋ, ਰੀ ਰੀ ਕਰਦੇ ਦਿਸਣਗੇ। ਉਨ੍ਹਾਂ ਨੂੰ ਕੰਮ 'ਤੇ ਜਾਣਾ ਅਤੇ ਕੰਮ ਤੋਂ ਘਰੇ ਆਉਣਾ, ਬੋਰੀਅਤ ਲੱਗਦਾ ਹੈ। ਅਧਿਆਪਕ ਸਾਈਡ ਬਿਜਨੈਸ ਕਰਦੇ ਹਨ ਅਤ ਬਿਜਨਸਮੈਨਾਂ ਨੇ ਸਕੂਲ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ। ਤਸੱਲੀ ਕਿਸੇ ਨੂੰ ਨਹੀਂ। ਸਰਦੇ-ਪੁੱਜਦੇ ਕਿਸਾਨਾਂ ਨੇ ਆੜ੍ਹਤ ਕਰ ਲਈ ਹੈ ਅਤੇ ਆੜ੍ਹਤੀਆਂ ਨੇ ਜਮੀਨਾਂ ਲੈ ਕੇ ਵਾਹੀ ਕਰਨੀ ਸ਼ੁਰੂ ਕਰ ਦਿੱਤੀ ਹੈ। ਸਬਰ ਕਿਸੇ ਨੂੰ ਨਹੀਂ।

ਇਸ ਵਾਇਰਸ ਦਾ ਸਾਰਿਆ 'ਤੇ ਅਸਰ ਪਿਆ ਹੈ। ਇਕ ਦਿਨ ਫਰੀਦਕੋਟ ਦੇ ਬਾਰ-ਰੂਮ 'ਚ ਬੈਠਿਆਂ, ਕੁਝ ਸਾਥੀ ਵਕੀਲਾਂ 'ਚ ਗੱਲ ਛਿੜ ਪਈ ਕਿ ਲੋਕ ਬਹੁਤ ਤਰੱਕੀ ਕਰ ਰਹੇ ਹਨ। ਵਕਾਲਤ ਦੇ ਨਾਲ ਨਾਲ ਸਾਨੂੰ ਵੀ ਕੁਝ ਕਰਨਾ ਚਾਹੀਦਾ ਹੈ। ਇਕ ਕਹਿੰਦਾ, ਪ੍ਰਾਈਵੇਟ ਸਕੂਲ ਖੋਲ੍ਹੀਏ, ਬੜਾ ਫਾਇਦਾ ਹੈ। ਦੂਜੇ ਨੇ ਸ਼ਰਾਬ ਦੇ ਠੇਕੇ 'ਚ ਹਿੱਸਾ ਪਾਉਣ ਦਾ ਸੁਝਾਅ ਦਿੱਤਾ, ਕਿਉਂਕਿ ਅੱਜ ਕੱਲ ਪੀਣ ਪਿਆਉਣ ਦਾ ਸ਼ੌਕ ਵਧ ਗਿਆ ਹੈ। ਗੱਲਾਂ ਸੁਣ ਰਿਹਾ ਇੱਕ ਸੀਨੀਅਰ ਵਕੀਲ ਬੋਲਿਆ, "ਜਿਹੋ ਜਿਹਾ ਥੋਡਾ ਵਕਾਲਤ ਵੱਲ ਰਵੱਈਆ ਹੈ, ਉਹੋ ਜਿਹਾ ਤੁਸੀਂ ਬਿਜਨਸ 'ਚ ਚੰਨ ਚੜ੍ਹਾਉਗੇ।" ਉਸ ਦਾ ਕਹਿਣਾ ਸੀ ਕਿ ਵਕਾਲਤ ਦਾ ਕੰਮ ਹੀ ਏਨਾ ਡਿਮਾਂਡਿੰਗ ਹੈ ਕਿ ਇਸ 'ਚੋਂ ਕਿਸੇ ਹੋਰ ਕੰਮ ਲਈ ਵਿਹਲ ਹੀ ਨਹੀਂ ਮਿਲਦੀ। ਜੇ ਤਸੱਲੀ ਲੈਣੀ ਹੈ ਤਾਂ ਇੱਕ ਵੇਲੇ, ਇਕੋ ਕੰਮ ਖੁੱਭ ਕੇ ਕਰੋ। ਕੰਮ ਤੁਹਾਡੇ ਨਾਲ ਵਫਾ ਕਰੇਗਾ। ਜੇ ਵਕਾਲਤ ਨਹੀਂ ਹੁੰਦੀ, ਤਾਂ ਹੋਰ ਕੰਮ ਕਰ ਲਓ, ਪਰ ਕਰੋ ਨਿੱਠ ਕੇ। ਜੋ ਵੀ ਕਰਨਾ ਹੈ, ਉਸ ਨੂੰ ਉਸਤਵ ਵਾਂਗ ਕਰੋ। ਕਰਨ ਵਿਚ ਸੁਆਦ ਲਓ। ਇਹ ਨਹੀਂ ਕਿ ਕੰਮ ਅੱਜ ਕਰਨਾ ਤੇ ਸੁਆਦ ਬਾਅਦ ਵਿਚ ਲਵਾਂਗੇ। ਕੰਮ ਤੇ ਸਿਹਤ ਨੂੰ ਇੱਕ ਸੁਰ ਰੱਖੋ। ਨਹੀਂ ਤਾਂ ਭਟਕਦੇ ਫਿਰੋਗੇ ਤੇ ਪਛਤਾਓਗੇ। ਗੱਲ ਤਾਂ ਕੰਮ ਦੀ ਸੀ, ਪਰ ਸਾਨੂੰ ਕਈ ਵਰ੍ਹਿਆਂ ਬਾਅਦ ਸਮਝ ਆਈ।

ਕਿਰਾਏਦਾਰ ਮੁਲਾਜ਼ਮਾਂ ਵਿਚ ਮਾਲਕੀ ਦੇ ਘਰ ਦੀ ਬੜੀ ਖਿੱਚ ਹੁੰਦੀ ਹੈ। ਉਹ ਜਦੋਂ 'ਕੱਠੇ ਹੋਣਗੇ, ਉਨ੍ਹਾਂ ਵਿਚ ਇਹੀ ਚਰਚਾ ਹੁੰਦੀ ਹੈ ਕਿ ਕਿਸ ਨੇ ਘਰ ਖਰੀਦ ਲਿਆ ਹੈ। ਕਿਸ ਨੇ ਨਵਾਂ ਘਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਇੱਕ ਦੂਜੇ ਨੂੰ ਦੇਖ ਕੇ ਘਰਾਂ ਵਿਚ ਕਲੇਸ਼ ਸ਼ੁਰੂ ਹੋ ਜਾਂਦਾ ਹੈ ਕਿ ਫਲਾਣੇ ਨੇ ਤਾਂ ਦੋ ਪਲਾਟ ਸਸਤੇ ਖਰੀਦੇ ਸਨ, ਇਕ ਵੇਚ ਕੇ ਮਣਾਂ ਮੂੰਹੀ ਪੈਸੇ ਵੱਟ ਲਏ, ਤੇ ਦੂਜੇ ਵਿਚ ਮਕਾਨ ਬਣਾ ਲਿਆ ਹੈ। ਮਕਾਨ ਬਣ ਜਾਂਦਾ ਹੈ, ਪਰ ਉਸ ਦੀ ਘਰ ਵਿਚ ਕਾਇਆ ਕਲਪ ਨਹੀਂ ਹੁੰਦੀ। ਕਿਸੇ ਨੂੰ ਲੱਗਣ ਲੱਗ ਪੈਂਦਾ ਹੈ ਕਿ ਮਹੱਲਾ ਮਾੜਾ ਹੈ, ਕਿਸੇ ਨੂੰ ਲੱਗਦਾ ਹੈ ਕਿ ਛੋਟੇ ਸ਼ਹਿਰ ਵਿਚ ਮਕਾਨ ਕਾਹਨੂੰ ਬਣਾਉਣਾ ਸੀ। ਕਈਆਂ ਨੂੰ ਲੱਗਦਾ ਹੈ, ਜੇ ਇਹੀ ਪੈਸੇ ਮੁਹਾਲੀ ਜਾਂ ਚੰਡੀਗੜ੍ਹ ਲਾਏ ਹੁੰਦੇ ਤਾਂ ਵਾਰੇ ਨਿਆਰੇ ਹੋ ਜਾਣੇ ਸਨ।

ਭਾਰਤ ਵਿਚ ਰਹਿੰਦਿਆ ਲੱਗਦਾ ਸੀ ਕਿ ਅਮਰੀਕਾ ਜਾ ਕੇ ਜੋ ਕੈਲੀਫਰੋਨੀਆ ਜਾ ਵਸੇ, ਉਹ ਤਾਂ ਮੌਜਾਂ ਹੀ ਕਰਦੇ ਹੋਣਗੇ। ਖੁੱਲ੍ਹੀਆਂ ਸੜਕਾਂ, ਵੱਡੇ ਵੱਡੇ ਮਕਾਨ, ਬਾਗ, ਸਾਫ ਹਵਾਵਾਂ; ਪਰ ਇੱਥੇ ਆ ਕੇ ਪਤਾ ਲੱਗਾ ਕਿ ਅੱਚਵੀ ਤਾਂ ਹਰ ਬਸ਼ਰ ਦੇ ਨਾਲ ਨਾਲ ਫਿਰਦੀ ਹੈ। ਖੁੱਲ੍ਹੀ ਤੇ ਸਾਫ ਹਵਾ ਤਾਂ ਹੈ, ਪਰ ਡੂੰਘੇ ਸਾਹ ਲੈਣ ਦੀ ਵਿਹਲ ਕਿਸ ਕੋਲ ਹੈ? ਜੇ ਕੋਈ ਗੈਸ ਸਟੇਸ਼ਨ 'ਤੇ ਮੁਲਾਜਮ ਹੈ, ਸੋਚਦਾ ਹੈ ਬੱਝਵੀਂ ਤਨਖਾਹ ਨਾਲ ਕੁਝ ਨ੍ਹੀਂ ਬਣਦਾ, ਕੋਈ ਸਬ-ਵੇ ਲੈ ਲਈਏ, ਕੋਈ ਸਾਂਝਾ ਸਟੋਰ ਹੀ ਖਰੀਦ ਲਈਏ। ਸਟੋਰ ਵਾਲੇ ਨੂੰ ਲੱਗਦਾ ਹੈ ਕਿ ਫਾਰਮ ਬਿਨਾ ਗੁਜ਼ਾਰਾ ਨਹੀਂ, ਥੋੜ੍ਹੀ ਬਹੁਤ ਜਮੀਨ ਵੀ ਹੋਣੀ ਚਾਹੀਦੀ ਹੈ। ਕਿਸੇ ਨੂੰ ਲੱਗਦਾ ਹੈ ਕਿ ਕੈਲੀਫੋਰਨੀਆ ਮਹਿੰਗਾ ਹੈ, ਇੱਥੇ ਟੈਕਸ ਵੀ ਜ਼ਿਆਦਾ, ਗੈਸ ਵੀ ਮਹਿੰਗੀ, ਕਿਉਂ ਨਾ ਕਿਸੇ ਹੋਰ ਸਟੇਟ ਵਿਚ ਜਾ ਵਸੀਏ! ਇੱਥੇ ਕਿੰਨੇ ਹੀ ਬੰਦੇ ਮਿਲ ਜਾਣਗੇ, ਜਿਨ੍ਹਾਂ ਨੇ ਕਈ ਸਟੇਟਾਂ ਗਾਹ ਦਿੱਤੀਆਂ ਹਨ, ਪਰ ਅੱਚਵੀ ਨਹੀਂ ਗਈ। ਕਿਤੇ ਕੁਝ ਕਰ ਲਿਆ ਤੇ ਕਿਤੇ ਕੁਝ।

ਇੱਕ ਦਿਨ ਸੈਰ ਕਰਦਿਆਂ ਦੋ ਦੋਸਤ ਮਿਲ ਗਏ। ਉਹ ਕਈ ਵਰ੍ਹਿਆਂ ਤੋਂ ਕੈਲੀਫੋਰਨੀਆ ਵਿਚ ਸੈਟਲਡ ਹਨ। ਬੜੀ ਠਾਠ ਹੈ। ਕੰਮ ਚਲਦਾ ਹੈ। ਕਮਾਈ ਵੀ ਚੰਗੀ ਹੈ। ਹੋਰ ਕੋਈ ਗੱਲ ਨਹੀਂ ਕੀਤੀ, ਸਾਅਬ ਸਲਾਮ ਬਾਅਦ ਕਹਿੰਦੇ, "ਕੀ ਕਰਦੈ?"

ਮੈਂ ਕਿਹਾ, "ਅਜੇ ਤਾਂ ਵਿਹਲਾ ਹਾਂ।"

ਉਹ ਬੋਲੇ, "ਫਿਰ ਮਾਰੀ ਕਿਤੇ ਗੇੜਾ, ਕੋਈ ਕੰਮ ਕਰਨ ਬਾਰੇ ਸੋਚਾਂਗੇ।" ਉਨ੍ਹਾਂ ਨੇ ਸੱਦਾ ਦਿੱਤਾ। ਮੈਂ ਸੋਚ ਰਿਹਾ ਸੀ ਕਿ ਉਨ੍ਹਾਂ ਦਾ ਵਧੀਆ ਕੰਮ ਚਲਦਾ ਹੈ, ਫਿਰ ਹੋਰ ਕੀ ਕਰਨਾ ਹੈ? ਮੁਲਕ ਬਦਲ ਗਿਆ, ਪਰ ਭਟਕਣ ਨਹੀਂ ਗਈ।

ਜਦੋਂ ਦਿਨ ਚੜ੍ਹਦਾ ਹੈ, ਦੌੜ ਭੱਜ ਸ਼ੁਰੂ ਹੋ ਜਾਂਦੀ ਹੈ। ਸਾਨੂੰ ਬਿਜਨਸ ਦੀ ਸਫਲਤਾ, ਫਸਲ ਦੇ ਲੱਗਣ, ਘਰ ਦੇ ਸਜਾਉਣ ਦਾ ਫਿਕਰ ਨਿਰੰਤਰ ਲੱਗਾ ਰਹਿੰਦਾ ਹੈ; ਪਰ ਨਾ ਮਨ ਦੀ ਸੋਝੀ ਹੈ, ਨਾ ਤਨ ਦਾ ਖਿਆਲ। ਬੰਦੇ ਨੂੰ ਲੱਗਦਾ ਹੈ ਕਿ ਉਹ ਬਿਜਨਸ ਚਲਾ ਰਿਹਾ ਹੈ। ਜਦੋਂ ਕਿ ਹਕੀਕਤ ਇਹ ਹੈ ਕਿ ਬਿਜਨਸ ਬੰਦੇ ਨੂੰ ਚਲਾ ਰਿਹਾ ਹੁੰਦਾ ਹੈ। ਇਹ ਬਿਜਨਸ ਨੇ ਤੈਅ ਕਰਨਾ ਹੈ ਕਿ ਉਸ ਨੇ ਕਦੋਂ ਉਠਣਾ ਹੈ, ਕਦੋਂ ਕਿਥੇ ਜਾਣਾ ਹੈ। ਉਸ ਨੂੰ ਆਪਣੀ ਨਿਤ-ਚਰਿਆ, ਬਿਜਨਸ ਦੀਆਂ ਲੋੜਾਂ ਮੁਜਬ ਤੈਅ ਕਰਨੀ ਹੁੰਦੀ ਹੈ। ਜਿਹੜੀਆਂ ਚੀਜਾਂ ਉਹ ਇਕੱਠੀਆਂ ਕਰਦਾ ਹੈ, ਹੌਲੀ ਉਹੀ ਉਸ ਨੂੰ ਹੰਢਾਉਣਾ ਸ਼ੁਰੂ ਕਰ ਦਿੰਦੀਆਂ ਹਨ। ਉਹ ਉਨ੍ਹਾਂ ਦੀ ਸਾਂਭ-ਸੰਭਾਲ ਕਰਦਾ, ਆਪ ਘਸ ਜਾਂਦਾ ਹੈ। ਕਿੰਨੇ ਕੁ ਬੰਦੇ ਹਨ, ਜੋ ਦੋ ਪਲ ਕੱਢ ਕੇ ਇਹ ਸੋਚਦੇ ਹੋਣਗੇ ਕਿ ਕਾਹਦੇ ਲਈ ਭੱਜੇ ਫਿਰਦੇ ਹਨ? ਉਹ ਸਟੋਰਾਂ ਦੇ ਸਮਾਨ ਦੀ ਖਰੀਦੋ-ਫਰੋਖਤ, ਖੇਤੀਬਾੜੀ ਲਈ ਰੇਹ ਤੇ ਦੁਆਈਆਂ ਲਈ ਤਾਂ ਫਿਕਰਮੰਦ ਹਨ, ਪਰ ਆਪਣੇ ਖਿੰਡੇ ਮਨ ਤੇ ਢਲਦੀ ਜਾਂਦੀ ਦੇਹ ਉਨ੍ਹਾਂ ਦੀ ਸੂਚੀ ਵਿਚ ਨਹੀਂ ਹੁੰਦੀ। ਸਿਹਤ ਤਾਂ ਸਾਡੇ ਏਜੰਡੇ 'ਤੇ ਉਦੋਂ ਹੀ ਆਉਂਦੀ ਹੈ, ਜਦੋਂ ਅਸੀਂ ਬਿਮਾਰ ਹੁੰਦੇ ਹਾਂ।

ਮੇਰੇ ਇੱਕ ਜਾਣੂੰ ਨੇ ਅੱਖਾਂ ਦੇ ਲੈਂਜ਼ ਪੁਆਉਣੇ ਸਨ। ਕਿੰਨੇ ਚਿਰ ਦਾ ਕਹਿ ਰਿਹਾ ਸੀ, ਪਰ ਸਮਾਂ ਨਹੀਂ ਸੀ ਕੱਢ ਰਿਹਾ। ਜਦੋਂ ਮਿਲਣਾ, ਦਿਨੋ ਦਿਨ ਘਟ ਰਹੀ ਨਿਗ੍ਹਾ ਦਾ ਰੋਣਾ ਰੋਈ ਜਾਣਾ। ਮੈਂ ਕਹਿਣਾ, 'ਜੇ ਔਖਾ ਹੈਂ ਤਾਂ ਲੈਂਜ਼ ਕਿਉਂ ਨ੍ਹੀਂ ਪੁਆ ਲੈਂਦਾ?' ਕਦੇ ਕਹਿੰਦਾ, ਆਹ ਕੰਮ ਕਰਕੇ ਪੁਆਵਾਂਗਾ, ਕਦੇ ਔਹ ਕੰਮ ਕਰਦੇ। ਜਿਹੜੇ ਬੰਦੇ ਆਵਦੀ ਸਿਹਤ ਵਾਸਤੇ ਸਮਾਂ ਨਹੀਂ ਕੱਢ ਸਕਦੇ, ਉਹੀ ਬੁੜ੍ਹੇ ਹੋ ਕੇ ਜੁਆਕਾਂ ਨੂੰ ਗਾਲ੍ਹਾਂ ਕੱਢਦੇ ਦਿਖਾਈ ਦਿੰਦੇ ਹਨ ਕਿ ਜੀ ਅੱਜ ਕੱਲ ਦੀ ਔਲਾਦ ਅਲੱਥ ਹੋ ਗਈ ਹੈ, ਉਨ੍ਹਾਂ ਕੋਲ ਬਜੁਰਗਾਂ ਨਾਲ ਗੱਲ ਕਰਨ ਵਾਸਤੇ ਸਮਾਂ ਨ੍ਹੀਂ। ਉਹ ਕਦੇ ਆਪਣੀ ਪੀੜ੍ਹੀ ਹੇਠ ਸੋਟਾ ਨ੍ਹੀਂ ਮਾਰਦੇ ਕਿ ਜੇ ਉਨ੍ਹਾਂ ਨੇ ਆਪਣੇ ਆਪ ਲਈ ਸਮਾਂ ਨਹੀਂ ਕੱਢਿਆ ਤਾਂ ਉਹ ਬੱਚਿਆਂ ਤੋਂ ਕਿਸ ਮੂੰਹ ਨਾਲ ਆਸ ਕਰਦੇ ਹਨ? ਬੱਚੇ ਵੀ ਤੁਹਾਡੇ ਵਾਂਗ ਹੀ ਮਸ਼ਰੂਫ ਹਨ। ਮਾਪਿਆਂ ਦੀ ਸੇਵਾ ਦਾ ਸ਼ਬਦ ਉਨ੍ਹਾਂ ਦੀ ਡਿਕਸ਼ਨਰੀ ਵਿਚ ਨਹੀਂ ਹੈ। ਉਹ 'ਹੈਲਪ' ਤਾਂ ਕਰ ਸਕਦੇ ਹਨ, 'ਸੇਵਾ' ਨਹੀਂ।

ਇਸ ਹਵਾਲੇ ਨਾਲ ਪੰਜਾਬੀ ਦੇ ਸੁਪ੍ਰਸਿੱਧ ਲੇਖਕ ਤੇ ਚਿੰਤਕ ਭੂਸ਼ਨ ਧਿਆਨਪੁਰੀ ਦੀ ਗੱਲ ਯਾਦ ਆਉਂਦੀ ਹੈ। ਉਹ ਆਪਣੇ ਬੇਟੇ ਨੂੰ ਸਰਵਣ ਦੀ ਕਥਾ ਸੁਣਾ ਰਿਹਾ ਸੀ ਕਿ ਕਿਵੇਂ ਆਪਣੇ ਅਪਾਹਜ ਮਾਂ-ਪਿਉ ਨੂੰ ਵਹਿੰਗੀ ਵਿਚ ਪਾ ਕੇ, ਸਰਵਣ ਥਾਂ ਥਾਂ ਚੁੱਕੀ ਫਿਰਦਾ ਸੀ। ਉਨ੍ਹਾਂ ਦੀ ਸੇਵਾ ਹੀ, ਸਰਵਣ ਦਾ ਮੁੱਖ ਕੰਮ ਸੀ। ਗੱਲ ਸੁਣ ਕੇ ਬੇਟਾ ਕਹਿੰਦਾ, "ਡੈਡ, ਸਰਵਣ (Servant) ਵਿਚ 'ਟੀ' ਸਾਈਲੈਂਟ ਹੈ।" ਉਸ ਨੂੰ ਲੱਗਾ ਕਿ ਸਰਵਣ ਉਨ੍ਹਾਂ ਦਾ ਬੇਟਾ ਨਹੀਂ, ਨੌਕਰ ਸੀ।

ਜਾਂਦੇ ਜਾਂਦੇ ਇੱਕ ਨੀਤੀ ਕਥਾ ਸੁਣ ਲਓ। ਇੱਕ ਕਾਟੋ ਆਜ਼ਾਦ ਬੜੀ ਮੌਜ ਮਸਤੀ ਨਾਲ ਜੰਗਲ ਵਿਚ ਰਹਿੰਦੀ ਸੀ। ਜੋ ਜੀਅ ਕਰਦਾ ਖਾਂਦੀ, ਜਿਸ ਰੁੱਖ 'ਤੇ ਜੀਅ ਕਰਦਾ, ਚੜ੍ਹ ਜਾਂਦੀ। ਉਸ ਦਾ ਕੰਮ ਸਿਰਫ ਫਲ ਖਾਣਾ ਸੀ, ਰੁੱਖਾਂ ਦਾ ਮਾਲਕ ਬਣਨਾ ਨਹੀਂ ਸੀ। ਉਸ ਲਈ ਵਸਤਾਂ ਵਰਤਣ ਵਾਸਤੇ ਸਨ, ਬੰਦੇ ਵਾਂਗ ਇਕੱਠਿਆਂ ਕਰਨ ਵਾਲੀ ਚੀਜ਼ ਨਹੀਂ। ਇੱਕ ਦਿਨ ਜੰਗਲ ਦਾ ਰਾਜਾ ਸ਼ੇਰ ਉਸ ਨੂੰ ਮਿਲਿਆ। ਰਾਜੇ ਨਾਲ ਗੱਲ ਕਰਦਿਆਂ, ਕਾਟੋ ਦੇ ਪਬ ਜਮੀਨ 'ਤੇ ਨਹੀਂ ਸੀ ਲਗਦੇ। ਸ਼ੇਰ ਕਹਿੰਦਾ, "ਤੂੰ ਐਵੇਂ ਨਿੱਕੇ ਮੋਟੇ ਰੁੱਖਾਂ 'ਤੇ ਚੜ੍ਹੀ ਫਿਰਦੀ ਏਂ, ਚੱਜ ਦਾ ਫਲ ਨ੍ਹੀਂ ਮਿਲਦਾ। ਤੂੰ ਮੇਰੀ ਨਿੱਜੀ ਸਕੱਤਰ ਬਣ ਜਾ। ਰਿਟਾਇਰਮੈਂਟ ਵੇਲੇ, ਬਦਾਮਾਂ ਦਾ ਬਾਗ ਪੈਨਸ਼ਨ ਵਜੋਂ ਦਿਆਂਗਾ।"

ਸ਼ੇਰ ਦੇ ਸਾਥ ਤੇ ਬਦਾਮਾਂ ਦੇ ਬਾਗ ਦੀ ਮਾਲਕੀ ਦੀ ਕਲਪਨਾ ਕਰਕੇ, ਕਾਟੋ ਨੂੰ ਚਾਅ ਚੜ੍ਹ ਗਿਆ। ਉਸ ਨੇ ਪੇਸ਼ਕਸ਼ ਝੱਟ ਕਬੂਲ ਕਰ ਲਈ। ਗਰੀਬੀ ਵਿਚ ਆਜ਼ਾਦ ਰਹਿਣ ਨਾਲੋਂ, ਉਹ ਨੂੰ ਅਮੀਰੀ ਵਿਚ ਗੁਲਾਮ ਰਹਿਣਾ ਚੰਗਾ ਲੱਗਾ। ਕਾਟੋ ਦਾ ਸਮਾਂ ਸ਼ੇਰ ਦੀ ਪੁਸ਼ਤਪਨਾਹੀ ਵਿਚ ਲੰਘਣ ਲੱਗਾ। ਦਫਤਰੀ ਕੰਮ ਵਿਚ ਉਹ ਬੁਰੀ ਤਰ੍ਹਾਂ ਰੁੱਝ ਗਈ। ਕੰਮ ਵਿਚ ਖਾਣ-ਪੀਣ ਦੀ ਸੁੱਧ-ਬੁੱਧ ਨਾ ਰਹੀ। ਹੌਲੀ ਹੌਲੀ ਉਸ ਦੀ ਸੱਤਿਆ ਜਾਂਦੀ ਰਹੀ। ਉਸ ਦੀ ਸਿਹਤ ਨੂੰ ਦੇਖਦਿਆਂ, ਸ਼ੇਰ ਨੇ ਵਾਅਦੇ ਮੁਤਾਬਿਕ ਕਾਟੋ ਨੂੰ ਬਦਾਮਾਂ ਦੇ ਬਾਗ ਦੀ ਮਾਲਕੀ ਤੇ ਕਬਜ਼ਾ ਦੇ ਦਿੱਤਾ। ਕਾਟੋ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਹ ਵਿਦਾਇਗੀ ਪਾਰਟੀ ਲੈ ਕੇ ਆਪਣੇ ਬਾਗ ਵਿਚ ਜਾਂਦੀ ਹੈ। ਬਦਾਮਾਂ ਦੀ ਖਾਣ ਦੀ ਕਲਪਨਾ ਨਾਲ ਉਸ ਦੇ ਮੂੰਹ ਵਿਚ ਪਾਣੀ ਆ ਜਾਂਦਾ ਹੈ। ਆਪਣੀ ਉਮਰ ਭਰ ਦੀ ਕਮਾਈ ਤੇ ਉਸ ਨੂੰ ਮਾਣ ਹੈ। ਉਹ ਜਿਉਂ ਹੀ ਬਦਾਮਾਂ ਦੇ ਰੁੱਖ 'ਤੇ ਚੜ੍ਹ ਕੇ, ਬਦਾਮ ਨੂੰ ਮੂੰਹ ਮਾਰਦੀ ਹੈ, ਉਸ ਤੋਂ ਖਾਧਾ ਨਹੀਂ ਜਾਂਦਾ। ਉਹ ਹੜਬੜਾ ਕੇ ਪਿਛਾਂਹ ਹਟਦੀ ਹੈ। ਉਸ ਦੇ ਦੰਦ ਹਿਲ ਰਹੇ ਹਨ ਅਤੇ ਜਬਾੜਿਆਂ ਵਿਚ ਜਾਨ ਨਹੀਂ। ਅਚਾਨਕ ਸਕੱਤਰੀ ਤੇ ਅਜਾਈਂ ਗੰਵਾਏ ਵਰ੍ਹਿਆਂ ਦੇ ਰੰਜ ਨਾਲ ਭਰ ਜਾਂਦੀ ਹੈ। ਉਹ ਸੋਚਦੀ ਹੈ, ਜਦੋਂ ਦੰਦ ਸਨ, ਉਦੋਂ ਖਾਣ ਦੀ ਪ੍ਰਵਾਹ ਨ੍ਹੀਂ ਕੀਤੀ, ਹੁਣ ਬਦਾਮ ਹਨ, ਪਰ ਦੰਦ ਸਾਥ ਨਹੀਂ ਦੇ ਰਹੇ। ਸਾਡੀ ਅੱਚਵੀ ਦਾ ਇਹੀ ਸਾਰ ਹੈ।

ਲੱਗਦਾ ਹੈ, ਸਾਡੇ ਸਾਰਿਆਂ ਦੇ ਮਨਾਂ ਵਿਚ ਹੀ ਕਾਟੋ ਦਾ ਵਾਸਾ ਹੈ।





## ਕਿਸਾਨ ਸੰਘਰਸ਼: ਗੁਰਮਤਿ, ਪੰਜਾਬ ਅਤੇ ਸਿੱਖ ਇਤਿਹਾਸ

*(ਪਿਛਲੇ ਸਫੇ ਦੀ ਬਾਕੀ)*

ਵਿਧਾਨ ਪ੍ਰਣਾਲੀ ਤੇ ਸੂਬਿਆਂ ਦੀ ਅੰਦਰੂਨੀ ਖੁਦ-ਮੁਖਤਿਆਰੀ ਉਤੇ ਆਧਾਰਿਤ ਭਾਰਤ ਦੇ ਵਿਧਾਨ ਨੂੰ ਸੰਘੀ, ਲੋਕਤੰਤਰੀ ਅਤੇ ਸਮਾਜਵਾਦ ਦੇ ਅਸਲੀ ਰੂਪ ਵਿਚ ਢਾਲ ਕੇ, ਭਾਰਤ ਵਿਚ ਕਲਿਆਣਕਾਰੀ ਰਾਜ ਬਣਾ ਕੇ, ਦੇਸ਼ ਦੀ ਦੌਲਤ ਦੀ ਸਮਾਨ ਵੰਡ ਲਈ ਮਿਥੀ ਜ਼ਮੀਨ ਦੀ ਹੱਦ ਉਤੇ ਆਧਾਰਿਤ ਸੀਮਤ ਆਮਦਨ ਤੇ ਸੀਮਤ ਜਾਇਦਾਦ ਦਾ ਕਾਨੂੰਨ ਅਪਨਾ ਕੇ, ਸਭ ਨੂੰ ਰੋਟੀ, ਕੱਪੜਾ, ਮਕਾਨ, ਮੁਫਤ ਵਿਦਿਆ, ਮੁਫਤ ਡਾਕਟਰੀ ਮਦਦ, ਲੋੜਵੰਦਾਂ ਨੂੰ ਜੀਵਨ ਗੁਜ਼ਾਰਾ, ਬੇਰੁਜ਼ਗਾਰੀ ਭੱਤਾ, ਸਸਤੀਆਂ ਜੀਵਨ ਦੀਆਂ ਲੋੜਾਂ, ਸਸਤੇ ਪੈਦਾਵਾਰੀ ਸਾਧਨ, ਕਿਸਾਨਾਂ ਨੂੰ ਲਾਹੇਵੰਦ ਭਾਅ ਤੇ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਯੋਗ ਤਨਖਾਹ ਦੇਣਾ ਆਪਣਾ ਧਰਮ ਬਣਾਉ ਤੇ ਭਾਰਤ ਦੀਆਂ ਵਖ-ਵਖ ਕੌਮਾਂ, ਧਰਮਾਂ ਤੇ ਭਾਸ਼ਾਵਾਂ ਦੇ ਗੁਲਦਸਤੇ ਨੂੰ ਰਾਜਸੀ ਭਾਈਚਾਰੇ ਦੇ ਫੁੱਲਦਾਨ ਵਿਚ ਇਸ ਤਰ੍ਹਾਂ ਸਜਾਓ ਕਿ ਉਸ ਦੀ ਆਦਰਸ਼ਕ ਮਹਿਕ ਦੁਨੀਆਂ ਲਈ ਨਮੂਨਾ ਬਣ ਜਾਏ ਤੇ ਜਗਤ-ਪਿਤਾ ਦੇ ਜਗਤ-ਪਰਿਵਾਰ ਲਈ ਜਗਤ ਪੰਚਾਇਤੀ ਰਾਜ ਸਥਾਪਤ ਹੋ ਸਕੇ।

ਪੰਜਾਬ ਦੀਆਂ ਇਨ੍ਹਾਂ ਜਾਇਜ ਮੰਗਾਂ ਨੂੰ ਮੰਨਣ ਦੀ ਥਾਂ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਮੋਰਚੇ ਨੂੰ ਫਿਰਕੂ ਰੰਗਤ ਦੇ ਕੇ ਜੂਨ 1984 ਵਿਚ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕੀਤਾ ਤੇ ਪੰਜਾਬ ਅੰਦਰ ਖੂਨ ਦੇ ਹੜ੍ਹ ਵਗਾ ਦਿਤੇ। ਨਵੰਬਰ 1984 ਵਿਚ ਉਸ ਦੇ ਮਰਨ ਤੋਂ ਬਾਅਦ ਦਿੱਲੀ ਤੇ ਦੇਸ਼ ਦੇ ਹੋਰਨਾਂ ਕਈ ਇਲਾਕਿਆਂ ਵਿਚ ਸਿੱਖਾਂ ਦੀ ਨਸਲਕੁਸ਼ੀ ਹੋਈ ਅਤੇ ਬਾਅਦ ਵਿਚ ਵਾਪਰੇ ਸਾਰੇ ਘਟਨਾਕ੍ਰਮ ਵਿਚ ਇਹ ਮੋਰਚਾ ਲੀਹੋ ਲਾਹ ਦਿੱਤਾ ਗਿਆ, ਪਰ ਨਾ ਇਸ ਮੋਰਚੇ ਦੀ ਕੋਈ ਮੰਗ ਮੰਨੀ ਗਈ ਅਤੇ ਨਾ ਹੀ ਕੇਂਦਰ ਸਰਕਾਰ ਦੇ ਪੰਜਾਬ ਪ੍ਰਤੀ ਰਵੱਈਏ ਵਿਚ ਕੋਈ ਫਰਕ ਪਿਆ, ਸਗੋਂ ਪੰਜਾਬ ਦੀ ਸਿੱਖ ਜਵਾਨੀ ਉਤੇ ਜਬਰ ਵਧਦਾ ਗਿਆ, ਜੋ ਹੁਣ ਤਕ ਜਾਰੀ ਹੈ। ਉਸੇ ਨਿਰੰਤਰਤਾ ਵਿਚ ਕਿਸਾਨੀ ਦਾ ਹੋਇਆ ਇਹ ਉਭਾਰ ਤਤ ਰੂਪ ਵਿਚ ਸਿੱਖ ਉਭਾਰ ਹੈ। ਇਸੇ ਕਰ ਕੇ ਦੁਨੀਆਂ ਭਰ ਦੇ ਹਰੇਕ ਕੋਨੇ ਵਿਚ ਬੈਠੇ ਸਿੱਖ ਇਸ ਸੰਘਰਸ਼ ਦੀ ਹਮਾਇਤ ਵਿਚ ਮੁਜਾਹਰੇ ਕਰ ਰਹੇ ਹਨ।

# ਸਰੀਰਕ ਸਬੰਧਾਂ ਦੀ ਸੁਗੰਧਤਾ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪ੍ਰਤੀਬੱਧਤਾ ਦੀ ਪੂਣੀ ਕੱਤਦਿਆਂ ਛਿੱਕੂ ਵਿਚ ਪ੍ਰਗੀਤ ਦੇ ਗਲੋਟੇ ਸਜਾਏ ਸਨ। ਉਨ੍ਹਾਂ ਤਾਕੀਦ ਕੀਤੀ ਸੀ, "ਪ੍ਰਤੀਬੱਧਤਾ ਅੰਤਰੀਵੀ ਹੋਵੇ, ਸੁੱਚਮ ਨਾਲ ਭਰਪੂਰ ਹੋਵੇ, ਪਾਕੀਜ਼ ਹੋਵੇ ਅਤੇ ਰੂਹਾਨੀ ਹੋਵੇ ਤਾਂ ਮਨੁੱਖ ਨੂੰ ਨਵੀਂ ਪਛਾਣ ਮਿਲਦੀ, ਪਰ ਜੇ ਪ੍ਰਤੀਬੱਧਤਾ ਨਾਪਾਕ ਹੋਵੇ, ਕਾਲਖੀ ਹੋਵੇ, ਓਪਰੀ ਹੋਵੇ ਅਤੇ ਦਿਖਾਵੇ ਤੀਕ ਸੀਮਤ ਹੋਵੇ ਤਾਂ ਇਸ ਦੇ ਕੋਈ ਅਰਥ ਨਹੀਂ।...ਪ੍ਰਤੀਬੱਧਤਾ ਸਭ ਤੋਂ ਜਰੂਰੀ ਹੈ, ਮਨੁੱਖ ਦੀ ਖੁਦ ਨਾਲ। ਜੇ ਮਨੁੱਖ ਖੁਦ ਨਾਲ ਹੀ ਪ੍ਰਤੀਬੱਧ ਨਹੀਂ ਹੋਵੇਗਾ ਤਾਂ ਉਸ ਕਿਸ ਨਾਲ ਪ੍ਰਤੀਬੱਧ ਹੋ ਸਕਦੈ?" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸਰੀਰਕ ਸਬੰਧਾਂ ਦੀ ਗੱਲ ਕਰਦਿਆਂ ਇਸ ਨੂੰ ਵੱਖ ਵੱਖ ਰੂਪਾਂ ਵਿਚ ਪਰਿਭਾਸ਼ਿਤ ਕੀਤਾ ਹੈ। ਉਹ ਕਹਿੰਦੇ ਹਨ, "ਸਰੀਰਕ ਸਬੰਧ ਜ਼ਿੰਦਗੀ ਦੀਆਂ ਸਮੁੱਚੀਆਂ ਕਿਰਿਆਵਾਂ ਵਿਚੋਂ ਸਭ ਤੋਂ ਉਤਮ ਅਤੇ ਸੁੱਚਮ, ਬਸ਼ਰਤੇ ਇਸ ਵਰਤਾਰੇ ਨੂੰ ਸਮੁੱਚ ਨਾਲ ਨਿਭਾਇਆ ਜਾਵੇ। ਇਸ ਵਿਚ ਰੂਹਾਂ ਦੀ ਰਾਜ਼ਦਾਰੀ, ਭਾਈਵਾਲੀ ਅਤੇ ਹਾਜ਼ਰੀ। ਇਹ ਰੂਹ ਤੋਂ ਰੂਹ ਤੀਕ ਦੀ ਪਰਵਾਜ਼, ਅਨੂਠਾ ਜਿਉਣ ਅੰਦਾਜ਼।...ਸਰੀਰਕ ਸਬੰਧ ਸਿਆਣਪ, ਸੱਚੇ, ਸਾਦਗੀ, ਸੰਪੂਰਨਤਾ ਤੇ ਸਮਰਪਿੱਤਾ ਭਿੱਜੇ ਹੋਣ ਤਾਂ ਇਸ ਨਾਲ ਬਹੁਤ ਹੀ ਪੀਢੀ ਤੇ ਪਕੇਰੀ ਸਾਂਝ ਪੈਦਾ ਹੁੰਦੀ।" ਡਾ. ਭੰਡਾਲ ਕਹਿੰਦੇ ਹਨ, "ਅਜਿਹੇ ਸਰੀਰਕ ਸਬੰਧ ਅਸੰਤੁਲਤਾ ਦਾ ਆਧਾਰ, ਜਿਨ੍ਹਾਂ ਵਿਚੋਂ ਅਸਾਵੀਂ ਸੋਚ ਨੂੰ ਪਨਪਣ ਅਤੇ ਕਾਮੁਕਤਾ ਨੂੰ ਮਾਣਨ ਦਾ ਹੱਠ ਤੇ ਹੱਕ ਸਮਝਿਆ ਗਿਆ।...ਸਰੀਰਕ ਸਬੰਧ ਦਿਲ ਦੇ ਹੁੰਦੇ, ਦਿਮਾਗ ਦੇ ਨਹੀਂ। ਇਸ ਵਿਚ ਨਫਾ, ਨੁਕਸਾਨ ਜਾਂ ਗਿਣਤੀਆਂ-ਮਿਣਤੀਆਂ ਨਹੀਂ ਹੁੰਦੀਆਂ। ਨਾ ਹੀ ਰੰਗ, ਨਸਲ, ਜਾਤ, ਧਰਮ ਜਾਂ ਊਚ-ਨੀਚ ਲਈ ਕੋਈ ਥਾਂ ਹੁੰਦੀ।...ਲੋੜ ਹੈ, ਸਰੀਰਕ ਸਬੰਧਾਂ ਨੂੰ ਸੁਖਾਵੇਂ ਤੇ ਸੰਤੁਲਤ ਬਣਾ ਕੇ ਸੁੰਦਰ ਸਮਾਜ ਦੀ ਸਿਰਜਣਾ ਕਰਨ ਵਿਚ ਪਹਿਲ ਕਰੀਏ।" -ਸੰਪਾਦਕ*

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

ਸਰੀਰਕ ਸਬੰਧਾਂ ਦੀ ਸਥਾਪਤੀ, ਸਰੀਰਕ ਤੇ ਮਾਨਸਿਕ ਲੋੜ। ਕੁਦਰਤੀ ਪ੍ਰਕਿਰਿਆ; ਜਿਸਮਾਨੀ ਤੇ ਮਾਨਸਿਕ ਪੱਧਰ 'ਤੇ ਵਾਪਰਦੀ। ਉਮਰ ਦੇ ਇਕ ਪੜਾਅ 'ਤੇ ਸਰੀਰਕ ਤਬਦੀਲੀਆਂ ਦਾ ਰੂਪ ਅਤੇ ਸਰੀਰਕ ਤੰਦਰੁਸਤੀ ਦਾ ਰਾਜ਼।

ਸਰੀਰਕ ਸਬੰਧ, ਸਮਾਜਕ ਦਾਇਰਿਆਂ ਵਿਚ ਸੁੰਦਰ ਰੂਪ ਤੇ ਸਦੀਵ ਰਿਸ਼ਤੇ। ਨਿਸ਼ਚਿਤ ਮਰਿਆਦਾਵਾਂ ਦੀ ਪਾਲਣਾ ਜਰੂਰੀ। ਇਕ ਵਲਗਣ ਵਿਚ ਰਹਿ ਕੇ ਇਸ ਦੀ ਤ੍ਰਿਪਤੀ, ਜੀਵਨ-ਜਾਚ ਦਾ ਅਹਿਮ ਰੂਪ।

ਸਰੀਰਕ ਸਬੰਧ, ਦੋ ਜਿਸਮਾਂ ਦਾ ਮਿਲਾਪ। ਮੋਹਵੰਤਾ ਮਿਲਣ-ਬਿੰਦੂ। ਅਥਾਹ ਤੇ ਅਸੀਮ ਖੁਸ਼ੀ ਦਾ ਆਧਾਰ। ਅਜ਼ੀਮ ਪਲਾਂ ਵਿਚ ਦੋ ਰੂਹਾਂ ਦੀ ਇਕਮਿੱਕਤਾ ਦਾ ਸਿਖਰ। ਜੀਵਨ-ਜੋਤ ਨੂੰ ਚਾਨਣ ਤੇ ਨਿੱਘ ਅਰਪਦਾ।

ਸਰੀਰਕ ਸਬੰਧ ਮਨੁੱਖ ਦੀ ਹੀ ਲੋੜ ਨਹੀਂ, ਸਗੋਂ ਇਹ ਪਰਿਵਾਰ ਤੇ ਸਮਾਜਕ ਪ੍ਰਗਤੀ ਵਿਚ ਅਹਿਮ ਸੂਤਰਧਾਰ। ਜਣਨ ਪ੍ਰਕਿਰਿਆ ਲਈ ਸਭ ਤੋਂ ਜਰੂਰੀ। ਮਨੁੱਖੀ ਵਾਧੇ ਤੇ ਵਿਕਾਸ ਲਈ ਅਤਿਅੰਤ ਕਾਰਗਰ। ਸਾਇੰਸ ਭਾਵੇਂ ਬੱਚੇ ਪੈਦਾ ਕਰਨ ਲਈ ਕਲੋਨਿੰਗ ਨੂੰ ਅਪਨਾਉਣਾ ਚਾਹੁੰਦੀ ਏ, ਪਰ ਕੁਦਰਤੀ ਪ੍ਰਕਿਰਿਆ ਦਾ ਕੋਈ ਬਦਲ ਨਹੀਂ।

ਸਰੀਰਕ ਸਬੰਧ ਸਮੁੱਚੇ ਜੀਵ-ਸੰਸਾਰ ਲਈ ਹੀ ਬਹੁਤ ਜਰੂਰੀ। ਇਸ ਤੋਂ ਬਿਗਨਾ ਸੰਸਾਰ ਦਾ ਵਾਧਾ ਰੁਕ ਜਾਵੇਗਾ। ਅਗਲੀਆਂ ਨਸਲਾਂ ਸਾਡੀ ਵਿਰਾਸਤ ਨੂੰ ਅੱਗੇ ਕਿਵੇਂ ਤੋਰਨਗੀਆਂ ਅਤੇ ਨਵੀਆਂ ਪੈੜਾਂ ਕਿੰਜ ਸਿਰਜਣਗੀਆਂ?

ਸਰੀਰਕ ਸਬੰਧ ਬਹੁਤ ਹੀ ਸੂਖਮ ਤੇ ਸਕੂਨ-ਮਈ। ਇਸ ਵਿਚ ਚਾਹੀਦਾ ਏ ਸਹਿਜ ਤੇ ਸੁਹਜ। ਫਿਰ ਇਸ 'ਚੋਂ ਬਰਸਦੀਆਂ ਅਸੀਮ ਖੁਸ਼ੀਆਂ ਅਤੇ ਮੋਹ ਭਰੇ ਪਲਾਂ ਦਾ ਨਿਉਂਦਾ। ਇਹ ਤਾਂ ਬੁੱਕਲ ਦਾ ਨਿੱਘ, ਜਿਸ ਵਿਚ ਤਰਲ ਹੋ ਜਾਂਦੀਆਂ ਨੇ ਮਨੁੱਖ ਦੀਆਂ ਹੱਠੀ ਭਾਵਨਾਵਾਂ।

ਸਰੀਰਕ ਸਬੰਧ ਮਨੁੱਖ ਲਈ ਕੁਦਰਤ ਦਾ ਸਭ ਤੋਂ ਅਜ਼ੀਮ ਅਤੇ ਅਮੁੱਲ ਤੋਹਫਾ। ਇਕ ਦੂਜੇ ਦੀ ਨੇੜਤਾ ਮਾਣਨ ਅਤੇ ਇਕ ਦੂਜੇ ਵਿਚੋਂ ਖੁਦ ਨੂੰ ਵਿਕਸਿਤ ਕਰਨ ਦਾ ਸਬੱਬ।

ਸਰੀਰਕ ਸਬੰਧਾਂ ਤੋਂ ਪਹਿਲਾਂ ਜਰੂਰੀ ਏ ਇਕ ਦੂਜੇ ਨੂੰ ਸਮਝਣਾ। ਇਕ ਦੂਜੇ ਦੇ ਅੰਤਰੀਵ ਵਿਚ ਵੱਸਣ ਦਾ ਹੁਨਰ ਤੇ ਹਾਸਲ। ਚਾਅ-ਤਰੰਗਾਂ ਵਿਚ ਅਨਾਦੀ ਨਾਦ ਪੈਦਾ ਕਰਨ ਦਾ ਹੁਨਰ। ਸਰੀਰਕ ਤੇ ਮਾਨਸਿਕ ਲੋੜਾਂ ਨੂੰ ਸਮਝਣ ਦਾ ਖਬਤ ਅਤੇ ਪੂਰਨ-ਪੂਰਤੀ ਦਾ ਅਹਿਸਾਸ। ਜਦ ਦੋ ਜਿੰਦਾਂ ਇਕ ਜਾਨ ਬਣ ਕੇ ਇਕ ਦੂਜੇ ਨੂੰ ਅਰਪਿਤ ਹੁੰਦੀਆਂ, ਇਕ ਦੂਜੇ ਵਿਚੋਂ ਆਪਣੀ ਹੋਂਦ ਤੇ ਹਸਤੀ ਕਿਆਸਦੀਆਂ ਅਤੇ ਇਸ ਦੀ ਪ੍ਰਫੁਲਤਾ ਨੂੰ ਜੀਵਨ ਆਧਾਰ ਬਣਾਉਂਦੀਆਂ ਤਾਂ ਬਹੁਤ ਹੀ ਪਿਆਰੇ ਤੇ ਪੁਰ-ਖਲੂਸ ਪਲਾਂ ਦੇ ਨਾਲ-ਨਾਲ ਸਾਡੀ ਝੋਲੀ ਉਨ੍ਹਾਂ ਅਸੀਮ ਬਰਕਤਾਂ ਨਾਲ ਭਰ ਜਾਂਦੀ, ਜੋ ਸਿਰਫ ਕੁਝ ਵਿਰਲਿਆਂ ਦੇ ਨਸੀਬੀਂ ਹੁੰਦੀਆਂ।

ਸਰੀਰਕ ਸਬੰਧਾਂ ਦੀ ਮਾਣਨ ਰੁੱਤੇ ਇਹ ਵੀ ਜਾਣਨਾ ਜਰੂਰੀ ਕਿ ਇਹ ਦੁਵੱਲਾ ਕਾਰਜ਼ ਏ। ਬਹੁਤ ਹੀ ਪਵਿੱਤਰ ਅਤੇ ਪਾਕੀਜ਼ ਕਰਮ-ਧਰਮ। ਸਮੁੱਚ ਵਿਚ ਹਾਜ਼ਰ-ਨਾਜ਼ਰ ਹੋਣਾ ਬਹੁਤ ਜਰੂਰੀ। ਮਾਨਸਿਕ ਤੇ ਸਰੀਰਕ ਇਕਸੁਰਤਾ ਅਤੇ ਇਕਮਿਕਤਾ ਵਿਚੋਂ ਹੀ ਸਰੀਰਕ ਸਬੰਧਾਂ ਵਿਚਲੇ ਸਰੂਰ ਅਤੇ ਸਮਰਪਣ ਨੂੰ ਪੂਰਨ ਰੂਪ ਵਿਚ ਮਾਣਿਆ ਤੇ ਨਿਭਾਇਆ ਜਾ ਸਕਦਾ। ਇਕ ਦੀ ਅਪੂਰਤੀ ਵਿਚੋਂ ਦੂਸਰੇ ਦੀ ਪੂਰਤੀ ਕਿਵੇਂ ਹੋ ਸਕਦੀ?

ਸਰੀਰਕ ਸਬੰਧਾਂ ਦੇ ਅਰਥ, ਜੀਵ-ਸੰਸਾਰ ਅਤੇ ਮਨੁੱਖਾਂ ਲਈ ਵੱਖ-ਵੱਖ। ਦੋਹਾਂ ਵਿਚ ਬਹੁਤ ਅੰਤਰ ਹੈ ਸਰੀਰਕ ਸਬੰਧ ਬਣਾਉਣਾ ਅਤੇ ਇਨ੍ਹਾਂ ਨੂੰ ਮਾਣਨ ਵਿਚ। ਮਨੁੱਖ ਤੋਂ ਬਿਨਾ ਸਮੁੱਚਾ ਜੀਵ-ਸੰਸਾਰ ਸਰੀਰਕ ਸਬੰਧ ਬਣਾਉਣ ਲੱਗਿਆਂ ਕੁਦਰਤ ਦੇ ਨੇਮਾਂ ਦੀ ਅਵੱਗਿਆ ਨਹੀਂ ਕਰਦਾ। ਉਨ੍ਹਾਂ ਵਿਚ ਸਰੀਰਕ ਸਬੰਧ ਬਣਾਉਣ ਦਾ ਇਕ ਨਿਸ਼ਚਿਤ ਸਮਾਂ। ਇਸ ਵਿਚ ਨਰ ਤੇ ਮਾਦਾ ਦੀ ਬਰਾਬਰ ਦੀ ਭਾਈਵਾਲੀ ਤੇ ਪੂਰਨ ਰੂਪ ਵਿਚ ਸ਼ਮੂਲੀਅਤ। ਕਦੇ ਵੀ ਸਰੀਰਕ ਸਬੰਧ ਬਣਾਉਣ ਲਈ ਜੋਰ-ਜ਼ਬਰਦਸਤੀ ਨਹੀਂ ਕਰਦੇ ਅਤੇ ਨਾ ਹੀ ਉਹ ਆਪਣੀ ਮਰਜੀ ਕਿਸੇ 'ਤੇ ਠੋਸਦੇ। ਵਧੀਆ ਵਿਧੀ ਵਿਧਾਨ ਹੈ ਉਨ੍ਹਾਂ ਦੇ ਸਰੀਰਕ ਸਬੰਧਾਂ ਦੀ ਸਿਰਜਣਾ ਅਤੇ ਨਿਭਾਉਣ ਪ੍ਰਤੀ। ਜਦ ਕੋਈ ਮਨੁੱਖ ਜ਼ਬਰਦਸਤੀ ਕਿਸੇ ਦਾ ਸਰੀਰਕ ਸ਼ੋਸ਼ਣ ਕਰਦਾ ਤਾਂ ਇਹ ਜੰਗਲ-ਰਾਜ਼ ਨਹੀਂ ਹੁੰਦਾ, ਸਗੋਂ ਅਮਾਨਵੀ ਕੁਕਰਮ ਹੁੰਦਾ, ਕਿਉਂਕਿ ਜੰਗਲ ਵਿਚ ਅਜਿਹਾ ਕੁਝ ਨਹੀਂ ਵਾਪਰਦਾ।

ਸਰੀਰਕ ਸਬੰਧ ਬਣਾਉਣ ਅਤੇ ਇਸ ਦਾ ਸੁੰਦਰ ਸਰੂਪ ਵਿਗਾੜਨ ਲਈ ਮਨੁੱਖ ਹੀ ਸਭ ਤੋਂ ਜ਼ਿਆਦਾ ਉਲਾਰ। ਮਨੁੱਖ ਨੇ ਇਨ੍ਹਾਂ 'ਚੋਂ ਅਕਹਿ ਖੁਸ਼ੀ ਤੇ ਅਨੰਦ ਭਰੇ ਪਲ ਵਾਰ ਵਾਰ ਮਾਣਨ ਲਈ ਆਪਣੀਆਂ ਹੀ ਧਾਰਨਾਵਾਂ ਨਿਸ਼ਚਿਤ ਕਰ ਲਈਆਂ। ਇਨ੍ਹਾਂ ਵਿਚ ਮਰਦਾਵੀਂ ਸੋਚ ਅਤੇ ਮਨਮਰਜ਼ੀ ਸਾਫ ਰੂਪ ਵਿਚ ਝਲਕਦੀ। ਵਿਆਹ ਦੀ ਸੰਸਥਾ ਜਿਥੇ ਸਮਾਜਕ ਦਾਇਰਿਆਂ ਨੂੰ ਨਿਸ਼ਚਿਤ ਕਰਨ ਤੇ ਸਮਾਜਕ ਦਿੱਖ ਨੂੰ ਸੁੰਦਰ ਰੂਪ ਦੇਣ ਲਈ ਬਹੁਤ ਅਹਿਮ ਏ, ਉਥੇ ਇਸ ਨੇ ਆਦਮੀ ਨੂੰ ਔਰਤ ਨਾਲ ਸਰੀਰਕ ਸਬੰਧਾਂ ਨੂੰ ਆਪਣੀ ਮਰਜ਼ੀ ਅਨੁਸਾਰ ਮਾਣਨ ਦੀ ਖੁੱਲ੍ਹ ਵੀ ਪ੍ਰਾਪਤ ਕਰ ਲਈ। ਬਹੁਤੀ ਵਾਰ ਇਹ ਸਰੀਰਕ ਸਾਂਝ ਦੇ ਪਲ ਇਕਪਾਸੜ ਹੀ ਹੁੰਦੇ। ਇਹ ਸੂਖਮ ਰੂਪ ਵਿਚ ਔਰਤ ਦਾ ਸ਼ੋਸ਼ਣ। ਇਹ ਬੱਚੇ ਪੈਦਾ ਕਰਨ ਤੋਂ ਇਲਾਵਾ ਲਾਲਸੀ ਇੰਦਰੀਆਂ ਦੀ ਭੁੱਖ ਨੂੰ ਮਿਟਾਉਣ ਅਤੇ ਆਪਣੀ ਵਾਸ਼ਨਾ ਦੀ ਅਸੀਮਤਾ ਨੂੰ ਪੂਰੀ ਕਰਨ ਦੀ ਆਗਿਆ ਵੀ ਸਮਝ ਬੈਠਾ। ਅਜਿਹੇ ਸਰੀਰਕ ਸਬੰਧ ਅਸੰਤੁਲਤਾ ਦਾ ਆਧਾਰ, ਜਿਨ੍ਹਾਂ ਵਿਚੋਂ ਅਸਾਵੀਂ ਸੋਚ ਨੂੰ ਪਨਪਣ ਅਤੇ ਕਾਮੁਕਤਾ ਨੂੰ ਮਾਣਨ ਦਾ ਹੱਠ ਤੇ ਹੱਕ ਸਮਝਿਆ ਗਿਆ। ਔਰਤ ਸਿਰਫ ਵਰਤਣ ਦੀ ਚੀਜ਼ ਬਣ ਕੇ ਰਹਿ ਗਈ।



ਸਰੀਰਕ ਸਬੰਧਾਂ ਨੂੰ ਮਾਣਨ ਦੀ ਖੁੱਲ੍ਹ ਇਸ ਹੱਦ ਤੀਕ ਆਦਮੀ ਨੇ ਆਪਣੇ ਹੱਕ ਵਿਚ ਕਰ ਲਈ ਕਿ ਇਕ ਵਿਅਕਤੀ ਨੂੰ ਆਪਣੀ ਮਰਜ਼ੀ ਅਨੁਸਾਰ ਕਈ ਵਿਆਹ ਕਰਵਾਉਣ ਦੀ ਖੁੱਲ੍ਹ ਵੀ ਮਿਲ ਗਈ। ਕਈ ਰਾਜਿਆਂ ਦੇ ਹਰਮ ਵਿਚ ਰਾਣੀਆਂ, ਮਹਾਰਾਣੀਆਂ, ਰਖੇਲਾਂ ਆਦਿ ਕਈ ਪਰਤਾਂ ਵਿਚ ਅਤਿ ਸੁੰਦਰ ਔਰਤਾਂ ਹਾਜਰ ਹੁੰਦੀਆਂ, ਜੋ ਰਾਜਿਆਂ ਜਾਂ ਸ਼ਾਸ਼ਕਾਂ ਦੀ ਸਰੀਰਕ ਭੁੱਖ ਨੂੰ ਤ੍ਰਿਪਤ ਲਈ ਹਰਦਮ ਹਾਜ਼ਰ ਰਹਿੰਦੀਆਂ। ਕਈ ਵਾਰ ਤਾਂ ਇਹ ਮਹਿਮਾਨਾਂ ਨੂੰ ਵੀ ਪਰੋਸੀਆਂ ਜਾਂਦੀਆਂ।

ਸਰੀਰਕ ਸਬੰਧਾਂ ਦੀ ਖਿੱਲੀ, ਧਰਮ ਵਿਚ ਖੂਬ ਉਡਾਈ ਗਈ। ਇਸ ਦੀ ਅਣਦੇਖੀ ਤੇ ਮਨਮਾਨੀ ਵਿਚੋਂ ਬਹੁਤ ਸਾਰੇ ਕੁਕਰਮੀ ਰਿਵਾਜ਼ ਪੈਦਾ ਹੋਏ, ਜਿਨ੍ਹਾਂ ਨੇ ਮਨੁੱਖੀ ਜਾਤੀ ਨੂੰ ਸ਼ਰਮਸ਼ਾਰ ਕੀਤਾ। ਭਾਵੇਂ ਇਹ ਮੰਦਿਰਾਂ ਵਿਚ ਦਾਸੀ ਪ੍ਰਥਾ ਹੋਵੇ, ਮੁਸਲਿਮ ਧਰਮ ਵਿਚ ਇਕ ਤੋਂ ਵੱਧ ਵਿਆਹ ਕਰਵਾਉਣ ਦੀ ਇਜਾਜ਼ਤ ਹੋਵੇ, ਪੰਜ ਪਾਡਵਾਂ ਵਲੋਂ ਦਰੋਪਤੀ ਦੇ ਨਾਰੀਤਵ ਦੀ ਦੁਰਗਤੀ ਹੋਵੇ ਜਾਂ ਪਾਖੰਡੀ ਧਾਰਮਿਕ ਆਗੂਆਂ ਵਲੋਂ ਔਰਤ ਸ਼ਰਧਾਲੂਆਂ ਨਾਲ ਸਰੀਰਕ ਖੁੱਲ੍ਹ ਮਾਣਨਾ ਹੋਵੇ। ਧਾਰਮਿਕ ਧੌਂਸ ਅੱਗੇ ਔਰਤ ਨੂੰ ਨਿਤਾਣੀ ਸਮਝ ਕੇ ਉਸ ਦੀਆਂ ਚੀਖ਼ਾਂ ਤੇ ਸਿਸਕੀਆਂ ਨੂੰ ਆਪਣੀ ਖੁਸ਼ੀ ਤੇ ਮਰਦਾਨਗੀ ਸਮਝਣਾ ਹੋਵੇ। ਸਾਧਾਂ ਦੇ ਡੇਰਿਆਂ 'ਤੇ ਵਾਪਰਦੇ ਅਜਿਹੇ ਕੁਕਰਮਾਂ ਦੀ ਤਾਂ ਕਈ ਵਾਰ ਉਘ-ਸੁੱਘ ਵੀ ਨਹੀਂ ਨਿਕਲਦੀ।

ਸਰੀਰਕ ਸਬੰਧ ਦੀ ਦੁਰਵਰਤੋਂ ਤਾਂ ਕਈ ਵਾਰ ਹੀਣਾ ਮਨੁੱਖ ਵੀ ਕਰਦਾ। ਇਹ ਭਾਵੇਂ ਉਚੇ ਰੁਤਬੇ ਨੂੰ ਹਾਸਲ ਕਰਨ ਲਈ ਔਰਤ ਨੂੰ ਵਰਤਣਾ ਹੋਵੇ। ਪੁਰਾਣੇ ਸਮਿਆਂ ਵਿਚ ਪਿੰਡਾਂ ਵਿਚ ਅਕਸਰ ਹੀ ਇਕ ਭਰਾ ਦੇ ਵਿਆਹ ਤੋਂ ਬਾਅਦ ਛੜੇ ਭਰਾਵਾਂ ਵਲੋਂ ਉਸ ਨਾਲ ਸਰੀਰਕ ਸਬੰਧ ਸਥਾਪਤ ਕਰਨੇ ਅਤੇ ਔਰਤ ਜਾਂ ਪਤੀ ਵਲੋਂ ਵਿਰੋਧ ਨਾ ਕਰਨ ਦਾ ਮਤਲਬ ਮੂਕ ਸਹਿਮਤੀ ਹੁੰਦੀ ਸੀ। ਇਸ ਪਿਛੇ ਜੱਦੀ ਜਾਇਦਾਦ ਨੂੰ ਸਾਂਭਣ ਦਾ ਨਿੱਜੀ ਮੁਫਾਦ ਹੁੰਦਾ ਸੀ। ਨਿੱਕੇ ਨਿੱਕੇ ਲਾਭਾਂ, ਮਾਨਾਂ-ਸਨਮਾਨਾਂ ਜਾਂ ਮਾਇਕ ਫਾਇਦੇ ਲਈ ਔਰਤ ਦੀ ਆਬਰੂ ਨਾਲ ਖੇਡਣਾ, ਸਿਰਫ ਮਨੁੱਖੀ ਫਿਤਰਤ ਦਾ ਹੀ ਹਿੱਸਾ।

ਸਰੀਰਕ ਸਬੰਧਾਂ ਦੀ ਦੁਰਦਸ਼ਾ ਦੇਖ ਕੇ ਮਨ ਭਰ ਆਉਂਦਾ ਕਿ ਮਨੁੱਖ ਨੇ ਨਾ ਤਾਂ ਇਸ ਦੀ ਅਮੁੱਲਤਾ ਤੇ ਅਮੀਰਤਾ ਨੂੰ ਸਮਝਿਆ ਅਤੇ ਨਾ ਹੀ ਇਸ ਨੂੰ ਜੀਵਨ ਸਾਰਥਕਤਾ ਦਾ ਹਿੱਸਾ ਬਣਾਇਆ। ਜ਼ਿਆਦਾਤਰ ਇਹ ਸਿਰਫ ਇਕਪਾਸੜ ਕਿਰਿਆ ਹੀ ਬਣ ਕੇ ਰਹਿ ਗਈ। ਜਦ ਕਈ ਵਿਅਕਤੀ ਇਕੱਲੀ ਔਰਤ ਜਾਂ ਲੜਕੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਤਾਂ ਉਹ ਮਾਨਸਿਕ ਤੌਰ 'ਤੇ ਬਿਮਾਰ ਹੁੰਦੇ। ਉਨ੍ਹਾਂ ਦੇ ਮਨਾਂ ਵਿਚ ਆਪਣੀ ਜਿਸਮਾਨੀ ਤਾਕਤ ਅਤੇ ਔਰਤ ਦੀ ਕਮਜੋਰੀ ਦਾ ਭਰਮ ਹੁੰਦਾ। ਲੋੜ ਹੈ, ਸਰੀਰਕ ਸਬੰਧਾਂ ਨੂੰ ਸੁਖਾਵੇਂ ਤੇ ਸੰਤੁਲਤ ਬਣਾ ਕੇ ਸੁੰਦਰ ਸਮਾਜ ਦੀ ਸਿਰਜਣਾ ਕਰਨ ਵਿਚ ਪਹਿਲ ਕਰੀਏ।

ਸਰੀਰਕ ਸਬੰਧ ਬਹੁਤ ਸਾਰੀਆਂ ਧਰਾਤਲਾਂ 'ਤੇ ਨਿਭਾਏ ਤੇ ਪ੍ਰਣਾਏ ਜਾਂਦੇ। ਇਹ ਮਾਨਸਿਕ, ਸਰੀਰਕ, ਸਮਾਜਕ ਆਦਿ ਪੱਧਰ 'ਤੇ ਪੂਰਨਤਾ ਵਿਚ ਹੰਢਾਏ ਤੇ ਮਾਣੇ ਜਾਣ ਤਾਂ ਇਸ ਦੀ ਸੁੰਦਰਤਾ ਵਿਚੋਂ ਨਵੇਂ ਸਮਾਜ ਦੇ ਨਕਸ਼ ਨਜ਼ਰ ਆਉਂਦੇ, ਜਿਨ੍ਹਾਂ ਨੇ ਮਨੁੱਖੀ ਜਾਤ ਨੂੰ ਮਾਣ ਅਤੇ ਮਰਿਆਦਾ ਦਾ ਅਲੰਮਬਰਦਾਰ ਬਣਾਉਣਾ ਹੁੰਦਾ।

ਕਈ ਵਾਰ ਸਰੀਰਕ ਸਬੰਧ ਰਿਸ਼ਤਿਆਂ ਵਿਚ ਵੀ ਅਤੇ ਰਿਸ਼ਤਿਓਂ ਬਾਹਰੀ ਵੀ। ਰਿਸ਼ਤਿਓਂ ਬਾਹਰੀ ਸਬੰਧ ਕਈ ਵਾਰ ਮਜ਼ਬੂਰੀ ਹੁੰਦੇ ਅਤੇ ਕਈ ਵਾਰ ਅਯਾਸ਼ੀ। ਇਹ ਸਮਾਜਕ ਹਾਲਾਤਾਂ, ਪਰਿਵਾਰਕ ਗੁੰਝਲਾਂ ਅਤੇ ਨਿੱਜ ਦੇ ਬਖੇੜਿਆਂ ਕਾਰਨ ਬਹੁਤ ਕੁਝ ਅਜਿਹਾ ਹੁੰਦਾ, ਜਿਸ ਨੂੰ ਸਮਾਜ ਤਾਂ ਅਨੈਤਿਕ ਕਹਿੰਦਾ, ਜਦ ਕਿ ਰਿਸ਼ਤਿਆਂ ਵਿਚਲੇ ਸਬੰਧਾਂ ਵਿਚ ਕੀਤੀ ਧੱਕੇਸ਼ਾਹੀ ਅਤੇ ਜਬਰਦਸਤੀ ਨੂੰ ਨੈਤਿਕ ਸਮਝਿਆ ਜਾਂਦਾ। ਇਹ ਮਿਆਰ ਵੀ ਆਦਮੀ ਨੇ ਆਪਣੇ ਹਿੱਤ ਵਿਚ ਸਿਰਜੇ। ਚਰਿੱਤਰ ਨੂੰ ਸਿਰਫ ਸਰੀਰਕ ਸਬੰਧਾਂ ਦੀ ਉਚਤਾ ਅਤੇ ਅਣਉਚਤਾ ਸਦਕਾ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਵਿਚ ਸਾਰੇ ਮਨੁੱਖੀ ਗੁਣਾਂ ਨੂੰ ਸ਼ਾਮਲ ਕਰਨਾ ਬਹੁਤ ਜਰੂਰੀ। ਇਸ ਵਿਚ ਸੱਚਾਈ, ਦ੍ਰਿੜਤਾ, ਹਿੰਮਤ, ਮਿਹਨਤੀ, ਸੁੰਦਰ, ਸੁਸ਼ੀਲ, ਸਿਆਣਾ, ਸਮਰਪਿਤ, ਸਮਝਦਾਰ, ਸਹਿਜ ਤੇ ਸੁਹਜਮਈ ਬਿਰਤੀ ਦਾ ਹੋਣਾ ਵੀ ਜਰੂਰੀ। ਮਨੁੱਖ-ਪੱਖੀ ਸਮਾਜਕ ਸੰਦਰਭ ਨੂੰ ਬਦਲਣ ਦੀ ਅਤਿਅੰਤ ਲੋੜ। ਜੇ ਕੋਈ ਮਰਦ ਬਾਹਰੀ ਸਬੰਧ ਸਥਾਪਤ ਕਰੇ ਤਾਂ ਸਮਾਜਕ ਮਨਜ਼ੂਰੀ, ਪਰ ਜੇ ਔਰਤ ਕਰੇ ਤਾਂ ਉਸ ਨੂੰ ਬਦਨਾਮੀ ਤੇ ਬੇਗੈਰਤੀ ਦਾ ਟਿੱਕਾ ਲਾ ਕੇ ਦਰ-ਬ-ਦਰ ਬਦਨਾਮ ਕੀਤਾ ਜਾਂਦਾ। ਸਮਾਜ ਦੀਆਂ ਨੀਂਹਾਂ ਵਿਚਲੀਆਂ ਖੋੜਾਂ ਤੇ ਮਘੋਰਿਆਂ ਨੂੰ ਪੂਰਨ ਵੰਨੀਂ ਕਦੇ ਕਿਸੇ ਦਾ ਖਿਆਲ ਹੀ ਨਹੀਂ ਗਿਆ।

ਸਰੀਰਕ ਸਬੰਧ, ਸੁਹਜਮਈ ਅਤੇ ਸਹਿਜਤਾ ਪੂਰਨ ਹੋਣ ਤਾਂ ਇਸ ਵਰਗਾ ਅਲੋਕਾਰੀ ਅਹਿਸਾਸ ਪੂਰਵਕ ਹੋਰ ਕੋਈ ਕਾਰਜ ਨਹੀਂ। ਉਸ ਵਕਤ ਦੋਵੇਂ ਰੂਹਾਂ ਦੁਨੀਆਂ ਤੋਂ ਬੇਖਬਰ, ਆਪਣੀ ਮਸਤੀ ਤੇ ਹਸਤੀ ਦੀ ਇਕਸੁਰਤਾ ਤੇ ਸਾਂਝ ਵਿਚੋਂ ਨਵੀਨ ਧਰਾਤਲਾਂ ਨੂੰ ਛੂਹਣ ਵਿਚ ਲੀਨ। ਨਵੇਂ ਨਰੋਏ ਅਰਥਾਂ ਤੇ ਵਿਸਮਾਦੀ ਲੋਰਾਂ ਦੀ ਨਿਸ਼ਾਨਦੇਹੀ ਕਰਨ ਵਿਚ ਗਵਾਚੇ। ਰੂਹ-ਰੰਗਤਾ ਦੇ ਇਸ ਆਲਮ ਵਿਚ ਜ਼ਿੰਦਗੀ ਨੂੰ ਨਵੇਂ ਰੰਗਾਂ ਤੇ ਰੁੱਤਾਂ ਦੀ ਅਮੀਰੀ ਮਿਲਦੀ।

ਸਰੀਰਕ ਸਬੰਧ, ਦਰਿਆਵਾਂ ਦਾ ਸਮੁੰਦਰ ਵਿਚ ਸਮਾ ਕੇ ਹਸਤੀ ਮਿਟਾਉਣ ਵਾਂਗ। ਵਾਸ਼ਪ ਕਣਾਂ ਦਾ ਬੱਦਲ ਵਿਚ ਰਚ ਜਾਣ ਦੀ ਪ੍ਰਕਿਰਿਆ। ਫੁੱਲ-ਪੱਤੀਆਂ ਵਿਚ ਸਮਾਏ ਰੰਗ ਅਤੇ ਮਹਿਕ ਦੀ ਅਵਾਰਗੀ।

ਸਰੀਰਕ ਸਬੰਧ ਜਦ ਅੰਤਰੀਵਤਾ ਤੋਂ ਅੰਤਰੀਵਤਾ ਦਾ ਸਫਰ ਤੈਅ ਕਰਦੇ ਤਾਂ ਇਸ ਸਫਰ ਵਿਚੋਂ ਨਵੀਆਂ ਪਹਿਲਕਦਮੀਆਂ ਤੇ ਪੇਸ਼ਕਦਮੀਆਂ ਦਾ ਅਨੁਭਵ ਹੁੰਦਾ, ਜਿਸ ਨੇ ਜੀਵਨ ਦੇ ਨਵੇਂ ਦਿਸਹੱਦਿਆਂ ਨੂੰ ਨਰੋਈ ਦਿੱਖ ਤੇ ਸੰਦੇਸ਼ ਦੇਣਾ ਹੁੰਦਾ।

ਸਰੀਰਕ ਸਬੰਧ ਸਿਆਣਪ, ਸੱਚੇ, ਸਾਦਗੀ, ਸੰਪੂਰਨਤਾ ਤੇ ਸਮਰਪਿੱਤਾ ਭਿੱਜੇ ਹੋਣ ਤਾਂ ਇਸ ਨਾਲ ਬਹੁਤ ਹੀ ਪੀਢੀ ਤੇ ਪਕੇਰੀ ਸਾਂਝ ਪੈਦਾ ਹੁੰਦੀ। ਅਜਿਹੇ ਮਿਲਾਪ ਵਿਚ ਰੂਹ ਆਪਣੇ ਮਾਪਦੰਡ ਖੁਦ ਸਿਰਜਦੀ। ਰੂਹ ਨਾਲ ਸਿਰਜਿਆਂ ਰਿਸ਼ਤਿਆਂ ਜਾਂ ਸਬੰਧਾਂ ਨੂੰ ਸੀਮਤ ਦਾਇਰੇ ਜਾਂ ਵਲਗਣਾਂ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ।

ਸਰੀਰਕ ਸਬੰਧ ਸਿਰਫ ਸੰਤਾਨ ਉਤਪਤੀ ਤੀਕ ਹੀ ਸੀਮਤ ਨਹੀਂ। ਇਹ ਕਿਸੇ ਨੂੰ ਨਿੱਘੀ ਗਲਵੱਕੜੀ ਪਾਉਣਾ, ਕਿਸੇ ਦੇ ਹੋਠ ਚੁੰਮਣਾ, ਕਿਸੇ ਨੂੰ ਪਿਆਰ ਕਰਨਾ, ਕਿਸੇ ਦੀਆਂ ਬਾਹਾਂ ਵਿਚ ਸਮਾ ਜਾਣਾ ਜਾਂ ਕਿਸੇ ਦੀ ਕੋਸੀ ਸੰਗਤ ਮਾਣਨਾ। ਇਸ ਵਿਚੋਂ ਵੀ ਬਹੁਤ ਅਟੁੱਟ ਅਤੇ ਅਸੀਮ ਖੁਸ਼ੀਆਂ ਨੂੰ ਹਾਸਲ ਕਰਨਾ ਹੁੰਦਾ। ਦਰਅਸਲ ਜਦ ਦਿਲਾਂ ਵਿਚ ਪਨਪੇ ਪਿਆਰ ਦਾ ਇਜ਼ਹਾਰ ਹੋਵੇ, ਨੈਣਾਂ ਵਿਚ ਉਤਰਨ ਦਾ ਖੁਮਾਰ ਹੋਵੇ, ਬੋਲਾਂ ਵਿਚ ਘੁੱਲ ਜਾਣ ਦਾ ਅਸਰਾਰ ਹੋਵੇ, ਸੋਚ ਵਿਚ ਖੁਦ ਦੀ ਹੋਂਦ ਦਾ ਵਿਸਥਾਰ ਹੋਵੇ, ਮਨ-ਮਸਤਕ ਵਿਚ ਦਿੱਤੀ ਦਸਤਕ ਕਾਰਨ ਖੁੱਲ੍ਹਿਆ ਮਨ-ਦੁਆਰ ਹੋਵੇ ਜਾਂ ਆਪਣੇ ਤੋਂ ਆਪਣੇ ਤੀਕ ਦੇ ਸਫਰ ਦਾ ਆਗਾਜ਼ ਹੋਵੇ ਤਾਂ ਸਰੀਰਕ ਸਬੰਧਾਂ ਨੂੰ ਨਿਵੇਕਲੀ ਤਸ਼ਬੀਹ ਅਤੇ ਤਾਸੀਰ ਮਿਲਦੀ।

ਸਰੀਰਕ ਸਬੰਧਾਂ ਵਿਚ ਹੱਥਾਂ ਦੀ ਛੋਹ, ਇਕ ਦੂਜੇ ਦੇ ਅੰਗਾਂ ਨੂੰ ਸਹਿਲਾਉਣਾ। ਅਕਹਿ ਤੇ ਅਨੰਦਤ ਅਵਸਥਾ ਨੂੰ ਮਹਿਸੂਸ ਕਰਨਾ। ਮਾਨਵੀ ਮੁਦਰਾਵਾਂ ਵਿਚ ਕੋਮਲ ਅਤੇ ਅਛੋਹ ਹਰਕਤਾਂ ਨੂੰ ਸਮਾਉਣਾ ਤੇ ਸਾਹ-ਸੁਰੰਗੀ ਵਿਚ ਸੰਗੀਤਕਤਾ ਉਪਜਾਉਣਾ ਅਤੇ ਸੁਰਬੱਧਤਾ ਨੂੰ ਜੀਵਨ ਦੇ ਨਾਮ ਲਾਉਣਾ ਵੀ ਹੁੰਦਾ।

ਸਰੀਰਕ ਸਬੰਧ ਕੁਦਰਤੀ ਹੋਣ ਤਾਂ ਕਾਇਨਾਤ ਪੂਰਨ ਜੋਬਨ ਅਤੇ ਰੰਗ ਵਿਚ ਇਨ੍ਹਾਂ ਸਬੰਧਾਂ ਦੇ ਜਸ਼ਨ ਮਨਾਉਂਦੀ, ਪਰ ਜਦ ਇਹ ਸਬੰਧ ਗੈਰ-ਕੁਦਰਤੀ ਵਰਤਾਰਿਆਂ ਵਿਚ ਬਦਲਦੇ ਤਾਂ ਕੁਦਰਤ ਮਸੋਸ ਕਰ ਕੇ ਰਹਿ ਜਾਂਦੀ। ਇਹ ਗੈਰ-ਕੁਦਰਤੀ ਸਬੰਧ ਹੀ ਹੁੰਦੇ, ਜੋ ਬਹੁਤ ਸਾਰੀਆਂ ਅਲਾਮਤਾਂ, ਬਿਮਾਰੀਆਂ ਅਤੇ ਸਮਾਜਕ ਵਿਗਾੜਾਂ ਦਾ ਰੂਪ ਧਾਰ ਅਜੋਕੇ ਸਮਾਜ ਨੂੰ ਕਲੰਕਿਤ ਕਰਦੇ।

ਸਰੀਰਕ ਸਬੰਧ ਬਹੁਤ ਹੀ ਕੋਮਲਭਾਵੀ, ਅਹਿਸਾਸ ਭਕੁੰਨੇ, ਕੂਲੇ ਜਿਹੇ, ਨਰਮਾਈ ਭਰਪੂਰ, ਮੁਲਾਇਮਤਾ ਭਰੇ। ਰੂਹ ਵਿਚ ਬੈਠੀਆਂ ਸੁੱਚੀਆਂ ਤੇ ਉਚੀਆਂ ਭਾਵਨਾਵਾਂ ਦਾ ਸਪੱਸ਼ਟ ਪ੍ਰਗਟਾਵਾ। ਕੋਈ ਕੋਹਝ, ਕਪਟ ਜਾਂ ਕੂੜ ਨਹੀਂ।

ਸਰੀਰਕ ਸਬੰਧ, ਆਤਮਿਕ ਲੋਰ ਨੂੰ ਉਲੱਛਣਾ, ਅੰਦਰਲੇ ਭਾਵਾਂ ਨੂੰ ਮਿਲੀ ਜ਼ੁਬਾਨ ਅਤੇ ਮਨ ਦੀਆਂ ਅਮੋੜ ਮੁਹਾਰਾਂ ਨੂੰ ਇਕ ਸੇਧ ਤੇ ਸੰਯੋਗਤਾ। ਇਸ ਵਿਚੋਂ ਹੀ ਫੁੱਟਦੀ ਏ ਨਵੀਂ ਕਿਰਨ, ਜਿਸ ਨੇ ਜਹਾਨ ਦੀ ਉਤਪਤੀ ਅਤੇ ਵਿਕਾਸ ਨੂੰ ਆਪਣੇ ਮੋਢਿਆਂ 'ਤੇ ਉਠਾਉਣਾ ਹੁੰਦਾ।

ਸਰੀਰਕ ਸਬੰਧ ਜ਼ਿੰਦਗੀ ਦੀਆਂ ਸਮੁੱਚੀਆਂ ਕਿਰਿਆਵਾਂ ਵਿਚੋਂ ਸਭ ਤੋਂ ਉਤਮ ਅਤੇ ਸੁੱਚਮ ਬਸ਼ਰਤੇ ਇਸ ਵਰਤਾਰੇ ਨੂੰ ਸਮੁੱਚ ਨਾਲ ਨਿਭਾਇਆ ਜਾਵੇ। ਇਸ ਵਿਚ ਰੂਹਾਂ ਦੀ ਰਾਜ਼ਦਾਰੀ, ਭਾਈਵਾਲੀ ਅਤੇ ਹਾਜ਼ਰੀ। ਇਹ ਰੂਹ ਤੋਂ ਰੂਹ ਤੀਕ ਦੀ ਪਰਵਾਜ਼, ਅਨੂਠਾ ਜਿਉਣ ਅੰਦਾਜ਼। ਇਸ ਤੋਂ ਮੁੱਨਕਰੀ ਕਾਰਨ ਪੈਦਾ ਹੁੰਦਾ ਏ ਮਨੁੱਖੀ ਸੋਚ ਦਾ ਵਿਗਾੜ ਅਤੇ ਮਨੁੱਖ ਖੁਦ ਤੋਂ ਹੀ ਹੋ ਜਾਂਦਾ ਏ ਦਰ-ਕਿਨਾਰ।

ਸਰੀਰਕ ਸਬੰਧਾਂ ਨੂੰ ਰੂਹ-ਰੇਜ਼ਤਾ ਸੰਗ ਮਾਣੋ। ਇਨ੍ਹਾਂ ਵਿਚ ਉਤਰੋ, ਡੁੱਬਕੀਆਂ ਲਾਓ, ਮਲ ਮਲ ਕੇ ਨਹਾਓ, ਖੁਦ ਨੂੰ ਵੀ ਸੁੱਚਾ ਕਰੋ

*(ਬਾਕੀ ਅਗਲੇ ਸਫੇ 'ਤੇ)*

# ਅੰਮ੍ਰਿਤਾ ਪ੍ਰੀਤਮ ਦੀਆਂ 'ਅੰਮ੍ਰਿਤ ਲਹਿਰਾਂ' ਦਾ ਸਫਰ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

1935 ਵਿਚ ਪ੍ਰਕਾਸ਼ਿਤ ਪੰਜਾਬ ਕਾਵਿ ਸੰਗ੍ਰਹਿ 'ਅੰਮ੍ਰਿਤ ਲਹਿਰਾਂ' ਦੀ ਲੇਖਿਕਾ ਅੰਮ੍ਰਿਤ ਕੌਰ ਹੈ, ਜਿਸ ਨੇ ਆਪਣੇ ਵਿਆਹ ਤੋਂ ਪਿਛੋਂ ਆਪਣੇ ਨਾਂ ਨਾਲ ਆਪਣੇ ਪਤੀ ਪ੍ਰੀਤਮ ਸਿੰਘ ਦਾ ਨਾਂ ਲਾ ਕੇ ਆਪਣੇ ਆਪ ਨੂੰ ਅੰਮ੍ਰਿਤਾ ਪ੍ਰੀਤਮ ਕਹਿਣਾ ਸ਼ੁਰੂ ਕਰ ਦਿੱਤਾ ਸੀ। ਕੁਝ ਲੋਕਾਂ ਦੇ ਕਥਨ ਅਨੁਸਾਰ ਪ੍ਰਸਿਧ ਚਿੱਤਰਕਾਰ ਅੰਮ੍ਰਿਤਾ ਸ਼ੇਰਗਿਲ ਵਾਂਗ। ਭਾਵੇਂ ਅੰਮ੍ਰਿਤ ਕੌਰ ਨਾਂ ਵਾਲੀ ਉਸ ਦੀ ਸਭ ਤੋਂ ਪਹਿਲੀ ਪੁਸਤਕ 'ਠੰਢੀਆਂ ਕਿਰਨਾਂ' ਇਸ ਤੋਂ ਪਹਿਲਾਂ ਛਪ ਚੁਕੀ ਸੀ, ਪਰ ਇਹ ਵਾਲਾ ਸੰਗ੍ਰਹਿ ਕਈ ਕਾਰਨਾਂ ਸਦਕਾ ਪਹਿਲੇ ਨੂੰ ਮਾਤ ਪਾ ਗਿਆ। ਇਸ ਦੇ ਮੁੱਢ ਵਿਚ 'ਪ੍ਰਸ਼ੰਸਾ' ਦੇ ਸ਼ਬਦ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖੇ ਤੇ 'ਜਾਣ ਪਛਾਣ' ਉਸ ਵੇਲੇ ਦੇ ਹਰਮਨ ਪਿਆਰੇ ਕਵੀ ਧਨੀਰਾਮ ਚਾਤ੍ਰਿਕ ਨੇ ਕਰਵਾਈ। ਉਨ੍ਹਾਂ ਦੋਹਾਂ ਨੂੰ ਅੰਮ੍ਰਿਤਾ ਦਾ ਪਿਤਾ ਕਰਤਾਰ ਸਿੰਘ ਹਿਤਕਾਰੀ ਜਾਣਦਾ ਸੀ, ਜਿਸ ਨੇ ਖੁਦ ਵੀ ਪੁਸਤਕ ਦੇ ਅਰੰਭ ਵਿਚ ਆਪਣੀ ਧੀ ਵਲੋਂ ਕਵਿਤਾਵਾਂ ਲਿਖਣ ਦੇ ਸ਼ੌਕ ਦੀ ਬਾਤ ਪਾਈ ਹੈ। ਤਿੰਨਾਂ ਪਤਵੰਤਿਆਂ ਦੀ ਲਿਖਤ ਵਿਚ ਮੋਹ ਤੇ ਮਾਣ ਦੀ ਭਾਵਨਾ ਹੈ। ਖੂਬੀ ਇਹ ਕਿ ਇਸ ਪੁਸਤਕ ਦੀ ਜਿਲਦ, ਛਪਾਈ, ਕਾਗਜ਼ ਦੀ ਦਿੱਖ ਉਨ੍ਹਾਂ ਸਮਿਆਂ ਦੀ ਕਿਸੇ ਵੀ ਪੁਸਤਕ ਨੂੰ ਮਾਤ ਪਾਉਂਦੀ ਹੈ। ਅੰਮ੍ਰਿਤਾ ਦੀ ਬੱਲੇ ਬੱਲੇ ਹੋ ਗਈ।

ਇਹ ਗੱਲ ਵੱਖਰੀ ਹੈ ਕਿ ਸਮੇਂ ਨਾਲ ਲੇਖਿਕਾ ਨੇ ਆਪਣੇ ਇਕ ਕਾਵਿ ਸੰਗ੍ਰਹਿ ਤੋਂ ਕਿਨਾਰਾਕਸ਼ੀ ਕਰ ਲਈ, ਪਰ ਲੋਕ ਮਨਾਂ ਵਿਚ ਇਹ ਪੁਸਤਕ ਇਸ ਤਰ੍ਹਾਂ ਸਮਾਈ ਰਹੀ ਕਿ ਜਦੋਂ ਕਿਸੇ ਦੇ ਜ਼ਿੱਦ ਕਰਨ ਉੱਤੇ 1990 ਵਿਚ ਅੰਮ੍ਰਿਤਾ ਪ੍ਰੀਤਮ ਉਸ ਨੂੰ ਇਸ ਦੀ ਕਾਪੀ ਨਾ ਵਿਖਾ ਸਕੀ ਤਾਂ ਪੁਸਤਕ ਦੇ ਉਸ ਮੱਦਾਹ ਨੇ ਪਾਕਿਸਤਾਨ ਵਿਚ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਸੈਂਟਰ, ਲਾਹੌਰ ਨਾਲ ਰਾਬਤਾ ਕਾਇਮ ਕਰਕੇ




ਆਪਣਾ ਸ਼ੌਕ ਪਾਲਣ ਲਈ ਪੁਸਤਕ ਦੇ ਸਰਵਰਕ ਦੀ ਤਸਵੀਰ ਮੰਗਵਾਈ।

ਅੰਮ੍ਰਿਤਾ ਪ੍ਰੀਤਮ ਹਰ ਆਏ ਸਾਲ ਜਾਂ ਇੱਕ ਅੱਧ ਸਾਲ ਦਾ ਨਾਗਾ ਪਾ ਕੇ ਆਪਣੀਆਂ ਕਾਵਿ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਉਂਦੀ ਰਹੀ ਹੈ। ਜਿਉਂਦਾ ਜੀਵਨ, ਤ੍ਰੇਲ ਧੋਤੇ ਫੁੱਲ, ਓ ਗੀਤਾਂ ਵਾਲਿਆ, ਬੱਟਲਾਂ ਦੇ ਪੱਲੇ ਵਿਚ, ਸੰਝ ਦੀ ਲਾਲੀ, ਨਿੱਕੀ ਜਿਹੀ ਸੁਗਾਤ, ਲੋਕ ਪੀੜ ਨਾਂਵਾਂ ਵਾਲੇ ਇਕ ਦਰਜਨ ਕਾਵਿ ਸੰਗ੍ਰਹਿ। ਮੇਰੀ ਪੜ੍ਹਾਈ ਦੇ ਦਿਨਾਂ ਵਿਚ ਇਨ੍ਹਾਂ ਤੋਂ ਪਿਛੇ ਛਪਣ ਵਾਲੇ 'ਪੱਥਰ ਗੀਟੇ', 'ਲੰਮੀਆਂ ਵਾਟਾਂ' ਤੇ 'ਮੈਂ ਤਵਾਰੀਖ ਹਾਂ ਹਿੰਦ ਦੀ' ਪ੍ਰਸਿੱਧ ਹੋਏ। ਪਹਿਲਾਂ ਵਾਲੀਆਂ ਵਿਚੋਂ ਸਿਰਫ 'ਅੰਮ੍ਰਿਤ ਲਹਿਰਾਂ' ਦਾ ਨਾਂ ਲਿਆ ਜਾਂਦਾ ਸੀ, ਪਰ ਮੈਂ ਇਹ ਪੁਸਤਕ ਕਲ੍ਹ ਤੋਂ ਪਹਿਲਾਂ ਨਹੀਂ ਸੀ ਤੱਕੀ। ਕੱਲ ਤੋਂ ਮੇਰਾ ਭਾਵ ਅਕਤੂਬਰ ਹੈ। ਉਸ ਦਿਨ ਮੇਰੇ ਮੁੰਬਈ ਵਾਲੇ ਦੋਸਤ ਬਲਜੀਤ ਪਰਮਾਰ ਨੇ ਇਹ ਵਾਲੀ ਸੁਗਾਤ ਪੰਜਾਬੀ ਕਵੀ ਡਾ. ਮਨਮੋਹਨ ਨੂੰ ਭੇਟ ਕੀਤੀ ਸੀ, ਜਿੱਥੇ ਮੈਂ ਵੀ ਹਾਜ਼ਰ ਸਾਂ।

ਬਲਜੀਤ ਪਰਮਾਰ ਨੇ ਦੱਸਿਆ ਕਿ ਇਹ ਵਾਲੀ ਪੋਥੀ ਉਸ ਨੂੰ ਉਰਦੂ ਅਫਸਾਨਾਨਿਗਾਰ ਰਾਜਿੰਦਰ ਸਿੰਘ ਬੇਦੀ ਤੋਂ ਮਿਲੀ ਸੀ ਤੇ ਪਰਮਾਰ ਨੇ ਹੁਣ ਤੱਕ ਆਪਣੀ ਨਿੱਜੀ ਲਾਇਬ੍ਰੇਰੀ ਵਿਚ ਇਸ ਮੰਤਵ ਨਾਲ ਸਾਂਭ ਰੱਖੀ ਸੀ ਕਿ ਜਦੋਂ ਕਦੀ ਵੀ ਉਸ ਨੂੰ ਉਹਦੇ ਨਾਲੋਂ ਉਮਰ ਵਿਚ ਛੋਟਾ ਲੇਖਕ ਮਿਲ ਜਾਵੇ ਤਾਂ ਉਸ ਨੂੰ ਭੇਟ ਕਰ ਦੇਵੇਗਾ। ਪਰਮਾਰ ਦੀ ਇੱਛਾ ਹੈ ਕਿ ਜਦੋਂ 1935 ਵਿਚ ਇਹ ਜਿਲਦ ਸੌ ਵਰ੍ਹਿਆਂ ਦੀ ਹੋ ਜਾਵੇ ਤਾਂ ਇਸ ਨੂੰ ਸੰਭਾਲਣ ਵਾਲਾ ਇਸ ਦਾ 100ਵਾਂ ਜਨਮ ਦਿਨ ਮਨਾ ਸਕੇ। ਉਸ ਦਿਨ ਇਹ ਸੁਗਾਤ ਪੰਜਾਬੀ ਕਵੀ ਡਾ. ਮਨਮੋਹਨ ਨੂੰ ਭੇਟ ਕੀਤੀ ਹੈ, ਜੋ 2035 ਵਿਚ ਅਪਣੀ ਉਮਰ ਦੇ 70ਵੇਂ ਵਰ੍ਹੇ ਵਿਚ ਹੋਵੇਗਾ। ਉਸ ਵਰ੍ਹੇ ਦਾ ਕੋਈ ਵੀ ਦਿਨ ਇਸ ਪੁਸਤਕ ਦਾ 100ਵਾਂ ਜਨਮ ਦਿਨ ਹੋਵੇਗਾ। ਹੈ ਕਿ ਨਹੀਂ ਅਨੋਖੀ ਗੱਲ! 'ਅੰਮ੍ਰਿਤ ਲਹਿਰਾਂ' ਦੇ ਸਾਰੇ ਤੈਰਾਕ ਜ਼ਿੰਦਾਬਾਦ।

**ਆਪਣੇ ਸਮਕਾਲੀ ਪੱਤਰਕਾਰ ਸ਼ੰਗਾਰਾ ਸਿੰਘ ਭੁੱਲਰ ਨੂੰ ਚੇਤੇ ਕਰਦਿਆਂ:** ਸ਼ੰਗਾਰਾ ਸਿੰਘ ਮੇਰੇ ਨਾਲੋਂ 12 ਸਾਲ ਛੋਟਾ ਸੀ, ਪਰ ਉਸ ਦੀ ਪੱਤਰਕਾਰੀ ਆਯੂ ਮੇਰੇ ਨਾਲੋਂ ਵੱਡੀ ਸੀ। ਮੈਂ ਭਾਰਤ ਸਰਕਾਰ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜਨ ਸੰਚਾਰ ਤੇ ਪੱਤਰਕਾਰਤਾ ਵਿਭਾਗਾਂ ਤੋਂ ਬਿਨਾ ਸਿਰਫ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਦਾ ਸੰਪਾਦਕ ਰਿਹਾ, ਪਰ ਉਹ ਸਰਕਾਰੀ ਨੌਕਰੀ ਸਮੇਤ ਚਾਰ ਅਖਬਾਰਾਂ ਦਾ ਸੰਪਾਦਕ ਬਣਿਆ। ਸਾਡੀ ਪਹਿਲੀ ਮੁਲਾਕਾਤ ਨਵੀਂ ਦਿੱਲੀ ਹੋਈ, ਜਦੋਂ ਪੰਜਾਬੀ ਅਕਾਦਮੀ ਦਿੱਲੀ ਵਲੋਂ ਕੱਢੇ ਜਾਂਦੇ 'ਦਿੱਲੀ' ਨਾਂ ਦੇ ਰਸਾਲੇ ਦਾ ਸੰਪਾਦਕ ਹੁੰਦਾ ਸੀ। ਫਿਰ 1982 ਵਿਚ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਤੇ ਸਾਡਾ ਸਾਂਝਾ ਮਿੱਤਰ ਬਰਜਿੰਦਰ ਸਿੰਘ ਹਮਦਰਦ ਉਸ ਨੂੰ ਅਪਣਾ ਸਹਾਇਕ ਸੰਪਾਦਕ ਬਣਾ ਕੇ ਚੰਡੀਗੜ੍ਹ ਲੈ ਆਇਆ। ਇਹ ਸਬੱਬ ਦੀ ਗੱਲ ਹੈ ਕਿ ਉਹਦੇ ਪਿੱਛੇ ਪਿੱਛੇ ਮੈਨੂੰ ਵੀ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਮਿਲ ਗਈ।

ਸ਼ੰਗਾਰਾ ਸਿੰਘ ਅਣਥਕ ਜਿਉੜਾ ਸੀ। ਉਸ ਨੇ ਪੰਜਾਬੀ ਟ੍ਰਿਬਿਊਨ ਤੋਂ ਸੇਵਾ ਮੁਕਤ ਹੋ ਕੇ ਪਹਿਲਾਂ ਲੁਧਿਆਣਾ ਤੋਂ ਛਪਦੇ 'ਦੇਸ਼ ਵਿਦੇਸ਼ ਟਾਈਮਜ਼' ਦੀ ਸੰਪਾਦਕੀ ਸੰਭਾਲੀ ਤੇ ਫੇਰ ਜਲੰਧਰ ਵਾਲੇ 'ਪੰਜਾਬੀ ਜਾਗ੍ਰਣ' ਦੀ ਤੇ ਇਸ ਤੋਂ ਪਿੱਛੋਂ ਮੋਹਾਲੀ ਤੋਂ ਛਪਦੇ 'ਸਪੋਕਸਮੈਨ' ਦੀ। ਉਹ ਪਿਛਲੇ ਵਰ੍ਹੇ ਦੇ ਆਖਰੀ ਮਹੀਨੇ ਇਸ ਪਰਚੇ ਦਾ ਸੰਪਾਦਕ ਹੁੰਦਿਆਂ ਪਰਲੋਕ ਸਿਧਾਰ ਗਿਆ। ਚੇਤੰਨ ਤੇ ਸਿਰੜੀ ਐਨਾ ਕਿ ਸ਼ੱਕਰ ਰੋਗ ਦੀ ਪਰਵਾਹ ਕੀਤੇ ਬਿਨਾ ਅੰਤਿਮ ਸਾਹ ਲੈਣ ਤੱਕ ਪੱਤਰਕਾਰਤਾ ਉੱਤੇ ਪਹਿਰਾ ਦਿੰਦਾ ਰਿਹਾ।

**ਅੰਤਿਕਾ: ਹਰਿਭਜਨ ਸਿੰਘ**

ਮੈਂ ਚੁੰਮ ਹੀ ਲਿਆ ਜਾ ਕੇ
ਲਹਿਰਾਂ ਦਾ ਜੋਬਨ
ਅੜੇ ਮੇਰੇ ਪੈਰੀਂ ਕਿਨਾਰੇ ਬੜੇ ਨੇ।

# ਪੰਜਾਬ, ਪੰਜਾਬੀਅਤ ਅਤੇ 'ਪੰਜਾਬ ਟਾਈਮਜ਼'

## ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਸ਼ਾਇਦ ਸੰਸਾਰ ਵਿਚ ਅਜਿਹਾ ਇਕਲੌਤਾ ਪੰਜਾਬੀ ਅਖਬਾਰ ਹੈ, ਜੋ ਸਿੱਖਾਂ ਵਿਚ ਪ੍ਰਫੁਲਤ ਹੋ ਰਹੀਆਂ ਨਾਂਹ ਪੱਖੀ ਪ੍ਰਵਿਰਤੀਆਂ ਭਾਵੇਂ ਕਿ ਉਹ ਨੈਤਿਕ, ਸਮਾਜਕ ਜਾਂ ਧਾਰਮਿਕ ਅਮਲ ਨਾਲ ਸਬੰਧਿਤ ਹੋਣ, ਖਿਲਾਫ ਆਪਣੇ ਕਾਲਮਾਂ ਰਾਹੀਂ ਅਵਾਜ਼ ਬੁਲੰਦ ਕਰਦਾ ਆ ਰਿਹਾ ਹੈ। ਅਮਰੀਕਾ ਵਿਚ ਸ਼ਿਕਾਗੋ, ਸੈਨ ਫਰਾਂਸਿਸਕੋ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਅਤੇ ਨਿਊ ਯਾਰਕ ਤੋਂ ਇਕੱਠਿਆਂ ਛਪਦੇ 'ਪੰਜਾਬ ਟਾਈਮਜ਼' ਦੇ ਯਤਨ ਇੰਜ ਹਨ, ਜਿਵੇਂ ਇੱਕ ਸ਼ੇਰ ਦਾ ਬੱਚਾ ਮਦਹੋਸ਼ ਹਾਥੀ (ਸਿੱਖਾਂ) ਨੂੰ ਖੱਡ ਵਿਚ ਡਿੱਗਣ ਤੋਂ ਰੋਕਣ ਲਈ ਆਪਣੀ ਕਾਇਆ ਤੇ ਸਮਰੱਥਾ ਅਨੁਸਾਰ ਦਹਾੜ ਰਿਹਾ ਹੈ, ਪਰ ਹਾਥੀ ਮਦਹੋਸ਼ੀ ਦੀ ਹਾਲਤ ਵਿਚ ਸ਼ੇਰ ਦੀ ਦਹਾੜ ਪ੍ਰਤੀ ਅਸੰਵੇਦਨਤਾ ਦਿਖਾ ਰਿਹਾ ਹੈ ਤੇ ਅਚੇਤ ਵੱਸ ਖੱਡ ਵੱਲ ਨੂੰ ਖਿਸਕ ਰਿਹਾ ਹੈ।

ਇਸ ਦੇ ਉਲਟ ਪੰਜਾਬੀਆਂ ਦੀ ਸਰ ਜ਼ਮੀਨ ਪੰਜਾਬ ਵਿਖੇ ਆਪਣੇ ਆਪ ਨੂੰ ਪੰਜਾਬੀ ਭਾਸ਼ਾ ਦੇ ਮਸੀਹਾ ਅਤੇ ਸਿੱਖਾਂ ਦੇ ਭਾਗ ਵਿਧਾਤਾ ਕਹਾਉਣ ਵਾਲੇ ਵੱਡੇ ਅਖਬਾਰਾਂ ਨੇ ਖਾਸ ਕਰਕੇ ਸਿੱਖਾਂ, ਪੰਜਾਬ ਦੀ ਹਾਲਤ, ਪੰਜਾਬ ਦੀ ਸਮਾਜਕ ਸਥਿਤੀ, ਪੰਜਾਬ ਦੀ ਆਰਥਕ ਅਤੇ ਪੰਜਾਬੀਆਂ ਦੇ ਹਿਤਾਂ ਨਾਲੋਂ ਆਪਣੇ ਨਿੱਜੀ ਤੇ ਕਾਰੋਬਾਰੀ ਹਿਤਾਂ ਨੂੰ ਹਮੇਸ਼ਾ ਪਹਿਲ ਦਿੱਤੀ ਹੈ। ਇਨ੍ਹਾਂ ਦਾ ਵਹਾਓ ਹਮੇਸ਼ਾ ਆਪਣੇ ਹਿਤਾਂ ਦੇ ਅਨੁਰੂਪ ਹੀ ਰਿਹਾ ਹੈ। ਇਨ੍ਹਾਂ ਨੇ ਸਮੇਂ- ਸਮੇਂ ਸਿੱਖਾਂ ਤੇ ਪੰਜਾਬ ਨੂੰ ਦਰਪੇਸ਼ ਸਮਾਜਕ ਤੇ ਧਾਰਮਿਕ ਸਮੱਸਿਆਵਾਂ 'ਤੇ ਸੁਚੱਜੀ ਅਗਵਾਈ ਨਹੀਂ ਦਿੱਤੀ, ਸਗੋਂ ਸਿੱਖਾਂ ਨੂੰ ਕੁਰਾਹੇ ਪਾਉਣ ਵਿਚ ਵੱਡਾ ਰੋਲ ਅਦਾ ਕੀਤਾ ਹੈ।

ਪੰਜਾਬ, ਜਿਸ ਨੇ ਕਈ ਦਹਾਕੇ ਖਾੜਕੂ ਲਹਿਰ ਦਾ ਸੰਤਾਪ ਆਪਣੇ ਪਿੰਡੇ 'ਤੇ ਹੰਢਾਇਆ, ਦੇ ਵਕਤ ਵੀ ਇਨ੍ਹਾਂ ਮਹਾਨ ਬੁਧੀਜੀਵੀਆਂ ਨੇ ਮੁਖਰ ਹੋ ਕੇ ਕਦੇ ਵੀ ਨੌਜਵਾਨ ਪੀੜ੍ਹੀ ਨੂੰ ਸਹੀ ਮਾਰਗ ਦੀ ਸਲਾਹ ਨਹੀਂ ਦਿੱਤੀ, ਸਗੋਂ ਇਨ੍ਹਾਂ ਅਖਬਾਰਾਂ ਨੇ ਖਾੜਕੂਵਾਦ ਵੇਲੇ ਇਸ਼ਤਿਹਾਰਾਂ ਦੇ ਰੂਪ ਵਿਚ ਮੋਟੀਆਂ ਕਮਾਈਆਂ ਕੀਤੀਆਂ ਹਨ। ਇਨ੍ਹਾਂ ਨੇ ਅਕਾਲੀ ਦਲ ਅਤੇ ਐਸ. ਜੀ. ਪੀ. ਸੀ. ਜਾਂ ਸਬੰਧਿਤ ਹੋਰ ਧਿਰਾਂ ਦੀਆਂ ਸਿੱਖ, ਸਿੱਖ ਧਰਮ ਅਤੇ ਪੰਜਾਬ ਵਿਰੋਧੀ ਕਾਰਵਾਈਆਂ ਦੀ ਖੁੱਲ੍ਹ ਕੇ ਵਿਰੋਧਤਾ ਨਹੀਂ ਕੀਤੀ। ਹਾਂ, ਰਸਮ ਅਦਾਇਗੀ ਵਜੋਂ ਸ਼ਾਇਦ ਕਦੇ ਕੋਈ ਸੰਪਾਦਕੀ ਲਿਖਿਆ ਹੋਏ, ਕਿਹਾ ਨਹੀਂ ਜਾ ਸਕਦਾ।

ਨਤੀਜਾ ਇਹ ਹੋਇਆ ਕਿ ਸਿੱਖ ਇਕ ਵਾਰ ਆਪਾ ਵਿਰੋਧੀਆਂ ਦੇ ਹੱਥੇ ਅਜਿਹੇ ਚੜ੍ਹੇ ਕਿ ਇਕ ਸਦੀ ਤੋਂ ਵੱਧ ਸਮੇਂ ਦੌਰਾਨ ਕਮਾਇਆ ਮਾਨ ਤੇ ਸਨਮਾਨ ਗੁਆ ਬੈਠੇ। ਅੱਜ ਸਾਰੀ ਦੁਨੀਆਂ ਦੇ ਸਾਹਮਣੇ ਕੁਝ ਸਿੱਖ ਧਿਰਾਂ ਆਪਣੇ ਆਪ ਨੂੰ ਪੀੜਤ ਸਾਬਤ ਕਰ ਕੇ ਉਨ੍ਹਾਂ ਤੋਂ ਕਰਮ ਤੇ ਰਹਿਮ ਲੋਚਦੇ ਹਨ। ਦੂਜੇ ਪਾਸੇ ਭਾਰਤ, ਜਿਸ ਦੀ ਆਜ਼ਾਦੀ ਲਈ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਤੇ ਸ਼ਹੀਦੀਆਂ ਦਿੱਤੀਆਂ, ਇਕ ਝਟਕੇ ਵਿਚ 84 ਤੋਂ ਰਾਜਿਓਂ ਰੰਕ ਬਣੇ ਅਤੇ ਅੱਜ ਸਿੱਖ ਸ਼ੱਕੀ ਸ਼ਖਸੀਅਤ ਵਜੋਂ ਜਾਣੇ ਜਾਂਦੇ ਹਨ।

ਹੁਣ ਯੂਰਪ, ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਿਚ ਸਿੱਖਾਂ ਦੀ ਇਕ ਧਿਰ ਨੇ ਆਰਥਕ ਸੁਰੱਖਿਆ ਪ੍ਰਾਪਤ ਕਰਨ ਤੋਂ ਬਾਅਦ ਇਕ ਵਾਰ ਫਿਰ ਆਪਾ ਵਿਰੋਧੀ ਲਹਿਰ ਚਲਾ ਲਈ ਹੈ। ਇੱਥੇ ਫਿਰ ਇਕ ਵਾਰ ਵੱਖਵਾਦੀ ਲਹਿਰ ਦੇ ਆਗੂ ਬਹੁਮਤ ਨੂੰ ਅੱਖੋਂ ਪਰੋਖੇ ਕਰਦਿਆਂ ਆਪਣੀਆਂ ਮਨਮਾਨੀਆਂ ਕਰ ਰਹੇ ਹਨ। ਕੋਈ ਵੀ ਲਹਿਰ ਉਸ ਵਕਤ ਤੱਕ ਕਾਮਯਾਬ ਨਹੀਂ ਹੁੰਦੀ, ਜਦ ਤੱਕ ਬਹੁਮਤ ਉਸ ਵਿਚ ਭਾਗ ਨਹੀਂ ਲੈਂਦਾ, ਪਰ ਇਸ ਗੱਲ ਨਾਲ ਉਨ੍ਹਾਂ ਨੂੰ ਕੋਈ ਖਾਸ ਫਰਕ ਨਹੀਂ ਪੈਂਦਾ ਦਿਸਦਾ। ਅਜਿਹੀ ਗੰਭੀਰ ਪ੍ਰਸਥਿਤੀ 'ਤੇ 'ਪੰਜਾਬ ਟਾਈਮਜ਼' ਨੇ ਗੁਰਬਾਣੀ ਵੱਲੋਂ 'ਦੁਬਿਧਾ ਹੋਣ 'ਤੇ ਰਲ ਮਿਲ ਬੈਠ ਕੇ ਵਿਚਾਰ ਕਰਨ' ਦੀ ਹਦਾਇਤ ਅਨੁਸਾਰ ਸਿੱਖ ਧਰਮ ਅਤੇ ਸਿੱਖ ਹਿਤਾਂ ਨੂੰ ਪ੍ਰਭਾਵਿਤ ਕਰਦੇ ਮੁੱਦਿਆਂ 'ਤੇ ਸੰਵਾਦ ਰਚਾਉਣਾ ਸ਼ੁਰੂ ਕੀਤਾ ਹੈ। ਇਨ੍ਹਾਂ ਸੰਵਾਦਾਂ ਵਿਚ ਭਾਰਤ, ਯੂ. ਕੇ., ਯੂਰਪ, ਕੈਨੇਡਾ ਅਤੇ ਅਮਰੀਕਾ ਦੇ ਸੁਜੱਗ ਲੋਕ ਭਾਗ ਲੈਂਦੇ ਹਨ। ਸੰਵਾਦ ਹਮੇਸ਼ਾ ਉਚ ਦਰਜੇ ਦੇ ਹੁੰਦੇ ਹਨ।

ਸਿੱਖਾਂ ਨੂੰ ਸਰਬਪੱਖੀ ਪ੍ਰਭਾਵਿਤ ਕਰਦੀਆਂ ਅਜਿਹੀਆਂ ਕਾਰਵਾਈਆਂ ਦੇ ਕੇਂਦਰ ਨਿਊ ਯਾਰਕ ਦੀ ਗੱਲ ਕਰਦੇ ਹਾਂ, ਇੱਥੇ 'ਪੰਜਾਬ ਟਾਈਮਜ਼' ਦੇ ਨਿਊ ਯਾਰਕ ਐਡੀਸ਼ਨ ਤੋਂ ਇਲਾਵਾ ਬਾਕੀ ਅਖਬਾਰਾਂ ਦੇ ਨਾਮ ਤੇ ਫਲਾਇਰ ਜ਼ਰੂਰ ਛਪਦੇ ਰਹੇ ਹਨ। ਵਾਹਿਗੁਰੂ ਅਮੋਲਕ ਸਿੰਘ ਨੂੰ ਚਿਰ ਆਯੂ ਤੇ ਸਿਹਤ ਦੀ ਦਾਤ ਬਖਸ਼ੇ, ਜਿਸ ਨੇ 'ਪੰਜਾਬ ਟਾਈਮਜ਼' ਦਾ ਨਿਊ ਯਾਰਕ ਐਡੀਸ਼ਨ ਕੱਢ ਕੇ ਨਿਊ ਯਾਰਕ ਸਮੇਤ ਟਰਾਈ ਸਟੇਟ ਦੇ ਸਾਹਿਤ ਪ੍ਰੇਮੀਆਂ ਅਤੇ ਸੁਘੜ ਪਾਠਕਾਂ ਦਾ ਮਾਣ ਰੱਖਿਆ ਹੈ। ਨਿਊ ਯਾਰਕ ਦੇ ਇਸ ਖਿੱਤੇ ਵਿਚਲੇ ਸਿੱਖ ਧਨਾਢਾਂ ਦੀ ਅਨਪੜ੍ਹਤਾ ਨੇ ਬਲਦੇਵ ਸਿੰਘ ਗਰੇਵਾਲ ਦਾ 'ਸ਼ੇਰੇ-ਏ-ਪੰਜਾਬ', ਜੋ ਬਲਦੇਵ ਗਰੇਵਾਲ ਦੇ ਪੰਜਾਬ ਵਾਲੇ ਪੱਤਰਕਾਰੀ ਪਿਛੋਕੜ ਹੋਣ ਕਰਕੇ ਨਰੋਇਆ ਪੰਜਾਬੀ ਅਖਬਾਰ ਕਹਾਉਂਦਾ ਸੀ, ਦੀ ਬਲੀ ਲੈ ਲਈ। ਅਫਸੋਸ! ਬਲਦੇਵ ਗਰੇਵਾਲ ਨੇ ਵੀ ਕੁਝ ਸਾਲ ਪਹਿਲਾਂ ਪਰਚਾ ਬੰਦ ਕਰ ਦਿੱਤਾ ਹੈ। ਹਰਬਖਸ਼ ਟਾਹਲੀ ਵੀ ਲੱਖ ਯਤਨਾਂ ਦੇ ਬਾਵਜੂਦ 'ਸ਼ਾਨੇ ਪੰਜਾਬ' ਨਹੀਂ ਬਚਾ ਸਕਿਆ, ਜੋ ਬੰਦ ਹੋ ਗਿਆ ਹੈ ਤੇ ਹਰਬਖਸ਼ ਟਾਹਲੀ ਦੀ ਪ੍ਰਸਥਿਤੀ ਕੋਈ ਜ਼ਿਆਦਾ ਚੰਗੀ ਨਹੀਂ।

ਮੈਂ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ, ਉਨ੍ਹਾਂ ਦੀ ਧਰਮ ਪਤਨੀ ਅਤੇ ਬਾਕੀ ਪੂਰੀ ਸੰਪਾਦਕੀ ਤੇ ਤਕਨੀਕੀ ਟੀਮ ਦਾ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਿਰੜ ਤੇ ਕਰੜੀ ਮਿਹਨਤ ਨੇ ਲੱਖਾਂ ਪੰਜਾਬੀਆਂ ਨੂੰ ਇਕ ਉਤਮ ਦਰਜੇ ਦੀ ਪੱਤ੍ਰਿਕਾ ਨਾਲ ਨਿਵਾਜਿਆ ਹੈ। ਇਸ ਤੋਂ ਵੀ ਅਹਿਮ ਹਨ, ਉਹ ਵਿਅਕਤੀ ਵਿਸ਼ੇਸ਼, ਜਿਨ੍ਹਾਂ ਨੇ ਦਹਾਕਿਆਂ ਤੋਂ ਅਮਰੀਕਾ ਵਿਚ ਪੰਜਾਬੀ ਜ਼ੁਬਾਨ ਦੀ ਤਰਜਮਾਨੀ ਲਈ 'ਪੰਜਾਬ ਟਾਈਮਜ਼' ਅਤੇ ਅਮੋਲਕ ਸਿੰਘ ਜੰਮੂ ਦੀ ਪਿੱਠ 'ਤੇ ਚੱਟਾਨ ਵਾਂਗ ਖੜ੍ਹੇ ਰਹੇ ਹਨ। ਮੇਰੀ ਵਾਹਿਗੁਰੂ ਅੱਗੇ ਜੋਦੜੀ ਹੈ ਕਿ 'ਪੰਜਾਬ ਟਾਈਮਜ਼' ਦੇ ਇਨ੍ਹਾਂ ਸਾਰਿਆਂ ਮਿਹਰਬਾਨਾਂ ਨੂੰ ਕਦੇ ਵੀ ਕੋਈ ਤੋਟ ਨਾ ਆਵੇ।

# ਸਰੀਰਕ ਸਬੰਧਾਂ ਦੀ ਸੁਗੰਧਤਾ

*(ਪਿਛਲੇ ਸਫੇ ਦੀ ਬਾਕੀ)*

ਅਤੇ ਸੁੱਚਮ ਵਰਤਾਓ; ਪਰ ਕਦੇ ਵੀ ਇਨ੍ਹਾਂ ਦੀ ਲੋੜ ਅਤੇ ਅਹਿਮੀਅਤ ਤੋਂ ਮੁਨਕਰ ਨਾ ਹੋਵੋ।

ਸਰੀਰਕ ਸਬੰਧ ਉਮਰ ਨਾਲ ਬਦਲਦੇ। ਬਦਲ ਰਹੇ ਪਰਿਪੇਖਾਂ ਵਿਚ ਆਪਣੇ ਆਪ ਨੂੰ ਢਾਲਣ ਅਤੇ ਇਸ ਦੀ ਅੰਤਰੀਵਤਾ ਤੇ ਸੁੰਦਰਤਾ ਨੂੰ ਸਮਝਣ ਅਤੇ ਅਪਨਾਉਣ ਵਾਲੇ ਜੀਵਨ ਮਾਰਗ ਦੇ ਸ਼ਾਹ ਅਸਵਾਰ। ਅਜਿਹੇ ਜੀਵਨ ਦਰਸ਼ਨ ਵਿਚੋਂ ਆਉਣ ਵਾਲੀਆਂ ਨਸਲਾਂ ਅਤੇ ਪੀੜ੍ਹੀਆਂ ਨੂੰ ਨਵੀਂ ਸੇਧ ਤੇ ਸੰਦੇਸ਼ ਮਿਲਦਾ। ਸੁੰਦਰ ਅਤੇ ਸੰਤੁਲਿਤ ਸਮਝਦਾਰੀ। ਸਥਾਪਤ ਸਮਾਜਕ ਦਾਇਰੇ ਵਿਚ ਤਾਜ਼ਗੀ, ਪੁਖਤਗੀ ਅਤੇ ਪ੍ਰਮਾਣਿਕਤਾ ਧਰਦਾ ਅਤੇ ਸਮਾਜ ਨੂੰ ਨਰੋਏ ਦਿਸਹੱਦਿਆਂ ਦਾ ਹਾਣੀ ਬਣਾਉਂਦਾ।

ਸਰੀਰਕ ਸਬੰਧ ਸਮੇਂ, ਸਥਾਨ, ਸੰਭਾਵਨਾ, ਸਿਹਤ ਅਤੇ ਸਰੋਕਾਰਾਂ 'ਤੇ ਵੀ ਨਿਰਭਰ ਕਰਦੇ, ਜਿਨ੍ਹਾਂ ਦਾ ਅਨੁਕੂਲ ਹਾਲਾਤਾਂ ਵਿਚ ਨਿਭਾਅ, ਜੀਵਨ-ਬੁਲੰਦੀ।

ਸਰੀਰਕ ਸਬੰਧ, ਸੁਪਨਿਆਂ ਦੀ ਅੰਬਰੀਂ ਉਡਾਣ ਲਈ ਤੁਣਕਾ। ਖਿਆਲਾਂ ਦੀ ਝੜੀ। ਖੁਆਬਾਂ ਨੂੰ ਹਰਫਾਂ ਵਿਚ ਢਾਲਣ ਅਤੇ ਵਰਕਿਆਂ 'ਤੇ ਨਵੀਆਂ ਇਬਾਰਤਾਂ ਉਕਰਨ ਲਈ ਅਚੇਤ ਰੂਪ ਵਿਚ ਸ਼ੁਭ-ਅਰੰਭ।

ਸਰੀਰਕ ਸਬੰਧ ਸੰਭੋਗ ਤੋਂ ਬਹੁਤ ਉਪਰ ਤੇ ਉਚਤਮ। ਇਸ ਨੂੰ ਸੀਮਤ ਦਾਇਰੇ ਵਿਚ ਸੀਮਤ ਕਰਨਾ, ਸਰੀਰਕ ਸਬੰਧਾਂ ਦੀ ਨਿਰਾਦਰੀ। ਸਰੀਰਕ ਸਬੰਧ ਬਹੁ-ਪਰਤੀ, ਬਹੁ-ਅੰਗਾਈ, ਬਹੁ-ਪ੍ਰਭਾਵੀ, ਬਹੁ-ਸੰਸਕਾਰੀ ਅਤੇ ਬਹੁ-ਆਧਾਰੀ।

ਸਰੀਰਕ ਸਬੰਧ ਸਿਰਫ ਕਿਸੇ ਦਾ ਜਿਸਮਾਨੀ ਸਾਥ ਮਾਣਨਾ ਹੀ ਨਹੀਂ ਹੁੰਦਾ। ਦਰਅਸਲ ਇਹ ਇਕ ਅਜਿਹੀ ਪ੍ਰਕਿਰਿਆ, ਜਿਸ ਰਾਹੀਂ ਇਕ ਵਿਅਕਤੀ ਦੂਸਰੇ ਨੂੰ ਅਜਿਹੀ ਅਮੁੱਲ ਤੇ ਅਮਿਣਵੀਂ ਖੁਸ਼ੀ ਪ੍ਰਦਾਨ ਕਰਦਾ, ਜੋ ਹੋਰ ਕਿਸੇ ਵੀ ਰੂਪ ਵਿਚ ਨਹੀਂ ਦੇ ਸਕਦਾ।

ਸਰੀਰਕ ਸਬੰਧ ਦਿਲ ਦੇ ਹੁੰਦੇ, ਦਿਮਾਗ ਦੇ ਨਹੀਂ। ਇਸ ਵਿਚ ਨਫਾ, ਨੁਕਸਾਨ ਜਾਂ ਗਿਣਤੀਆਂ-ਮਿਣਤੀਆਂ ਨਹੀਂ ਹੁੰਦੀਆਂ। ਨਾ ਹੀ ਰੰਗ, ਨਸਲ, ਜਾਤ, ਧਰਮ ਜਾਂ ਊਚ-ਨੀਚ ਲਈ ਕੋਈ ਥਾਂ ਨਹੀਂ। ਇਹ ਤਾਂ ਸਮੁੱਚ ਦਾ ਅਪਨਾਉਣਾ।

ਸਰੀਰਕ ਸਬੰਧਾਂ ਦਾ ਮੂਲ ਆਧਾਰ ਹੈ, ਮੁਸਕਰਾਹਟ ਵੰਡਣੀ; ਹੱਸਣਾ ਤੇ ਹਸਾਉਣਾ; ਪਿਆਰੀਆਂ ਯਾਦਾਂ ਨੂੰ ਜੀਵਨ-ਸਫਰ ਦੇ ਨਾਮ ਲਾ ਕੇ ਜੀਵਨ ਖਜਾਨਾ ਬਣਾਉਣਾ। ਮਨ ਵਿਚ ਕੋਈ ਡਰ, ਦੁਰ-ਭਾਵਨਾ ਜਾਂ ਰੋਣਾ-ਧੋਣਾ ਨਹੀਂ, ਸਿਰਫ ਰੂਹਾਂ ਦਾ ਲੈਣਾ-ਦੇਣਾ। ਰੂਹਾਂ ਦੇ ਸੁੱਚੇ ਵਪਾਰ ਬਹੁਤ ਹੀ ਵਿਰਲੇ ਕਰਦੇ। ਰੂਹਾਂ ਦੇ ਸੌਦੇ ਨਹੀਂ ਹੁੰਦੇ, ਸਗੋਂ ਰੂਹਾਂ ਦਾ ਰੂਹਾਂ ਨਾਲ ਵਟਾਂਦਰਾ ਹੁੰਦੇ।

ਸੁੱਚੇ ਸਰੀਰਕ ਸਬੰਧਾਂ ਵਿਚ ਈਰਖਾ, ਸ਼ੱਕ, ਵਰਗਲਾਉਣਾ, ਨੁਕਸਾਨ, ਹਿੰਸਾ, ਘ੍ਰਿਣਾ, ਗੁਸਤਾਖੀ ਜਾਂ ਗੁਨਾਹ ਦੀ ਕੋਈ ਗੁੰਜਾਇਸ਼ ਨਹੀਂ। ਇਹ ਪਾਕੀਜ਼ ਪਾਣੀ ਦੇ ਝਰਨੇ ਦੀ ਕਲ-ਕਲ ਵਰਗੇ ਹੁੰਦੇ, ਜਿਨ੍ਹਾਂ ਦੀ ਪਵਿੱਤਰਤਾ ਦੀ ਸਹੁੰ ਖਾਧੀ ਜਾ ਸਕਦੀ।

ਸਰੀਰਕ ਸਬੰਧ ਤਾਂ ਸਤਰੰਗੀ ਨੂੰ ਮਨ ਅੰਬਰ ਦੇ ਨਾਮ ਲਾਉਣਾ, ਪੱਤਝੱੜ ਦੇ ਗਰਭ ਵਿਚ ਬਹਾਰਾਂ ਦੀ ਪਿਉਂਦ ਲਾਉਣਾ ਅਤੇ ਰੱਕੜ-ਜੂਹਾਂ ਵਿਚ ਬਦਲੋਟੀਆਂ ਬਣ ਕੇ ਮੇਘਲਾ ਵਰਸਾਉਣਾ ਹੁੰਦਾ।

ਸਰੀਰਕ ਸਬੰਧ, ਇਕ ਦੂਜੇ ਵਿਚ ਗਵਾਚਣਾ, ਇਕ ਦੂਜੇ ਨੂੰ ਪਾਉਣਾ ਅਤੇ ਇਕ ਦੂਜੇ ਦੀ ਚੇਤਨਾ ਤੇ ਸੰਵੇਦਨਾ ਨੂੰ ਆਪਣੀ ਸੋਚ ਦਾ ਹਿੱਸਾ ਬਣਾਉਣਾ। ਸੋਚਾਂ, ਸੁਪਨਿਆਂ, ਸੰਭਾਵਨਾਵਾਂ ਅਤੇ ਸਮਰੱਥਾਵਾਂ ਵਿਚ ਜਦ ਕੋਈ ਹਰ ਦਮ ਹਾਜਰ ਹੋਵੇ ਤਾਂ ਸਰੀਰਕ ਸਾਂਝ ਦੀ ਨਰੋਈ ਨੀਂਹ ਨੂੰ ਆਪਣੀ ਖੁਦਦਾਰੀ 'ਤੇ ਮਾਣ ਹੁੰਦਾ।

ਸਰੀਰਕ ਸਬੰਧ ਇਕ ਦੀ ਸ਼ੁਰੂਆਤ ਵਿਚੋਂ ਦੂਸਰੇ ਦਾ ਅਰੰਭ। ਨਜ਼ਦੀਕੀਆਂ ਨਾਲ ਫਾਸਲੇ ਦਾ ਸਿਮਟਣਾ। ਇਕ ਦੀ ਪ੍ਰੇਰਨਾ ਨਾਲ ਦੂਸਰੇ ਦੀ ਪ੍ਰਾਪਤੀ।

ਸਰੀਰਕ ਸਬੰਧਾਂ ਨੂੰ ਦਿਲ ਨਾਲ ਨਿਭਾਉਣਾ ਸਿੱਖੋ। ਦਿਮਾਗ ਨਾਲ ਨਿਭਾਏ ਜਾ ਰਹੇ ਸਰੀਰਕ ਸਬੰਧਾਂ ਦਾ ਕੇਹਾ ਅੰਜ਼ਾਮ ਏ ਕਿ ਮਨੁੱਖ ਇਕੱਲਾ ਰਹਿ ਗਿਆ। ਕੋਈ ਫੋਟੋ ਲੈਣ ਵਾਲਾ ਵੀ ਨਹੀਂ ਰਿਹਾ ਅਤੇ ਮਨੁੱਖ ਨੂੰ ਸੈਲਫੀ ਲੈਣੀ ਪੈ ਰਹੀ ਏ।

ਸਰੀਰਕ ਸਬੰਧ ਬਣਾਉਣੇ ਕੋਈ ਅਵੱਗਿਆ ਜਾਂ ਅਨੈਤਿਕਤਾ ਨਹੀਂ, ਬਸ਼ਰਤੇ ਇਨ੍ਹਾਂ ਵਿਚ ਰੂਹਾਨੀਅਤ ਤੇ ਰੂਹਦਾਰੀ ਹੋਵੇ। ਰੂਹ-ਰੰਗਤਾ ਦੀ ਲਬਰੇਜ਼ਤਾ ਨੂੰ ਮਾਣਨ ਦੀ ਲੋਚਾ। ਅਰਪਿਤਾ ਨੂੰ ਅਰਾਧਨਾ ਅਤੇ ਅਰਦਾਸ ਬਣਾ ਕੇ ਸ਼ੁੱਭ ਇੱਛਾ ਤੇ ਸ਼ੁਭ-ਵਿਚਾਰਾਂ ਦੀ ਤਰਕਸੰਗਤਾ ਨੂੰ ਨਵੀਂ ਤਰਕੀਬ।

ਸਰੀਰਕ ਸਬੰਧਾਂ ਦੇ ਸੁੱਚਮ, ਸੰਪੂਰਨਤਾ ਅਤੇ ਸਮਝਦਾਰੀ ਲਈ ਜਰੂਰੀ ਹੈ, ਪਹਿਲਾਂ ਖੁਦ ਨੂੰ ਸਮਝਿਆ ਜਾਵੇ, ਸਾਥੀ ਨੂੰ ਸਮਝਿਆ ਜਾਵੇ ਅਤੇ ਫਿਰ ਸਬੰਧਾਂ ਦੀ ਸ਼ੁਰੂਆਤ ਕੀਤੀ ਜਾਵੇ, ਜਿਨ੍ਹਾਂ ਨੇ ਜੀਵਨ ਦੀ ਆਧਾਰਸ਼ਿਲਾ ਨੂੰ ਸਿਰਜਣਾ ਹੁੰਦਾ। ਇਸ ਨਾਲ ਹੀ ਨਰੋਏ ਸਮਾਜ ਤੇ ਪਰਿਵਾਰ ਦੀ ਸਿਰਜਣਾ ਤੇ ਸਥਾਪਨਾ ਹੁੰਦੀ।

ਸਰੀਰਕ ਸਬੰਧਾਂ ਵਿਚ ਪਿਆਰ ਤੇ ਪ੍ਰਵਾਹ, ਭਰੋਸਾ ਤੇ ਵਿਸ਼ਵਾਸ, ਬੇ-ਗਰਜ਼ੀ ਅਤੇ ਬੇ-ਮਤਲਬੀ, ਆਸ ਤੇ ਧਰਵਾਸ, ਸੂਹਜ ਤੇ ਸਹਿਜ, ਸਮਰਪਣ ਅਤੇ ਸਾਰਥਕਤਾ, ਸਦੀਵਤਾ ਤੇ ਸਥਿਰਤਾ, ਸਿਆਣਪ ਤੇ ਸਾਦਗੀ, ਸਮਾਂ ਤੇ ਸਥਾਨ, ਸੰਕਲਪ ਤੇ ਸੁਪਨਾ ਅਤੇ ਅਨੰਦ ਤੇ ਅਵਸਥਾ ਦਾ ਸੰਤੁਲਨ ਹੋਵੇ ਤਾਂ ਇਹ ਸਬੰਧ ਸਦੀਵ ਹੁੰਦੇ।

# ਰੰਗਮੰਚ ਦਾ ਗੁਲਦਸਤਾ



## ਕਲਾ ਪਰਿਕਰਮਾ

ਰੰਗਮੰਚ ਬਹੁਤ ਸਾਰੀਆਂ ਕਲਾਵਾਂ ਦਾ ਮਿਸ਼ਰਨ ਹੈ ਪਰ ਆਪਣੇ ਆਪ ਵਿਚ ਸੁਤੰਤਰ ਵਿਧਾ ਹੈ। ਇਸ ਨੇ ਕਵਿਤਾ, ਗੀਤ, ਵਾਰਤਕ, ਕਹਾਣੀ, ਚਿੱਤਰਕਾਰੀ, ਸੰਗੀਤ, ਮਖੌਟਾਕਾਰੀ ਆਦਿ ਅਨੇਕਾਂ ਕਲਾਵਾਂ ਨੂੰ ਆਪਣੇ ਅੰਦਰ ਸਮੋਇਆ ਹੋਇਆ ਹੈ ਪਰ ਇਸ ਦੀ ਪਛਾਣ ਵੱਖਰੀ ਹੈ। ਰੰਗਮੰਚ ਦੇ ਆਲੋਚਕ ਲਈ ਇਸ ਨੁਕਤੇ ਨੂੰ ਫੜਨਾ ਅਤੇ ਨਿਭਾਉਣਾ ਜ਼ਰੂਰੀ ਹੈ।




ਡਾ. ਸਾਹਿਬ ਸਿੰਘ
ਫੋਨ: +91-98880-11096

ਨਾਟਕ ਅੰਦਰ ਪੇਸ਼ ਕਵਿਤਾ ਦੀ ਆਲੋਚਨਾ ਕੋਈ ਵਿਦਵਾਨ ਕਵਿਤਾ ਦੇ ਕਾਵਿ ਸ਼ਾਸਤਰ ਦੇ ਪੈਮਾਨੇ ਤੋਂ ਕਰੇਗਾ ਤਾਂ ਉਹ ਨਾਟਕ ਦੀ ਸਮੁੱਚੀ ਕਾਇਆ ਨਾਲ ਇਨਸਾਫ ਨਹੀਂ ਕਰ ਸਕੇਗਾ। ਇਵੇਂ ਹੀ ਨਾਟਕ ਅੰਦਰ ਮਿਸ਼ਰਤ ਹੋਈਆਂ ਬਾਕੀ ਕਲਾਵਾਂ ਦਾ ਵਿਸ਼ਲੇਸ਼ਣ ਕਰਦਿਆਂ ਜ਼ਰੂਰੀ ਹੋ ਜਾਂਦਾ ਹੈ ਕਿ ਪੈਮਾਨਾ ਰੰਗਮੰਚੀ ਰਹੇ। ਇਹੀ ਕਾਰਨ ਹੈ ਕਿ ਕਵਿਤਾ ਦੇ ਮਹਾਂ ਆਲੋਚਕ ਵੀ ਜਦੋਂ ਰੰਗ ਆਲੋਚਕ ਬਣਦੇ ਰਹੇ ਤਾਂ ਉਹ ਕਿਤੇ ਨਾ ਕਿਤੇ ਇਸ ਭੁੱਲ ਦਾ ਸ਼ਿਕਾਰ ਰਹੇ। ਜੋ ਇਸ ਫਰਕ ਨੂੰ ਸਮਝਦੇ ਰਹੇ, ਉਨ੍ਹਾਂ ਦੀ ਕਾਬਲੀਅਤ ਤੇ ਵਿਦਵਤਾ ਨੂੰ ਸਲਾਮ! ਕੋਈ ਘਰ ਸੋਹਣਾ ਹੈ... ਖੂਬ ਸਜਿਆ ਹੈ... ਇਹ ਕਹਿਣਾ ਤੇ ਇਸ ਦੇ ਕਾਰਨ ਬਿਆਨਣੇ ਖੂਬ ਹਨ ਪਰ ਘਰ ਦਾ ਸੌਣ ਕਮਰਾ ਕਿਵੇਂ ਸਜਿਆ ਹੈ ਤੇ ਪ੍ਰਾਹੁਣਿਆਂ ਦੇ ਬੈਠਣ ਵਾਲਾ ਕਮਰਾ ਕਿਵੇਂ ਸਜਿਆ ਹੈ, ਇਸ ਵਖਰੇਵੇਂ ਦੇ ਅਰਥ ਸਪਸ਼ਟ ਕਰਨੇ ਉਸ ਤੋਂ ਵੀ ਖੂਬ ਹਨ। ਰੰਗਮੰਚ ਇਸ ਖੂਬੀ ਦੀ ਤਵੱਕੋ ਕਰਦਾ ਹੈ।

ਸਾਰੀਆਂ ਕਲਾਵਾਂ ਮਿਲ ਕੇ ਕਿਸ ਅਨੁਪਾਤ ਵਿਚ ਤੇ ਕਿਸ ਸ਼ਿੱਦਤ ਨਾਲ ਰੂਪਮਾਨ ਹੋਈਆਂ ਹਨ ਕਿ ਇਕ ਬਿਹਤਰੀਨ ਪੇਸ਼ਕਾਰੀ ਸਪੰਨ ਹੋਈ ਹੈ, ਰੰਗ ਆਲੋਚਕ ਦੀ ਇਹ ਮੁੱਖ ਜ਼ਿੰਮੇਵਾਰੀ ਹੈ। ਉਸ ਨੇ ਨਾਟਕ ਦਾ ਮੰਚਨ ਦੇਖਦਿਆਂ ਉਸ ਵਿਚੋਂ ਨਾਟਕਕਾਰ ਦੇ ਦ੍ਰਿਸ਼ਟੀਕੋਣ ਨੂੰ ਲੱਭਣਾ ਹੈ, ਨਿਰਦੇਸ਼ਕ ਦੀ ਵਿਉਂਤਬੰਦੀ ਦੇ ਪਾਸਾਰ ਵੀ ਸਮਝਣੇ ਹਨ, ਅਦਾਕਾਰੀ ਦੀ ਇਕਸੁਰਤਾ ਅਤੇ ਸਜੀਵਤਾ ਵੀ ਪਰਖਣੀ ਹੈ, ਮੰਚ ਸੱਜਾ ਦੀ ਅਨੁਕੂਲਤਾ ਵੀ ਦੇਖਣੀ ਹੈ, ਤੇ ਵੇਸ਼ ਭੂਸ਼ਾ ਦੀ ਵਿਸ਼ੇ ਅਤੇ ਕਿਰਦਾਰ ਨੂੰ ਬੁਲੰਦੀ ਬਖਸ਼ਦੀ ਅਮੀਰੀ ਵੀ ਅੰਕਿਤ ਕਰਨੀ ਹੈ। ਉਸ ਨੇ ਸਿਰਫ ਰੌਸ਼ਨੀਆਂ ਦੀ ਚਕਾਚੌਂਧ ਨਹੀਂ ਦੇਖਣੀ, ਰੌਸ਼ਨੀ ਵਿਉਂਤਣ ਵਾਲਾ ਜੋ ਰੰਗਾਂ ਦੀ ਚਿੱਤਰਕਾਰੀ ਸਿਰਜ ਰਿਹਾ ਹੈ, ਜੋ ਰੌਸ਼ਨੀ ਦੀ ਤੀਬਰਤਾ ਘਟਾ ਵਧਾ ਕੇ ਤਲਿਸਮ ਸਿਰਜ ਰਿਹਾ ਹੈ, ਉਹਦੇ ਪਿੱਛੇ ਛੁਪੇ ਕਾਰਨਾਂ ਤੇ ਤਰਕ ਨੂੰ ਵੀ ਸ਼ਬਦ ਦੇਣੇ ਹਨ। ਦਰਸ਼ਕ ਨਾਲ ਪੇਸ਼ਕਾਰੀ ਦਾ ਕੀ ਰਿਸ਼ਤਾ ਬਣ ਰਿਹਾ ਹੈ, ਕੀ ਇਹ ਵਕਤੀ ਉਬਾਲ ਪੈਦਾ ਕਰ ਰਿਹਾ ਹੈ; ਕੀ ਇਹ ਸੋਚਣ 'ਤੇ ਮਜਬੂਰ ਕਰ ਰਿਹਾ ਹੈ; ਕੀ ਇਹ ਦਰਸ਼ਕ ਦੇ ਮਨ 'ਚ ਬੈਠੀ ਕਿਸੇ ਮਿੱਥ ਦਾ ਭੰਜਨ ਕਰ ਰਿਹਾ ਹੈ; ਕੀ ਇਹ ਕੋਈ ਚਿਰਸਥਾਈ ਪ੍ਰਭਾਵ ਸਿਰਜ ਰਿਹਾ ਹੈ; ਕੀ ਇਹ ਦਰਸ਼ਕ ਦਾ ਕੀਮਤੀ ਸਮਾਂ ਜ਼ਾਇਆ ਕਰ ਰਿਹਾ ਹੈ; ਕੀ ਇਹ ਦਰਸ਼ਕ ਨੂੰ ਭ੍ਰਮਿਤ ਕਰ ਰਿਹਾ ਹੈ? ਇਹ ਸਮਝਣਾ ਤੇ ਸਮਝਾਉਣਾ ਰੰਗ ਆਲੋਚਕ ਦਾ ਪਰਮ ਧਰਮ ਹੈ।

ਆਲੋਚਕ ਪੂਰਵ ਨਿਰਧਾਰਤ ਧਾਰਨਾਵਾਂ ਅਤੇ ਸਿਰਫ 'ਆਪਣੀ ਪਸੰਦ' ਨੂੰ ਮੁੱਖ ਰੱਖ ਕੇ ਪੇਸ਼ਕਾਰੀ ਦਾ ਮੁਲੰਕਣ ਨਹੀਂ ਕਰ ਸਕਦਾ। ਉਸ ਨੂੰ ਅਜਮੇਰ ਔਲਖ ਦੀ ਵਿਸ਼ਲੇਸ਼ਣਾਤਮਕ ਸ਼ਾਬਦਿਕ ਰੰਗਮੰਚ ਸ਼ੈਲੀ ਨੂੰ ਵੀ ਉਸੇ ਇੱਜ਼ਤ ਤੇ ਤਾਰਕਿਕਤਾ ਨਾਲ ਸਮਝਣਾ ਪਵੇਗਾ, ਜਿਸ ਇੱਜ਼ਤ ਤੇ ਤਾਰਕਿਕਤਾ ਨਾਲ ਉਹ ਨੀਲਮ ਮਾਨ ਸਿੰਘ ਦੇ ਮੂਲ ਰੂਪ 'ਚ ਸਰੀਰਕ ਰੰਗਮੰਚ ਨੂੰ ਸਮਝਦਾ ਹੈ। ਰੰਗਮੰਚ ਦਾ ਨਜ਼ਾਰਾ ਹੀ ਇਸ ਗੱਲ ਵਿਚ ਹੈ ਕਿ ਇਥੇ ਅਬਰਾਹਮ ਅਲਕਾਜ਼ੀ ਦੀ ਮਹਿਲ ਨੁਮਾ ਮੰਚ ਜੜਤ ਵੀ ਦਰਸ਼ਕ ਲਈ ਰੰਗਮੰਚੀ ਸੁਹਜ ਪੈਦਾ ਕਰਦੀ ਹੈ ਤੇ ਦਵਿੰਦਰ ਰਾਜ ਅੰਕੁਰ ਦਾ ਖਾਲੀ ਮੰਚ ਵੀ ਪ੍ਰਵਾਨ ਚੜ੍ਹਦਾ ਹੈ। ਆਲੋਚਕ ਨੇ ਗੁਰਸ਼ਰਨ ਸਿੰਘ ਦਾ ਸਿਆਸੀ ਰੰਗਮੰਚ ਵੀ ਪ੍ਰਭਾਸ਼ਿਤ ਕਰਨਾ ਹੈ ਤੇ ਡਾ. ਆਤਮਜੀਤ ਦਾ ਉਪਰੋਂ ਦਿਸਦਾ ਸਮਾਜਿਕ ਪਰ ਗੁੱਝੇ ਤੌਰ 'ਤੇ ਸਿਆਸੀ ਰੰਗਮੰਚ ਦਾ ਮਰਮ ਵੀ ਫੜਨਾ ਹੈ। ਆਲੋਚਕ ਦਾ ਫਰਜ਼ ਇਹ ਬਣਦਾ ਹੈ ਕਿ ਉਹ ਕਿਸੇ ਰੰਗਮੰਚ ਨੂੰ ਸਿਆਸੀ ਰੰਗਮੰਚ ਕਹਿ ਕੇ ਹੀ ਉਸ ਨੂੰ ਵੱਖਰੇ ਖਾਨੇ 'ਚ ਨਾ ਟਿਕਾ ਦੇਵੇ, ਬਲਕਿ ਇਹ ਸਪਸ਼ਟ ਕਰੇ ਕਿ ਸਿਆਸੀ ਹੁੰਦਿਆਂ ਵੀ ਬਾਦਲ ਸਿਰਕਾਰ ਜਾਂ ਗੁਰਸ਼ਰਨ ਸਿੰਘ ਦਾ ਨਾਟਕ ਰੰਗਮੰਚ ਬਣਦਾ ਹੈ ਜਾਂ ਨਹੀਂ। ਕੇਵਲ ਧਾਲੀਵਾਲ ਆਪਣੀਆਂ ਪੇਸ਼ਕਾਰੀਆਂ ਵਿਚ ਰੰਗ ਬਿਰੰਗੇ ਕੱਪੜੇ ਵਰਤ ਕੇ ਕਿਸ ਤਰ੍ਹਾਂ ਦੀ ਰੰਗਮੰਚੀ ਭਾਸ਼ਾ ਸਿਰਜ ਰਿਹਾ ਹੈ। ਕੀ ਇਸ ਨਾਲ ਪ੍ਰਾਪਤ ਦ੍ਰਿਸ਼ ਦੇ ਅਰਥ ਗੂੜ੍ਹੇ ਹੋ ਰਹੇ ਹਨ ਜਾਂ ਇਹ ਸਿਰਫ ਸਜਾਵਟ ਹੈ। ਇਸ ਪ੍ਰਤੀ ਇਕ ਨਿਰਪੱਖ ਸਮਝ ਵਿਕਸਤ ਕਰਨਾ ਆਲੋਚਕ ਦਾ ਕਾਰਜ ਖੇਤਰ ਹੈ। ਨਾਟ ਸਮੀਖਿਆ ਦਾ ਪੈਮਾਨਾ ਹੋਰ ਹੈ, ਰੰਗਮੰਚ ਸਮੀਖਿਆ ਦਾ ਪੈਮਾਨਾ ਵੱਖਰਾ ਹੋਣਾ ਚਾਹੀਦਾ ਹੈ। ਇਹ ਸਾਹਿਤਕ ਵਿਧਾ ਦੀ ਆਲੋਚਨਾ ਹੁੰਦੇ ਹੋਏ ਵੀ ਕਰਤਬੀ ਕਲਾ ਦੀ ਆਲੋਚਨਾ ਵੀ ਹੈ।



ਅਦਾਕਾਰ ਹਮੇਸ਼ਾਂ ਰੰਗਮੰਚ ਦਾ ਪ੍ਰਤੱਖ ਨਾਇਕ ਰਿਹਾ ਹੈ। ਉਸ ਦੀ ਅਦਾਕਾਰੀ ਨੂੰ ਪ੍ਰਭਾਵਸ਼ਾਲੀ ਜਾਂ ਬੁਰੀ ਤਾਂ ਦਰਸ਼ਕ ਵੀ ਐਲਾਨ ਦਿੰਦਾ ਹੈ। ਆਲੋਚਕ ਨੇ ਤਾਂ ਵਧੀਆ ਘਟੀਆ ਅਦਾਕਾਰੀ ਦੀ ਚੀਰ ਫਾੜ ਕਰਨੀ ਹੈ। ਅਦਾਕਾਰੀ ਕਰਦਿਆਂ ਪੇਸ਼ਕਾਰ ਕੋਲ ਜਿੰਨੇ ਸਰੀਰਕ, ਮਾਨਸਿਕ, ਸ਼ਾਬਦਿਕ ਹਥਿਆਰ ਹਨ, ਉਨ੍ਹਾਂ ਦੀ ਵਰਤੋਂ ਉਹ ਕਿਵੇਂ ਕਰ ਰਿਹਾ ਹੈ, ਆਲੋਚਕ ਨੇ ਇਸ ਦੀ ਨਿਰਖ ਪਰਖ ਕਰਨੀ ਹੈ। ਇਸ ਨਾਲ ਸਰਬਪੱਖੀ ਫਾਇਦਾ ਹੋਵੇਗਾ। ਅਦਾਕਾਰ ਨੂੰ ਸੰਤੁਲਿਤ ਸਮੀਖਿਆ ਮਿਲੇਗੀ ਤੇ ਅੱਗੋਂ ਹੋਰ ਮਿਹਨਤ ਕਰਨ ਲਈ ਪ੍ਰੇਰਨਾ ਮਿਲੇਗੀ ਜਾਂ ਆਪਣੀਆਂ ਕਮੀਆਂ ਦੂਰ ਕਰਨ ਲਈ ਇਸ਼ਾਰਾ ਮਿਲੇਗਾ। ਦਰਸ਼ਕ ਜਦੋਂ ਇਹ ਸਮੀਖਿਆ ਪੜ੍ਹੇਗਾ ਤਾਂ ਉਹ ਰੰਗਮੰਚ ਦੇ ਸੂਖਮ ਪੱਖ ਤੋਂ ਜਾਣੂ ਹੋਵੇਗਾ ਤੇ ਰੰਗਮੰਚ ਨਾਲ ਉਹਦਾ ਰਿਸ਼ਤਾ ਹੋਰ ਕਰੀਬੀ ਹੋ ਜਾਵੇਗਾ। ਅੱਜ ਪੰਜਾਬ ਵਿਚ ਕਿਸਾਨੀ ਘੋਲ ਸਿਖਰਾਂ 'ਤੇ ਹੈ। ਪੰਜਾਬ ਦੀਆਂ ਲਗਭਗ ਵੀਹ ਨਾਟ ਸੰਸਥਾਵਾਂ ਇਨ੍ਹਾਂ ਮੋਰਚਿਆਂ 'ਚ ਪਹੁੰਚ ਕੇ ਆਪਣੇ ਨਾਟਕ ਕਰ ਰਹੀਆਂ ਹਨ। ਰੰਗ ਆਲੋਚਕ ਲਈ ਇਮਤਿਹਾਨ ਦੀ ਘੜੀ ਹੈ। ਉਸ ਨੂੰ ਇਨ੍ਹਾਂ ਪਿੜਾਂ ਵਿਚ ਜਾਣਾ ਪਏਗਾ ਤੇ ਇਹ ਦੇਖਣਾ ਤੇ ਸਮਝਣਾ ਪਵੇਗਾ ਕਿ ਅਸ਼ਾਂਤ ਮੰਚਨ ਸਥਲ ਅਤੇ ਅਸ਼ਾਂਤ ਉਬਲਦੇ ਸਰੀਰਾਂ ਤੇ ਮਨਾਂ ਦੇ ਸਾਹਮਣੇ ਰੰਗਕਰਮੀ ਸ਼ਾਂਤ ਹੋ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਿਵੇਂ ਕਰ ਰਿਹਾ ਹੈ। ਔਖੀ ਹਾਲਤ 'ਚ ਇਸਤੇਮਾਲ ਕੀਤੀਆਂ ਜਾ ਰਹੀਆਂ ਰੰਗਮੰਚੀ ਘਾੜਤਾਂ ਦਾ ਵਿਸ਼ਲੇਸ਼ਣ ਕਰਨਾ ਪਏਗਾ। ਅਦਾਕਾਰੀ ਕਰਦਿਆਂ ਰੰਗ ਕਰਮੀਆਂ ਨੇ ਅਦਾਕਾਰੀ ਦੇ ਕਿਹੜੇ ਪਾਸਾਰ ਫਿਲਹਾਲ ਮੁਲਤਵੀ ਕਰ ਲਏ ਹਨ ਤੇ ਕਿਹੜੇ ਨਵੇਂ ਪਸਾਰ ਉਸ ਨੇ ਈਜਾਦ ਕਰ ਲਏ ਹਨ, ਇਸ ਨੂੰ ਦਰਜ ਕਰ ਕੇ ਆਲੋਚਕ ਇਤਿਹਾਸਕ ਕਾਰਜ ਕਰ ਸਕਦਾ ਹੈ।

ਸਾਡੇ ਵਿਚੋਂ ਬਹੁਤਿਆਂ ਨੇ ਅੱਜ ਤਕ ਕੱਚੀਆਂ ਪਿੱਲੀਆਂ ਜਾਣਕਾਰੀਆਂ ਕਰ ਕੇ ਜਾਂ 'ਨਿਮਾਣੇ ਹੋਣ ਦਾ ਮਾਣ' ਹਾਸਲ ਕਰਨ ਲਈ, ਜਾਂ ਕਿਸੇ ਹੀਣ ਭਾਵਨਾ ਦੇ ਅਹਿਸਾਸ ਨਾਲ ਆਪਣੇ ਪੰਜਾਬੀ ਰੰਗਮੰਚ ਨੂੰ ਸਤਹੀ, ਗੈਰ ਮਿਆਰੀ ਤੇ ਹੋਰ ਪਤਾ ਨਹੀਂ ਕੀ ਕੁਝ ਕਿਹਾ ਹੈ। ਇਹ ਵਿਸ਼ਲੇਸ਼ਣ ਇਮਾਨਦਾਰ ਵੀ ਨਹੀਂ ਸੀ ਤੇ ਸੰਪੂਰਨ ਵੀ ਨਹੀਂ ਸੀ ਕਿਉਂਕਿ ਇਹ ਧਾਰਨਾ ਪ੍ਰਚਾਰਨ ਵਾਲਾ ਰੰਗ ਆਲੋਚਕ ਆਪਣੀ ਮਿੱਟੀ ਦੇ ਉਸ ਕਣ ਤਕ ਤਾਂ ਪਹੁੰਚਿਆ ਹੀ ਨਹੀਂ ਸੀ ਜਿੱਥੇ ਪੰਜਾਬੀ ਜਨ ਮਾਨਸ ਤੇ ਪੰਜਾਬੀ ਰੰਗਮੰਚ ਦੀ ਰੂਹ ਧੜਕਦੀ ਹੈ। ਅਜੇ ਵੀ ਵੇਲਾ ਹੈ ਕਿ ਅਸੀਂ ਆਪਣੇ ਕੰਮ ਦੀ ਸਹੀ ਪੜਚੋਲ ਕਰੀਏ ਤੇ ਕੁੱਲ ਸੰਸਾਰ ਸਾਹਮਣੇ ਇਸ ਦੀ ਅਸਲ ਤਸਵੀਰ ਪੇਸ਼ ਕਰੀਏ ਕਿ ਕਿਵੇਂ ਝੱਖੜਾਂ ਤੂਫਾਨਾਂ ਸੰਗ ਟਕਰਾ ਕੇ ਵੀ ਇਸ ਨੇ ਆਪਣੀ ਮੜ੍ਹਕ ਬਰਕਰਾਰ ਰੱਖੀ ਹੈ ਤੇ ਆਪਣੇ ਆਪ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਹਰ ਹੀਲਾ ਵਰਤਿਆ ਹੈ। ਰੰਗ ਆਲੋਚਕ ਵਿਅਕਤੀਗਤ ਸੰਘਰਸ਼ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰੇ, ਸਮੂਹਿਕ ਯਤਨਾਂ ਦਾ ਭਾਵ ਵੀ ਸਮਝੇ। ਸੰਸਥਾਵਾਂ ਆਪਣਾ ਫਰਜ਼ ਸਮਝਣ, ਪ੍ਰਾਜੈਕਟ ਬਣਾਉਣ, ਜ਼ਿੰਮੇਵਾਰੀਆਂ ਤੈਅ ਕਰਨ ਤੇ ਪੰਜਾਬੀ ਰੰਗਮੰਚ ਦੇ ਹੁਣ ਤਕ ਦੇ ਕਾਰਜ ਦਾ 'ਅਸਲ ਥੀਸਿਸ' ਤਿਆਰ ਕਰਨ ਵਾਲਾ ਇਤਿਹਾਸਕ ਕਦਮ ਪੁੱਟਣ। ਅਸੀਂ ਸੰਪੂਰਨ ਨਹੀਂ ਹਾਂ, ਪਰ ਅਪੂਰਨ ਵੀ ਨਹੀਂ ਹਾਂ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਨਵੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-456



*ਹੁਣ ਤਾਂ ਮੋਬਾਈਲਾਂ ਨੇ ਹੈਨ ਮੱਤਾਂ ਮਾਰੀਆਂ।*
*ਹੋ ਗਈਆਂ ਅਲੋਪ ਖੇਡਾਂ ਇਹ ਪਿਆਰੀਆਂ!*

## ਕੈਪਸ਼ਨ ਮੁਕਾਬਲਾ-454



ਵਾਰੋ ਵਾਰੀ ਮੋਹਲੇ ਵੱਜਣ
ਵਧ ਵਧ ਦੋਵੇਂ ਸੱਟਾਂ ਲਾਵਣ।
ਵੰਡ ਵੜੇਵਾਂ ਉੱਖਲੀ ਪਾਇਆ
ਜੋਰ ਬਾਹਾਂ ਦੇ ਪਰਖੇ ਜਾਵਣ।
ਘੁੰਡਾਂ ਵਿਚੋਂ ਨਿਕਲਣ ਹਾਸੇ
ਚੋਰੀ ਚੋਰੀ ਅੱਖ ਮਿਲਾਵਣ।

***-ਜਗਮੀਤ ਸਿੰਘ ਪੰਧੇਰ***
*ਫੋਨ: 91-98783-37222*

---

ਬਾਂਗੜ ਇਲਾਕੇ ਦਾ ਹੈ ਵਾੜਾ,
ਖੁੰਡ ਬੂਰੀਆਂ ਮੱਝੀਆਂ ਵੱਡੀਆਂ।
ਉੱਖਲ ਮੋਹਲੇ ਵੰਡ ਕੁੱਟਦੀਆਂ,
ਸੱਜਰ ਲਵੇਰ ਲਈ ਦੋ ਨੱਢੀਆਂ।
ਪਾ ਕੁੜਤੀ, ਘੱਗਰੀ ਕੱਢੇ ਘੁੰਡ,
ਪੈਰੀਂ ਦੇਸੀ ਖੁੱਸੇ, ਬਿਨ ਅੱਡੀਆਂ।
ਮਰਦ ਤੁਰ ਗਏ ਵੱਲ ਮੁਰੱਬੇ,
ਉਨ੍ਹਾਂ ਕੰਮ 'ਚ ਨਜ਼ਰਾਂ ਗੱਡੀਆਂ।

***-ਸੇਵਾ ਸਿੰਘ ਨੂਰਪੁਰੀ***

---

ਜਿੰਨੇ ਜੋਗੀ, ਹੱਥ ਵਟਾਵਾਂ,
ਨੂੰਹੇ ਵੇਲੇ ਸਿਰ ਕੰਮ ਮੁਕਾਈਏ।
ਹੱਡ, ਪੈਰ ਜਿੰਨਾ ਚਿਰ ਚੱਲਦੇ,
ਰਲ-ਮਿਲ ਘਰ 'ਚ ਬਰਕਤ ਪਾਈਏ।
ਕੰਮ ਹੀ ਕਰਮ, ਕੰਮ ਦੀ ਸਰਦਾਰੀ,
ਤਨ, ਮਨ, ਧਨ ਦੀ ਖੁਸ਼ਹਾਲੀ ਲਿਆਈਏ।

***-ਦਵਿੰਦਰ ਕੌਰ***

---

ਸੱਸ ਸਿਆਣੇ ਕਮਾਂਡਰ ਵਾਂਗੂੰ
ਨੂੰਹ ਨੂੰ ਰੱਖੇ ਆਪਣੇ ਨਾਲ ਜੋੜ ਕੇ।
ਉੱਖਲੀ 'ਚ ਕਰਨ ਤਿਆਰ ਪਸੂ-ਦਾਣਾ
ਮੂਹਲੇ ਚਲਾਉਂਦੀਆਂ ਨੇ ਰਿਕਾਰਡ ਤੋੜ'ਤੇ।
ਸੱਸਾਂ-ਨੂੰਹਾਂ ਦੋਵੇਂ ਹੁੰਦੀਆਂ ਚੰਗੀਆਂ
ਜੋ ਰੱਖਣ ਇਕ ਦੂਸਰੀ ਦਾ ਖਿਆਲ,
ਜ਼ਿੰਦਗੀ ਦੇ ਹਰ ਮੋੜ 'ਤੇ।

***-ਅਮਰਜੀਤ ਸਿੰਘ ਤੂਰ***
*ਫੋਨ: 91-98784-69639*

---

ਵੰਡ ਵੜੇਵੇਂ ਵਿਚ ਉੱਖਲੀ ਦੇ,
ਲਵੇਰੀਆਂ ਤਾਂਈਂ ਕੁੱਟ ਕੁੱਟ ਪਾਈਏ।
ਦੁੱਧ ਦੀਆਂ ਨਦੀਆਂ ਰਹਿਣ ਵਗਦੀਆਂ,
ਮੱਖਣ ਪੇੜੇ ਰੱਜ ਰੱਜ ਖਾਈਏ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
*ਫੋਨ: 91-94176-49275*

---

ਪਾ ਲਿਆ ਉੱਖਲੀ ਵਿਚ ਮਸਾਲਾ
ਆ ਜਾ ਭੈਣੇ ਵਾਰੀ ਲਾ ਲੈ
ਇਹ ਗੱਲਾਂ ਹੋ ਗਈਆਂ ਪੁਰਾਣੀਆਂ।
ਹੁਣ ਘੱਟ ਹੀ ਘਰੇ ਮਿਰਚ ਜਾਂ
ਮਸਾਲਾ ਬਣਾਉਣ ਸੁਆਣੀਆਂ।
ਆ ਗਏ ਡੱਬੇ ਬੰਦ ਮਿਰਚ ਮਸਾਲੇ
ਜ਼ਿਆਦਾ ਆਉਂਦੇ ਨਕਲੀ, ਕਰਦੇ ਘੁਟਾਲੇ।

***-ਗੋਰਾ ਪ੍ਰਜਾਪਤ, ਨਿਊ ਯਾਰਕ***
*ਫੋਨ: 718-640-6660*

---

ਨਾਲੇ ਕੰਮ ਤੇ ਨਾਲੇ ਕਸਰਤ
ਸਾਨੂੰ ਆਉਂਦਾ ਹੈ ਘਰ ਚਲਾਉਣਾ।
ਭਾਵੇਂ ਲੰਮਾ ਘੁੰਡ ਹੈ ਕੱਢਿਆ
ਫਿਰ ਵੀ ਨਿਸ਼ਾਨਾ ਸਹੀ ਹੈ ਲਾਉਣਾ।

***-ਇੰਦਰਜੀਤ ਮੰਗਾ ਪਿਟਸਬਰਗ***

---

ਰਲ ਸੁਆਣੀਆਂ ਉੱਖਲ 'ਚ
ਲੈ ਘੋਟਣਾ ਬੱਠਲ ਕੁੱਟਦੀਆਂ।
ਪੈਂਦੀ ਜਦ ਸੱਟ ਘੋਟਣੇ ਦੀ ਵੜੇਵਿਆਂ ਨੂੰ
ਨਰਮ ਕਰ ਕਰ ਬਰੀਕ ਹੋ ਜਾਂਦਾ,
ਖੋਲ੍ਹ ਦਿੰਦਾ ਸਰੀਰ ਦੇ ਮਸਲ ਸਾਰੇ
ਨਾਲੇ ਕਸਰਤ ਨਾਲੇ ਘਰ ਦਾ ਕੰਮ
ਸੌਖਿਆਂ ਹੀ ਹੱਲ ਹੋ ਜਾਂਦਾ।

***-ਦਰਸ਼ਨਪਾਲ ਦੋਸਾਂਝ***

## ਕੈਪਸ਼ਨ ਮੁਕਾਬਲਾ-453

ਧੀ ਮਾਪਿਆਂ ਦੇ ਗੁਣ ਗਾਵੇ
ਧੀਆਂ ਕੁੱਖ 'ਚ ਨਾ ਮਾਰੋ ਲੋਕੋ।
ਧੀਆਂ-ਪੁੱਤ ਹੁੰਦੇ ਕੁਦਰਤੀ ਬਖਸ਼ਿਸ਼
ਲਾਲਚ ਤਿਆਗੋ ਆਬਾਦੀ ਰੋਕੋ।
ਭਾਈਚਾਰਕ ਸਾਂਝਾਂ ਦਾ ਮੁੱਢ ਬੰਨੇ
ਚਿੜੀਆਂ ਵਰਗੀ ਵਿਚਾਰੀ ਧੀ।
ਸਭਿਅਕ ਸਮਾਜ ਦੀ ਬਣੇ ਸਿਰਜਕ
ਮਹਾਨ ਮਨੁੱਖਾਂ ਦੀ ਰਹਿਨੁਮਾ ਬਣਦੀ।

***-ਅਮਰਜੀਤ ਸਿੰਘ ਤੂਰ***

# ਮਿੱਟੀ ਦਾ ਹਾਰਾ ਪੱਥਦੀ ਏ...

ਪੰਜਾਬੀ ਲੋਕ ਜੀਵਨ ਵਿਚ ਔਰਤਾਂ ਗਾਰੇ, ਮਿੱਟੀ, ਚੀਕਣੀ ਮਿੱਟੀ, ਬਾਰੀਕ ਤੂੜੀ ਰਲੀ ਮਿੱਟੀ ਆਦਿ ਨਾਲ ਘਰ ਵਿਚ ਵਰਤੋਂ ਵਿਚ ਆਉਣ ਵਾਲੀਆਂ ਕਈ ਚੀਜ਼ਾਂ ਬੜੀ ਰੀਝ ਨਾਲ ਬਣਾਉਂਦੀਆਂ ਰਹੀਆਂ ਹਨ। ਮਿੱਟੀ ਨਾਲ ਕੀਤੇ ਜਾਣ ਵਾਲੇ ਬਹੁਤੇ ਕੰਮ ਔਰਤਾਂ ਦੇ ਹੱਥਾਂ ਰਾਹੀਂ ਸਿਰਜੀਆਂ ਖ਼ੂਬਸੂਰਤ ਕਲਾਕ੍ਰਿਤਾਂ ਹੁੰਦੇ ਸਨ। ਚੁੱਲ੍ਹੇ-ਚੌਂਕੇ, ਓਟੇ, ਲੋਹ, ਭੜੋਲੀ, ਭੜੋਲੇ, ਤੰਦੂਰ, ਆਲੇ, ਅਨਾਜ ਨੂੰ ਸਾਂਭ ਕੇ ਰੱਖਣ ਵਾਲੇ ਢੋਲ, ਮਟਕੇ ਆਦਿ ਵਾਂਗ ਹਾਰਾ ਵੀ ਨਿੱਤ ਵਰਤੋਂ ਵਿਚ ਲਿਆਂਦੀ ਜਾਣ ਵਾਲੀ ਹੱਥਾਂ ਨਾਲ ਬਣਾਈ ਉਪਯੋਗੀ ਵਸਤੂ ਹੁੰਦਾ ਸੀ।

ਹਾਰਾ ਆਪਣੇ-ਆਪ ਵਿਚ ਲੋਕ ਕਲਾ ਦਾ ਬਿਹਤਰੀਨ ਨਮੂਨਾ ਹੁੰਦਾ ਸੀ। ਮੈਂ ਬਚਪਨ ਵਿਚ ਵੇਖਿਆ ਹੈ ਕਿ ਪਿੰਡਾਂ ਦੇ ਕਈ ਘਰਾਂ ਵਿਚ ਚੁੱਲ੍ਹੇ-ਚੌਂਕੇ ਦੇ ਕੋਲ ਹੀ ਕਿਸੇ ਕੰਧ ਵਿਚ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**
ਫੋਨ: 91-98885-10185

ਇੱਕ ਆਲਾ ਬਣਾਇਆ ਹੁੰਦਾ ਸੀ, ਉਸ ਵਿਚ ਕੁਝ ਕੁ ਡੂੰਘੀ ਢੋਲ ਦੀ ਸ਼ਕਲ ਦੀ ਬਣਾਈ ਗੋਲਾਕਾਰ ਥਾਂ ਨੂੰ ਲਿੱਪ-ਪੋਚ ਕੇ ਸੰਵਾਰ ਲਿਆ ਜਾਂਦਾ ਸੀ। ਅੰਦਰੋਂ ਵੇਖਣ ਨੂੰ ਉਹ ਢੋਲ ਦੀ ਸ਼ਕਲ ਦਾ ਪ੍ਰਤੀਤ ਹੁੰਦਾ ਸੀ। ਉਸ ਵਿਚ ਪਾਥੀਆਂ ਜਾਂ ਗੋਹੇ ਧੁਖਾ ਲਏ ਜਾਂਦੇ ਸਨ। ਦਾਲ/ਸਬਜ਼ੀ ਰਿੰਨ੍ਹਣ ਲਈ ਉਸ ਉੱਪਰ ਤੌੜੀ ਜਾਂ ਦੁੱਧ ਕਾੜ੍ਹਨ ਲਈ ਕਾੜ੍ਹਨੀ ਰੱਖ ਦਿੱਤੀ ਜਾਂਦੀ ਸੀ ਜਾਂ ਇੱਕ ਹੋਰ ਰੂਪ ਵਿਚ ਇੱਕ ਥਾਂ ਤੋਂ ਦੂਜੀ ਥਾਂ ਲਿਜਾਣ ਵਾਲਾ ਹਾਰਾ ਵੀ ਬਣਾਇਆ ਜਾਂਦਾ ਸੀ। ਕਿਸੇ ਟੁੱਟੇ ਹੋਏ ਘੜੇ ਦੇ ਮੂੰਹ ਨੂੰ ਪੁੱਠਾ ਕਰਕੇ ਉਸ ਨੂੰ ਆਧਾਰ ਬਣਾ ਕੇ ਉਸ ਉੱਪਰ ਸਖਤ ਗੁੰਨ੍ਹੀ ਮਿੱਟੀ ਨੂੰ ਦੋਹਾਂ ਹੱਥਾਂ ਨਾਲ ਦਬਾਅ-ਦਬਾਅ ਕੇ ਗੋਲਾਈ ਵਿਚ ਬੜੀ ਜੁਗਤ ਨਾਲ ਹਾਰੇ ਦੀ ਉਸਾਰੀ ਕੀਤੀ ਜਾਂਦੀ ਸੀ।

ਹਾਰੇ ਦੇ ਜਿਸਮ ਨੂੰ ਮਜ਼ਬੂਤੀ ਪ੍ਰਦਾਨ ਕਰਨ ਵਾਸਤੇ ਮਿੱਟੀ ਦੀਆਂ ਤਹਿਆਂ ਵਿਚ ਕਿਧਰੇ-ਕਿਧਰੇ ਠੀਕਰੀਆਂ ਰੱਖ ਕੇ ਟਿਕਾਅ ਦਿੱਤੀਆਂ ਜਾਂਦੀਆਂ ਸਨ। ਉੱਪਰ ਮਿੱਟੀ ਦਾ ਲੇਪ ਕਰ ਦਿੱਤਾ ਜਾਂਦਾ ਸੀ। ਮਿੱਟੀ ਦਾ ਇੱਕ ਵਾਰ ਦੇ ਕੇ ਉਸ ਨੂੰ ਸੁੱਕ ਲੈਣ ਦਿੱਤਾ ਜਾਂਦਾ ਸੀ। ਇਸ ਕਰਕੇ ਉੱਪਰ ਤੋਂ ਉੱਪਰ ਚੱਲਣ ਵਾਲੀ ਉਸਾਰੀ ਨੂੰ ਅਗਲੇ ਦਿਨ ਜਾਂ ਕੁਝ ਘੰਟਿਆਂ ਪਿੱਛੋਂ ਛੋਹਿਆ ਜਾਂਦਾ ਸੀ। ਹਾਰੇ ਦਾ ਮੂੰਹ ਖੁੱਲ੍ਹਾ ਤੇ ਗੋਲ ਰੱਖਿਆ ਜਾਂਦਾ ਸੀ। ਉਸ ਦੇ ਸੁੱਕਣ ਪਿੱਛੋਂ ਉਸ ਨੂੰ ਲਿੱਪ-ਪੋਚ ਕੇ ਸੰਵਾਰ ਲਿਆ ਜਾਂਦਾ ਸੀ। ਆਖਰੀ ਛੋਹਾਂ ਪ੍ਰਦਾਨ ਕਰਨ ਲਈ ਉਸ ਉੱਪਰ ਗੋਲੂ ਮਿੱਟੀ ਜਾਂ ਗਾਚੀ ਮਿੱਟੀ ਦਾ ਪੋਚਾ ਫੇਰਿਆ ਜਾਂਦਾ ਸੀ। ਚੰਗੀ ਤਰ੍ਹਾਂ ਸੁੱਕਣ ਪਿੱਛੋਂ ਉਸ ਨੂੰ ਵਰਤੋਂ ਵਿਚ ਲਿਆਂਦਾ ਜਾਂਦਾ ਸੀ। ਹਾਰੇ ਦੀ ਮਿੱਟੀ ਬਾਰੇ ਪੰਜਾਬੀ ਦੇ ਇਕ ਲੋਕ ਗੀਤ/ਗੀਤ ਦੀਆਂ ਪੰਕਤੀਆਂ ਵੇਖਣਯੋਗ ਹਨ:

ਨਾ ਤੂੰ ਚੁੱਲ੍ਹੇ ਦੀ ਮਿੱਟੀ,
ਨਾ ਤੂੰ ਹਾਰੇ ਦੀ ਮਿੱਟੀ
ਤੈਨੂੰ ਸਾਂਭ ਸਾਂਭ ਰੱਖਾਂ,
ਤੂੰ ਹਮਾਮ ਦੀ ਟਿੱਕੀ
ਤੈਨੂੰ ਸਾਂਭ ਸਾਂਭ ਰੱਖਾਂ...।
ਦਾਦਕੇ ਕੁੜੀ ਦੇ ਚੀਕਣੀ ਮਿੱਟੀ ਦੇ ਹਾਰੇ
ਬਈ ਦੁੱਧ ਦਾ ਗਲਾਸ ਡੁੱਲ੍ਹ ਗਿਆ
ਸਾਰਾ ਟੱਬਰ ਚਿੰਗਾੜੇ ਮਾਰੇ,
ਬਈ ਦੁੱਧ ਦਾ ਗਲਾਸ ਡੁੱਲ੍ਹ ਗਿਆ।

ਢੋਲ ਦੀ ਸ਼ਕਲ-ਸੂਰਤ ਤੇ ਰੂਪ ਵਾਲੇ ਮਿੱਟੀ ਨਾਲ ਬਣਾਏ ਇਸ ਸੰਦ ਨੂੰ ਹਾਰਾ ਕਹਿੰਦੇ ਸਨ। ਹਾਰਾ ਪਿੰਡ ਦੀਆਂ ਔਰਤਾਂ ਦੀ ਹਸਤ ਕਲਾ ਦਾ ਉੱਤਮ ਨਮੂਨਾ ਸਮਝਿਆ ਜਾਂਦਾ ਸੀ। ਉਹ ਘਰ ਵਿਚ ਨਿੱਤ ਵਰਤੋਂ ਵਿਚ ਆਉਣ ਵਾਲਾ ਸੰਦ ਸਾਧਨ ਤਾਂ ਹੁੰਦਾ ਹੀ ਸੀ, ਉਹ ਘਰ ਦਾ ਸ਼ਿੰਗਾਰ ਵੀ ਹੁੰਦਾ ਸੀ। ਹਾਰੇ ਵਿਚ ਰਿੰਨ੍ਹੀਆਂ ਜਾਂਦੀਆਂ ਦਾਲਾਂ/ਸਬਜ਼ੀਆਂ ਜਾਂ ਪਕਾਏ ਜਾਂਦੇ ਹੋਰ ਕਈ ਤਰ੍ਹਾਂ ਦੇ ਵੰਨ-ਸੁਵੰਨੇ ਪਕਵਾਨਾਂ ਦਾ ਸਵਾਦ ਤੇ ਮਹਿਕ ਆਪਣੀ ਹੀ ਤਰ੍ਹਾਂ ਦੀ ਵਿਸ਼ੇਸ਼ ਕਿਸਮ ਦੀ ਹੁੰਦੀ ਸੀ:

ਚੁੱਲ੍ਹੇ ਪਕਾਵਾਂ ਰੋਟੀਆਂ
ਕੋਈ ਹਾਰੇ ਧਰਦੀ ਦਾਲ
ਸਾਰੀਆਂ ਖਾ ਗਿਆ ਰੋਟੀਆਂ
ਤੇ ਸਾਰੀ ਪੀ ਗਿਆ ਦਾਲ
ਵੇ ਤੈਨੂੰ ਹਾਈਆ ਹੋ'ਜੇ
ਭੁੱਖੇ ਤਾਂ ਮਰ'ਗੇ ਮੇਰੇ ਲਾਲ, ਵੇ ਤੈਨੂੰ...।

ਹਾਰੇ ਵਿਚ ਪਾਥੀਆਂ/ਗੋਹੇ ਆਦਿ ਪਾ ਕੇ ਜਲਾਏ/ਧੁਖਾਏ ਜਾਂਦੇ ਸਨ। ਹਾਰੇ ਦਾ ਢੱਕਣ ਵੀ ਮਿੱਟੀ ਦਾ ਬਣਾਇਆ ਜਾਂਦਾ ਸੀ। ਹਾਰੇ ਵਿਚਲੇ ਗੋਹਿਆਂ/ਪਾਥੀਆਂ ਦੀ ਅੱਗ ਸਾਰਾ ਦਿਨ ਬਲਦੀ/ਧੁਖਦੀ ਰਹਿੰਦੀ ਸੀ। ਕਾੜ੍ਹਨੀ ਵਿਚ ਰੱਖਿਆ ਦੁੱਧ ਕੜ੍ਹ-ਕੜ੍ਹ ਕੇ ਹਲਕੇ ਬਦਾਮੀ ਜਿਹੇ ਰੰਗ ਦਾ ਹੋ ਜਾਂਦਾ ਸੀ। ਉੱਪਰ ਮਲਾਈ ਦੀ ਮੋਟੀ ਤਹਿ ਬਣ ਜਾਂਦੀ ਸੀ। ਉਸ ਦੁੱਧ ਦੀ ਮਹਿਕ ਬੜੀ ਨਿਵੇਕਲੀ ਹੁੰਦੀ ਸੀ। ਲੋਕ ਉਸ ਨੂੰ ਬਹੁਤ ਪਸੰਦ ਕਰਦੇ ਤੇ ਬੜੇ ਚਾਅ ਨਾਲ ਪੀਂਦੇ ਸਨ। ਉਸ ਦੁੱਧ ਤੋਂ ਬਣਾਏ ਦਹੀਂ ਅਤੇ ਲੱਸੀ ਦਾ ਸੁਆਦ ਵੀ ਆਮ ਦੁੱਧ ਤੇ ਦਹੀਂ ਨਾਲੋਂ ਵੱਖਰੀ ਕਿਸਮ ਦਾ ਹੁੰਦਾ ਸੀ। ਹਾਰੇ ਵਿਚ ਰੱਖ ਕੇ ਬਣਾਈ ਦਾਲ/ਸਬਜ਼ੀ ਜਾਂ ਕਿਸੇ ਹੋਰ ਪਕਵਾਨ ਦਾ ਸੁਆਦ ਵੀ ਆਪਣਾ ਹੀ ਹੁੰਦਾ ਸੀ। ਉਨ੍ਹਾਂ ਸਮਿਆਂ ਵਿਚ ਘੁਮਿਆਰ ਮਿੱਟੀ ਦੇ ਭਾਂਡੇ ਵੇਚਣ ਲਈ ਪਿੰਡਾਂ ਵਿਚ ਫੇਰੀ ਲਾਉਂਦੇ ਹੁੰਦੇ ਸਨ। ਉਹ ਚਾਟੀਆਂ, ਕਾੜ੍ਹਨੀਆਂ, ਚੱਪਣੀਆਂ, ਮੱਘ੍ਹੀਆਂ, ਮਟਕੀਆਂ, ਘੜੇ, ਘੜੀਆਂ, ਸੁਰਾਹੀਆਂ, ਦੌਰੇ ਆਦਿ ਵੇਚਣ ਆਉਂਦੇ ਸਨ। ਔਰਤਾਂ ਇਕੱਠੀਆਂ ਹੋ ਕੇ ਆਪਣੀ-ਆਪਣੀ ਲੋੜ ਅਨੁਸਾਰ ਇੱਕ-ਦੂਜੀ ਦੀ ਸਲਾਹ ਨਾਲ ਉਨ੍ਹਾਂ ਭਾਂਡਿਆਂ ਦੀ ਨਿਰਖ-ਪਰਖ ਕਰਕੇ ਉਨ੍ਹਾਂ ਨੂੰ ਖਰੀਦਦੀਆਂ ਸਨ। ਹੌਲੀ-ਹੌਲੀ ਮਿੱਟੀ ਦੇ ਭਾਂਡੇ ਘਰਾਂ ਵਿਚੋਂ ਗਾਇਬ ਹੁੰਦੇ ਗਏ। ਉਨ੍ਹਾਂ ਦੀ ਥਾਂ 'ਤੇ ਪਿੱਤਲ, ਐਲੂਮੀਨੀਅਮ, ਸਟੀਲ ਆਦਿ ਦੇ ਬਰਤਨਾਂ ਦੀ ਸਰਦਾਰੀ ਹੁੰਦੀ ਗਈ। ਹੁਣ ਰਸੋਈ ਗੈਸ, ਪ੍ਰੈਸ਼ਰ ਕੁੱਕਰ, ਮਾਈਕਰੋ ਓਵਨ ਆਦਿ ਨੇ ਰਸੋਈ ਉੱਪਰ ਮੁਕੰਮਲ ਕਬਜ਼ਾ ਕਰ ਲਿਆ ਹੈ।



ਉਹ ਸਮਾਂ ਯਾਦ ਆਉਂਦਾ ਹੈ, ਜਦੋਂ ਹਾਰੇ ਵਿਚ ਮਿੱਟੀ ਦੇ ਭਾਂਡੇ ਵਿਚ ਹੀ ਸਾਗ, ਦਾਲ, ਸਬਜ਼ੀ, ਭਾਜੀ, ਖੀਰ, ਖਿਚੜੀ, ਦਲੀਆ ਜਾਂ ਹੋਰ ਕੁਝ ਜੋ ਵੀ ਪਕਾਉਣਾ ਹੁੰਦਾ, ਧਰ ਦਿੱਤਾ ਜਾਂਦਾ ਸੀ। ਦਿਨ ਦੌਰਾਨ ਵਿਚ-ਵਿਚਾਲੇ ਇੱਕ-ਦੋ ਵਾਰੀ ਅੱਗ ਦੇ ਸੇਕ ਨੂੰ ਮਘਾਈ ਰੱਖਣ ਲਈ ਹੋਰ ਗੋਹੇ ਜੜ ਦਿੱਤੇ ਜਾਂਦੇ ਸਨ। ਗੋਹਿਆਂ ਦੀ ਮੱਠੀ-ਮੱਠੀ ਅੱਗ ਸੁਲਘਦੀ ਰਹਿੰਦੀ ਸੀ ਤੇ ਪਕਵਾਨ ਹੌਲੀ-ਹੌਲੀ ਪੱਕਦਾ ਰਹਿੰਦਾ ਸੀ। ਹਾਰੇ ਵਿਚ ਰੱਖੇ ਗੋਹੇ ਸਾਰਾ ਦਿਨ ਹੌਲੀ-ਹੌਲੀ ਧੁਖਦੇ ਰਹਿੰਦੇ ਸਨ ਤੇ ਉਨ੍ਹਾਂ ਉਪਰ ਜਿਹੜੀ ਵੀ ਚੀਜ਼ ਪਕਾਉਣ/ਰਿੰਨ੍ਹਣ ਲਈ ਰੱਖੀ/ਧਰੀ ਜਾਂਦੀ ਸੀ, ਉਹ ਬਹੁਤ ਹੀ ਸਵਾਦਲੀ ਬਣਦੀ ਹੁੰਦੀ ਸੀ।

ਸੁਘੜ ਸੁਆਣੀਆਂ ਹਾਰੇ ਨੂੰ ਸ਼ਿੰਗਾਰ ਕੇ ਰੱਖਣ ਵਿਚ ਵੀ ਮਾਣ ਮਹਿਸੂਸ ਕਰਦੀਆਂ ਸਨ। ਚੁੱਲ੍ਹੇ-ਚੌਂਕੇ ਨੂੰ ਸ਼ਿੰਗਾਰਨ ਵਾਂਗ ਉਹ ਹਾਰੇ ਦੇ ਬਾਹਰਲੇ ਸਿਰੇ 'ਤੇ ਵੰਨ-ਸੁਵੰਨੀਆਂ ਆਕ੍ਰਿਤੀਆਂ ਜਿਵੇਂ ਮੋਰ, ਘੁੱਗੀਆਂ, ਤੋਤੇ, ਫੁੱਲ, ਪੱਤੀਆਂ ਆਦਿ ਬਣਾ ਲੈਂਦੀਆਂ ਸਨ। ਕਿਧਰੇ ਜਮ੍ਹਾਂ ਜਾਂ ਗੁਣਾ ਆਦਿ ਦੇ ਨਿਸ਼ਾਨ/ਸੰਕੇਤ ਬਣਾ ਕੇ ਅਤੇ ਕਿਧਰੇ ਮਣਕਿਆਂ ਜਾਂ ਸੰਗਲੀ ਦੀਆਂ ਕੜੀਆਂ ਵਾਂਗ ਕੋਈ ਡਿਜ਼ਾਈਨ ਬਣਾ ਕੇ ਹਾਰੇ ਨੂੰ ਸ਼ਿੰਗਾਰਿਆ ਜਾਂਦਾ ਸੀ। ਮਿੱਟੀ ਨਾਲ ਅਜਿਹੀਆਂ ਚੀਜ਼ਾਂ ਬਣਾਉਣ ਵਿਚ ਸਿਰਫ ਔਰਤਾਂ ਹੀ ਮਾਹਿਰ ਹੁੰਦੀਆਂ ਸਨ। ਉਹ ਕਲਾ ਕਿਰਤਾਂ ਲਲਿਤ ਕਲਾਵਾਂ ਵਿਚਲੇ ਪੈਟਰਨ ਵਿਸ਼ੇ ਦੀ ਵਿਧੀਬੱਧ ਸਿੱਖਿਆ ਪ੍ਰਾਪਤ ਕਿਸੇ ਵਿਸ਼ਾ ਮਾਹਿਰ ਦੀਆਂ ਬਣਾਈਆਂ ਕਿਰਤਾਂ ਨਾਲੋਂ ਘੱਟ ਨਹੀਂ ਸਨ ਹੁੰਦੀਆਂ। ਪੰਜਾਬੀ ਦੇ ਇਕ ਲੋਕ ਗੀਤ ਦੀਆਂ ਤੁਕਾਂ ਵਿਚ ਹਾਰੇ ਦਾ ਜ਼ਿਕਰ ਇੰਜ ਕੀਤਾ ਗਿਆ ਮਿਲਦਾ ਹੈ:

ਮਿੱਟੀ ਦਾ ਹਾਰਾ ਪੱਥਦੀ ਏ, ਮਾਏ ਮੇਰੀਏ!
ਮੁੜ-ਮੁੜ ਦੇਨੀਂ ਏਂ ਵਾਰ, ਬੁੱਢਾ ਵਰ ਦੇਂਦੀ ਏਂ!
ਰੀਝਾਂ ਨਾਲ ਜਿਹੜਾ ਮੈਂ ਬਣਾਇਆ ਸੀ ਹਾਰਾ
ਮਾਹੀ ਉਹਦੇ 'ਚ ਅੜਕ, ਕੱਲ੍ਹ ਡਿੱਗ ਪਿਆ ਵਿਚਾਰਾ...
ਮਿੱਟੀ ਦਾ ਹਾਰਾ ਡਿੱਗ ਪਿਆ ਮਾਏ ਮੇਰੀਏ
ਬੁੱਢੜਾ ਆ ਗਿਆ ਹੇਠ, ਬੁੱਢਾ ਵਰ ਦੇਨੀਂ ਏਂ।

ਹੁਣ ਨਾ ਉਹ ਘਰ ਰਹੇ ਹਨ, ਨਾ ਉਹ ਚੁੱਲ੍ਹੇ-ਚੌਂਕੇ, ਨਾ ਓਟੇ, ਨਾ ਉਹ ਹਾਰੇ, ਨਾ ਦਿਨ ਭਰ ਰਿੰਨ੍ਹ-ਰਿੰਨ੍ਹ ਕੇ ਬਣਾਈਆਂ ਦਾਲਾਂ-ਸਬਜ਼ੀਆਂ, ਨਾ ਉਹ ਸਵਾਦ ਤੇ ਨਾ ਉਹ ਲੋਕ ਗੀਤ, ਜਿਨ੍ਹਾਂ ਵਿਚ ਹਾਰਿਆਂ ਦਾ ਜੱਸ ਗਾਇਆ ਜਾਂਦਾ ਸੀ। ਬਹੁਤੇ ਘਰਾਂ ਦਾ ਸ਼ਿੰਗਾਰ ਬਣੇ ਰਹੇ ਹਾਰੇ ਹੁਣ ਲਗਪਗ ਆਪਣੀ ਅਉਧ ਹੰਢਾ ਚੁਕੇ ਹਨ।

ਲੋਕ ਕਲਾਵਾਂ ਲੋਕਾਂ ਦੀਆਂ ਲੋੜਾਂ ਵਿਚੋਂ ਜਨਮ ਲੈਂਦੀਆਂ ਹਨ। ਲੋਕ ਕਲਾਵਾਂ ਅੰਦਰ ਲੋਕ ਸੱਭਿਆਚਾਰ ਦੇ ਲੱਛਣ ਸਹਿਜੇ ਹੀ ਪ੍ਰਵੇਸ਼ ਕਰ ਜਾਂਦੇ ਹਨ। ਲੋਕ ਕਲਾਵਾਂ ਦਾ ਆਧਾਰ ਹੀ ਲੋਕ ਜੀਵਨ ਬਣਦਾ ਹੈ। ਮਿੱਟੀ ਤੋਂ ਅਨੂਠੀਆਂ ਚੀਜ਼ਾਂ ਬਣਾਉਣ ਦੀ ਕਲਾ ਮਨੁੱਖ ਦੀਆਂ ਲੋੜਾਂ ਅਤੇ ਉਸ ਦੀਆਂ ਅੰਦਰਲੀਆਂ ਖਾਹਿਸ਼ਾਂ ਦੀ ਪੂਰਤੀ ਲਈ ਕੀਤੇ ਯਤਨਾਂ ਵਿਚੋਂ ਉਪਜਦੀ ਹੈ। ਹਾਰੇ ਵਰਗੀਆਂ ਮਿੱਟੀ ਨਾਲ ਬਣਾਈਆਂ ਜਾਂਦੀਆਂ ਰਹੀਆਂ ਕਲਾ-ਕ੍ਰਿਤੀਆਂ ਮਨੁੱਖ ਦੀ ਸਮੂਹਿਕ ਲੋਕ ਕਲਾ ਚੇਤਨਾ ਦੀ ਤਰਜਮਾਨੀ ਕਰਦੀਆਂ ਹਨ। ਅਜਿਹੀਆਂ ਲੋਕ ਕਲਾਵਾਂ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਵੀ ਕਰਦੀਆਂ, ਉਸ ਦੀ ਸੁਹਜ ਤ੍ਰਿਪਤੀ ਵੀ ਕਰਦੀਆਂ ਰਹੀਆਂ ਹਨ ਅਤੇ ਮਨੁੱਖ ਵਾਸਤੇ ਕਈ ਪੱਖਾਂ ਤੋਂ ਉਪਯੋਗੀ ਵੀ ਹੁੰਦੀਆਂ ਹਨ। ਕਹਿੰਦੇ ਹਨ, ਸਮੇਂ ਦੇ ਗੇੜ ਨਾਲ ਇਤਿਹਾਸ ਆਪਣੇ-ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਪਿਛਲੇ ਕੁਝ ਸਮੇਂ ਤੋਂ ਕੁਝ ਹਾਲਤਾਂ ਵਿਚ ਲੋਕਾਂ ਨੇ ਮੁੜ ਮਿੱਟੀ ਦੇ ਭਾਂਡਿਆਂ ਨੂੰ ਵਰਤਣਾ ਸ਼ੁਰੂ ਕਰ ਦਿੱਤਾ ਹੈ। ਮਿੱਟੀ ਦੇ ਘੜੇ, ਤਵੇ, ਮਟਕੀਆਂ, ਤੌੜੀਆਂ, ਸਹਾਰੀਆਂ ਆਦਿ ਮੁੜ ਬਾਜ਼ਾਰਾਂ ਵਿਚ ਵਿਕਣ ਲੱਗੀਆਂ ਹਨ। ਹੁਣ ਹਾਰੇ ਸ਼ਬਦ ਬਾਰੇ ਵੀ ਘੱਟ ਲੋਕ ਹੀ ਜਾਣਦੇ ਹੋਣਗੇ। ਕੁਝ ਵੀ ਹੋਵੇ, ਹਾਰਾ ਪੰਜਾਬੀ ਘਰਾਂ ਦਾ ਇਕ ਜ਼ਰੂਰੀ ਸੰਦ ਅਤੇ ਪੰਜਾਬੀ ਲੋਕ ਜੀਵਨ ਦੀ ਸ਼ਾਨ ਤੇ ਸ਼ਿੰਗਾਰ ਜ਼ਰੂਰ ਬਣਿਆ ਰਿਹਾ ਹੈ।

---

# ਦੀਵਾਲੀ ਦੇ ਦੀਪ ਤੇ ਮਨਾਂ ਦੀ ਰੋਸ਼ਨੀ

ਭਾਰਤ ਦੇ ਲੋਕ ਤਿੱਥ-ਤਿਉਹਾਰਾਂ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ, ਜਿਸ ਸਦਕੇ ਬਹੁਰੰਗੇ ਸੱਭਿਆਚਾਰ ਵਿਚ ਅਲੌਕਿਕ ਏਕਤਾ ਦਿਖਾਈ ਦਿੰਦੀ ਹੈ। ਦੀਵਾਲੀ ਸਰਬ ਧਰਮ ਸਾਂਝਾ, ਖਾਸ ਤੇ ਵੱਡਾ ਤਿਉਹਾਰ ਹੈ। ਇਸ ਦੀ ਆਧੁਨਿਕ ਬਾਜ਼ਾਰੂ ਦਿੱਖ ਪੁਰਾਣੇ ਸਮੇਂ ਦੇ ਲੋਕਾਂ ਲਈ ਸੁੰਦਰ ਸੁਪਨੇ ਤੋਂ ਘੱਟ ਨਹੀਂ। ਪਹਿਲਾਂ ਦਿਨ-ਦਿਹਾੜੇ

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
ਫੋਨ: 91-78374-90309
Adv.dhaliwal@gmail.com

ਮਨਾਉਣ ਦਾ ਇਕ ਵੱਖਰਾ ਹੀ ਚਾਅ ਤੇ ਸਾਦਾਪੁਣ ਹੁੰਦਾ ਸੀ। ਘਰ ਦੇ ਖੋਏ ਦੀਆਂ ਮਿਠਾਈਆਂ, ਚੋਲਾਂ ਦੇ ਆਟੇ ਦੀਆਂ ਪਿੰਨੀਆਂ, ਬੂੰਦੀ ਦੇ ਲੱਡੂ ਤੇ ਪਕੌੜੇ ਬਣਾ ਕੇ ਖਾਂਦੇ ਅਤੇ ਆਂਢ-ਗੁਆਂਢ ਵਿਚ ਵੰਡਦੇ ਸਨ। ਬੱਚੇ ਘਰਦਿਆਂ ਵੱਲੋਂ ਖਰੀਦੇ ਨਵੇਂ ਕੱਪੜੇ ਪਾਉਂਦੇ। ਪਿੰਡ ਦੀ ਸਾਂਝੀ ਜਗ੍ਹਾ 'ਤੇ ਹਲਵਾਈ ਬੈਠਦਾ ਸੀ। ਜਲੇਬੀਆਂ ਖਰੀਦ ਡੋਲੂ ਵਿਚ ਹੀ ਪਵਾ ਲਿਆਉਣਾ ਹੁਣ ਬੀਤੇ ਸਮੇਂ ਦੀਆਂ ਗੱਲਾਂ ਹਨ। ਫੁਲਝੜੀਆਂ, ਚੱਕਰੀਆਂ ਤੇ ਛੋਟੇ ਪਟਾਕੇ ਚਲਾ ਕੇ ਮਨ ਪਰਚਾਵਾ ਕਰ ਲੈਂਦੇ। ਉਨ੍ਹਾਂ ਵਿਚ ਵੱਡੇ ਬਜੁਰਗ ਸ਼ਾਮਲ ਹੋ ਕੇ ਖੁਸ਼ੀ ਨੂੰ ਹੋਰ ਵੀ ਚਾਰ ਚੰਨ ਲਾ ਦਿੰਦੇ। ਭਾਵੇਂ ਅੱਜ ਜੋਸ਼ ਵਧੇਰੇ ਹੈ, ਪਰ ਅਪਣਤ ਕਿਧਰੇ ਨਜ਼ਰ ਨਹੀਂ ਆਉਂਦੀ।

ਬਦਲੇ ਜ਼ਮਾਨੇ ਨੇ ਖੁਸ਼ੀਆਂ ਦੇ ਮਾਇਨੇ ਹੀ ਬਦਲ ਦਿੱਤੇ। ਅੱਜ ਸਭ ਪਾਸੇ ਮਾਲ ਕਲਚਰ, ਆਨ ਲਾਈਨ ਖਰੀਦਦਾਰੀ ਤੇ ਬਹੁਕੌਮੀ ਕੰਪਨੀਆਂ ਦੀ ਚਕਾਚੌਂਧ ਹੈ, ਜਿਸ ਨੇ ਤਿਉਹਾਰਾਂ ਨੂੰ ਖਰੀਦੋ-ਫਰੋਖਤ ਤੱਕ ਹੀ ਸੀਮਤ ਕਰ ਦਿੱਤਾ ਹੈ। ਨਾਲੋ ਨਾਲ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਖੂੰਝੇ ਲਾ ਛੱਡਿਆ। ਖਪਤਕਾਰੀ ਯੁਗ ਵਿਚ ਇਹ ਕੋਈ ਅਲੋਕਾਰੀ ਗੱਲ ਨਹੀਂ, ਪਰ ਤਿਉਹਾਰਾਂ ਨਾਲ ਜੁੜੇ ਚਾਅ, ਮਲ੍ਹਾਰ ਤੇ ਖੁਸ਼ੀਆਂ ਖੇੜੇ ਨੂੰ ਪੈਸੇ ਨਾਲ ਤੋਲਣਾ ਜ਼ਰੂਰ ਦੁਖਦਾਈ ਹੈ। ਤਿਉਹਾਰ ਦੀਆਂ ਮਿੱਥਾਂ ਵੀ ਸਾਂਝ ਤੇ ਸ਼ਾਂਤੀ ਦੇ ਸੰਦੇਸ਼ ਨਾਲ ਕੁਲ ਮਾਨਵਤਾ ਦਾ ਭਲਾ ਲੋਚਦੀਆਂ ਸਨ। ਸਭ ਲੋਕ ਘਰਾਂ ਦੀ ਸਫਾਈ, ਦੇਵੀ-ਦੇਵਤਿਆਂ ਤੇ ਗੁਰੂ ਪੀਰਾਂ ਦੀ ਪੂਜਾ ਅਤੇ ਧਾਰਮਿਕ ਸਥਾਨਾਂ ਉਤੇ ਜਾ ਕੇ ਸਜਦਾ ਵੀ ਕਰਦੇ। ਇਸ ਰੂਹਾਨੀ ਸਫਰ ਦੀ ਲੋਅ ਵਿਚ ਚਲਦੇ ਹੋਏ ਵੀ ਉਸ ਪਵਿੱਤਰ ਵਾਕ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ' ਨੂੰ ਭੁੱਲ ਕੇ ਵਾਤਾਵਰਣ ਪਲੀਤ ਕਰਦਿਆਂ ਇਕ ਵਾਰ ਵੀ ਨਹੀਂ ਸੋਚਦੇ। ਜ਼ਿੰਦਗੀ ਮਾਣਨ ਲਈ ਕੁਦਰਤ ਨੇ ਹਰਿਆਵਲ ਚੌਗਿਰਦਾ ਬਖਸ਼ਿਆ ਹੈ। ਦੀਵਾਲੀ ਦੀ ਰਾਤ ਚੰਦ ਪਲਾਂ ਦੀ ਖੁਸ਼ੀ ਲਈ ਕਰੋੜਾਂ ਰੁਪਏ ਦੇ ਪਟਾਕਿਆਂ ਨਾਲ ਗੰਧਲਾ ਕਰਨੋਂ ਨਹੀਂ ਟਲਦੇ।

ਅਜੋਕੇ ਸਮੇਂ ਦੇ ਪਟਾਕੇ ਲਗਭਗ 125 ਡੇਸੀਬਲ ਤੀਬਰਤਾ ਦੇ ਹਨ, ਜਿਸ ਨਾਲ ਸ਼ੋਰ ਪ੍ਰਦੂਸ਼ਣ ਤਾਂ ਹੁੰਦਾ ਹੀ ਹੈ, ਨਾਲੋ ਨਾਲ ਇਨ੍ਹਾਂ ਵਿਚੋਂ ਨਿਕਲਦੀਆਂ ਪੋਟਾਸ਼ੀਅਮ, ਨਾਈਟ੍ਰੇਟ, ਕਾਰਬਨ ਗੈਸਾਂ ਮਨੁੱਖੀ ਸਰੀਰ ਲਈ ਨੁਕਸਾਨਦੇਹ ਵੀ ਹਨ, ਜਿਸ ਕਾਰਨ ਦਿਲ ਦਾ ਦੌਰਾ, ਬੋਲਾਪਣ, ਸ਼ਾਹ ਲੈਣਾ, ਬਲੱਡ ਪ੍ਰੈਸ਼ਰ ਵਧਣਾ ਜਾਂ ਘਟਣਾ ਅਤੇ ਚਮੜੀ ਦੇ ਰੋਗਾਂ ਦਾ ਖਤਰਾ ਰਹਿੰਦਾ ਹੈ। ਕਈ ਵਾਰ ਵੱਡੇ ਪਟਾਕੇ ਜਾਂ ਅਨਾਰ ਬੰਬ ਹੱਥ ਵਿਚ ਚੱਲਣ ਕਾਰਨ ਅੱਖਾਂ ਦੀ ਰੋਸ਼ਨੀ ਜਾਣਾ ਜਾਂ ਹੱਥ, ਬਾਂਹ ਤੋਂ ਨਕਾਰਾ ਹੋਣ ਦੀ ਨੌਬਤ ਵੀ ਆ ਜਾਂਦੀ ਹੈ। ਇਹ ਸਭ ਗੈਸਾਂ ਪਾਣੀ ਵਿਚ ਘੁਲ ਕੇ ਹੋਰ ਵੀ ਮਾਰੂ ਹਨ। ਸੰਸਾਰ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਧੂੰਏ ਦੇ ਗੰਧਲੇ ਵਾਤਾਵਰਣ ਕਾਰਨ ਸੰਸਾਰ ਵਿਚ 1.7 ਬਿਲੀਅਨ ਬੱਚੇ 5 ਸਾਲ ਦੀ ਉਮਰੇ, ਭਾਰਤ ਵਿਚ ਦੂਸ਼ਤ ਪਾਣੀ ਨਾਲ ਡਾਇਰੀਆ ਦੇ ਕਾਰਨ 3,61,000 ਤੇ ਮਲੇਰੀਆ ਨਾਲ 2,00,000 ਬੱਚੇ ਦੁਨੀਆਂ ਤੋਂ ਰੁਖਸਤ ਕਰ ਜਾਂਦੇ ਹਨ। ਪਟਾਕਿਆਂ ਦੀ ਭਿਆਨਕ ਅਵਾਜ਼ ਕਾਰਨ ਕਈ ਪੰਛੀ ਆਪਣੇ ਆਲਣੇ ਛੱਡ ਜਾਂ ਮਰ ਜਾਂਦੇ ਹਨ।

ਕੇਂਦਰੀ ਪ੍ਰਦੂਸ਼ਣ ਬੋਰਡ ਅਨੁਸਾਰ ਵਿਗਿਆਨਕ ਤੌਰ ਉਤੇ 85 ਡੈਸੀਮਲ ਤੋਂ ਵੱਧ ਅਵਾਜ਼ ਕੰਨਾਂ ਲਈ ਘਾਤਕ ਹੈ। ਮਨੁੱਖੀ ਸੁਣਨ ਇੰਦਰੀਆਂ (ਕੰਨਾਂ) ਲਈ 60 ਡੇਸੀਬਲ ਤੱਕ ਦੇ ਮਾਪ ਨੂੰ ਆਮ ਮੰਨਿਆ ਗਿਆ। ਆਮ ਗੱਲਬਾਤ 40 ਤੋਂ 50 ਡੈਸੀਮਲ ਤੱਕ ਹੀ ਹੁੰਦੀ ਹੈ। ਵਿਡੰਬਨਾ ਇਹ ਹੈ ਕਿ ਪਟਾਕੇ ਬਣਾਉਣ ਵਾਲੀਆਂ ਫੈਕਟਰੀਆਂ ਕਾਨੂੰਨ ਨੂੰ ਅੱਖੋਂ ਪਰੋਖੇ ਕਰਦੀਆਂ ਹਨ। ਆਮ ਪਟਾਕਿਆਂ ਨੂੰ 90 ਡੈਸੀਮਲ ਤੇ ਵੱਡੇ ਰਾਕੇਟ ਜਾਂ ਬੰਬ ਨੂੰ 120 ਡੈਸੀਮਲ ਦੀ ਤੀਬਰਤਾ ਦੇ ਖੜਾਕ ਵਾਲੇ ਬਣਾਉਂਦੇ ਹਨ, ਜਿਸ ਨਾਲ ਬੋਲਾਪਣ ਤੇ ਹਾਰਟ ਅਟੈਕ ਕਾਰਨ ਮੌਤ ਵੀ ਹੋ ਸਕਦੀ ਹੈ। ਗਲੋਬਲ ਵਾਰਮਿੰਗ ਕਾਰਨ ਕਿੰਨੀਆਂ ਹੀ ਪੰਛੀਆਂ ਤੇ ਜਨਵਰਾਂ ਦੀਆਂ ਪ੍ਰਜਾਤੀਆਂ ਖਤਮ ਹੋ ਚੁਕੀਆਂ ਹਨ। ਸੰਸਾਰ ਸਿਹਤ ਸੰਗਠਨ ਅਨੁਸਾਰ 2.5 ਪ੍ਰਦੂਸ਼ਣ ਮਾਈਕਰੋਗ੍ਰਾਮ ਪ੍ਰਤੀ ਕਿਉਸ਼ਿਕ ਮੀਟਰ ਮਨੁੱਖੀ ਜੀਵਨ ਲਈ ਘਾਤਕ ਨਹੀਂ, ਪਰ ਇਹ ਅੰਕੜਾ ਭਾਰਤ ਵਿਚ ਆਉਣਾ ਸੰਭਵ ਨਹੀਂ ਜਾਪਦਾ। ਧੁਨੀ ਪ੍ਰਦੂਸ਼ਣ ਵਿਚ ਇਰਾਕ ਪਹਿਲੇ ਤੇ ਭਾਰਤ ਦੂਜੇ ਸਥਾਨ 'ਤੇ ਹੈ। ਦਿੱਲੀ ਦਾ ਨਾਮ ਸਭ ਤੋਂ ਵੱਧ ਧੁਨੀ ਤੇ ਵਾਤਾਵਰਣ ਪ੍ਰਦੂਸ਼ਣ ਕਾਰਨ ਸੰਸਾਰ ਦੇ ਪਹਿਲੇ 10 ਸ਼ਹਿਰਾਂ ਵਿਚ ਦਰਜ ਹੈ। ਪਿਛਲੀ ਦੀਵਾਲੀ ਦੇ ਸਮੇਂ ਵਾਤਾਵਰਣ ਪ੍ਰਦੂਸ਼ਣ ਦੀ ਮਾਤਰਾ 60 ਮਾਈਕਰੋਗ੍ਰਾਮ ਪ੍ਰਤੀ ਕਿਉਸ਼ਿਕ ਮੀਟਰ ਤੋਂ ਵੀ ਵੱਧ ਚੁਕੀ ਸੀ, ਜਿਸ ਨਾਲ ਦਿਨ ਸਮੇਂ ਧੁੰਧ ਵਰਗਾ ਮਾਹੌਲ ਬਣਨ ਕਰਕੇ ਦਿੱਲੀ ਮਹਾਨਗਰ ਦੇ ਲਗਭਗ 1800 ਸਕੂਲ ਬੰਦ ਕਰਨੇ ਪਏ ਸਨ। ਪਟਾਕਿਆਂ ਦੇ ਜਲਣ ਮਗਰੋਂ ਗਲੀ-ਮੁਹੱਲੇ ਤੇ ਮੈਦਾਨਾਂ ਵਿਚ ਹਰ ਪਾਸੇ 4,000 ਟਨ ਦਾ ਵਾਧੂ ਕੈਮੀਕਲ ਕਚਰਾ ਜਮਾਂ ਹੋ ਜਾਂਦਾ ਹੈ, ਜਿਸ ਨਾਲ ਅਲਰਜੀ, ਜੁਕਾਮ, ਖੰਘ, ਦਮੇ ਵਰਗੀਆਂ ਬੀਮਾਰੀਆਂ ਤੋਂ ਬਹੁਤ ਲੋਕ ਪੀੜਤ ਹੁੰਦੇ ਹਨ।

ਇਸ ਮੌਤ ਦੇ ਖੇਡ ਤੋਂ ਵਾਤਾਵਰਣ ਅਤੇ ਜਨਤਾ ਦੀ ਸੁਰੱਖਿਆ ਅਹਿਮ ਹੈ। ਜਿਸ ਲਈ ਜਾਗਰੂਕਤਾ ਲਹਿਰ ਦੀ ਹੋਂਦ ਜਰੂਰੀ ਹੈ। ਅਜਿਹੇ ਮੌਕੇ ਪੌਦੇ ਲਾਉਣ ਦਾ ਰੁਝਾਨ ਜਹਾਨ ਲਈ ਪ੍ਰੇਰਨਾ ਸ੍ਰੋਤ ਹੋਵੇਗਾ। ਜਰੂਰਤਮੰਦ ਲੋਕਾਂ ਨੂੰ ਮਿਠਾਈਆਂ, ਫਲ, ਦਵਾਈਆਂ ਤੇ ਸ਼ਰਦੀਆਂ ਤੋਂ ਬਚਣ ਲਈ ਗਰਮ ਕੱਪੜੇ ਜਾਂ ਕੰਬਲ ਵੰਡ ਕੇ ਖੁਸ਼ੀ ਨੂੰ ਹੋਰ ਵਧਾ ਸਕਦੇ ਹਾਂ। ਮਿਠਾਈਆਂ, ਪਟਾਕੇ ਜਾਂ ਮਹਿੰਗੇ ਤੋਹਫੇ ਦੇਣ ਨਾਲੋਂ ਗੁਣਾਕਾਰੀ ਪੌਦੇ ਤੇ ਕਿਤਾਬਾਂ ਦੇ ਗਿਫਟ ਕਿਸੇ ਪੱਖੋਂ ਘੱਟ ਨਹੀਂ ਹਨ। ਕੁਦਰਤ ਅਤੇ ਕਿਤਾਬਾਂ ਨੂੰ ਜ਼ਿੰਦਗੀ ਦਾ ਹਿੱਸਾ ਬਣਾਈਏ। ਕਿਤਾਬਾਂ ਖਰੀਦਣ ਦੀ ਆਦਤ ਸਫਲ ਜੀਵਨ ਲਈ ਚੰਗਾ ਨਿਵੇਸ਼ ਹੈ, ਜਿਸ ਨਾਲ ਨਵੀਆਂ ਪਿਰਤਾਂ ਦੇ ਮੋਢੀ ਵੀ ਬਣੋਗੇ।। ਸੋ, ਆਓ ਦੀਵਾਲੀ ਦੇ ਦੀਪ ਵਾਗ ਮਨਾਂ ਨੂੰ ਰੌਸ਼ਨ ਕਰ ਹਰਿਆਵਲ ਵਾਤਾਵਰਣ ਵਿਚ ਨਿੱਗਰ ਸਮਾਜ ਦੀ ਸਿਰਜਣਾ ਕਰੀਏ।

---

## ਦੀਵਾਲੀ ਤੇ ਬੰਦੀ ਛੋੜ ਦਿਵਸ

ਰਮਾਇਣ ਦੱਸੇ ਜਿੱਤ ਰਾਵਣ ਨੂੰ,
ਜਦੋਂ ਰਾਮ ਅਯੁੱਧਿਆ ਆਏ।
ਚੌਦਾਂ ਸਾਲ ਬਣਵਾਸ ਕੱਟ ਕੇ,
ਲੋਕਾਂ ਖੁਸ਼ੀ 'ਚ ਦੀਵੇ ਜਗਾਏ।
ਚਾਰ ਚੁਫੇਰੇ ਵੱਜੇ ਢੋਲ ਢਮੱਕੇ,
ਪਰਜਾ ਖੜ੍ਹ ਗਈ ਬੰਨ੍ਹ ਕਤਾਰਾਂ।
ਜੈ ਸੀਤਾ ਰਾਮ ਦੇ ਬੋਲ ਗੂੰਜਦੇ,
ਵੱਜੇ ਸ਼ਹਿਨਾਈ ਵਿਚ ਬਜ਼ਾਰਾਂ।
ਤਖਤੋਂ ਭਰਤ ਖੜਾਵਾਂ ਚੁੱਕੀਆਂ,
ਵੱਡੇ ਭਰਾਤਾ ਨੂੰ ਰਾਜ ਬਿਠਾਵੇ।
ਦਿਲੋ ਜਾਨ ਨਾਲ ਕਰਦਾ ਸੇਵਾ,
ਸਵਾਗਤ ਵਿਚ ਰੀਝ ਰਿਝਾਵੇ।
ਉਚੇ ਸਿੰਘਾਸਨ ਉਤੇ ਬਿਠਾਏ,
ਮਰਿਆਦਾ ਪਰਸ਼ੋਤਮ ਰਾਮ।
ਝੁਕ ਨਮਸਕਾਰ ਕਰਦੇ ਦੇਵਤੇ,
ਨਾਲੇ ਉਚਰਦੇ ਸਭ ਜੈ ਰਾਮ।

ਇਹ ਚਾਨਣ ਦਾ ਤਿਉਹਾਰ,
ਇਉਂ ਲਿਖਿਆ ਵਿਚ ਇਤਿਹਾਸ।
ਸਿੱਖਾਂ ਦੇ ਤੀਸਰੇ ਪਾਤਿਸ਼ਾਹ,
ਦੀਵਾਲੀ ਬੈਸਾਖੀ ਚੁਣ ਕੇ ਖਾਸ।
ਧਰਮ ਪ੍ਰਚਾਰ ਕੀਤਾ ਸ਼ੁਰੂ,
ਗੁਰੂ ਅਮਰ ਦਾਸ ਨੇ ਮੰਜੀ ਥਾਪ।
ਆਉ ਸਿੱਖੋ ਰਲ ਨਾਮ ਜਪੋ,
ਤਾਰੋ ਦੂਸਰੇ ਤਾਈਂ ਤੇ ਖੁਦ ਆਪ।

ਸ਼ਹੀਦ ਕਰ ਗੁਰੂ ਅਰਜਨ,
ਜਹਾਂਗੀਰ ਲਾਏ ਜੁਰਮਾਨੇ ਭਾਰੀ।
ਬਾਲ ਗੁਰੂ ਹਰਗੋਬਿੰਦ ਤੋਂ,
ਵੱਡੀ ਰਕਮ ਗਈ ਨਾ ਉਤਾਰੀ।
ਕਰ ਲਏ ਗ੍ਰਿਫਤਾਰ ਫਿਰ,
ਸੁੱਟੇ ਕਿਲ੍ਹੇ ਗਵਾਲੀਅਰ ਦੀ ਜੇਲ੍ਹ।
ਢਿੱਲਾ ਹੋਏ ਜਹਾਂਗੀਰ ਤਾਂ,
ਫਕੀਰ ਦੱਸਦਾ ਕੀ ਹੈ ਸਾਰਾ ਖੇਲ੍ਹ।
ਕਹੇ ਫਕੀਰ ਬਾਦਸ਼ਾਹ ਨੂੰ,
"ਸੱਚੇ ਪਾਤਸ਼ਾਹ ਨੂੰ ਕੀਤਾ ਤੂੰ ਕੈਦ।
ਬੇਕਸੂਰੇ ਨੂੰ ਤਸੀਹੇ ਦੇ ਕੇ,
ਜਾਪੇ ਭੁੱਲ ਗਿਐਂ ਖੁਦਾ ਤੂੰ ਸ਼ਾਇਦ?
ਜੇ ਆਜ਼ਾਦ ਕਰ ਦਏਂ ਉਸ ਨੂੰ,
ਤੇਰੇ ਮੁਆਫ ਹੋ ਜਾਣ ਸਾਰੇ ਗੁਨਾਹ।
ਵਰਨਾ ਹੋ ਜਾਉ ਤਿਆਰ,
ਕੁਦਰਤ ਕਰ ਨਾ ਦੇਵੇ ਫਨਾਹ।

ਸੁਣਿਆ ਜਦੋਂ ਬਾਦਸ਼ਾਹ,
ਦਰਬਾਰੀਆਂ ਨਾਲ ਕਰੇ ਸਲਾਹ।
ਛੱਡ ਦੇਈਏ ਦਰਵੇਸ਼ ਨੂੰ,
ਤਾਂ ਜੋ ਬਚ ਜਾਈਏ ਹੋਣੋਂ ਤਬਾਹ।
ਸੋਚ ਸਮਝ ਵਿਚਾਰ ਕੇ,
ਬਾਦਸ਼ਾਹ ਕਰ ਦਿੱਤਾ ਫੁਰਮਾਨ।
ਛੱਡ ਦਿੱਤੇ ਛੇਵੇਂ ਪਾਤਸ਼ਾਹ,
52 ਰਾਜੇ ਦੇ ਕੇ ਪੂਰਾ ਇੱਜਤ ਮਾਨ।

ਇੰਜ ਬੰਦੀ ਛੋੜ ਦੇ ਦਿਨ,
ਗੁਰੂ ਜੀ ਪਹੁੰਚ ਗਏ ਅੰਮ੍ਰਿਤਸਰ।
ਸਿੱਖਾਂ ਦੀਪਮਾਲਾ ਕਰ ਕੇ,
ਇੰਜ ਮਨਾਈ ਦੀਵਾਲੀ ਹਰ ਘਰ।
ਰਲ ਹਿੰਦੂ ਸਿੱਖ ਮਨਾਉਂਦੇ,
ਜਗਮਗ ਕਰੇ ਸਿਫਤੀ ਦਾ ਘਰ।
ਮਜ਼ਬਾਂ ਦਾ ਹਨੇਰਾ ਦੂਰ ਕਰੇ,
ਦਿਲਾਂ 'ਚ ਪਰਕਾਸ਼ ਦੇਵੇ ਕਰ।

*-ਸੇਵਾ ਸਿੰਘ ਨੂਰਪੁਰੀ*

# ਅਰਥ ਨਹੀਂ, ਸ਼ਬਦ ਗੁਰੂ ਹੈ: ਗੁਰੂ ਗ੍ਰੰਥ ਸਾਹਿਬ ਦਾ ਵਿਆਖਿਆ ਸ਼ਾਸਤਰ

ਗੁਰੂ ਗ੍ਰੰਥ ਸਾਹਿਬ ਦੇ ਵਿਆਖਿਆ ਸ਼ਾਸਤਰ ਦੀ ਸਭ ਤੋਂ ਪਹਿਲੀ ਵਿਲੱਖਣਤਾ ਗੁਰੂ ਗ੍ਰੰਥ ਸਾਹਿਬ (ਟੈਕਸਟ) ਦੀ ਗੁਰੂ ਵਜੋਂ ਸਥਾਪਨਾ ਦੇ ਵਿਜ਼ਨ ਵਿਚ ਪਈ ਹੋਈ ਹੈ। ਗੀਤਾ, ਬਾਈਬਲ ਜਾਂ ਕੁਰਾਨ ਵਾਂਗ ਗੁਰੂ ਗ੍ਰੰਥ ਸਾਹਿਬ ਪਵਿਤਰ ਪੁਸਤਕ ਨਹੀਂ, ਗੁਰੂ ਹੈ। ਇਸ ਲਈ ਇਸ ਨੂੰ ਉਵੇਂ ਨਹੀਂ ਪੜ੍ਹਿਆ ਜਾ ਸਕਦਾ, ਜਿਵੇਂ ਗੀਤਾ, ਬਾਈਬਲ ਅਤੇ ਕੁਰਾਨ ਨੂੰ ਪੜ੍ਹਿਆ ਜਾਂਦਾ ਹੈ। ਇਸ ਦੀ ਵਿਆਖਿਆ ਵਿਧੀ ਵੱਖਰੀ ਹੈ।

ਕਿਉਂਕਿ ਗੁਰਬਾਣੀ ਦਾ ਉਪਦੇਸ਼ ਸਭ ਲਈ ਸਾਂਝਾ ਹੈ, ਇਸ ਲਈ ਵਰਤਮਾਨ ਚੁਣੌਤੀਆਂ ਦੇ ਪ੍ਰਸੰਗ ਵਿਚ, ਆਪਣੇ ਸਮਾਜ-ਸਭਿਆਚਾਰਕ, ਆਰਥਕ-ਰਾਜਨਤੀਕ ਅਤੇ ਨਿੱਜੀ ਸਮੱਸਿਆਵਾਂ ਦੇ ਹੱਲ ਲਈ, ਹਰ ਕਿਸੇ (ਵਿਅਕਤੀ, ਵਰਣ, ਭਾਈਚਾਰੇ, ਸੰਪਰਦਾ) ਕੋਲ ਗੁਰੂ ਗ੍ਰੰਥ ਸਾਹਿਬ

**ਅਮਰਜੀਤ ਸਿੰਘ ਗਰੇਵਾਲ**

ਨੂੰ ਆਪਣੇ ਤਰੀਕੇ ਨਾਲ ਸਮਝਣ ਦਾ ਬਰਾਬਰ ਹੱਕ ਹੈ; ਪਰ ਜੇ ਕੋਈ ਧਿਰ ਆਪਣੇ ਵਿਚਾਰਧਾਰਕ-ਰਾਜਸੀ ਹਿਤਾਂ ਦੀ ਪੂਰਤੀ ਲਈ, ਹਰ ਕਿਸੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਉਹੋ ਵਿਆਖਿਆ-ਵਿਧੀ ਅਪਨਾਉਣ ਲਈ ਧੱਕੇ ਨਾਲ ਮਜਬੂਰ ਕਰੇ, ਤਾਂ ਇਹ ਠੀਕ ਨਹੀਂ ਹੋਵੇਗਾ। ਦੂਜੇ ਪਾਸੇ ਜੇ ਸਭ ਆਪੋ ਆਪਣੀ ਵਿਆਖਿਆ ਉਪਰ ਹੀ ਪਹਿਰਾ ਦੇਣ ਲੱਗ ਪੈਣ ਤਾਂ ਸਿੱਖਾਂ ਦੀ ਭਾਈਚਾਰਕ ਸਾਂਝ ਅਤੇ ਪੰਥਕ ਏਕਤਾ ਖਤਰੇ ਵਿਚ ਪੈ ਸਕਦੀ ਹੈ।

ਜੇ ਵਿਆਖਿਆ ਨੈਤਿਕ-ਰਾਜਨੀਤਕ-ਸਿਧਾਂਤਕ ਮਸਲਾ ਹੈ ਤਾਂ ਕਿਸ ਧਿਰ ਦੀ ਵਿਆਖਿਆ ਅਪਨਾਈ ਜਾਵੇ, ਇਹ ਆਪਣੇ ਆਪ ਵਿਚ ਵੱਡਾ ਸੁਆਲ ਬਣ ਜਾਂਦਾ ਹੈ। ਇਹ ਸਰਦਾਰੀ ਦਾ ਮਸਲਾ ਹੋ ਜਾਂਦਾ ਹੈ, ਜੋ ਸ਼ਸਤਰ ਅਤੇ ਸ਼ਾਸਤਰ ਰਾਹੀਂ ਹੀ ਹੱਲ ਹੁੰਦਾ ਆਇਆ ਹੈ। ਇਸ ਸਮੇਂ ਵੀ ਇਕ ਧਿਰ ਆਪਣੀ ਵਿਆਖਿਆ ਨੂੰ ਧੱਕੇ (ਸ਼ਸਤਰ) ਨਾਲ ਮਨਵਾਉਣ ਨੂੰ ਫਿਰਦੀ ਹੈ, ਜਦੋਂ ਕਿ ਦੂਜੀ ਧਿਰ ਮਸ਼ੀਨੀ ਤਰਕ ਦਾ ਸਹਾਰਾ ਲੈ ਕੇ ਆਪਣਾ ਵਿਚਾਰਧਾਰਕ ਮਿਸ਼ਨ ਸਿੱਧ ਕਰਨਾ ਚਾਹੁੰਦੀ ਹੈ। ਸ਼ਸਤਰ ਅਤੇ ਸ਼ਾਸਤਰ ਨੂੰ ਬਿਲਕੁਲ ਅਲੱਗ ਕਰ ਕੇ ਵੀ ਨਹੀਂ ਦੇਖਿਆ ਜਾ ਸਕਦਾ। ਤਜ਼ਰਬਾ ਇਹੋ ਦੱਸਦਾ ਹੈ ਕਿ ਸ਼ਸਤਰ ਨੂੰ ਸ਼ਾਸਤਰ ਦਾ ਅਤੇ ਸ਼ਾਸਤਰ ਨੂੰ ਸ਼ਸਤਰ ਦਾ ਸਹਾਰਾ ਲੈਣਾ ਹੀ ਪੈਂਦਾ ਹੈ, ਪਰ ਸਰਦਾਰੀ ਦਾ ਨਿਰਣਾ ਸ਼ਕਤੀ ਦੇ ਸ਼ਸਤਰੀ ਤੇ ਸ਼ਾਸਤਰੀ ਰੂਪਾਂ ਦੇ ਮਿਲਵੇਂ-ਜੁਲਵੇਂ ਪ੍ਰਯੋਗ ਰਾਹੀਂ ਹੀ ਹੁੰਦਾ ਆਇਆ ਹੈ। ਮਾਰਕਸ, ਅਲਥੂਸਰ, ਗਰਾਮਸ਼ੀ ਅਤੇ ਫੂਕੋ ਦੀਆਂ ਲਿਖਤਾਂ ਇਸ ਸੱਚਾਈ (ਹੈਜਮੋਨਿਕ ਪ੍ਰੈਕਟਿਸ) ਨੂੰ ਸਮਝਣ ਵਿਚ ਸਹਾਈ ਹੋ ਸਕਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ, ਬਾਈਬਲ ਦੀ ਵਿਆਖਿਆ ਨੂੰ ਲੈ ਕੇ ਇਸਾਈ ਵਿਦਵਾਨਾਂ ਨੂੰ ਵੀ ਇਸ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਸੀ। ਉਹ ਇਸ ਸਮੱਸਿਆ ਦਾ ਇਸ ਲਈ ਹੱਲ ਨਹੀਂ ਢੂੰਡ ਸਕੇ, ਕਿਉਂਕਿ ਉਨ੍ਹਾਂ ਨੇ ਆਪਣਾ ਸਾਰਾ ਧਿਆਨ ਟੈਕਸਟ ਦੇ ਮੌਲਿਕ ਅਰਥਾਂ ਦੀ ਖੋਜ ਵਿਚ ਲਾ ਦਿੱਤਾ। ਉਨ੍ਹਾਂ ਨੂੰ ਇੰਜ ਪ੍ਰਤੀਤ ਹੁੰਦਾ ਸੀ, ਜਿਵੇਂ ਟੈਕਸਟ ਕੋਈ ਸਥਿਰ, ਸਥਾਈ ਅਤੇ ਸੁਨਿਸ਼ਚਿਤ ਅਰਥਾਂ ਨੂੰ ਸੰਚਾਰ ਕਰਨ ਦਾ ਸਿਰਫ ਮਾਧਿਅਮ ਮਾਤਰ ਹੀ ਹੋਵੇ। ਉਨ੍ਹਾਂ ਦਾ ਮੱਤ ਸੀ ਕਿ ਵੱਖੋ ਵੱਖਰੀਆਂ ਪ੍ਰਸਥਿਤੀਆਂ ਵਿਚ, ਵੱਖੋ ਵੱਖਰੇ ਸਮਾਂ-ਸਥਾਨ ਤੇ ਸ਼ਬਦ ਦੇ ਵੱਖੋ ਵੱਖਰੇ ਪ੍ਰਯੋਗ, ਉਸ ਸ਼ਬਦ ਦੇ ਮੌਲਿਕ ਅਰਥਾਂ ਨੂੰ ਗੰਧਲਾ ਕਰ ਦਿੰਦੇ ਹਨ। ਇਸ ਲਈ ਉਨ੍ਹਾਂ ਦਾ ਸਾਰਾ ਜ਼ੋਰ ਸ਼ਬਦ ਦੇ ਮੌਲਿਕ ਅਰਥਾਂ ਨੂੰ ਰਿਕਵਰ ਕਰਨ 'ਤੇ ਹੀ ਕੇਂਦ੍ਰਿਤ ਰਿਹਾ। ਇਵੇਂ ਲਗਦਾ ਹੈ ਕਿ ਜਿਵੇਂ ਡਾਇਲਾਗ ਰਾਹੀਂ ਪਲੈਟੋ, ਫਰੋਨੀਸਿਜ਼ ਰਾਹੀਂ ਅਰਿਸਟੌਟਲ ਅਤੇ ਡਾਇਲੈਕਟਿਕ ਰਾਹੀਂ ਹੀਗਲ ਟੈਕਸਟ ਦੇ ਵਾਸਤਵਿਕ ਤੇ ਟਿਕਾਊ ਅਰਥਾਂ ਦੀ ਹੀ ਤਲਾਸ਼ ਕਰਦੇ ਰਹੇ ਹੋਣ। ਉਨ੍ਹਾਂ ਲਈ ਅਰਥ ਪ੍ਰਾਇਮਰੀ ਸੀ, ਜਦੋਂ ਕਿ ਸਾਡੇ ਲਈ ਸ਼ਬਦ ਪ੍ਰਾਇਮਰੀ ਹੈ। ਅਰਥ ਨਹੀਂ, ਸ਼ਬਦ ਸਾਡਾ ਗੁਰੂ ਹੈ।


ਪੱਛਮੀ ਵਿਦਵਾਨਾਂ ਦੀ ਸ਼ਬਦ ਬਾਰੇ ਸੀਮਤ ਅਤੇ ਭੁਲੇਖਾ ਪਾਊ ਸਮਝ ਦੀ ਇਹ ਧਾਰਨਾ ਕਿ ਸ਼ਬਦ ਸਿਰਫ ਬਾਹਰਮੁਖੀ ਸੰਸਾਰ ਦੀ ਗਿਆਨ ਇੰਦਰੀਆਂ ਰਾਹੀਂ ਗ੍ਰਹਿਣ ਕੀਤੀ ਜਾਣਕਾਰੀ ਨੂੰ ਪੇਸ਼ ਕਰਨ, ਸੰਭਾਲਣ, ਮਸ਼ੀਨੀ ਤਰਕ ਦੇ ਆਧਾਰ 'ਤੇ ਮੈਨੀਪੁਲੇਟ ਕਰਨ ਅਤੇ ਸੰਚਾਰ ਕਰਨ ਦਾ ਮਾਧਿਅਮ ਮਾਤਰ ਹੈ, ਨੇ ਸਾਡੇ ਮਨਾਂ ਅੰਦਰ ਸੰਸਾਰ ਦੀ ਤਸਵੀਰ ਹੀ ਵਿਗਾੜ ਕੇ ਰੱਖ ਦਿੱਤੀ। ਸਭ ਤੋਂ ਪਹਿਲਾਂ ਤਾਂ ਇਸ ਨੇ ਸੰਸਾਰ ਦੀ, ਬਾਹਰਮੁਖੀ ਮਾਦਾ ਸੰਸਾਰ (ਔਬਜੈਕਟ) ਅਤੇ ਚੇਤਨ ਮਨੁੱਖ (ਸਬਜੈਕਟ) ਵਿਚਕਾਰ ਵੰਡ ਕਰਕੇ ਚੇਤਨ ਮਨੁੱਖ ਨੂੰ ਕੁਦਰਤ ਦੇ ਸ਼ੋਸ਼ਣ ਦਾ ਵਿਗਿਆਨਕ ਹੱਕ ਦੇ ਦਿੱਤਾ। ਵਿਗਿਆਨਕ ਖੋਜ ਅਤੇ ਤਕਨਾਲੋਜੀ ਦਾ ਉਦੇਸ਼ ਕੁਦਰਤ ਸਬੰਧੀ ਅਜਿਹੇ ਗਿਆਨ ਦੀ ਸੋਝੀ ਹਾਸਲ ਕਰਨਾ ਹੀ ਰਹਿ ਗਿਆ, ਜੋ ਕੁਦਰਤ 'ਤੇ ਲਗਾਮ ਪਾਉਣ ਵਿਚ ਮਨੁੱਖ ਦੀ ਮਦਦ ਕਰ ਸਕੇ। ਇਸੇ ਕਰਕੇ ਵਿਗਿਆਨਕ ਖੋਜ ਪ੍ਰਣਾਲੀ ਦੇ ਜਨਮਦਾਤਾ ਫਰਾਂਸਿਸ ਬੇਕਨ (1561-1626) ਕਿਹਾ ਕਰਦੇ ਸਨ, "ਵਿਗਿਆਨ ਦਾ ਇਕੋ ਇਕ ਮੰਤਵ ਕੁਦਰਤ ਨੂੰ ਮਨੁੱਖ ਦਾ ਗੁਲਾਮ ਬਣਾ ਕੇ ਉਸ ਦੀ ਸੇਵਾ ਵਿਚ ਲਾਉਣਾ ਹੈ।" ਕੁਦਰਤ ਵਿਰੁਧ ਮਨੁੱਖ ਦੀ ਇਸ ਸਾਜਿਸ਼ ਦੇ ਜੋ ਆਤਮਘਾਤੀ ਪਰਿਣਾਮ ਨਿਕਲੇ, ਉਹ ਅਸੀਂ ਦੇਖ ਲਏ ਹਨ। ਕੁਦਰਤ ਆਪਣੇ ਇਸ ਸ਼ੋਸ਼ਣ ਦਾ ਕਿਵੇਂ ਬਦਲਾ ਲੈਂਦੀ ਹੈ, ਇਹ ਵੀ ਦੇਖ ਰਹੇ ਹਾਂ।

ਦੂਸਰੇ ਪਾਸੇ ਇਸ ਸੋਚ ਨੇ ਚੇਤਨ ਮਨ ਨੂੰ ਨਿਰੰਤਰ ਤਰੱਕੀ ਚਾਹੁਣ ਵਾਲੀ ਵਿਅਕਤੀਗਤ ਹਉਮੈ ਵਿਚ ਤਬਦੀਲ ਕਰ ਦਿੱਤਾ ਅਤੇ ਕੁਦਰਤ ਨੂੰ, ਇਸ ਵਿਅਕਤੀਗਤ ਹਉਮੈ ਦੀ ਨਿੱਜੀ ਜਾਇਦਾਦ ਬਣਾ ਕੇ, ਇਸ ਨਿੱਜੀ ਜਾਇਦਾਦ 'ਤੇ ਹੱਕ ਜਮਾਉਣ ਲਈ ਮਨੁੱਖਾਂ ਅੰਦਰ ਜੋ ਲੜ ਮਰਨ ਦੀ ਮੁਕਾਬਲੇ ਦੀ ਭਾਵਨਾ ਜਗਾ ਦਿੱਤੀ, ਮੌਜੂਦਾ ਸੰਸਾਰ ਦੇ ਸਾਰੇ ਸੰਕਟ ਉਸੇ ਦੀ ਦੇਣ ਹਨ। ਕੋਈ ਇਸ ਨੂੰ ਮਾਡਰਨਿਜ਼ਮ ਦਾ ਸੰਕਟ ਆਖਦਾ ਹੈ ਤੇ ਕੋਈ ਕੈਪੀਟਲਿਜ਼ਮ ਦਾ। ਇਹ ਸਭ ਪੱਛਮ ਦੇ ਮਨੁੱਖ ਦੀ ਸ਼ਬਦ ਬਾਰੇ ਵਿਕਸਿਤ ਹੋਈ ਗਲਤ ਧਾਰਨਾ ਦਾ ਨਤੀਜਾ ਹੈ, ਜੋ ਉਸ ਦੀ ਬਾਈਬਲ ਦੇ ਸੱਚ (ਸਹੀ ਅਰਥਾਂ) ਨੂੰ ਭਾਲਣ ਦੀ ਲਗਨ ਦਾ ਪਰਿਣਾਮ ਸੀ। ਉਸ ਦੀ ਟੇਕ ਬਾਈਬਲ (ਸ਼ਬਦ) ਉਪਰ ਨਹੀਂ, ਬਾਈਬਲ ਦੇ ਸੱਚ (ਅਰਥਾਂ) ਤੱਕ ਸਿਮਟ ਕੇ ਰਹਿ ਗਈ ਸੀ। ਉਸ ਨੂੰ ਸ਼ਬਦ ਦੀ ਕਰਤਾਰੀ ਸ਼ਕਤੀ ਅਤੇ ਉਸ ਵਿਚੋਂ ਪੈਦਾ ਹੋਣ ਵਾਲੇ ਚੇਤਨ ਅਨੁਭਵ ਦੀ ਸੋਝੀ ਨਹੀਂ ਸੀ। ਦੁਨੀਆਂ ਨੂੰ ਮਸ਼ੀਨ ਦੇ ਮੈਟਾਫਰ ਰਾਹੀਂ ਸਮਝਣ ਵਾਲੀ ਪੱਛਮੀ ਚੇਤਨਾ ਸਵੈਮ ਹੀ ਇਨਫਰਮੇਸ਼ਨ (ਡੈਟਾ) ਮੈਨੂਪਲੇਟ ਕਰਨ ਵਾਲੀ ਮਸ਼ੀਨ (ਕੰਪਿਊਟਰ) ਦਾ ਰੂਪ ਧਾਰਨ ਕਰ ਰਹੀ ਸੀ। ਅਜਿਹੀ ਸੋਚ ਦੇ ਉਭਾਰ ਦਾ ਦੂਜਾ ਵੱਡਾ ਕਾਰਨ ਸੀ ਜੀਵਨ ਸਮੁਚਤਾ-ਏਕਤਾ ਦੀ ਪਬਲਿਕ ਅਤੇ ਪ੍ਰਾਈਵੇਟ ਖੇਤਰਾਂ ਵਿਚ ਵੰਡ ਰਾਹੀਂ, ਧਰਮ (ਜੀਵਨ-ਵਿਸ਼ਵ ਦ੍ਰਿਸ਼ਟੀ) ਨੂੰ ਪ੍ਰਾਈਵੇਟ ਖੇਤਰ ਤੱਕ ਸੀਮਤ ਕਰਕੇ, ਸਮਾਜ ਵਿਚ ਪੂੰਜੀ, ਸ਼ਕਤੀ ਅਤੇ ਅਰਥਾਂ ਦੀ ਸਰਕੂਲੇਸ਼ਨ-ਵੰਡ ਨੂੰ ਮਸ਼ੀਨੀ ਤਰਕ ਉਪਰ ਆਧਾਰਿਤ ਐਲਗੋਰਿਦਮਜ਼ (ਸਮਾਜਵਾਦ, ਉਦਾਰਵਾਦ, ਜਮਹੂਰੀਅਤ, ਆਦਿ) ਦੀ ਮੈਨੂਪੁਲੇਸ਼ਨ ਦਾ ਮਾਲ ਬਣਾ ਦੇਣਾ।

ਸਮਾਜਕ ਜੀਵਨ ਦੇ ਸਾਰੇ ਖੇਤਰ, (ਸਮਾਜਕ, ਸਭਿਆਚਾਰਕ, ਰਾਜਨੀਤਕ) ਸੰਗਠਿਤ ਸਮੁਚਤਾ ਵਿਚ ਬੱਝੇ ਹੋਏ ਹਨ, ਜਿਸ ਦੀ ਅਗਵਾਈ ਲਈ ਸਿੱਖ ਭਾਈਚਾਰਾ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੋਣ ਵਾਲੀ ਵਿਸ਼ਵ-ਜੀਵਨ-ਅੰਤਰ ਦ੍ਰਿਸ਼ਟੀ 'ਤੇ ਟੇਕ ਰੱਖਦਾ ਹੈ। ਇਸ ਅੰਤਰਦ੍ਰਿਸ਼ਟੀ ਨੂੰ ਨੈਤਿਕ-ਸਿਆਸੀ ਮੁੱਲਾਂ, ਆਰਥਕ-ਰਾਜਨੀਤਕ ਅਤੇ ਸਮਾਜ-ਸਭਿਆਚਾਰਕ ਅਦਾਰਿਆਂ ਵਿਚ ਕਿਵੇਂ ਇੰਟਰਪਰੈਟ-ਟਰਾਂਸਲੇਟ ਕਰਨਾ ਹੈ, ਇਹ ਸਮਝ ਪੈਦਾ ਕਰਨਾ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਹੈ।

ਇਸ ਦਿਸ਼ਾ ਵਿਚ ਅੱਗੇ ਵਧਣ ਤੋਂ ਪਹਿਲਾਂ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਇਸਾਈਆਂ ਵਾਂਗ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦੇ ਨਿੱਜੀ ਮਾਮਲਿਆਂ ਤੱਕ ਸੀਮਤ ਕਰਕੇ ਆਪਣੇ ਸਮਾਜਕ ਜੀਵਨ, ਆਰਥਕਤਾ ਅਤੇ ਰਾਜਨੀਤੀ ਨੂੰ ਪੱਛਮ ਦੁਆਰਾ ਵਿਕਸਿਤ ਕੀਤੀਆਂ ਗਈਆਂ ਵਿਅਕਤੀਗਤ ਆਜ਼ਾਦੀ,ਆਰਥਕ ਵਿਕਾਸ ਅਤੇ ਮਸ਼ੀਨੀ ਤਰਕ ਦੀਆਂ ਉਦਾਰ ਜਮਹੂਰੀ ਕਦਰਾਂ ਕੀਮਤਾਂ ਉਪਰ ਨਿਰਮਿਤ ਕਰਨ ਵਿਚ ਵਿਸ਼ਵਾਸ ਕਿਉਂ ਨਹੀਂ ਰੱਖਦੇ। ਸਾਰੀ ਦੁਨੀਆਂ ਨੇ ਪਬਲਿਕ ਸਫੀਅਰ ਦੀ ਮੈਨੇਜਮੈਂਟ ਵਿਚ ਉਦਾਰ ਜਮਹੂਰੀਅਤ ਦੀ ਸਰਬ ਉਚਤਾ ਨੂੰ ਸਵੀਕਾਰ ਕਰ ਲਿਆ ਹੈ; ਅਸੀਂ ਵੀ ਕਿਉਂ ਨਹੀਂ ਕਰ ਲੈਂਦੇ। ਇਹ ਤਵੱਕੋ ਕਿਉਂ ਰੱਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਸਾਨੂੰ ਸਮਾਜ, ਸਭਿਆਚਾਰਕ, ਰਾਜਨੀਤਕ-ਹਰ ਖੇਤਰ ਵਿਚ ਅਗਵਾਈ ਦੇਣ।

ਪਹਿਲੀ ਗੱਲ ਤਾਂ ਇਹ ਕਿ ਸੋਵੀਅਤ ਸਮਾਜਵਾਦ ਦੇ ਢਹਿ ਢੇਰੀ ਹੋ ਜਾਣ ਪਿਛੋਂ ਉਦਾਰ ਜਮਹੂਰੀਅਤ ਦੀ ਜਿੱਤ ਦੇ ਜਸ਼ਨਾਂ ਦੇ ਨਾਲ ਹੀ ਵੱਖਵਾਦ ਅਤੇ ਫਾਸ਼ੀਵਾਦ ਦੀਆਂ ਹਿੰਸਕ ਗਤੀਵਿਧੀਆਂ, ਆਰਥਕ ਬੇਇਨਸਾਫੀ, ਜਾਤੀ-ਜਮਾਤੀ-ਨਸਲੀ-ਲਿੰਗੀ ਵਿਤਕਰਿਆਂ ਅਤੇ ਵਾਤਾਵਰਣ ਦੇ ਨਿਘਾਰ ਦਾ ਲਗਾਤਾਰ ਜ਼ੋਰ ਫੜਨਾ ਸਾਨੂੰ ਅਤੇ ਸਾਡੇ ਸਮਾਜ ਨੂੰ ਵਿਅਕਤੀਗਤ ਆਜ਼ਾਦੀ, ਸਮਾਜਕ ਨਿਆਂ, ਭਾਈਚਾਰਕ ਇਕਮੁਠਤਾ, ਈਕਾਲੋਜੀਕਲ ਸਹਿਹੋਂਦ ਅਤੇ ਰੂਹਾਨੀ ਅਨੁਭਵ ਦੀਆਂ ਲੀਹਾਂ 'ਤੇ ਤੋਰਨ ਲਈ ਉਦਾਰ ਜਮਹੂਰੀਅਤ ਦੇ ਬਦਲ ਭਾਲਣ ਜਾਂ ਉਸ ਨੂੰ ਰੈਡੀਕਲਾਈਜ਼ ਕਰਨ ਦੀ ਲੋੜ ਨੂੰ ਯਾਦ ਕਰਵਾਉਂਦਾ ਹੈ। ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੋਣ ਵਾਲੀਆਂ ਅੰਤਰਦ੍ਰਿਸ਼ਟੀਆਂ ਉਦਾਰ ਜਮਹੂਰੀਅਤ ਨੂੰ ਰੈਡੀਕਲਾਈਜ਼ ਕਰਨ ਵਿਚ ਸਾਡੀ ਮਦਦ ਕਰ ਸਕਦੀਆਂ ਹਨ।



ਦੂਸਰੇ, ਗੁਰੂ ਗ੍ਰੰਥ ਸਾਹਿਬ, ਬਾਈਬਲ ਜਾਂ ਕੁਰਾਨ ਵਾਂਗ, ਸਿੱਖਾਂ ਦੀ ਪਵਿਤਰ ਪੁਸਤਕ ਜਾਂ ਗੁਰ-ਉਪਦੇਸਾਂ ਦਾ ਮੈਨੂਅਲ ਨਹੀਂ; ਨਾ ਹੀ ਗੁਰ ਮਿਲਾਪ ਦਾ ਸਾਧਨ ਹੈ। ਇਹ ਤਾਂ ਸਵੈਮ ਗੁਰੂ ਹੈ; ਕਾਇਮ ਮੁਕਾਮ ਵਰਤਮਾਨ ਗੁਰੂ, ਜਿਸ ਕੋਲ ਅਸੀਂ ਆਪਣੇ ਹਰ ਸੁਆਲ, ਸਮੱਸਿਆ, ਸੰਕਟ ਅਤੇ ਚੁਣੌਤੀ ਦੇ ਸਮਾਧਾਨ ਲਈ ਪਹੁੰਚ ਕਰਨੀ ਹੈ। ਵਿਅਕਤੀ ਗੁਰੂ ਨੂੰ ਸਿੱਧਾ ਸੁਆਲ ਕੀਤਾ ਜਾ ਸਕਦਾ ਹੈ, ਪਰ ਟੈਕਸਟ ਗੁਰੂ ਅੱਗੇ ਆਪਣੇ ਸੁਆਲ ਕਿੰਜ ਰੱਖੀਏ; ਉਸ ਅੱਗੇ ਆਪਣੇ ਸੰਕਟ ਕਿਵੇਂ ਬਿਆਨ ਕਰੀਏ? ਜੇ ਵਿਅਕਤੀ ਗੁਰੂ ਤੋਂ, ਬਿਨਾ ਕਿਸੇ ਝੰਜਟ ਦੇ, ਆਪਣਿਆਂ ਸੁਆਲਾਂ ਦੇ ਜੁਆਬ ਸੌਖਿਆਂ ਹੀ ਪ੍ਰਾਪਤ ਹੋ ਜਾਂਦੇ ਸਨ ਤਾਂ ਵਿਅਕਤੀ ਗੁਰੂ ਦੀ ਥਾਂ ਸ਼ਬਦ ਗੁਰੂ ਨੂੰ ਲਿਆਉਣ ਦੀ ਕੀ ਲੋੜ ਪੈ ਗਈ?

ਜੇ ਵਿਅਕਤੀ ਗੁਰੂ ਦੀ ਥਾਂ ਸ਼ਬਦ-ਟੈਕਸਟ ਗੁਰੂ ਨੂੰ ਲਿਆਉਣਾ ਪਿਆ, ਤਾਂ ਇਸ ਦੀ ਆਮਦ ਦਾ ਜ਼ਰੂਰ ਕੋਈ ਮਹੱਤਵ ਹੋਵੇਗਾ। ਸ਼ਬਦ ਗੁਰੂ ਦੀ ਆਮਦ ਨਾਲ ਇਕੋ ਲਖਤ ਕਈ ਤਬਦੀਲੀਆਂ ਵਾਪਰ ਜਾਂਦੀਆਂ ਹਨ। ਅਧਿਆਪਕ ਕੇਂਦ੍ਰਿਤ ਇਨਸਟ੍ਰਕਸ਼ਨ ਤੋਂ ਵਿਦਿਆਰਥੀ ਕੇਂਦ੍ਰਿਤ ਲਰਨਿੰਗ; ਜਿਸ ਨੂੰ ਅੱਜ ਸਿਖਿਆ ਦੇ ਖੇਤਰ ਵਿਚ ਪੈਰਾਡਾਈਮ ਸ਼ਿਫਟ ਆਖਿਆ ਜਾ ਰਿਹਾ ਹੈ, ਦੇ ਬੀਜ ਵੀ ਸਾਨੂੰ ਵਿਅਕਤੀ ਗੁਰੂ ਦੀ ਟੈਕਸਟ ਗੁਰੂ ਵਿਚ ਸ਼ਿਫਟ ਅੰਦਰ ਹੀ ਮਿਲਣਗੇ। ਭਗਤ ਆਪਣੇ ਸੁਆਲ ਦੇ ਗੁਰੂ ਵੱਲੋਂ ਮਿਲਣ ਵਾਲੇ ਜੁਆਬ ਦਾ ਉਦਾਸੀਨ ਉਪਭੋਗਤਾ ਨਹੀਂ ਰਹਿੰਦਾ, ਸੁਆਲ ਅਤੇ ਜੁਆਬ, ਦੋਹਾਂ ਦੀ ਕੰਸਟ੍ਰਕਸ਼ਨ ਵਿਚ ਹਿੱਸੇਦਾਰ ਬਣ ਜਾਂਦਾ ਹੈ। ਇਸ ਹਿੱਸੇਦਾਰੀ ਨੂੰ 'ਆਪੇ ਗੁਰ ਚੇਲਾ' ਵਾਲੀ ਧਾਰਨਾ ਰਾਹੀਂ ਸਮਝਿਆ ਜਾ ਸਕਦਾ ਹੈ।

ਗੁਰੂ ਜੀ ਆਖਦੇ ਹਨ, "ਮਰਦਾਨਿਆਂ, ਰਬਾਬ ਵਜਾ ਬਾਣੀ ਆਈ ਹੈ।" ਉਹ ਇਹ ਨਹੀਂ ਆਖਦੇ, "ਬਾਲਿਆ ਕਲਮ ਚੁਕ, ਬਾਣੀ ਆਈ ਹੈ।" ਕਾਵਿ-ਰੂਪ ਗੁਰਬਾਣੀ ਦਾ ਰਾਗਾਂ ਵਿਚ ਸੰਕਲਨ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰਬਾਣੀ ਸਿਰਫ ਅਰਥਾਂ ਦੀ ਹੀ ਨਹੀਂ, ਐਕਸਪੀਰੀਐਂਸ ਦੀ ਵੀ ਕੰਸਟ੍ਰਕਸ਼ਨ ਕਰਦੀ ਹੈ; ਰਾਗ ਨਾਦ ਸ਼ਬਦ ਦੇ ਸਮੁਚਤਾ ਵਿਚ ਐਕਸਪੀਰੀਐਂਸ ਰਾਹੀਂ ਸਾਡੀ ਸੁਰਤਿ ਇਕ ਜੀਵਨ/ਵਿਸ਼ਵ-ਅੰਤਰ ਦ੍ਰਿਸ਼ਟੀ ਪ੍ਰਾਪਤ ਕਰਦੀ ਹੈ।

ਇਹ ਦੋਇ ਗੱਲਾਂ; ਇਕ ਕਿ ਗੁਰਬਾਣੀ ਦਾ ਸ਼ਬਦ ਸਿਰਫ ਅਰਥ (ਗਿਆਨ) ਨਹੀਂ, ਐਕਸਪੀਰੀਐਂਸ (ਅਨੁਭਵ-ਅੰਤਰ ਦ੍ਰਿਸ਼ਟੀ) ਵੀ ਪ੍ਰਦਾਨ ਕਰਦਾ ਹੈ। ਦੋ, ਗੁਰੂ ਗ੍ਰੰਥ ਸਾਹਿਬ (ਸ਼ਬਦ ਰੂਪ) ਕੋਈ ਡਾਕੂਮੈਂਟ ਨਹੀਂ, ਜਿਸ ਦੀ ਸਿਧਾਂਤਕ-ਵਿਚਾਰਧਾਰਕ-ਇਤਿਹਾਸਕ ਇਨਵੈਸਟੀਗੇਸ਼ਨ ਰਾਹੀਂ ਅਸੀਂ ਕਿਸੇ ਅੰਤਿਮ ਸੱਚ (ਅਰਥ) ਦੀ ਖੋਜ ਕਰਨੀ ਹੈ; ਇਹ ਗੁਰੂ ਹੈ, ਜਿਸ ਤੋਂ ਅਸੀਂ ਆਪਣੇ ਹਰ ਸੁਆਲ ਦਾ ਜੁਆਬ, ਹਰ ਸੰਕਟ ਦਾ ਹੀਲਾ ਅਤੇ ਹਰ ਚੁਣੌਤੀ ਦਾ ਸਮਾਧਾਨ ਪ੍ਰਾਪਤ ਕਰਨਾ ਹੈ। ਇਹ ਦੋਵੇਂ ਗੱਲਾਂ ਸਾਨੂੰ ਕ੍ਰਿਸ਼ਚੀਅਨ ਅਤੇ ਫਿਲਾਸਫੀਕਲ (ਗੈਡਾਮਰ, ਰਿਕਰ) ਹਰਮਿਊਨਿਟਕਸ ਤੋਂ ਪਾਰ ਲੈ ਜਾਂਦੀਆਂ ਹਨ। ਕਿਉਂ ਲੈ ਜਾਂਦੀਆਂ ਹਨ, ਇਹ ਤਾਂ ਸਮਝ ਪੈ ਗਈ; ਪਰ ਕਿਵੇਂ ਲੈ ਜਾਂਦੀਆਂ ਹਨ, ਇਹ ਜਾਣਨ ਲਈ ਸਾਨੂੰ ਗੁਰਮਤਿ ਦੇ ਸ਼ਬਦ ਸਿਧਾਂਤ ਨੂੰ ਸਮਝਣਾ ਪਵੇਗਾ।

1. ਆਪਣੇ ਸਮੁੱਚੇ ਇਤਿਹਾਸ ਅਤੇ ਵਿਸਤਾਰ ਸਮੇਤ ਇਹ ਦ੍ਰਿਸ਼ਟ ਅਦ੍ਰਿਸ਼ਟ ਸ੍ਰਿਸ਼ਟੀ ਸਵੈ ਚੇਤਨ ਅਨਹਤ ਸ਼ਬਦ ਦੀ ਇਕਾਗਰਤਾ ਵਿਚ ਬੱਝੀ ਹੋਈ ਹੈ: 'ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸ ਤੇ ਉਤਪਤ ਚਲੈ'; 'ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸ ਮਾਹਿ ਸਮਾਏ ਜੀਓ।' ਇਸ ਲਈ ਬਾਹਰੀ ਅਵਾਜ਼, ਸੁਪਨੇ ਜਾਂ ਸਮਾਧੀ ਦੌਰਾਨ ਤਰੰਗ ਜਾਂ ਕੰਪਨ ਦੇ ਰੂਪ ਵਿਚ ਪ੍ਰਾਪਤ ਹੋਣ ਵਾਲਾ ਕੋਈ ਵੀ ਅਨੁਭਵ ਅਨਹਤ ਸ਼ਬਦ ਨਹੀਂ।

2. ਅਨਹਤ ਸ਼ਬਦ, ਬ੍ਰਹਮ ਦਾ ਨਾਮ ਨਹੀਂ, ਸਵੈਮ ਬ੍ਰਹਮ ਹੈ। ਸਮੁੱਚਤਾ ਆਪਣੇ ਕਿਸੇ ਅੰਗ ਦੇ ਅਨੁਭਵ ਦਾ ਔਬਜੈਕਟ ਕਿਵੇਂ ਹੋ ਸਕਦੀ ਹੈ। ਇਹ ਤਾਂ ਸੰਪੂਰਨ ਸ੍ਰਿਸ਼ਟੀ ਦੀ ਆਪਣੇ ਸਮਸਤ ਇਤਿਹਾਸ ਅਤੇ ਵਿਸਤਾਰ ਸਮੇਤ ਆਪਣੇ ਆਪ ਵਿਚ ਲੱਗੀ ਹੋਈ ਅ-ਕਾਲਿਕ ਅਤੇ ਅ-ਸਥਾਨਕ ਸਮਾਧੀ ਹੈ, ਜਿਥੇ ਤਮਾਮ ਵਿਰੋਧਤਾਵਾਂ ਅਤੇ ਟਕਰਾਓ ਸੁੰਨ ਹੋ ਜਾਂਦੇ ਹਨ।

3. ਜਿਵੇਂ ਸਮੁੰਦਰ ਵਿਚ ਪੈਦਾ ਹੋਣ ਵਾਲੀਆਂ ਲਹਿਰਾਂ ਸਮੁੰਦਰ ਦਾ ਅੰਸ਼ ਹੋਣ ਕਾਰਨ ਸਤਿ ਤਾਂ ਹਨ, ਪਰ ਉਨ੍ਹਾਂ ਦੀ ਸਮੁੰਦਰ ਤੋਂ ਵੱਖਰੀ ਕੋਈ ਹਸਤੀ ਨਹੀਂ ਹੁੰਦੀ; ਉਸੇ ਤਰ੍ਹਾਂ ਸੁੰਨ ਸ਼ਬਦ ਵਿਚੋਂ ਪੈਦਾ ਹੋਣ ਵਾਲੀ ਸ੍ਰਿਸ਼ਟੀ ਦੀ ਆਜ਼ਾਦ ਅਤੇ ਖੁਦਮੁਖਤਾ ਹੋਂਦ ਭਰਮ ਹੈ। ਇਹ ਭਰਮ ਆਪਾ ਭਾਵ ਤੋਂ ਪੈਦਾ ਹੁੰਦਾ ਹੈ। ਜਦੋਂ ਸ਼ਬਦ ਦੇ ਸਮੁੰਦਰ ਵਿਚੋਂ ਉਠੀ ਕਿਸੇ ਲਹਿਰ ਨੂੰ ਇਹ ਭਰਮ ਪੈ ਜਾਵੇ ਕਿ ਉਹ ਹੀ ਸਤਿ (ਸਬਜੈਕਟ) ਹੈ ਅਤੇ ਉਸ ਦੁਆਲੇ ਪਸਰਿਆਂ ਬਾਹਰੀ ਜਗਤ ਔਬਜੈਕਟ, ਤਾਂ ਉਹ ਹਉਮੈ ਸੁੰਨ (ਅਨਹਤ) ਸ਼ਬਦ ਨੂੰ ਅਨੇਕ ਸ਼ਬਦਾਂ ਵਿਚ ਵਿਖੰਡਿਤ ਹੋਇਆ ਅਨੁਭਵ ਕਰਦੀ ਹੈ। ਇਨ੍ਹਾਂ ਅਨੇਕ ਸ਼ਬਦਾਂ ਦੇ ਜੋੜ-ਤੋੜ (ਮਾਇਆ) ਰਾਹੀਂ (ਜੋ ਹਉਮੈ ਦੀ ਆਜ਼ਾਦੀ ਅਤੇ ਸਿਰਜਣਾਤਮਕਤਾ ਹੈ) ਉਹ ਹਉਮੈ ਆਪਣੀ ਬੋਲੀ, ਸੰਸਕ੍ਰਿਤੀ ਅਤੇ ਦ੍ਰਿਸ਼ਟਮਾਨ ਸੰਸਾਰ ਦੀ ਸਿਰਜਣਾ ਕਰ ਲੈਂਦੀ ਹੈ।

4. 'ਮੈਂ' ਜਦੋਂ ਇਨ੍ਹਾਂ ਅਨੇਕ ਸ਼ਬਦਾਂ ਦੇ ਜੋੜ-ਤੋੜ ਕਰਦੀ ਹੈ, ਤਾਂ ਉਨ੍ਹਾਂ ਵਿਚੋਂ ਅਰਥਾਂ ਦੀ ਲੋਅ ਉਪਜਦੀ ਹੈ, ਜਿਸ ਨੂੰ ਪੱਛਮੀ ਵਿਚਾਰਧਾਰਾ ਅਤੇ ਇਸਾਈ ਹਰਮਿਊਨਿਟਕਸ ਪਵਿੱਤਰ ਟੈਕਸਟ ਦਾ ਸਤਿ ਸਮਝ ਕੇ ਖੋਜ ਰਹੀ ਹੈ। ਉਨ੍ਹਾਂ ਨੂੰ ਇਹ ਗੱਲ ਬੜੀ ਦੇਰ ਨਾਲ ਸਮਝ ਪਈ ਕਿ ਸ਼ਬਦਾਂ ਦੇ ਅੰਦਰ ਕੋਈ ਪੱਕੇ ਅਰਥ ਨਹੀਂ ਪਏ ਹੁੰਦੇ। ਸ਼ਬਦਾਂ ਦੀ ਵਿਭਿੰਨ ਪ੍ਰਸਥਿਤੀਆਂ ਵਿਚ ਵਰਤੋਂ ਹੀ ਇਨ੍ਹਾਂ ਦੇ ਵਹਾ ਨੂੰ ਸਿਰਜਦੀ-ਕੰਟਰੋਲ ਕਰਦੀ ਹੈ।

5. ਸ਼ਬਦ ਦੇ ਅਰਥ ਉਸ ਅੰਦਰ ਫੌਸਿਲ ਵਾਂਗ ਸਥਾਈ ਰੂਪ ਵਿਚ ਟਿਕੇ ਨਹੀਂ ਹੁੰਦੇ, ਉਸ ਦੁਆਰਾ ਦੂਜੇ ਸ਼ਬਦਾਂ ਨਾਲ ਵੰਨ-ਸੁਵੰਨੀਆਂ ਰਿਸ਼ਤਗੀਆਂ ਤੇ ਨਾਤੇਦਾਰੀਆਂ ਪੁਗਾਉਣ ਅਤੇ ਉਨ੍ਹਾਂ ਨਾਲ ਖੇਡਾਂ ਖੇਡਣ ਵਿਚੋਂ ਉਗਮਦੇ ਤੇ ਵਿਗਸਦੇ ਹਨ। ਇਸੇ ਸ਼ਬਦਨ ਪ੍ਰਕਿਰਿਆ ਵਿਚੋਂ ਸਮਾਜ-ਸੰਸਕ੍ਰਿਤਕ ਅਤੇ ਆਰਥਕ-ਰਾਜਨੀਤਕ ਗਤੀ ਪੈਦਾ ਹੁੰਦੀ ਹੈ। 'ਅਰਥ' ਕਹਿਣਾ ਸ਼ਾਇਦ ਠੀਕ ਨਹੀਂ, ਕਿਉਂਕਿ ਸ਼ਬਦਾਂ ਦੇ ਇਹ ਨੈਟਵਰਕ ਅਰਥ ਨਹੀਂ, ਗਤੀਸ਼ੀਲ ਸੋਝੀ ਪੈਦਾ ਕਰਦੇ ਹਨ। ਇਹ ਗਤੀਸ਼ੀਲ ਸੋਝੀ ਦੀ ਧਾਰਨਾ ਦੇ ਪੱਛਮੀ ਚਿੰਤਨ ਵਿਚੋਂ ਗੈਰਹਾਜ਼ਰ ਹੋਣ ਕਾਰਨ ਹੀ, ਉਨ੍ਹਾਂ ਦੀ ਹਰਮਿਊਨਿਟਕਸ ਨੇ, ਪਵਿਤਰ ਬਾਈਬਲ ਨੂੰ ਉਸ ਦੇ ਅਰਥਾਂ ਦੀ ਖੁਦਾਈ ਤੱਕ ਸੀਮਤ ਕਰੀ ਰੱਖਿਆ, ਜਿਸ ਕਾਰਨ ਉਹ ਸਮਕਾਲੀ ਚੁਣੌਤੀਆਂ ਦੇ ਸਮਾਧਾਨ ਲਈ ਪਵਿਤਰ ਪੁਸਤਕ ਨੂੰ ਗੁਰੂ ਮੰਨ ਕੇ ਉਸ ਤੋਂ ਰਹਿਨੁਮਾਈ ਪ੍ਰਾਪਤ ਕਰਨ ਦੀ ਜੁਗਤ ਵਿਕਸਿਤ ਹੀ ਨਾ ਕਰ ਸਕੇ। ਉਲਟਾ ਪਵਿਤਰ ਪੁਸਤਕ ਨੂੰ ਨਿੱਜੀ ਮਾਮਲਿਆਂ ਤੱਕ ਸੀਮਤ ਕਰ ਲਿਆ।

6. ਕਿਸੇ ਸ਼ਬਦ ਦਾ ਨੈਟਵਰਕ, ਜਦੋਂ ਫੈਲਦਾ ਫੈਲਦਾ, ਹਰ ਦੂਜੇ ਸ਼ਬਦ ਨਾਲ ਰਿਸ਼ਤਾ ਕਾਇਮ ਕਰ ਲਵੇਗਾ, ਤਾਂ ਉਹ ਸ਼ਬਦ ਬ੍ਰਹਮ ਬਣ ਜਾਵੇਗਾ। ਸਿਰਫ ਓਮ ਹੀ ਨਹੀਂ, ਹਰ ਸ਼ਬਦ ਵਿਚ ਸ਼ਬਦ-ਬ੍ਰਹਮ ਦੀਆਂ ਸੰਭਾਵਨਾਵਾਂ ਪਈਆਂ ਹਨ। ਹਰ ਸ਼ਬਦ, ਭਾਵੇਂ ਉਸ ਨੂੰ ਕੋਈ ਵੀ ਅਰਥ ਦਿੱਤੇ ਗਏ ਹੋਣ, ਹੌਲੀ ਹੌਲੀ ਦੂਜੇ ਸ਼ਬਦਾਂ ਨਾਲ ਰਿਸ਼ਤੇ ਜੋੜਦਾ ਤਮਾਮ ਆਪਣੀ ਸੋਝੀ ਦੇ ਵਿਕਾਸ ਰਾਹੀਂ ਬ੍ਰਹਮ ਚੇਤਨਾ ਦੇ ਰਸਤੇ ਪਿਆ ਹੋਇਆ ਹੈ। 'ਸੂਰਜ' ਸ਼ਬਦ ਦੀ ਮਿਸਾਲ ਲੈ ਕੇ ਇਸ ਧਾਰਨਾ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਸੂਰਜ ਕੀ ਹੈ? ਸੂਰਜ ਰੈਫਰੈਂਟ ਦੇ ਸੂਰਜ ਸ਼ਬਦ ਨਾਲ ਰਿਸ਼ਤੇ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ; ਭਾਵੇਂ ਇਹ ਨਾਮਕਰਣ, ਉਹ ਜੋ ਸੂਰਜ ਨਹੀਂ ਹਨ, ਨਾਲੋਂ ਸੂਰਜ ਦੀ ਵੱਖਰੀ ਪਛਾਣ ਕਾਰਨ ਹੀ ਹੋਂਦ ਵਿਚ ਆਇਆ। ਸੂਰਜ ਦੀ ਅੱਡਰੀ ਪਛਾਣ ਸਥਾਪਤ ਹੋ ਜਾਣ ਬਾਅਦ ਸੂਰਜ ਦਾ ਨਾਮਕਰਣ ਹੋਇਆ ਜਾਂ ਸੂਰਜ ਦੇ ਨਾਮਕਰਣ ਨਾਲ ਹੀ ਸੂਰਜ ਦੀ ਅੱਡਰੀ ਪਛਾਣ ਬਣਨੀ ਸ਼ੁਰੂ ਹੋਈ, ਪਹਿਲਾਂ ਕੌਣ ਵਾਲੇ ਝੰਜਟ ਵਿਚ ਪੈਣ ਦੀ ਲੋੜ ਨਹੀਂ, ਦੋਹਾਂ ਦੀ ਸਾਂਝੀ ਇਤਿਹਾਸਕਤਾ ਹੈ। ਸੂਰਜ ਸ਼ਬਦ ਦਾ ਤਾਂ ਇਤਿਹਾਸ ਹੋ ਸਕਦਾ ਹੈ, ਜੋ ਸੂਰਜ (ਰੈਫਰੈਂਟ) ਬਾਰੇ ਸਾਡੀ ਵਧ ਰਹੀ ਸਮਝ ਵਿਚੋਂ ਪੈਦਾ ਹੋਇਆ, ਪਰ ਸੂਰਜ (ਰੈਫਰੈਂਟ) ਦਾ ਉਹ ਕਿਹੜਾ ਇਤਿਹਾਸ ਹੈ, ਜੋ ਸੂਰਜ (ਸ਼ਬਦ) ਬਾਰੇ ਸਾਡੀ ਵਧ ਰਹੀ ਸੋਝੀ ਵਿਚੋਂ ਪੈਦਾ ਹੋਇਆ ਹੋਵੇ?

ਨਿਰਸੰਦੇਹ ਸੂਰਜ ਸ਼ਬਦ, ਸੂਰਜ ਰੈਫਰੈਂਟ ਵੱਲ ਸੰਕੇਤ ਕਰਦਾ ਹੈ; ਪਰ ਸੂਰਜ ਸ਼ਬਦ ਸੂਰਜ ਰੈਫਰੈਂਟ ਨੂੰ ਉਤਪਾਦ/ਪੈਦਾ ਨਹੀਂ ਕਰਦਾ। ਸੂਰਜ ਦੀ ਸੋਝੀ ਪੈਦਾ ਕਰਦਾ ਹੈ। ਸੂਰਜ ਸ਼ਬਦ ਅਤੇ ਸੂਰਜ ਸੋਝੀ ਦਾ ਸਾਂਝਾ ਵਿਕਾਸ ਹੁੰਦਾ ਹੈ, ਇਹ ਸਮਝਣਾ ਮੁਸ਼ਕਿਲ ਨਹੀਂ, ਕਿਉਂਕਿ ਸੂਰਜ ਸ਼ਬਦ ਦੂਜੇ ਸ਼ਬਦਾਂ ਜਿਵੇਂ ਰੌਸ਼ਨੀ, ਧੁਪ, ਛਾਂ, ਚੰਦਰਮਾ, ਆਕਾਸ਼, ਬ੍ਰਹਿਮੰਡ, ਧਰਤੀ, ਦਿਨ-ਰਾਤ, ਗਰਮੀ-ਸਰਦੀ, ਬਨਸਪਤੀ, ਊਰਜਾ, ਕਲੋਰੋਫਿਲ, ਫੋਟੋਨ, ਗੁਰੂਤਾ ਆਦਿ ਨਾਲ ਰਿਸ਼ਤੇ ਜੋੜਦਾ ਹੋਇਆ ਆਪ ਹੀ ਨਹੀਂ ਵਿਗਸਦਾ। ਸੂਰਜ ਸੋਝੀ ਵੀ ਵਿਗਸਦੀ ਹੈ, ਜੋ ਅਗਾਂਹ ਸੂਰਜ ਰੈਫਰੈਂਟ ਦੀ ਮੈਨੂਪਲੇਸ਼ਨ ਵਿਚ ਵਾਧੇ ਨਾਲ ਜੁੜੀ ਹੋਈ ਹੈ।

ਗੁਰਮਤਿ ਦੀ ਰੈਡੀਕਲ ਹਰਮੀਨਿਊਟਿਕਸ ਨਾਲ ਲੈਸ ਹੋਣ ਦੇ ਬਾਵਜੂਦ ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਇਸ ਲਈ ਸੇਧ-ਸੋਝੀ ਪ੍ਰਾਪਤ ਨਹੀਂ ਕਰ ਰਹੇ, ਕਿਉਂਕਿ ਪੱਛਮੀ ਚਿੰਤਨ ਨਾਲ ਚਿੰਬੜੇ ਹੋਣ ਕਰਕੇ, ਮੌਲਿਕ ਅਰਥਾਂ ਦੀ ਤਲਾਸ਼ ਵਿਚ, ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਵਿਸ਼ਿਸ਼ਟ ਰਾਜਨੀਤਕ-ਇਤਿਹਾਸਕ ਕੌਨਟੈਕਸਟ ਅਤੇ ਪ੍ਰਸਪੈਕਟਿਵ ਵਿਚ ਫਿਕਸ ਕਰ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਤੋਂ ਤਦੇ ਸੇਧ-ਸੋਝੀ ਪ੍ਰਾਪਤ ਕੀਤੀ ਜਾ ਸਕਦੀ ਹੈ, ਜੇ ਅਸੀਂ ਗੁਰੂ ਨੂੰ ਗੁਰਮਤਿ ਦੇ ਸ਼ਬਦ ਸਿਧਾਂਤ ਦੀ ਰੌਸ਼ਨੀ ਵਿਚ ਪਹੁੰਚ ਕਰੀਏ।

ਦਰਪੇਸ਼ ਸੁਆਲਾਂ, ਸੰਕਟਾਂ, ਸਮੱਸਿਆਵਾਂ ਅਤੇ ਚੁਣੌਤੀਆਂ ਦੇ ਸਬੰਧ ਵਿਚ, ਗੁਰੂ ਗ੍ਰੰਥ ਸਾਹਿਬ ਅੱਗੇ ਪੇਸ਼ ਹੋ ਕੇ, ਉਸ ਤੋਂ ਕਿਸ ਰੂਪ ਵਿਚ ਸੇਧ ਪ੍ਰਾਪਤ ਕੀਤੀ ਜਾ ਸਕਦੀ ਹੈ, ਦੇ ਜੁਆਬ ਵਿਚ, ਉਕਤ ਚਰਚਾ ਨੂੰ ਸਮੇਟਦਿਆਂ ਆਖਿਆ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੋਣ ਵਾਲੀਆਂ ਅੰਤਰਦ੍ਰਿਸ਼ਟੀਆਂ ਦੀ, ਸਮੇਂ-ਸਥਾਨ ਦੀਆਂ ਲੋੜਾਂ ਅਨੁਸਾਰ, ਵਿਭਿੰਨ ਧਿਰਾਂ ਵੱਲੋਂ ਕੀਤੀਆਂ ਗਈਆਂ ਸਮਾਨੰਤਰ ਵਿਆਖਿਆਵਾਂ ਦੇ ਸੰਘਰਸ਼ ਵਿਚੋਂ ਪ੍ਰਾਪਤ ਹੋਣ ਵਾਲੀਆਂ ਕਾਰਜਨੀਤੀਆਂ ਨੂੰ ਗੁਰੂ-ਪੰਥ ਦੀ ਪਾਰਲੀਮੈਂਟ ਵਿਚ ਪੇਸ਼ ਕਰਕੇ ਗੁਰਮਤਿਆਂ ਦੇ ਰੂਪ ਵਿਚ ਪ੍ਰਾਪਤ ਹੋ ਸਕਦੀ ਹੈ। ਗੁਰਮਤਿ ਦੇ ਸ਼ਬਦ ਸਿਧਾਂਤ ਉਪਰ ਟਿਕੀ ਰੈਡੀਕਲ ਹਰਮੀਨਿਊਟਿਕਸ ਦੀ ਇਹ ਵਿਲੱਖਣ ਧਾਰਨਾ ਵੀ ਗੁਰੂ ਗ੍ਰੰਥ ਸਾਹਿਬ ਦੀ ਮਾਨਵਤਾ ਨੂੰ ਵੱਡੀ ਦੇਣ ਹੈ।

## ਗੁਰਬਾਣੀ ਵਿਆਖਿਆ

# ਪਵਣੁ ਗੁਰੂ ਪਾਣੀ ਪਿਤਾ

ਧਰਮ, ਫਿਲਾਸਫੀ ਤੇ ਵਿਗਿਆਨ ਤਿੰਨੇ ਗਿਆਨਮੁਖੀ ਸ਼ਬਦ (Terms) ਹਨ, ਪਰ ਹਨ ਤਿੰਨੇ ਵੱਖ ਵੱਖ ਅਰਥਾਂ ਵਾਲੇ। ਇਤਿਹਾਸ ਪੱਖੋਂ ਇਹ ਮਨੁੱਖੀ ਸਮਝ ਦੇ ਵਿਕਾਸ ਨਾਲ ਜੁੜੇ ਹੋਏ ਹਨ, ਪਰ ਗਿਆਨ ਦੇ ਵਿਕਾਸ ਨਾਲ ਜੁੜੇ ਹੋਣ ਕਰ ਕੇ ਇਨ੍ਹਾਂ ਦੀਆਂ ਕੋਈ ਸਹੀ ਸਲਾਮਤ ਇਤਿਹਾਸਕ ਹੱਦਾਂ ਨਹੀਂ ਮਿੱਥੀਆਂ ਜਾ ਸਕਦੀਆਂ। ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨ ਵਿਚ ਧਰਮ ਵੀ ਸੀ, ਫਿਲਾਸਫੀ ਵੀ ਸੀ ਤੇ ਵਿਗਿਆਨ ਵੀ ਸੀ। ਉਸ ਦੇਸ਼ ਵਿਚ ਇਹ ਤਿੰਨੇ ਸਿਖਰ 'ਤੇ ਸਨ, ਪਰ ਉਥੇ ਹੀ ਦੁਨੀਆਂ ਦੇ ਪ੍ਰਸਿੱਧ ਫਿਲਾਸਫਰ ਤੇ ਵਿਗਿਆਨਕ ਸੋਚ ਦੇ ਮਾਹਿਰ ਸੁਕਰਾਤ ਨੂੰ ਇਹ ਇਲਜ਼ਾਮ ਲਾ ਕੇ ਮਾਰਿਆ ਗਿਆ ਸੀ ਕਿ ਉਸ ਨੇ ਯੂਨਾਨ ਦੇ ਸਰਕਾਰੀ ਦੇਵਤਿਆਂ ਦਾ ਨਿਰਾਦਰ ਕੀਤਾ ਹੈ ਤੇ ਆਪਣੇ ਅਗਾਂਹਵਧੂ ਵਿਚਾਰਾਂ ਨਾਲ ਨੌਜਵਾਨਾਂ ਨੂੰ ਵਰਗਲਾਇਆ ਹੈ! ਅੱਜ ਵੀ ਇਹ ਤਿੰਨੇ ਸੰਸਾਰ ਦੇ ਵੱਡੇ ਹਿੱਸੇ ਵਿਚ ਇੱਕਠੇ ਪਾਏ ਜਾਂਦੇ ਹਨ।

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਇਨ੍ਹਾਂ ਤਿੰਨਾਂ ਦਾ ਆਪਸੀ ਫਰਕ ਇਕ ਨੂੰ ਦੂਜੇ ਤੋਂ ਨਿਖੇੜਦਾ ਹੈ। ਧਰਮ ਰੱਬ ਦੀ ਹਸਤੀ ਮੰਨ ਕੇ ਉਸ ਦੀ ਬਖਸ਼ਿਸ਼ ਲਈ ਪੂਜਾ ਪਾਠ (Worship) ਦਾ ਰੁਝਾਨ ਹੈ। ਇਹ ਰੱਬ ਤਰ੍ਹਾਂ ਤਰ੍ਹਾਂ ਦੇ ਨਾਂਵਾਂ, ਥਾਂਵਾਂ, ਗੁਣਾਂ ਸ਼ਕਤੀਆਂ ਵਾਲੇ ਹੋ ਸਕਦੇ ਹਨ, ਉਨ੍ਹਾਂ ਦੇ ਸਿਮਰਨ ਜਾਂ ਰਿਝਾਉਣ ਲਈ ਤਰ੍ਹਾਂ ਤਰ੍ਹਾਂ ਦੀਆਂ ਪਰੰਪਰਾਵਾਂ, ਰਾਵਾਂ, ਥਾਂਵਾਂ ਤੇ ਕਥਾਵਾਂ ਹੋ ਸਕਦੀਆਂ ਹਨ, ਉਨ੍ਹਾਂ ਨੂੰ ਲੈ ਕੇ ਸੰਸਾਰ ਦੀ ਉਤਪਤੀ ਤੇ ਸੰਗਠਨ ਬਾਰੇ ਵੱਖ ਵੱਖ ਵਿਆਖਿਆਵਾਂ ਹੋ ਸਕਦੀਆਂ ਹਨ ਤੇ ਉਨ੍ਹਾਂ ਦੇ ਵਰਣਨ ਜਾਂ ਗੁਣਗਾਣ ਲਈ ਤਰ੍ਹਾਂ ਤਰ੍ਹਾਂ ਦੇ ਗ੍ਰੰਥ ਹੋ ਸਕਦੇ ਹਨ, ਪਰ ਜੇ ਕਿਸੇ ਵਿਚਾਰ ਵਿਚ ਈਸ਼ਵਰ ਤੇ ਭਗਤੀ ਦੇ ਅੰਸ਼ ਸ਼ਾਮਲ ਹਨ, ਇਹ ਧਰਮ ਹੈ।

ਫਿਲਾਸਫੀ ਦਾ ਮਨੋਰਥ ਤਰਕ ਤੇ ਵਿਚਾਰ ਰਾਹੀਂ ਮਨੁੱਖੀ ਪ੍ਰਸ਼ਨਾਂ ਦੇ ਉੱਤਰ ਜਾਣਨਾ ਹੈ। ਜੇ ਵਿਵੇਕ ਤੇ ਬੁੱਧੀ ਦੀ ਪਰਖ 'ਤੇ ਕੋਈ ਉੱਤਰ ਖਰਾ ਨਹੀਂ ਉਤਰਦਾ ਤਾਂ ਉਹ ਅੱਗੇ ਨਹੀਂ ਚਲਦਾ। ਫਿਲਾਸਫੀ ਵਿਚ ਮੁੱਢਲਾ ਸੰਕਲਪ ਕਿਸੇ ਮਨੌਤ ਨਾਲ ਜੁੜਿਆ ਹੋ ਸਕਦਾ ਹੈ, ਪਰ ਉਸ ਵਿਚ ਕੋਈ ਪਵਿੱਤਰ ਹਸਤੀ ਅਤੇ ਪੂਜਾ ਨਹੀਂ ਹੁੰਦੀ। ਉਹ ਉਦੋਂ ਤੀਕ ਹੀ ਵਿਚਾਰ ਸ਼੍ਰਿੰਖਲਾ ਦਾ ਭਾਗ ਹੈ, ਜਦੋਂ ਤੀਕ ਉਸ ਤੋਂ ਵਧੇਰੇ ਤਰਕਪੂਰਣ ਸੰਕਲਪ ਜਾਂ ਵਿਚਾਰ ਪੈਦਾ ਨਹੀਂ ਹੋ ਜਾਂਦਾ। ਪਲੈਟੋ "ਚੰਗਿਆਈ ਦੇ ਖਿਆਲ" (Idea of the Good) ਨੂੰ ਮੰਨਦਾ ਸੀ, ਪਰ ਇਸ ਨੂੰ ਰੱਬ ਮੰਨ ਕੇ ਇਸ ਦੀ ਪੂਜਾ ਨਹੀਂ ਸੀ ਕਰਦਾ। ਉਸ ਦੇ ਵਿਦਿਆਰਥੀ ਅਰਸਤੂ ਨੇ ਇਸ ਮਾਨਤਾ ਨੂੰ ਨਖਿੱਧ ਕਰ ਕੇ ਚੰਗੇ ਜੀਵਨ (Good Life) ਦਾ ਸੰਕਲਪ ਲਿਆਂਦਾ। ਉਸ ਨੇ ਵੀ ਇਸ ਦੀ ਪੂਜਾ ਨਹੀਂ ਕੀਤੀ। ਸੰਸਾਰ ਨੂੰ ਉਸ ਦਾ ਵਿਚਾਰ ਨਿੱਗਰ ਲੱਗਿਆ ਤੇ ਉਸ ਨੂੰ ਅਪਨਾ ਲਿਆ। ਪਲੈਟੋ ਦਾ ਸੰਕਲਪ ਕਿਤਾਬਾਂ ਵਿਚ ਧਰਿਆ ਰਹਿ ਗਿਆ। ਹੀਗਲ ਨੇ ਆਪਣਾ ਵਿਰੋਧ-ਵਿਕਾਸ (Dialectics) ਦਾ ਸਿਧਾਂਤ ਕਾਲ-ਆਤਮਾ (Time Spirit or Geist) ਨੂੰ ਮੰਨ ਕੇ ਘੜ੍ਹਿਆ; ਪਰ ਕਾਲ-ਆਤਮਾ ਕੋਈ ਰੱਬ ਨਹੀਂ ਸੀ ਤੇ ਨਾ ਹੀ ਕਿਸੇ ਨੇ ਇਸ ਦੀ ਪੂਜਾ ਕੀਤੀ। ਕਾਰਲ ਮਾਰਕਸ ਨੇ ਇਸ ਕਾਲ-ਆਤਮਾ ਦੀ ਥਾਂ ਪਦਾਰਥ ਦਾ ਸੰਕਲਪ ਅਪਨਾਇਆ ਤੇ ਮਨੁੱਖੀ ਇਤਿਹਾਸ ਨੂੰ ਵਿਰੋਧ-ਵਿਕਾਸੀ ਸਿਧਾਂਤ ਅਨੁਸਾਰ ਜਾਂਚ ਕੇ ਮਨੁੱਖੀ ਜੀਵਨ ਦੀ ਨਿਯਮ-ਬੱਧ ਵਿਆਖਿਆ ਕੀਤੀ। ਉਸ ਨੇ ਫਿਲਾਸਫੀ ਨੂੰ ਵਿਗਿਆਨ ਨਾਲ ਜੋੜ ਕੇ ਇਸ ਦਾ ਭੋਗ ਪਾ ਦਿੱਤਾ। ਅੱਜ ਕੱਲ ਹੀਗਲ ਦਾ ਨਹੀਂ, ਮਾਰਕਸ ਦਾ ਨਗਾਰਾ ਵੱਜਦਾ ਹੈ। ਉਸ ਦੇ ਆਲੋਚਕ ਵੀ ਉਸ ਦੇ ਸਿਧਾਂਤ ਦਾ ਲੋਹਾ ਮੰਨਦੇ ਹਨ, ਪਰ ਪਦਾਰਥ ਰੱਬ ਨਹੀਂ ਹੈ।

ਇਸ ਲਈ ਫਿਲਾਸਫੀ ਧਰਮ, ਮਿਥਿਹਾਸ, ਅੰਧ-ਵਿਸ਼ਵਾਸ ਤੇ ਭਗਤੀ-ਮਾਨਸਿਕਤਾ ਤੋਂ ਮੁਕਤ ਹੁੰਦੀ ਹੈ ਤੇ ਵਿਚਾਰਾਂ ਦੀ ਨਿੱਗਰਤਾ ਅਨੁਸਾਰ ਵਧਦੀ ਹੈ, ਪਰ ਵਿਗਿਆਨ ਇਸ ਤੋਂ ਵੀ ਇਕ ਕਦਮ ਅੱਗੇ ਹੈ। ਇਸ ਦੇ ਪਛਾਣ-ਸ਼ਬਦ ਯਥਾਰਥ, ਸਰਵੇਖਣ, ਤਰਕ ਤੇ ਪਰਿਖਣ ਹਨ। ਇਸ ਅਨੁਸਾਰ ਤਰਕ ਤੇ ਵਿਚਾਰ ਦੀ ਓਹੀ ਸਥਿਤੀ ਜਾਂ ਹਾਲਤ (State) ਸਹੀ ਹੈ, ਜੋ ਯਥਾਰਥਕ ਹੋਵੇ ਤੇ ਪ੍ਰੀਖਿਆ ਉਤੇ ਖਰੀ ਉਤਰਦੀ ਹੋਵੇ। ਭਾਵ ਜੋ ਕਰ ਕੇ ਦੇਖਿਆਂ ਠੀਕ ਹੈ, ਉਹੀ ਠੀਕ ਹੈ। ਇਸ ਲਈ ਵਿਗਿਆਨ ਕੋਈ ਮਨੋਰਥ ਨਹੀਂ, ਹਾਂ ਕਿਸੇ ਮਨੋਰਥ ਦੀ ਸੇਧ ਜਰੂਰ ਦੇ ਸਕਦਾ ਹੈ।

ਜਪੁਜੀ ਦੇ ਅੰਤ ਵਿਚ ਆਇਆ ਸਲੋਕ ਜਪੁਜੀ ਦੇ ਸਿੱਖੀ ਸਿਧਾਂਤ ਦਾ ਨਿਰਮਲ ਤੇ ਨਿਰਪੱਖ ਸਾਰ ਹੈ। ਇਹ ਜਪੁਜੀ ਦੀ ਸਿਧਾਂਤਕ ਸਥਿਤੀ ਨੂੰ ਸਪਸ਼ਟ ਕਰਦਾ ਹੈ। ਭਾਵੇਂ ਜਪੁਜੀ ਦੀ ਸਥਿਤੀ ਉਂਜ ਵੀ ਕਿਸੇ ਤਰ੍ਹਾਂ ਅਸਪਸ਼ਟ ਨਹੀਂ, ਪਰ ਫਿਰ ਵੀ ਇਸ ਨਿਚੋੜ ਦੇ ਅਧਿਐਨ ਤੋਂ ਇਸ ਦੀ ਪ੍ਰਕਿਰਤੀ ਬਾਰੇ ਕਈ ਸਹੀ ਸਿੱਟੇ ਮਿਲਦੇ ਹਨ। ਇਹ ਸਿੱਟੇ ਇਸ ਗੱਲ ਦਾ ਨਿਰਣਾਇਕ ਉਤਰ ਦਿੰਦੇ ਹਨ ਕਿ ਗੁਰੂ ਸਾਹਿਬ ਦੀ ਜਪੁਜੀ ਬਾਣੀ ਧਰਮ, ਫਿਲਾਸਫੀ ਤੇ ਵਿਗਿਆਨ-ਤਿੰਨਾਂ ਵਿਚੋਂ ਕੀ ਹੈ। ਕਈ ਵਿਦਵਾਨ ਇਸ ਸਲੋਕ ਬਾਰੇ ਸ਼ੰਕਾ ਖੜ੍ਹਾ ਕਰਦੇ ਹਨ ਕਿ ਇਹ ਗੁਰੂ ਨਾਨਕ ਦਾ ਲਿਖਿਆ ਨਹੀਂ ਹੈ, ਸਗੋਂ ਕਿਸੇ ਹੋਰ ਗੁਰੂ ਦਾ ਲਿਖਿਆ ਹੈ। ਸ਼ਾਇਦ ਉਹ ਇਸ ਨੂੰ ਜਪੁਜੀ ਨਾਲੋਂ ਨਿਖੇੜ ਕੇ ਇਸ ਦੀ ਵਿਆਖਿਆ ਬਾਰੇ ਕੋਈ ਭਰਮ ਪੈਦਾ ਕਰਨਾ ਚਾਹੁੰਦੇ ਹੋਣ, ਪਰ ਇਸ ਵਿਚਲੀ ਜਪੁਜੀ ਵਾਲੀ ਸ਼ਬਦਾਵਲੀ, ਕਾਵਿ-ਸ਼ੈਲੀ ਤੇ ਨਿਰਲੇਪਤਾ ਸਿੱਧ ਕਰਦੇ ਹਨ ਕਿ ਇਹ ਗੁਰੂ ਸਾਹਿਬ ਦੀ ਹੀ ਰਚਨਾ ਹੈ ਤੇ ਜਪੁਜੀ ਦਾ ਅਨਿੱਖੜਵਾਂ ਅੰਗ ਹੈ। ਇਸੇ ਲਈ ਗੁਰੂ ਅਰਜਨ ਨੇ ਵੀ ਇਸ ਨੂੰ ਗੁਰੂ ਸਾਹਿਬ ਦੀ ਕ੍ਰਿਤੀ ਮੰਨ ਕੇ ਆਦਿ ਗ੍ਰੰਥ ਵਿਚ ਗੁਰੂ ਸਾਹਿਬ ਦੇ ਨਾਂ ਹੇਠ ਲਿਖਿਆ ਹੈ। ਪੰਜਵੇਂ ਗੁਰੂ ਦੀ ਇਹ ਗਵਾਹੀ ਇਨ੍ਹਾਂ ਵਿਦਵਾਨਾਂ ਦੇ ਬੇ-ਬੁਨਿਆਦ ਇਤਰਾਜਾਂ ਨੂੰ ਸਾਫ ਕਰਨ ਲਈ ਕਾਫੀ ਹੈ। ਇਸ ਲਈ ਇਸ ਸਲੋਕ ਵਿਚਲਾ ਨਿਚੋੜ ਗੁਰੂ ਨਾਨਕ ਦਾ ਆਪਣਾ ਹੈ।

ਇਸ ਸਲੋਕ ਦੇ ਅਵਲੋਕਨ ਤੋਂ ਪਹਿਲੀ ਗੱਲ ਇਹ ਸਾਹਮਣੇ ਆਉਂਦੀ ਹੈ ਕਿ ਇਸ ਵਿਚ ਕਿਸੇ ਦੈਵੀ ਹੋਂਦ ਭਾਵ ਰੱਬ ਤੇ ਉਸ ਦੀ ਭਗਤੀ ਦਾ ਕੋਈ ਜ਼ਿਕਰ ਨਹੀਂ ਹੈ। ਸਮੁੱਚੇ ਜਪੁਜੀ ਵਿਚ ਇਹ ਦੂਜੀ ਥਾਂ ਹੈ, ਜਿੱਥੇ ਜੇ ਗੁਰੂ ਸਾਹਿਬ ਚਾਹੁੰਦੇ ਤਾਂ ਕਿਸੇ ਅਧਿਆਤਮਕ ਸ਼ਕਤੀ ਦਾ ਜ਼ਿਕਰ ਕਰ ਸਕਦੇ ਸਨ, ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਇਸ ਦੇ ਜ਼ਿਕਰ ਦੀ ਪਹਿਲੀ ਥਾਂ 34ਵੀਂ ਪਉੜੀ ਹੋ ਸਕਦੀ ਸੀ, ਉਹ ਉਥੇ ਵੀ ਚੁੱਪ ਰਹੇ ਸਨ। ਕਈ ਵਿਦਵਾਨ ਬਹਿਸ ਕਰਦੇ ਹਨ ਕਿ ਇਸ ਸਲੋਕ ਵਿਚ ਆਇਆ 'ਧਰਮੁ ਹਦੂਰਿ' ਰੱਬ ਹੈ ਤੇ 'ਨਾਮੁ ਧਿਆਇਆ' ਭਗਤੀ ਦਾ ਪ੍ਰਤੀਕ ਹੈ, ਪਰ ਉਹ ਭੁਲ ਜਾਂਦੇ ਹਨ ਕਿ 'ਧਰਮੁ ਹਦੂਰਿ' ਸਮਾਨਤਾ ਦੇ ਸਖਤ ਸਿਧਾਂਤ ਦਾ ਵਿਅਕਤੀਕਰਣ (Personification) ਹੈ। ਕਾਵਿ-ਸਾਹਿਤ ਵਿਚ ਇਹ ਕਈ ਵਾਰ ਕਰਨਾ ਹੀ ਪੈ ਜਾਂਦਾ ਹੈ, ਖਾਸ ਕਰ ਕੇ ਜਿੱਥੇ ਰਚਨਾ ਦਾ ਪਾਤਰ (Subject) ਅਗਿਆਤ ਜਾਂ ਵਿਸਰਜਿਤ (Defused) ਹੋਵੇ, ਪਰ ਉਸ ਨੂੰ ਸੰਬੋਧਨ ਕਰਕੇ ਗੱਲ ਕਰਨੀ ਪਵੇ। ਪੱਛਮ ਵਿਚ ਅੰਗਰੇਜ਼ੀ ਕਵੀ ਰੈਲਫ ਵਾਲਡੋ ਐਮਰਸਨ ਨੇ ਆਪਣੀ ਕਵਿਤਾ 'Ode to Beauty' ਵਿਚ ਸੁੰਦਰਤਾ ਦਾ ਵਿਅਕਤੀਕਰਨ ਕੀਤਾ ਹੋਇਆ ਹੈ। ਇਸੇ ਤਰ੍ਹਾਂ ਜਾਨ੍ਹ ਕੀਟਸ ਨੇ 'Ode to Nightingale' ਵਿਚ ਬੁਲਬੁਲ ਦਾ ਤੇ ਪੀ. ਬੀ. ਸ਼ੈਲੇ ਨੇ ਆਪਣੀਆਂ ਲੰਮੀਆਂ ਵਾਰਾਂ ਵਿਚ ਪੱਛਮੀ ਹਵਾਵਾਂ ਤੇ ਸਕਾਈ-ਲਾਰਕ ਨੂੰ ਵਿਅਕਤੀ-ਰੂਪ ਦਿੱਤਾ ਹੋਇਆ ਹੈ।

"ਨਾਮੁ ਧਿਆਉਣਾ" ਪਰਮ-ਸਤਿ ਦੇ ਅਸਲ ਨਾਮ ਨੂੰ ਲੱਭਣ ਵਲ ਧਿਆਨ ਦੇਣਾ ਭਾਵ ਖੋਜ ਦਾ ਰੁਝਾਨ ਹੈ। ਵਿਆਕਰਣ ਦੇ ਮਾਹਿਰ ਜਾਣਦੇ ਹਨ ਕਿ ਨਾਮ ਇਕ ਸਾਧਾਰਨ ਨਾਮ ਹੈ, ਜੋ ਹਰ ਚੀਜ਼ ਦਾ ਹੁੰਦਾ ਹੈ। ਇਸ ਤੋਂ ਇਲਾਵਾ ਹਰ ਇਕ ਚੀਜ਼ ਦਾ ਆਪਣਾ ਇਕ ਗੁਣ-ਆਧਾਰਿਤ ਵਿਸ਼ੇਸ਼ ਨਾਮ ਹੁੰਦਾ ਹੈ। ਇਸ ਲਈ ਸ੍ਰਿਸ਼ਟੀ ਦੇ ਪਾਰਲੇ ਤੱਤ ਭਾਵ ਪਰਮ-ਸਤਿ ਦਾ ਵੀ ਤਾਂ ਉਸ ਦੇ ਗੁਣਾਂ ਤੇ ਵਡਿਆਈਆਂ 'ਤੇ ਆਧਾਰਿਤ ਇਕ ਵਿਸ਼ੇਸ਼ ਨਾਮ ਹੋਵੇਗਾ। ਉਸ ਨਾਮ ਨੂੰ ਲੱਭਣ ਲਈ ਪਹਿਲਾਂ ਖੋਜ ਕਰਕੇ ਉਸ ਦੀਆਂ ਸਾਰੀਆਂ ਵਿਸ਼ੇਸ਼ਤਾਈਆਂ ਦਾ ਗਿਆਨ ਹਾਸਲ ਕਰਨਾ ਪਵੇਗਾ। ਇਸ ਉਪਰੰਤ ਹੀ ਨਾਮ ਅਰਥਾਤ ਸਾਧਾਰਨ ਨਾਮ ਤੋਂ ਵਿਸ਼ੇਸ਼ ਨਾਮ ਅਰਥਾਤ ਸਤਿ ਨਾਮੁ ਤੀਕ ਜਾਇਆ ਜਾ ਸਕੇਗਾ। ਸੋ, ਗੁਰੂ ਸਾਹਿਬ ਅਨੁਸਾਰ ਨਾਮੁ ਧਿਆਉਣਾ ਸਾਧਾਰਨ ਨਾਮ ਤੋਂ ਵਿਸ਼ੇਸ਼ ਨਾਮ ਤੀਕ ਦਾ ਸਫਰ ਹੈ। ਅਧਿਆਤਮਵਾਦੀ ਧਿਆਉਣ ਦੇ ਦੋ ਹੋਰ ਅਰਥ ਕੱਢਦੇ ਹਨ: ਸਮਾਧੀ ਲਾ ਕੇ ਸੋਚਣਾ ਤੇ ਮਾਲਾ ਫੇਰ ਕੇ ਨਾਮ-ਸ਼ਬਦ ਨੂੰ ਰਟਣਾ। ਇਹ ਦੋਵੇਂ ਅਰਥ ਠੀਕ ਨਹੀਂ, ਕਿਉਂਕਿ ਇਹ ਦੋਵੇਂ ਹੀ ਗੁਰੂ ਸਾਹਿਬ ਵਲੋਂ ਪ੍ਰਵਾਨਿਤ ਨਹੀਂ। ਇਨ੍ਹਾਂ ਵਿਚੋਂ ਪਹਿਲੇ ਅਰਥ ਨੂੰ ਗੁਰੂ ਸਾਹਿਬ ਪਹਿਲੀ ਪਉੜੀ ਵਿਚ ਨਕਾਰਦੇ ਹਨ ਤੇ ਦੂਜੇ ਨੂੰ 32ਵੀਂ ਵਿਚ। ਉਂਜ ਵੀ ਜੇ ਉਨ੍ਹਾਂ ਨੇ ਧਿਆਉਣ ਦਾ ਅਰਥ ਪੂਜਾ ਪਾਠ ਦੱਸਿਆ ਹੁੰਦਾ ਤਾਂ ਇਸ ਨੂੰ "ਮੁਸਕਤ" ਭਾਵ ਕਠੋਰ ਕੰਮ ਨਾ ਲਿਖਿਆ ਹੁੰਦਾ। ਭਗਤੀ ਭਾਵ ਵਾਲੇ ਤਾਂ ਇਸ ਨੂੰ ਪ੍ਰਭੂ ਸੇਵਾ ਸਮਝ ਕੇ ਪ੍ਰੇਮ ਭਾਵਨਾ ਨਾਲ ਕਰਦੇ ਹਨ। ਭਗਤੀ ਨੂੰ ਮੁਸਕਤ ਸਮਝਣਾ ਤਾਂ ਭਗਤੀ ਦਾ ਅਨਰਥ ਕਰਨ ਦੇ ਤੁੱਲ ਹੈ।

ਇਸ ਸਲੋਕ ਦੇ ਸਰਸਰੇ ਪਾਠ ਤੋਂ ਦੂਜੀ ਗੱਲ ਇਹ ਸਾਹਮਣੇ ਆਉਂਦੀ ਹੈ ਕਿ ਇਸ ਵਿਚ ਕਿਸੇ ਮਨਘੜ੍ਹਤ ਸੰਕਲਪ ਨੂੰ ਆਧਾਰ ਨਹੀਂ ਬਣਾਇਆ ਹੋਇਆ। ਇਹ ਕਿਸੇ ਪ੍ਰਚਲਤ ਮਾਨਤਾ ਨੂੰ ਨਹੀਂ ਮੰਨਦਾ ਤੇ ਉਸ ਤੇ ਖਿਆਲੀ ਮਹਿਲ ਨਹੀਂ ਉਸਾਰਦਾ। ਇਹ ਨਾ ਕੋਈ ਅਰਧ-ਸੱਚਾ ਅਨੁਮਾਨ (Hypothesis) ਘੜ੍ਹ ਕੇ ਚਲਦਾ ਹੈ ਤੇ ਨਾ ਹੀ ਕੋਈ ਮੁਢਲੇ ਸਿਧਾਂਤ (First Principles) ਉਲੀਕ ਕੇ ਅੱਗੇ ਵਧਦਾ ਹੈ। ਇਸ ਵਿਚ ਨਾ ਕੋਈ ਜਟਿਲ ਵਿਚਾਰਾਂ ਦਾ ਜਮਘਟਾ ਹੈ ਤੇ ਨਾ ਹੀ ਉਨ੍ਹਾਂ ਦੇ ਆਪਸੀ ਸਬੰਧਾਂ ਦੀ ਚਰਚਾ ਹੈ। ਨਾ ਕੋਈ ਪ੍ਰਸ਼ਨ ਉਠਾਇਆ ਗਿਆ ਹੈ ਤੇ ਨਾ ਉਤਰ ਦਿੱਤਾ ਗਿਆ ਹੈ। ਨਾ ਜਮੀਨ ਵਿਚ ਖੁਭ ਕੇ ਗੱਲ ਕੀਤੀ ਗਈ ਹੈ, ਨਾ ਉਪਰ ਕੁੱਦ ਕੇ। ਨਾ ਪਾਠਕ ਦੇ ਸੋਚਣ ਲਈ ਕੁਝ ਛੱਡਿਆ ਹੈ ਤੇ ਨਾ ਕੁਝ ਕਹਿਣ ਲਈ। ਜੇ ਕੁਝ ਹੈ ਤਾਂ ਪਿਛਲਾ ਯਾਦ ਕਰਨ ਲਈ ਤੇ ਅਗਲਾ ਪ੍ਰਾਪਤ ਕਰਨ ਲਈ। ਇਸ ਵਿਚ ਕਰਮ ਤੇ ਪ੍ਰਤੀਕਰਮ (Action and Reaction) ਦੀ ਬਾਤ ਹੈ। ਇਸ ਲਈ ਇਸ ਵਿਚ ਧਰਮ ਤੇ ਫਿਲਾਸਫੀ ਜਿਹੀ ਕੋਈ ਗੱਲ ਨਹੀਂ ਹੈ। ਹਾਂ, ਅਜੋਕੇ ਸਿੱਖ ਵਿਦਵਾਨ ਇਸ ਦੀ ਪਿਛਲੀ ਤੁਕ ਵਿਚ "ਕੇਤੀ ਛੁਟੀ ਨਾਲਿ" ਦੇ ਮਨ-ਭਾਉਂਦੇ ਅਰਥ ਕਰ ਕੇ ਇਸ ਨੂੰ ਹਿੰਦੂ ਫਿਲਾਸਫੀ ਨਾਲ ਜੋੜਦੇ ਹਨ। ਇਹ ਉਨ੍ਹਾਂ ਦੀ ਗੁਰੂ ਸਾਹਿਬ ਦੀ ਕਾਵਿ-ਸ਼ੈਲੀ ਬਾਰੇ ਅਗਿਆਨਤਾ ਦਾ ਪ੍ਰਤੀਕ ਹੈ।

ਇਸ ਸਲੋਕ ਬਾਰੇ ਤੀਜਾ ਸਰਵੇਖਣ (Observation) ਇਹ ਹੈ ਕਿ ਇਹ ਮਨੁੱਖ ਤੇ ਕੁਦਰਤ ਦੇ ਸਬੰਧਾਂ ਦਾ ਬਣਦਾ ਜ਼ਿਕਰ ਕਰਦਾ ਹੈ ਤੇ ਇਨ੍ਹਾਂ ਤੋਂ ਉਠਦੇ ਸਵਾਲਾਂ ਦੀ ਪ੍ਰਮਾਣਿਤ ਵਿਆਖਿਆ ਕਰਦਾ ਹੈ। ਗੁਰੂ ਸਾਹਿਬ ਇਸ ਸਲੋਕ ਨੂੰ ਹਵਾ, ਪਾਣੀ, ਧਰਤੀ, ਸਮੁੰਦਰ, ਦਿਨ ਤੇ ਰਾਤ ਦੇ ਕੁਦਰਤੀ ਮਾਹੌਲ ਵਿਚ ਪਲ ਰਹੀ ਮਨੁੱਖਤਾ ਦੀ ਗੱਲ ਨਾਲ ਅਰੰਭ ਕਰਦੇ ਹਨ। ਉਨ੍ਹਾਂ ਦਾ ਵਰਣਨ ਹੈ ਕਿ ਕੁਦਰਤੀ ਚੁਗਿਰਦੇ ਦਾ ਭਾਗ ਹੋਣ ਕਰਕੇ ਇਹ ਧਰਤੀ ਗਣਿਤੀ ਕਠੋਰਤਾ ਵਾਲੇ ਪ੍ਰਕ੍ਰਿਤਿਕ ਨਿਯਮਾਂ ਵਿਚ ਬੰਨੀ ਹੋਈ ਹੈ ਅਤੇ ਇੱਥੇ ਇਕ ਇਕ ਗੱਲ ਕੁਦਰਤੀ ਮਨਸ਼ਾ ਦੇ ਪੱਕੇ ਸੂਤਰਾਂ ਅਨੁਸਾਰ ਵਾਪਰਦੀ ਹੈ। ਇਸ ਨਿਯਮ-ਬੱਧ ਦੌੜ ਵਿਚ ਵਿਕਸਦੇ ਲੋਕ ਆਪਣੇ ਕਰਮਾਂ ਅਨੁਸਾਰ ਪ੍ਰਾਪਤੀਆਂ ਕਰਦੇ ਹਨ। ਆਪਣੀਆਂ ਪ੍ਰਾਪਤੀਆਂ ਕਾਰਨ ਕਈ ਆਪਣੀ ਮੰਜ਼ਿਲ ਭਾਵ ਪਰਮ-ਸਤਿ ਦੇ ਗਿਆਨ ਦੇ ਥੋੜ੍ਹਾ ਨੇੜੇ ਹਨ ਤੇ ਕਈ ਥੋੜ੍ਹਾ ਦੂਰ। ਗੁਰੂ ਸਾਹਿਬ ਅਨੁਸਾਰ ਜਿਨ੍ਹਾਂ ਨੇ ਨਾਮ ਧਿਆਉਣ ਦੇ ਮਾਮਲੇ ਵਿਚ ਹੱਡ ਤੋੜਵੀਂ ਮਿਹਨਤ ਕੀਤੀ ਹੈ, ਉਹ ਸਤਿਕਾਰ ਦੇ ਪਾਤਰ ਹਨ। ਭਾਵੇਂ ਉਨ੍ਹਾਂ ਦੀ ਬਹੁਤੀ ਪ੍ਰਾਪਤੀ ਨਹੀਂ ਤੇ ਉਹ ਆਪਣੇ ਪਿੱਛੇ ਆਉਣ ਵਾਲੀਆਂ ਪੀੜ੍ਹੀਆਂ ਦੇ ਕਰਨ ਲਈ ਬਹੁਤ ਸਾਰੀ ਮੁਸ਼ੱਕਤ ਛੱਡ ਗਏ ਹਨ ਤਾਂ ਵੀ ਉਨ੍ਹਾਂ ਦਾ ਨਾਂ ਸਤਿਕਾਰ ਨਾਲ ਲਿਆ ਜਾਂਦਾ ਹੈ।

ਜੇ ਮਨੁੱਖਤਾ ਦਾ ਟੀਚਾ ਬ੍ਰਹਮਗਿਆਨ ਹਾਸਲ ਕਰਨਾ ਹੈ ਤਾਂ ਇਹ ਸਲੋਕ ਮਨੁੱਖੀ ਕੋਸ਼ਿਸ਼ਾਂ ਦੇ ਇਤਿਹਾਸ ਦਾ ਸਹੀ ਬਿਆਨ (Statement) ਹੈ। ਗੁਰੂ ਸਾਹਿਬ ਇਸ ਵਿਚ ਇਕ ਪਾਸੇ ਮਿਹਨਤ ਤੇ ਫਲ (Cause and Effect) ਦੀ ਗੱਲ ਕਰਦੇ ਹਨ ਤੇ ਦੂਜੇ ਪਾਸੇ ਕਰਮ ਤੇ ਪ੍ਰਤੀਕਰਮ (Action and Reaction) ਦੀ। ਇਨ੍ਹਾਂ ਵਿਚ ਸਮਾਨਤਾ ਦੀ ਪੱਕੀ ਕੜੀ ਬਿਠਾ ਕੇ ਉਹ ਨਿਊਟਨ ਦੇ ਗੁਰੂਤਾ ਨਿਯਮਾਂ ਦੀ ਰੂਪ ਰੇਖਾ ਪੇਸ਼ ਕਰਦੇ ਲਗਦੇ ਹਨ। ਇਹ ਵਿਗਿਆਨ ਪੱਖ ਦੀ ਗੱਲ ਹੈ, ਕਿਉਂਕਿ ਬਿਨਾ ਪੂਰਵ-ਪਰਿਖਣ ਦੇ ਇਹ ਨਹੀਂ ਕਿਹਾ ਜਾ ਸਕਦਾ ਕਿ ਫਲ ਕਾਰਜ ਕਰਨ ਨਾਲ ਮਿਲਦੇ ਹਨ ਤੇ ਕਾਰਜ ਅਨੁਸਾਰ ਹੀ ਮਿਲਦੇ ਹਨ। ਗੁਰੂ ਸਾਹਿਬ ਦੀ ਇਹ ਅਨੁਭਵੀ ਗੱਲ ਇਸ ਸਲੋਕ ਉਤੇ ਵਿਗਿਆਨਕਤਾ ਦੀ ਮੋਹਰ ਲਾਉਂਦੀ ਹੈ।

ਇਸ ਨਿਚੋੜ ਰੂਪੀ ਬਾਣੀ ਵਿਚ ਗੁਰੂ ਸਾਹਿਬ ਨੇ ਨਿਰਵਿਵਾਦ ਢੰਗ ਨਾਲ ਦੱਸ ਦਿੱਤਾ ਹੈ ਕਿ ਉਨ੍ਹਾਂ ਦਾ ਸਿੱਖੀ ਸਿਧਾਂਤ ਯਥਾਰਥ, ਪ੍ਰਯੋਗ ਤੇ ਪ੍ਰਮਾਣ ਉਤੇ ਆਧਾਰਤ ਹੈ। ਇਹ ਨਾ ਧਾਰਮਿਕ ਹੈ, ਨਾ ਦਾਰਸ਼ਨਿਕ, ਸਗੋਂ ਵਿਗਿਆਨਿਕ ਹੈ; ਪਰ ਅਧਿਆਤਮਵਾਦ ਤੋਂ ਪ੍ਰੇਰਿਤ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਸ ਸਮਝ ਤੋਂ ਬਹੁਤ ਦੂਰ ਹਨ। ਉਹ ਇਸ ਨੂੰ ਪੂਜਾ ਪਾਠ ਦੀ ਸਮਗਰੀ ਤੇ ਪ੍ਰਭੂ ਪੂਜਨ ਦਾ ਸਾਧਨ ਸਮਝਦੇ ਹਨ। ਇਸੇ ਲਈ ਭਗਤੀ ਵਿਚਾਰਧਾਰਾ ਦੇ ਇਹ ਅਜੋਕੇ ਪੈਰੋਕਾਰ ਗੁਰੂ ਸਾਹਿਬ ਦੇ ਇੰਨੀ ਸਰਲ ਭਾਸ਼ਾ ਵਿਚ ਲਿਖੇ ਇਸ ਸਲੋਕ ਦਾ ਅਰਥ ਵੀ ਰੁਹਾਨੀਅਤ ਦੀ ਰੰਗਤ ਵਿਚ ਕਰਦੇ ਹਨ। ਉਨ੍ਹਾਂ ਦੀ ਵਿਆਖਿਆ ਦਾ ਨਮੂਨਾ ਹੇਠ ਦਿੱਤਾ ਗਿਆ ਹੈ। ਪਹਿਲਾਂ ਸਲੋਕ ਦੀਆਂ ਤੁਕਾਂ ਤੇ ਉਨ੍ਹਾਂ ਦੇ ਬਣਦੇ ਅਰਥ ਹਾਜ਼ਰ ਹਨ।

ਸਲੋਕੁ॥
ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ॥੧॥

ਇਸ ਸਲੋਕ ਵਿਚ ਗੁਰੂ ਸਾਹਿਬ ਸੰਸਾਰ ਦੇ ਜੀਵਾਂ ਦੀ ਉਤਪਤੀ ਅਤੇ ਪ੍ਰਤੀਪਾਲਨ ਬਾਰੇ ਉਚ-ਪੱਧਰਾ ਸਰਵੇਖਣ ਕਰਦਿਆਂ ਲਿਖਦੇ ਹਨ ਕਿ ਇਨ੍ਹਾਂ ਦੇ ਜੀਵਨ ਵਿਚ ਸਭ ਤੋਂ ਵੱਡਾ ਮਹੱਤਵ ਧਰਤੀ ਦਾ ਹੈ, ਜੋ ਇਨ੍ਹਾਂ ਦੀ ਮਾਂ ਵਾਂਗ ਹੈ। ਜਿਵੇਂ ਮਾਂ ਬੱਚੇ ਲਈ ਖੁਰਾਕ ਪੈਦਾ ਕਰਦੀ ਹੈ, ਤਿਵੇਂ ਇਨ੍ਹਾਂ ਦੇ ਸਭ ਖਾਧ ਪਦਾਰਥ ਧਰਤੀ ਵਿਚੋਂ ਪੈਦਾ ਹੁੰਦੇ ਹਨ। ਪਾਣੀ ਜੋ ਇਨ੍ਹਾਂ ਦਾ ਜੀਵਨ ਆਧਾਰ ਹੈ, ਇਕ ਪਿਤਾ ਵਾਂਗ ਹੈ, ਜਿਸ ਦੇ ਸਹਾਰੇ ਇਹ ਵਧਦੇ-ਫੁਲਦੇ ਹਨ। ਪੌਣ ਦੀ ਸਥਿਤੀ ਗੁਰੂ ਵਾਂਗ ਹੈ, ਜੋ ਨਾ ਸਿਰਫ ਇਨ੍ਹਾਂ ਦੇ ਸਵਾਸਾਂ ਨੂੰ ਚਲਾ ਕੇ ਇਨ੍ਹਾਂ ਨੂੰ ਜਿੰਦਾ ਰੱਖਦੀ ਹੈ, ਸਗੋਂ ਆਪਣੇ ਸੁਤੰਤਰਤਾ ਦੇ ਗੁਣ ਨਾਲ ਉਨ੍ਹਾਂ ਨੂੰ ਆਤਮ ਨਿਰਭਰਤਾ ਸਿਖਾਉਂਦੀ ਹੈ। ਦਿਨ ਤੇ ਰਾਤ ਦੋਵੇਂ ਦਾਈ (Female nurse) ਤੇ ਦਾਏ (Male nurse) ਵਾਂਗੂੰ ਹਨ, ਜੋ ਦਿਨ-ਰਾਤ ਇਨ੍ਹਾਂ ਦੀ ਪਰਵਰਿਸ਼ ਕਰਦੇ ਹਨ। ਇਨ੍ਹਾਂ ਸਭਨਾਂ ਦੇ ਮਿਲਵਰਤਨੀ ਵਾਤਾਵਰਣ ਵਿਚ ਸਾਰਾ ਸੰਸਾਰ ਖੇਲ ਰਿਹਾ ਹੈ ਭਾਵ ਸਮੁੱਚੇ ਜਗਤ ਦੀ ਜੀਵਨ ਲੀਲਾ ਚਲ ਰਹੀ ਹੈ। ਇਨ੍ਹਾਂ ਸਭਨਾਂ ਦੇ ਚੰਗੇ ਤੇ ਮਾੜੇ ਕੰਮਾਂ ਦਾ ਹਿਸਾਬ ਕਿਤਾਬ "ਧਰਮ ਸਾਹਿਬ" ਨੋਟ ਕਰੀ ਜਾਂਦੇ ਹਨ ਭਾਵ ਕੁਦਰਤ ਦੇ ਨਿਯਮਾਂ ਅਨੁਸਾਰ ਇਕ ਧਰਮ-ਕੰਡੇ ਦੀ ਕੁਸ਼ਲਤਾ ਨਾਲ ਨੋਟ ਹੋਈ ਜਾਂਦਾ ਹੈ। ਇਨ੍ਹਾਂ ਕਰਮਾਂ ਦੇ ਲੇਖੇ ਭਾਵ ਹਿਸਾਬ-ਕਿਤਾਬ ਦੇ ਬਕਾਏ (Balance) ਅਨੁਸਾਰ ਹੀ ਜੀਵਾਂ ਦੀਆਂ ਪ੍ਰਾਪਤੀਆਂ ਤੈਅ ਹੁੰਦੀਆਂ ਹਨ। ਇਸ ਲਈ ਕਈ ਆਪਣੇ ਉਦੇਸ਼ਾਂ ਦੇ ਨੇੜੇ ਚਲੇ ਹਨ ਤੇ ਕਈ ਦੂਰ ਰਹਿ ਜਾਂਦੇ ਹਨ। ਇਹੀ ਹਾਲਤ ਪਰਮ-ਸਤਿ ਦੇ ਗਿਆਨ ਦੇ ਖੇਤਰ ਵਿਚ ਹੈ। ਜਿਨ੍ਹਾਂ ਨੇ ਉਸ ਦੇ ਨਾਮ ਵਲ ਧਿਆਨ ਦਿੱਤਾ ਹੈ, ਭਾਵ ਧਿਆਨ ਨਾਲ ਉਸ ਦੇ ਗੁਣ ਵਡਿਆਈਆਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ ਤੇ ਉਸ ਦੇ ਸਹੀ ਵਜੂਦ ਅਨੁਸਾਰ ਉਸ ਦਾ ਨਾਮ ਨਿਰਧਾਰਤ ਕਰਨ ਵਲ ਵਧੇ ਹਨ, ਉਹ ਕਰੜੀ ਮਿਹਨਤ ਕਰ ਕੇ ਚਲੇ ਗਏ ਹਨ। ਭਾਵੇਂ ਉਨ੍ਹਾਂ ਨੂੰ ਠੋਸ ਸਫਲਤਾ ਨਹੀਂ ਮਿਲੀ, ਫਿਰ ਵੀ ਉਹ ਆਪਣੇ ਉਦਮ ਵਿਚ ਜੁਟੇ ਰਹਿਣ ਕਰ ਕੇ ਸਰਾਹਣਾ ਦੇ ਪਾਤਰ ਹਨ ਤੇ ਗਿਆਨ ਪ੍ਰਾਪਤੀ ਦੇ ਇਤਿਹਾਸ ਵਿਚ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਉਂਜ ਉਨ੍ਹਾਂ ਦੇ ਕਰਨ ਤੋਂ ਬਾਅਦ ਕਿੰਨੀ ਹੀ ਮਿਹਨਤ ਮੁਸ਼ੱਕਤ ਕਰਨ ਵਾਲੀ ਰਹੀ ਪਈ ਹੈ, ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਨੇ ਪੂਰਾ ਕਰਨਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੀ ਬਾਣੀ ਜਪੁਜੀ ਨੂੰ ਨਾਮ ਦੀ ਖੋਜ ਤੋਂ ਸ਼ੁਰੂ ਕਰ ਕੇ ਨਾਮ ਦੀ ਖੋਜ 'ਤੇ ਹੀ ਖਤਮ ਕੀਤਾ ਹੈ। ਉਨ੍ਹਾਂ ਨੇ ਜਿਸ ਮਨੋਰਥ ਨੂੰ ਲੈ ਕੇ ਆਪਣਾ ਕੰਮ ਅਰੰਭਿਆ ਸੀ, ਉਸੇ ਨੂੰ ਚਲਦਾ ਰੱਖਣ ਦੀ ਆਸਾ ਨਾਲ ਇਸ ਨੂੰ ਸਮਾਪਤ ਕੀਤਾ ਹੈ। ਕੁਦਰਤ, ਗਿਆਨ, ਵਿਗਿਆਨ, ਹੁਕਮ, ਯਥਾਰਥ, ਖੋਜ ਤੇ ਨਾਮ ਨੂੰ ਅਰੰਭ ਵਿਚ ਮੁੱਖ ਰੱਖਿਆ ਸੀ ਤੇ ਉਸੇ ਨੂੰ ਅੰਤ ਵਿਚ ਅੱਗੇ ਰੱਖਿਆ ਹੈ। ਵਿਸ਼ਵਾਸ, ਭਗਤੀ, ਸਿਆਣਪਾਂ, ਭਰਮਾਂ ਤੇ ਕਰਾਮਾਤਾਂ ਨੂੰ ਪਹਿਲਾਂ ਵੀ ਦੂਰ ਰੱਖਿਆ ਸੀ ਤੇ ਅਖੀਰ ਵਿਚ ਵੀ ਇਵੇਂ ਹੀ ਕੀਤਾ ਹੈ।

ਆਧੁਨਿਕ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਇਸ ਸਲੋਕ ਦੀ ਵਿਆਖਿਆ ਕਰਦੇ ਲਿਖਦੇ ਹਨ, "ਪ੍ਰਾਣ (ਸਰੀਰਾਂ ਲਈ ਇਉਂ ਹਨ ਜਿਵੇਂ) ਗੁਰੂ (ਜੀਵਾਂ ਦੇ ਆਤਮਾ ਲਈ) ਹੈ, ਪਾਣੀ (ਸਭ ਜੀਵਾਂ ਦਾ) ਪਿਉ ਹੈ ਅਤੇ ਧਰਤੀ (ਸਭ ਦੀ) ਵੱਡੀ ਮਾਂ ਹੈ। ਦਿਨ ਤੇ ਰਾਤ ਦੋਵੇਂ ਖਿਡਾਵਾ ਤੇ ਖਿਡਾਵੀ ਹਨ, ਸਾਰਾ ਸੰਸਾਰ ਖੇਡ ਰਿਹਾ ਹੈ, (ਭਾਵ ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਵਿਚ ਅਤੇ ਦਿਨੇ ਕਾਰ-ਵਿਚਾਰ ਵਿਚ ਪਰਚੇ ਪਏ ਹਨ)। ਧਰਮਰਾਜ ਅਕਾਲ ਪੁਰਖ ਦੀ ਹਜ਼ੂਰੀ ਵਿਚ (ਜੀਵਾਂ ਦੇ ਕੀਤੇ ਹੋਏ) ਚੰਗੇ ਤੇ ਮੰਦੇ ਕੰਮ ਵਿਚਾਰਦਾ ਹੈ। ਆਪੋ-ਆਪਣੇ (ਇਨ੍ਹਾਂ ਕੀਤੇ ਹੋਏ) ਚੰਗੇ ਤੇ ਮੰਦੇ ਕੰਮ ਵਿਚਾਰਦਾ ਹੈ। ਆਪੋ-ਆਪਣੇ (ਇਨ੍ਹਾਂ ਕੀਤੇ ਹੋਏ) ਕਰਮਾਂ ਦੇ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਅਕਾਲ ਪੁਰਖ ਤੋਂ ਦੂਰ ਹੋ ਜਾਂਦੇ ਹਨ। ਹੇ ਨਾਨਕੁ! ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫਲੀ ਕਰ ਗਏ ਹਨ, (ਅਕਾਲ ਪੁਰਖ ਦੇ ਦਰ 'ਤੇ) ਉਹ ਉਜਲ ਮੁਖ ਵਾਲੇ ਹਨ ਅਤੇ (ਹੋਰ ਵੀ) ਕਈ ਜੀਵ ਉਨ੍ਹਾਂ ਦੀ ਸੰਗਤ ਵਿਚ (ਰਹਿ ਕੇ) ('ਕੂੜ ਦੀ ਪਾਲ' ਢਾਹ ਕੇ ਮਾਇਆ ਦੇ) ਬੰਧਨਾਂ ਤੋਂ ਆਜ਼ਾਦ ਹੋ ਗਏ ਹਨ।"

ਇਸ ਸਲੋਕ ਦੀ ਵਿਆਖਿਆ ਉਪਰੋਕਤ ਵਿਦਵਾਨ ਤੋਂ ਇਲਾਵਾ ਕਈ ਹੋਰਾਂ ਨੇ ਵੀ ਕੀਤੀ ਹੈ, ਪਰ ਸਭ ਨੇ ਇਹੋ ਜਿਹੇ ਹੀ ਅਰਥ ਕੀਤੇ ਹਨ। ਕਈਆਂ ਦੇ ਤਾਂ ਸ਼ਬਦ ਤੇ ਵਾਕ ਵੀ ਆਪਸ ਵਿਚ ਮਿਲਦੇ ਹਨ। ਇਸ ਲਈ ਇਹੀ ਸਮੀਖਿਆ ਉਨ੍ਹਾਂ ਸਭ 'ਤੇ ਵੀ ਲਾਗੂ ਹੁੰਦੀ ਹੈ। ਇਨ੍ਹਾਂ ਸਭਨਾਂ ਵਿਚ ਅਧਿਆਤਮਵਾਦੀ ਸੋਚ ਪ੍ਰਧਾਨ ਹੈ, ਜਿਸ ਕਾਰਨ ਇਹ ਕਿਸੇ ਤਰਕ 'ਤੇ ਨਹੀਂ ਖੜ੍ਹਦੇ। ਸੇਵਕ ਬਿਰਤੀ ਕਾਰਨ ਇਹ ਮੌਕਾ ਮਿਲਦਿਆਂ ਹੀ ਪੂਜਾ ਪਾਠ ਵਲ ਝੋਲ ਖਾ ਜਾਂਦੇ ਹਨ ਤੇ ਅੰਦਰੂਨੀ ਦਵੰਧ ਦਾ ਸ਼ਿਕਾਰ ਹੋ ਜਾਂਦੇ ਹਨ। ਮਿਸਾਲ ਵਜੋਂ ਗੁਰੂ ਸਾਹਿਬ ਦੁਨਿਆਵੀ ਜੀਵਨ ਦੇ ਜਿਨ੍ਹਾਂ ਸਹਾਈ ਤੱਤਾਂ ਦਾ ਬਿਆਨ ਕਰਦੇ ਹਨ, ਜਿਨ੍ਹਾਂ ਵਿਚ ਕੋਈ ਵੀ ਤੱਤ ਦੈਵੀ ਨਹੀਂ ਹੈ, ਪਰ ਇਹ ਵਿਦਵਾਨ ਮਨੁੱਖਤਾ ਨਾਲ ਇਨ੍ਹਾਂ ਤੱਤਾਂ ਦੀਆਂ ਭੌਤਿਕ ਸਾਂਝਾਂ ਦੀ ਥਾਂ ਰੂਹਾਨੀ ਸਾਂਝਾਂ ਦੱਸਣ ਲੱਗ ਜਾਂਦੇ ਹਨ। ਇਕ ਟੀਕਾਕਾਰ ਪਵਣ ਨੂੰ ਗੁਰੂ ਦੱਸਦਾ ਹੋਇਆ ਇਸ ਦੀ ਤੁਲਨਾ ਜੀਵ ਤੇ ਆਤਮਾ ਦੇ ਸਬੰਧ ਨਾਲ ਕਰਦਾ ਹੈ, ਦੂਜਾ ਇਸ ਨੂੰ ਗੁਰੂ ਇਸ ਲਈ ਕਹਿੰਦਾ ਹੈ ਕਿ ਇਹ ਗੁਰੂ ਦੇ ਸ਼ਬਦ ਨੂੰ ਬੋਲਣ ਵਿਚ ਸਹਾਈ ਹੁੰਦੀ ਹੈ ਤੇ ਤੀਜਾ ਇਸ ਲਈ ਕਿ ਇਸ ਰਾਹੀਂ ਸੰਗੀਤ ਪੈਦਾ ਹੁੰਦਾ ਹੈ। ਮੰਨਿਆਂ ਪਵਣ ਜੀਵ ਨੂੰ ਸਾਹ ਲੈਣ ਵਿਚ ਕੰਮ ਆਉਂਦੀ ਹੈ ਤੇ ਉਹ ਸਾਹ ਰਾਹੀਂ ਬੋਲਦਾ ਵੀ ਹੈ, ਪਰ ਗੁਰੂ ਰੂਪ ਵਿਚ ਤਾਂ ਉਹ ਉਸ ਨੂੰ ਆਪਣੇ ਵਾਂਗ ਚਲਣਾ ਫਿਰਨਾ, ਹਰਕਤ ਵਿਚ ਆਉਣਾ, ਉਚਾਈ ਵਲ ਉਡਣਾ ਤੇ ਕੰਮ ਕਰਨਾ ਹੀ ਸਿਖਾ ਸਕਦੀ ਹੈ। ਮੰਨ ਲਓ, ਜੇ ਇਹ ਬੋਲਣਾ ਵੀ ਸਿਖਾਉਂਦੀ ਹੈ, ਤਾਂ ਬੋਲ ਚਾਲ ਵਿਚ ਸਿਰਫ ਗੁਰੂ ਦਾ ਸ਼ਬਦ ਹੀ ਤਾਂ ਨਹੀਂ ਹੈ, ਹੋਰ ਵੀ ਬਹੁਤ ਕੁਝ ਹੈ। ਯਥਾਰਥ ਤੋਂ ਵਿਜੋਗੀ ਸੋਚ ਤੇ ਇਕ ਪਾਸੜ ਝੁਕਾਅ ਹੀ ਇਨ੍ਹਾਂ ਵਿਦਵਾਨਾਂ ਦੀਆਂ ਵਿਆਖਿਆਵਾਂ ਦਾ ਮੁੱਖ ਦੋਸ਼ ਹੈ।

ਗੁਰੂ ਸਾਹਿਬ ਨੇ ਧਰਮ ਦੇ ਸ਼ਬਦ ਨੂੰ ਕੁਦਰਤੀ ਪ੍ਰਕ੍ਰਿਆਵਾਂ ਦੀ ਪਰਪੱਕ ਪ੍ਰਵਿਰਤੀ ਲਈ ਵਰਤਿਆ ਹੈ। ਕੁਦਰਤ ਤੋਂ ਕੁਝ ਛੁਪਾਇਆ ਨਹੀਂ ਜਾ ਸਕਦਾ ਤੇ ਇਸ ਤੋਂ ਬਚਿਆ ਨਹੀਂ ਜਾ ਸਕਦਾ। ਹਾਂ, ਕੁਦਰਤ ਦੇ ਇਕ ਵਰਤਾਰੇ ਦੀ ਆੜ ਵਿਚ ਦੂਜੇ ਤੋਂ ਬਚਿਆ ਜਾ ਸਕਦਾ ਹੈ। ਜੋ ਮੀਂਹ ਵਿਚ ਖੜ੍ਹੇਗਾ, ਉਹ ਭਿੱਜਣ ਤੋਂ ਬਚ ਨਹੀਂ ਸਕਦਾ, ਪਰ ਜੇ ਉਹ ਆਪਣੇ 'ਤੇ ਪੈਣ ਵਾਲਾ ਮੀਂਹ ਛਤਰੀ 'ਤੇ ਪਵਾ ਲਵੇ ਤਾਂ ਆਪ ਸੁੱਕਾ ਰਹੇਗਾ। ਇਸੇ ਤਰ੍ਹਾਂ ਅੱਗ ਵਿਚ ਸਿੱਧਾ ਹੱਥ ਪਾਉਣ ਨਾਲ ਹੱਥ ਸੜੇਗਾ ਹੀ ਤੇ ਪਾਣੀ ਵਿਚ ਡਿਗਣ ਵਾਲਾ ਪਾਣੀ ਵਿਚ ਡੁਬੇਗਾ ਹੀ। ਸਕੂਲ ਤੋਂ ਗੈਰ ਹਾਜ਼ਰ ਰਹਿਣ ਨਾਲ ਨਾਮ ਕਟਣਾ, ਕਿਸੇ ਨੂੰ ਗਾਲ੍ਹ ਕੱਢਣ ਨਾਲ ਉਸ ਦੇ ਗੁੱਸੇ ਦਾ ਸ਼ਿਕਾਰ ਹੋਣਾ ਤੇ ਨੇਕੀ ਕਰਨ ਨਾਲ ਨੇਕੀ ਮਿਲਣਾ ਇਸੇ ਤਰ੍ਹਾਂ ਦੇ ਹੀ ਪੱਕੇ ਕੁਦਰਤੀ ਨਿਯਮ ਹਨ, ਜਿਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ। ਕੁਦਰਤ ਦੇ ਨਿਯਮ ਹਰੇਕ ਕੀਤੇ ਕਰਮ ਦਾ ਹਿਸਾਬ ਬਰਾਬਰ ਰੱਖਦੇ ਹਨ, ਉਹ ਵੀ ਗਿਣਤੀ-ਮਿਣਤੀ ਦੀ ਹਿਸਾਬੀ ਡੂੰਘਾਈ ਤੀਕ ਜਾ ਕੇ। ਕੁਦਰਤੀ ਨਿਯਮ ਦਿਖਾਈ ਨਹੀਂ ਦਿੰਦੇ, ਪਰ ਇਹ ਕੁਦਰਤ ਦੇ ਧਰਮ ਭਾਵ ਪੱਕੇ ਫਰਜ਼ ਵਾਂਗ ਹਰ ਥਾਂ ਲਾਗੂ ਹੁੰਦੇ ਹਨ। ਜਿੱਥੇ ਕੋਈ ਨਹੀਂ ਦੇਖ ਰਿਹਾ ਹੁੰਦਾ, ਉਥੇ ਵੀ ਇਹ ਨਿਯਮ ਦੇਖ ਰਹੇ ਹੁੰਦੇ ਹਨ ਤੇ ਆਪਣਾ ਕੰਮ ਅਚੁੱਕ ਕਰ ਰਹੇ ਹੁੰਦੇ ਹਨ। ਇਸ ਲਈ ਗੁਰੂ ਸਾਹਿਬ ਨੇ ਇਸ ਕੁਦਰਤੀ ਵਰਤਾਰੇ ਨੂੰ ਇਸ ਸ਼ਬਦ ਵਿਚ "ਵਾਚੈ ਧਰਮੁ ਹਦੂਰਿ" ਕਹਿ ਦਿੱਤਾ ਹੈ। ਇਸ ਦਾ ਭਾਵ ਇਹ ਨਹੀਂ ਕਿ ਧਰਮ ਸੱਚੀ ਮੁੱਚੀ ਇਕ ਦੈਵੀ ਕਾਰਿੰਦਾ ਹੈ, ਜੋ ਮਨੁੱਖ ਦੇ ਕੰਮਾਂ ਨੂੰ ਤਾੜਦਾ ਰਹਿੰਦਾ ਹੈ। ਸਭ ਟੀਕਾਕਾਰ ਕਹਿੰਦੇ ਹਨ, "ਧਰਮਰਾਜ ਅਕਾਲ ਪੁਰਖ ਦੀ ਹਜ਼ੂਰੀ ਵਿਚ (ਜੀਵਾਂ ਦੇ ਕੀਤੇ ਹੋਏ) ਚੰਗੇ ਤੇ

***(ਬਾਕੀ ਅਗਲੇ ਸਫੇ 'ਤੇ)***

# ਖੁਸ਼ਦਿਲ-ਤਾਇਆ

ਮੇਜਰ ਤਾਇਆ ਭਾਵੇਂ ਸਾਡੇ ਸਕਿਆਂ ਦੇ ਘਰਾਂ 'ਚੋਂ ਨਹੀਂ ਸੀ, ਪਰ ਉਸ ਦੀ ਹਰ ਇੱਕ ਨਾਲ ਪੂਰੀ ਸਾਂਝ ਸੀ। ਉਮਰ 'ਚ 65 ਕੁ ਦੇ ਨੇੜੇ-ਤੇੜੇ ਹੋਊ, ਸਰੀਰਕ ਤੌਰ 'ਤੇ ਪੂਰਾ ਫਿੱਟ ਪਿਆ ਸੀ। ਉਸ ਨੇ ਵਿਆਹ ਨਹੀਂ ਸੀ ਕਰਵਾਇਆ। ਸੁਭਾਅ ਹਾਸੇ-ਮਖੌਲ ਵਾਲਾ ਤੇ ਇੱਜਤ ਦਾ ਪੂਰਾ ਰੁਪਿਆ ਸੀ। ਇਸੇ ਕਰਕੇ ਹੀ ਸਾਰੇ ਉਸ ਨਾਲ ਹਾਸੇ-ਮਖੌਲ ਕਰਦੇ ਰਹਿੰਦੇ ਸਨ ਤੇ ਉਹ ਵੀ ਕਦੇ ਕਿਸੇ ਦਾ ਗੁੱਸਾ ਨਹੀਂ ਮੰਨਦਾ ਸੀ। ਸਗੋਂ ਅੱਗੋਂ ਆਪ ਵੀ ਮਖੌਲਾਂ ਕਰਦਾ ਰਹਿੰਦਾ ਸੀ। ਭਾਵ ਪੂਰਾ ਖੁਸ਼ਦਿਲ ਬੰਦਾ ਸੀ ਤਾਇਆ।

**ਬਲਜਿੰਦਰ ਆਲੀਕੇ**
ਫੋਨ: 91-94645-62678

ਸਮਾਂ ਸ਼ਾਮ ਪੰਜ ਕੁ ਵਜੇ ਦਾ ਸੀ, ਮੈਂ ਚੁਬਾਰੇ 'ਚੋਂ ਪਿਛਲੀ ਗਲੀ 'ਚ ਬਣੀ ਚੌਕੜੀ 'ਤੇ ਬੈਠੇ ਮੇਜਰ ਤਾਏ ਨੂੰ ਦੇਖਿਆ। ਵਿਹਲੇ ਹੋਣ ਕਰਕੇ ਮੈਂ ਸੋਚਿਆ ਤਾਏ ਕੋਲ ਚੱਲ ਕੇ ਦਸ ਮਿੰਟ ਹੱਸਦੇ-ਖੇਡਦੇ ਆਂ। ਮੈਂ ਪਹਿਲਾਂ ਵਾਂਗ ਅੱਜ ਫਿਰ ਮਸ਼ਕਰੀ ਕਰਦਿਆਂ ਕਿਹਾ, "ਕਿਵੇਂ ਆ ਤਾਇਆ? ਕਰਵਾਈਏ ਕੋਈ ਰਿਸ਼ਤਾ, ਲਿਆਈਏ ਕੋਈ ਮੇਮ ਵਿਆਹ ਕੇ? ਹੁਣ ਤਾਂ ਤੇਰੀ ਉਮਰ ਆ, ਜਮਾਂ ਮੇਰਾ ਹਾਣੀ ਲੱਗਦੈਂ।"

ਜੋ ਪਹਿਲਾਂ ਮੈਨੂੰ ਅੱਗੋਂ ਮਸ਼ਕਰੀ 'ਚ ਕਹਿੰਦਾ ਹੁੰਦਾ ਸੀ, 'ਮੈਨੂੰ ਵਿਆਹ ਦੀ ਕੀ ਲੋੜ ਐ, ਹੈਗੀ ਆ ਤੇਰੀ ਬੇਬੇ!' ਉਹ ਅੱਜ ਕੁਝ ਵੀ ਨਾ ਬੋਲਿਆ। ਮੈਂ ਫਿਰ ਪੁੱਛਿਆ, "ਕਿਵੇਂ ਤਾਇਆ? ਲੱਗਦੈ ਸਿਹਤ ਢਿੱਲੀ ਆ, ਜੋ ਅੱਜ ਬੋਲਿਆ ਈ ਨਹੀਂ।" ਉਹ ਬਿਲਕੁਲ ਚੁੱਪ ਸੀ।

ਜਦੋਂ ਮੈਂ ਉਸ ਦੀਆਂ ਅੱਖਾਂ ਵੱਲ ਦੇਖਿਆ ਤਾਂ ਉਸ ਦੀਆਂ ਅੱਖਾਂ ਭਰੀਆਂ ਹੋਈਆਂ ਸਨ। ਮੈਂ ਤਾਏ ਕੋਲ ਬਹਿੰਦਿਆਂ ਮੋਢੇ ਨੂੰ ਫੜ ਕੇ ਪੁੱਛਿਆ, "ਕੀ ਹੋਇਆ ਤਾਇਆ! ਅੱਜ ਮੈਂ ਤੈਨੂੰ ਪਹਿਲੀ ਵਾਰ ਪ੍ਰੇਸ਼ਾਨ ਦੇਖਿਆ। ਸਭ ਠੀਕ ਤਾਂ ਹੈਂ? ਕੋਈ ਬੋਲਿਆ ਤੇਰੇ ਨਾਲ ਘਰੇ!"

"ਨਹੀਂ, ਨਹੀਂ ਭਤੀਜ! ਬਸ ਐਵੇਂ ਚਿੱਤ ਜਿਹਾ ਠੀਕ ਨਹੀਂ ਸਵੇਰ ਦਾ।" ਪਹਿਲਾਂ ਤਾਂ ਉਸ ਨੇ ਗੱਲ ਟਾਲਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਮੈਂ ਵਾਰ-ਵਾਰ ਪੁੱਛਿਆ ਤੇ ਕਿਹਾ ਕਿ ਆ ਜਾ ਘਰ ਚਲਦੇ ਆ। ਮੈਂ ਉਨ੍ਹਾਂ ਨੂੰ ਆਪਣੇ ਘਰ ਲੈ ਆਇਆ। ਜਦੋਂ ਅਸੀਂ ਉੱਪਰ ਆਏ ਤਾਂ ਮੈਂ ਕਿਹਾ, "ਬਾਕੀ ਗੱਲਾਂ ਛੱਡ ਤਾਇਆ! ਦੱਸ ਕੀ ਖਾਵੇਂਗਾ?"

"ਖਾਣਾ ਤਾਂ ਕੀ ਆ ਪੁੱਤ, ਦੋ ਰੋਟੀਆਂ ਖਾਨਾਂ ਇੱਕ ਡੰਗ ਦੀਆਂ।" ਐਨਾ ਕਹਿ ਕੇ ਉਸ ਦੀਆਂ ਅੱਖਾਂ ਫਿਰ ਭਰ ਆਈਆਂ। ਮੈਂ ਤਾਏ ਨੂੰ ਇਸ ਹਾਲਤ 'ਚ ਦੇਖ ਕੇ ਬੜਾ ਹੈਰਾਨ ਹੋਇਆ। ਮੇਰੇ ਵਾਰ-ਵਾਰ ਹੌਸਲਾ ਦੇਣ ਤੋਂ ਬਾਅਦ ਉਹ ਮਸਾਂ ਬੋਲਿਆ ਤੇ ਆਪਣੇ ਅਤੀਤ 'ਚ ਚਲਾ ਗਿਆ, ਦੱਸਣ ਲੱਗਾ, "ਪੁੱਤ ਤੂੰ ਤਾਂ ਨਿਆਣਾ ਅਜੇ, ਤੈਨੂੰ ਨਹੀਂ ਪਤਾ, ਪਰ ਮੈਂ ਇਨ੍ਹਾਂ ਦਾ ਬਹੁਤ ਕੁਝ ਕੀਤਾ, ਜੋ ਅੱਜ ਮਾਲਕ ਬਣੇ ਬੈਠੇ ਨੇ।"

ਮੈਂ ਤਾਏ ਨੂੰ ਆਪਣੇ ਪਰਿਵਾਰ ਬਾਰੇ ਬੋਲਦੇ ਪਹਿਲੀ ਵਾਰ ਦੇਖਿਆ ਸੀ। ਉਸ ਦੀਆਂ ਅੱਖਾਂ ਭਰ ਆਈਆਂ ਸਨ। ਚਾਦਰੇ ਨਾਲ ਅੱਖਾਂ ਸਾਫ ਕਰਦਿਆਂ ਬੋਲਿਆ, "ਮੇਰੀ ਬੇਬੇ ਤਾਂ ਛੋਟੇ ਦੇ ਜਾਪੇ ਵੇਲੇ ਈ ਪੂਰੀ ਹੋ'ਗੀ ਸੀ ਤੇ ਜਦੋਂ ਬਾਪੂ ਪੂਰਾ ਹੋਇਆ ਤਾਂ ਮੈਂ ਛੇਵੀਂ 'ਚ ਪੜ੍ਹਦਾ ਸਾਂ। ਤੇਰਾਂ-ਚੌਦਾਂ ਕੁ ਸਾਲਾਂ ਦੀ ਉਮਰ ਸੀ ਮਸਾਂ ਮੇਰੀ। ਮੈਂ ਵੱਡਾ ਸੀ ਸਾਰਿਆਂ ਤੋਂ ਤੇ ਇਹ ਤਿੰਨੇ (ਆਪਣੇ ਭਰਾਵਾਂ ਬਾਰੇ) ਮੇਰੇ ਤੋਂ ਛੋਟੇ ਨੇ, ਦੋ ਭੈਣਾਂ ਸਨ ਮੇਰੀਆਂ। ਜਦੋਂ ਬਾਪੂ ਦਾ ਸਾਇਆ ਸਿਰ 'ਤੋਂ ਉਠਿਆ ਤਾਂ ਵੱਡਾ ਹੋਣ ਦੇ ਨਾਤੇ ਸਾਰੀ ਜ਼ਿੰਮੇਵਾਰੀ ਮੇਰੇ 'ਤੇ ਪੈ ਗਈ। ਜ਼ਮੀਨ ਤਾਂ ਭਾਵੇਂ ਸੀ 15 ਕਿੱਲੇ, ਪਰ ਉਸ 'ਚ ਵੀ ਕਰੇ ਤੋਂ ਹੀ ਕੁਝ ਹੋਣਾ ਸੀ। ਮੈਨੂੰ ਪੜ੍ਹਾਈ ਵਿਚਾਲੇ ਛੱਡਣੀ ਪਈ। ਮੇਰੇ ਯਾਦ ਆ, ਮੈਂ ਨਾਲੇ ਇਨ੍ਹਾਂ ਨੂੰ ਰੋਟੀਆਂ ਪਕਾ ਕੇ ਦਿੰਦਾ, ਨਾਲੇ ਜਿੰਨੀ ਕੁ ਸਮਝ ਸੀ ਸੀਰੀ ਨਾਲ ਖੇਤ ਕੰਮ ਕਰਦਾ। ਚੱਲ ਐਵੇਂ ਧੱਕੇ-ਧੁੱਕੇ ਖਾਂਦੇ, ਤੰਗੀਆਂ ਕੱਟ ਕੇ ਮਸਾਂ ਗੁਜ਼ਾਰਾ ਕੀਤਾ।"

ਤਾਇਆ ਅਤੀਤ ਦੇ ਵਰਕੇ ਫਰੋਲਦਾ ਦੱਸ ਰਿਹਾ ਸੀ, "ਜਦੋਂ ਮੈਂ ਗੱਬਰੂ ਹੋਇਆ ਤਾਂ ਛੋਟਿਆਂ ਦੀ ਵੀ ਸੁਰਤ ਜਿਹੀ ਸੰਭਲ ਗਈ। ਕੁੜੀਆਂ ਮਿਲ ਕੇ ਚੁੱਲ੍ਹਾ ਸਾਂਭਣ ਜੋਗੀਆ ਹੋ ਗਈਆਂ। ਮੈਂ ਖੇਤ ਕੰਮ ਕਰਦਾ। ਇਨ੍ਹਾਂ ਨੂੰ ਸਕੂਲ ਪੜ੍ਹਨ ਲਾਇਆ। ਫਿਰ ਇਨ੍ਹਾਂ ਨੂੰ ਸ਼ਹਿਰ ਪੜ੍ਹਾਇਆ। ਮੈਂ ਆਪ ਔਖਾ ਹੋ ਲੈਂਦਾ, ਪਰ ਇਨ੍ਹਾਂ ਨੂੰ ਨਾ ਕਦੇ ਕੰਮ ਨੂੰ ਕਿਹਾ ਤੇ ਨਾ ਪੜ੍ਹਾਈ 'ਚ ਕਦੇ ਕਿਸੇ ਚੀਜ਼ ਦੀ ਘਾਟ ਆਉਣ ਦਿੱਤੀ। ਪੱਚੀ-ਛੱਬੀ ਦਾ ਹੋਇਆ ਤਾਂ ਸੋਚਿਆ ਪਹਿਲਾਂ ਭੈਣਾਂ ਦਾ ਵਿਆਹ ਕਰ ਦੇਵਾਂ। ਉਦੋਂ ਲੋਕਾਂ ਨੇ ਬਥੇਰਾ ਕਿਹਾ ਮੈਨੂੰ ਕਿ ਵਿਆਹ ਕਰਵਾ ਲੈ, ਪਿੱਛੋਂ ਤੈਨੂੰ ਕਿਸੇ ਨੇ ਨਹੀਂ ਸਿਆਣਨਾ! ਪਰ ਮੇਰੇ ਮਨ 'ਚ ਸੀ ਕਿ ਜੇ ਵਿਆਹ ਕਰਵਾਇਆ, ਅੱਗੋਂ ਕੀ ਪਤਾ ਕਿਹੋ ਜਿਹੀ ਮਿਲੂ? ਕੀ ਪਤਾ ਆਉਂਦੇ ਸਾਰ ਲੈ ਕੇ ਅੱਡ-ਵਿੱਢ ਹੋ'ਜੇ ਤੇ ਕਿਤੇ ਮੇਰੇ ਕਰਕੇ ਛੋਟਿਆਂ ਦੀ ਜ਼ਿੰਦਗੀ ਖਰਾਬ ਨਾ ਹੋ'ਜੇ। ਸੋਚਿਆ ਵਿਆਹ ਦਾ ਕੀ, ਐ ਜਦ ਇਹ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਹੋ ਗਏ, ਫਿਰ ਕਰਵਾ ਲਵਾਂਗੇ। ਨਾਲੇ ਉਤੋਂ ਜ਼ਮੀਨ ਵੀ ਕਿੰਨੀ ਕੁ ਸੀ! ਵੰਡੀ ਤਿੰਨ-ਤਿੰਨ ਕਿੱਲੇ ਆਉਣੀ ਸੀ। ਮੈਂ ਸੋਚਿਆ, ਮੇਰਾ ਤਾਂ ਹੋ ਜਾਣਾ, ਪਰ ਬਾਅਦ 'ਚ ਇਨ੍ਹਾਂ ਦਾ ਔਖਾ ਹੋ'ਜੂ। ਅੱਜ ਕੱਲ੍ਹ ਤਿੰਨ ਕਿੱਲਿਆਂ ਵਾਲੇ ਨੂੰ ਕਿਹੜਾ ਕੁੜੀ ਦਿੰਦਾ? ਚਲ ਪੜ੍ਹ-ਲਿਖ ਜਾਣਗੇ, ਕੋਈ ਚੰਗਾ ਸਾਕ ਹੋ'ਜੂ।"

ਤਾਏ ਦੀ ਕਹਾਣੀ ਜਾਰੀ ਸੀ, "ਦੋ-ਦੋ ਸਾਲਾਂ ਦੇ ਫਰਕ ਨਾਲ ਭੈਣਾਂ ਵਿਆਹ ਦਿੱਤੀਆਂ। ਐਵੇਂ ਕਰਦੇ-ਕਰਾਉਂਦਿਆਂ ਤੀਹ-ਬੱਤੀ ਦਾ ਹੋ ਗਿਆ। ਸਾਰੇ ਲੋਕਾਂ ਨੇ ਫਿਰ ਬੜਾ ਕਿਹਾ ਕਿ ਵਿਆਹ ਕਰਵਾ ਲੈ, ਕਿਉਂ ਇਨ੍ਹਾਂ ਲਈ ਖਪਿਆ ਫਿਰਦੈਂ! ਆਪਣੀ ਔਲਾਦ ਬਿਨਾ ਕੋਈ ਨ੍ਹੀਂ ਪੁੱਛਦਾ। ਬਥੇਰਾ ਸਮਝਾਇਆ ਸਾਰਿਆਂ ਨੇ ਕਿ ਬੁਢਾਪੇ ਵੇਲੇ ਔਖਾ ਹੋ'ਜੂ, ਅਖੀਰ ਵੇਲੇ ਤੈਨੂੰ ਕਿਸੇ ਨੇ ਨਹੀਂ ਪੁੱਛਣਾ।



ਬਸ ਮੇਰਾ ਦਿਲ ਹੀ ਨਹੀਂ ਮੰਨਿਆ। ਮੈਂ ਮਨ ਜਿਹਾ ਮਾਰ ਲਿਆ ਤੇ ਲੋਕਾਂ ਦੀਆਂ ਗੱਲਾਂ ਨੂੰ ਅਣਸੁਣਿਆ ਹੀ ਕਰ ਦਿੱਤਾ। ਸਮਾਂ ਪੈ ਕੇ ਛੋਟੇ ਤਿੰਨੋਂ ਨੌਕਰੀ ਲੱਗ ਗਏ। ਮੈਨੂੰ ਵੀ ਹੌਸਲਾ ਹੋ ਗਿਆ। ਮੈਂ ਫਿਰ ਵੀ ਖੇਤੀ ਨਹੀਂ ਛੱਡੀ। ਕਦੇ ਵਿਹਲਾ ਨਾ ਰਿਹਾ, ਸਾਰੀ ਉਮਰ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ ਤਾਂ ਜੋ ਇਹ ਖੁਸ਼ ਰਹਿ ਸਕਣ। ਚੰਗੇ ਵਿਆਹ ਵਰ ਦਿੱਤੇ। ਚੰਗੀਆਂ ਕੋਠੀਆਂ ਪਵਾ ਦਿੱਤੀਆਂ। ਮੈਂ ਤਾਂ ਸਾਰੀ ਜ਼ਮੀਨ ਹੀ ਇਨ੍ਹਾਂ ਦੇ ਨਾਮ ਕਰਵਾਉਂਦਾ ਸੀ, ਪਰ ਭੈਣਾਂ ਲੜਨ ਲੱਗੀਆ ਕਿ ਜ਼ਮੀਨ ਤੋਂ ਬਿਨਾ ਤੈਨੂੰ ਕਿਸੇ ਨੇ ਰੋਟੀ ਨਹੀਂ ਦੇਣੀ। ਲੜਨ ਤੋਂ ਬਾਅਦ ਵੀ ਮੈਂ ਆਪਣੇ ਹਿੱਸੇ ਦੀ ਅੱਧੀ ਜ਼ਮੀਨ ਤਿੰਨਾਂ ਦੇ ਨਾਂ ਕਰਵਾ ਦਿੱਤੀ।"

ਹੌਕਾ ਜਿਹਾ ਭਰ ਕੇ ਤਾਇਆ ਬੋਲਦਾ ਗਿਆ, "ਮੈਂ ਸਾਰੀ ਉਮਰ ਨਾ ਢੰਗ ਦਾ ਪਾਇਆ, ਨਾ ਖਾਧਾ। ਨਸ਼ੇ ਨੂੰ ਕਦੇ ਹੱਥ ਨਹੀਂ ਲਾਇਆ। ਹੁਣ ਉਮਰ ਦੇ ਹਿਸਾਬ ਨਾਲ ਭਾਵੇਂ ਬਹੁਤਾ ਕੰਮ ਨਹੀਂ ਹੁੰਦਾ, ਪਰ ਫਿਰ ਜਿੰਨਾ ਹੁੰਦਾ, ਓਨਾ ਕਰਦਾਂ। ਸਾਰਾ ਪਿੰਡ ਸਾਰੀ ਉਮਰ ਛੜਾ ਕਹਿ ਕੇ ਮਖੌਲਾਂ ਕਰਦਾ ਰਿਹਾ। ਮੈਂ ਕਦੇ ਬੁਰਾ ਨਹੀਂ ਮਨਾਇਆ; ਪਰ ਜਿਨ੍ਹਾਂ ਲਈ ਮੈਂ ਆਪਣੇ ਚਾਅ, ਅਰਮਾਨਾਂ ਦੀ ਪ੍ਰਵਾਹ ਨਹੀਂ ਕੀਤੀ, ਅੱਜ ਉਹੀ ਲੱਤਾਂ ਮਾਰਦੇ ਨੇ, ਬੋਝ ਸਮਝਦੇ ਨੇ ਮੈਨੂੰ। ਤਿੰਨੋਂ ਅੱਡ ਹੋ ਗਏ, ਦੱਸੋ ਮੈਂ ਕਿੱਧਰ ਜਾਵਾਂ! ਪਹਿਲਾਂ ਮੈਂ ਵੱਡੇ ਨਾਲ ਸੀ, ਉਹਦੀ ਬਹੂ ਨੇ ਇਹ ਕਹਿ ਕੇ ਪੱਲਾ ਛੁਡਾ ਲਿਆ, ਅਖੇ 'ਲੋਕ ਟਿੱਚਰਾਂ ਕਰਦੇ ਨੇ ਕਿ ਛੜਾ ਜੇਠ ਰੱਖ ਰੱਖਿਆ, ਮੇਰੇ ਤੋਂ ਨ੍ਹੀਂ ਹੋਰ ਟਿੱਚਰਾਂ ਸਹਿ ਹੁੰਦੀਆਂ।'

ਕੁਝ ਸਮਾਂ ਪਹਿਲਾਂ ਮੈਂ ਛੋਟੇ ਨਾਲ ਰਹਿਣ ਲੱਗਿਆ ਸੀ। ਰਾਤ ਛੋਟੇ ਦੀ ਬਹੂ ਨੇ ਰੋਟੀ ਨਹੀਂ ਦਿੱਤੀ। ਅਖੇ 'ਰੋਟੀ ਟੁੱਕ ਮੈਂ ਦੇਵਾਂ, ਕੱਲ ਨੂੰ ਮਰ ਗਿਆ ਜ਼ਮੀਨ ਸਾਰਿਆਂ ਨੂੰ ਮਿਲੂ। ਪਹਿਲਾਂ ਜ਼ਮੀਨ ਸਾਡੇ ਨਾਮ ਕਰਵਾ। ਫਿਰ ਜੀਅ ਸਦਕੇ ਸਾਡੇ ਘਰ ਰਹੀਂ।' ਮਨ ਬੜਾ ਦੁਖੀ ਹੋਇਆ। ਘਰ ਵੀ ਇਨ੍ਹਾਂ ਦੇ ਹੋ'ਗੇ, ਮੇਰਾ ਕੀ ਐ? ਕਿਨ੍ਹਾਂ ਲਈ ਆਪਣੀ ਜ਼ਿੰਦਗੀ ਗਾਲਦਾ ਰਿਹਾ! ਭਲਾ ਮੈਂ ਲੁਕੋਇਆ ਕੁਝ ਇਨ੍ਹਾਂ ਤੋਂ? ਮੇਰੇ ਤੋਂ ਬਾਅਦ ਸਾਰਾ ਕੁਝ ਇਨ੍ਹਾਂ ਕੋਲ ਹੀ ਰਹਿਣਾ...।" ਇਸ ਸਭ ਬਿਆਨ ਕਰਦਾ ਤਾਇਆ ਰੋ ਹੀ ਪਿਆ।

ਮੈਂ ਸਾਰਾ ਕੁਝ ਸੁਣ ਕੇ ਬਹੁਤ ਪ੍ਰੇਸ਼ਾਨ ਹੋਇਆ। ਮੈਂ ਸੋਚਦਾ ਸਾਂ ਕਿ ਇੱਕ ਪਾਸੇ ਤਾਏ ਵਰਗੇ ਲੋਕ ਜੋ ਦੂਜਿਆਂ ਦੀ ਖੁਸ਼ੀ ਲਈ ਆਪਣਾ ਸਭ ਕੁਝ ਤਿਆਗ ਕੇ ਵੀ ਪ੍ਰਵਾਹ ਨਹੀਂ ਕਰਦੇ, ਤੇ ਦੂਜੇ ਪਾਸੇ ਲਾਲਚ ਕਿੰਨਾ ਵਧ ਗਿਆ ਦੁਨੀਆਂ ਦਾ, ਰਿਸ਼ਤੇ-ਨਾਤਿਆਂ ਦੀ ਕੋਈ ਕਦਰ ਹੀ ਨਹੀਂ। ਪੈਸੇ, ਸ਼ੁਹਰਤ ਨੇ ਰਿਸ਼ਤਿਆਂ ਨੂੰ ਬਿਲਕੁਲ ਖੋਖਲਾ ਕਰ ਦਿੱਤਾ। ਜਦੋਂ ਥੋੜ੍ਹਾ ਜਿਹਾ ਚੰਗਾ ਸਮਾਂ ਆਉਂਦਾ, ਅਸੀਂ ਆਪਣਾ ਅਤੀਤ ਤੇ ਔਕਾਤ ਦੋਵੇਂ ਭੁੱਲ ਜਾਂਦੇ ਹਾਂ। ਤਾਏ ਵਰਗੇ ਪਤਾ ਨਹੀਂ ਹੋਰ ਕਿੰਨੇ ਹੋਣਗੇ, ਜੋ ਆਪ ਹੋਰਾਂ ਲਈ ਆਪਣੀ ਜ਼ਿੰਦਗੀ ਨੂੰ ਦਾਅ 'ਤੇ ਲਾ ਦਿੰਦੇ ਨੇ। ਫਿਰ ਵੀ ਇਹੋ ਜਿਹੇ ਫਕੀਰ ਬੰਦਿਆਂ ਨੂੰ ਸਤਿਕਾਰ ਤਾਂ ਦੂਰ ਦੀ ਗੱਲ, ਸਗੋਂ ਉਲਟਾ ਲੋਕਾਂ ਦੀਆਂ ਟਿੱਚਰਾਂ ਤੇ ਘਰ ਦਿਆਂ ਦੇ ਤਾਅਨਿਆਂ ਤੋਂ ਬਿਨਾ ਕੁਝ ਵੀ ਨਹੀਂ ਮਿਲਦਾ।

# ਮੁੱਕਣਾ, ਚੱਲਣਾ, ਰੁਕਣਾ, ਪਨਪਣਾ

ਮੁੱਕਣਾ, ਚੱਲਣਾ, ਰੁਕਣਾ, ਪਨਪਣਾ-ਸ਼ਾਇਦ ਤੁਸੀਂ ਸੋਚੋਗੇ ਕਿ ਮੁੱਕਣਾ ਅੰਤ ਵਿਚ ਹੁੰਦਾ ਹੈ। ਹਾਂ, ਹੋ ਸਕਦਾ ਹੈ ਇਹ ਮੁੱਕਣਾ ਕਿਸੇ ਜੀਵ ਜੰਤੂ ਦੀ ਮੌਤ ਹੋਵੇ। ਤੁਹਾਡਾ ਜਾਂ ਮੇਰਾ ਕੁਝ ਸਾਲ ਉਮਰ ਭੋਗ ਕੇ ਮਰ ਜਾਣਾ ਹੋਵੇ; ਪਰ ਸਾਨੂੰ ਆਪਣੀ ਸੋਚ ਏਨੀ ਛੋਟੀ ਨਹੀਂ ਰੱਖਣੀ ਚਾਹੀਦੀ। ਬ੍ਰਹਿਮੰਡ ਵਿਚ ਇਹ ਘਟਨਾ ਬੜੀ ਮਾਮੂਲੀ ਹੈ। ਉਸ ਦੀ ਨਿਰੰਤਰ ਤੋਰ ਦਾ ਇਕ ਹਿੱਸਾ ਹੈ।

ਮੈਂ ਸਾਲਾਂ ਤੋਂ ਇਹ ਦੇਖ ਰਹੀ ਹਾਂ ਕਿ ਆਮ ਲੋਕ ਵੀ ਅਤੇ ਵਿਦਵਾਨ ਵੀ ਕਿਸੇ ਸਥੂਲ ਜਾਂ ਅਸਥੂਲ ਚੀਜ਼ ਦੇ ਮੁੱਕਣ ਉੱਤੇ ਬੜਾ ਕਲਪਦੇ ਹਨ; ਬਹੁਤ ਦੁਖੀ ਹੁੰਦੇ ਹਨ। ਕਿਸੇ ਨੂੰ ਦੁੱਖ ਹੈ ਕਿ ਗਹੀਰੇ ਨਹੀਂ ਰਹੇ, ਪਾਥੀਆਂ ਖਤਮ ਹੋ ਰਹੀਆਂ



**ਸ਼ਮਿੰਦਰ ਲੱਖੇਵਾਲੀ**
**ਸ੍ਰੀ ਮੁਕਤਸਰ ਸਾਹਿਬ**
ਫੋਨ: 91-75268-08047

ਹਨ। ਕੋਈ ਪੁਰਾਣੇ ਸਮੇਂ ਵਰਤੇ ਜਾਂਦੇ ਸ਼ਬਦਾਂ ਦੇ ਗੁਆਚਣ ਤੋਂ ਦੁਖੀ ਹੈ। ਕੋਈ ਇਤਿਹਾਸਕ ਇਮਾਰਤਾਂ ਦੇ ਖਾਤਮੇ ਤੋਂ। ਕੋਈ ਬਜੁਰਗਾਂ ਦੀ ਜੀਵਨ-ਜਾਚ ਦੇ ਵਿੱਸਰ ਜਾਣ ਤੋਂ ਦੁਖੀ ਹੈ।

ਕਿਉਂ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਮਨੁੱਖ ਵਿਕਾਸ ਕਰਨਾ ਚਾਹੁੰਦਾ ਹੈ। ਜ਼ਿੰਦਗੀ ਅਤੇ ਬ੍ਰਹਿਮੰਡ ਗਤੀਮਾਨ ਹਨ। ਵਿਕਾਸ ਲਈ ਤਬਦੀਲੀ ਲਾਜ਼ਮੀ ਹੈ। ਤਬਦੀਲੀ ਤੋਂ ਬਿਨਾ ਵਾਧਾ ਸੰਭਵ ਹੈ, ਵਿਕਾਸ ਨਹੀਂ। ਸਮੇਂ ਅਨੁਸਾਰ ਜਿਸ ਚੀਜ਼ ਦੀ ਲੋੜ ਹੋਵੇ, ਉਹ ਪੈਦਾ ਹੁੰਦੀ ਹੈ ਜਾਂ ਕਰ ਲਈ ਜਾਂਦੀ ਹੈ। ਜਿਸ ਦੀ ਲੋੜ ਨਹੀਂ, ਉਹ ਗੁਆਚ ਜਾਂਦੀ ਹੈ। ਉਸ ਦਾ ਗੁਆਚਣਾ ਸੁਭਾਵਿਕ ਕਿਰਿਆ ਹੈ।

ਜੋ ਚੀਜ਼ ਵਰਤੋਂ ਵਿਚ ਹੀ ਨਹੀਂ ਰਹੀ, ਉਹ ਅਤੇ ਉਸ ਦਾ ਨਾਮ ਗੁੰਮ ਹੀ ਜਾਣਾ ਹੈ। ਇਸ ਵਿਚ ਨਵੀਂ ਪੀੜ੍ਹੀ ਦਾ ਕੋਈ ਦੋਸ਼ ਨਹੀਂ ਹੁੰਦਾ। ਜਦ ਚਰਖਾ ਹੀ ਨਹੀਂ ਰਿਹਾ ਤਾਂ ਉਸ ਦੇ ਇਕ ਇਕ ਪੁਰਜ਼ੇ ਦਾ ਨਾਮ ਗੁਆਚਣਾ ਹੀ ਸੀ। ਤੁਸੀਂ ਦੇਖੋ ਹੋਰ ਕਿੰਨੇ ਨਵੇਂ ਸ਼ਬਦ ਅਤੇ ਕਿੰਨੀਆਂ ਨਵੀਆਂ ਚੀਜ਼ਾਂ ਆ ਗਈਆਂ ਹਨ। ਇਨ੍ਹਾਂ ਦੀ ਗਿਣਤੀ ਗੁਆਚਣ ਵਾਲੀਆਂ ਤੋਂ ਵੱਧ ਹੀ ਹੋਵੇਗੀ।

ਨਵੀਂ ਪੀੜ੍ਹੀ ਨਾਲਾਇਕ ਨਹੀਂ ਹੈ। ਉਸ ਅੱਗੇ ਬਹੁਤ ਚੁਣੌਤੀਆਂ ਹਨ। ਅੱਜ ਦਾ 5 ਸਾਲ ਦਾ ਬੱਚਾ 30 ਸਾਲ ਪਹਿਲਾਂ ਦੇ ਬੱਚੇ ਤੋਂ ਕਿਤੇ ਵੱਧ ਤੀਖਣ-ਬੁੱਧ ਵਾਲਾ ਹੈ।

ਚੱਲਣਾ ਕੁਦਰਤ ਦਾ ਨਿਯਮ ਹੈ। ਸਮਾਂ ਬੀਤ ਰਿਹਾ ਹੈ, ਤਬਦੀਲੀ ਹੋ ਰਹੀ ਹੈ। ਪੂਰਨ ਤੌਰ ਉੱਤੇ ਰੁਕਣਾ ਇਸ ਕਾਇਨਾਤ ਵਿਚ ਜਾਂ ਘੱਟੋ-ਘੱਟ ਇਸ ਧਰਤੀ ਉੱਤੇ ਤਾਂ ਸੰਭਵ ਨਹੀਂ ਹੈ। ਤਬਦੀਲੀ ਹਰ ਸਮੇਂ ਵਾਪਰ ਰਹੀ ਹੈ, ਚਾਹੇ ਉਹ ਸਾਡੀ ਪਕੜ ਵਿਚ ਆਵੇ ਜਾਂ ਨਾ, ਪਰ ਉਹ ਵਾਪਰ ਰਹੀ ਹੈ। ਇਕ ਕਮਰਾ 20 ਸਾਲ ਲਈ ਬੰਦ ਕਰਕੇ ਰੱਖ ਦਿਓ। 20 ਸਾਲ ਬਾਅਦ ਖੋਲ੍ਹੋ, ਉਹ ਓਹੋ ਜਿਹਾ ਨਹੀਂ ਹੋਵੇਗਾ। ਸਮਾਂ ਉਸ ਉੱਤੇ ਆਪਣਾ ਅਸਰ ਦਿਖਾ ਚੁਕਾ ਹੋਵੇਗਾ। ਜਿਸ ਚੀਜ਼ ਨੂੰ ਤੁਸੀਂ ਰੁਕੀ ਸਮਝ ਰਹੇ ਹੋ, ਉਹ ਅਸਲ ਵਿਚ ਰੁਕੀ ਹੋਈ ਨਹੀਂ ਹੈ, ਕੁਝ ਨਾ ਕੁਝ ਚੱਲ ਰਿਹਾ ਹੈ।

ਸਭ ਕਹਿੰਦੇ ਹਨ ਕਿ ਤੁਰਦੇ ਰਹਿਣਾ ਹੀ ਜ਼ਿੰਦਗੀ ਹੈ, ਰੁਕ ਜਾਣਾ ਮੌਤ ਹੈ। ਅਜਿਹਾ ਨਹੀਂ ਹੈ। ਜੋ ਤੁਹਾਨੂੰ ਰੁਕਿਆ ਦਿਸ ਰਿਹਾ ਹੈ, ਉਸ ਵਿਚ ਬੜਾ ਕੁਝ ਵਾਪਰ ਰਿਹਾ ਹੈ। ਠਹਿਰਾਓ ਵਿਚ ਬਹੁਤ ਨਿਆਮਤਾਂ ਹਨ। ਦੁੱਧ ਕਈ ਘੰਟੇ ਠਹਿਰਦਾ ਹੈ ਤਾਂ ਜੰਮਦਾ ਹੈ, ਫਿਰ ਰਿੜਕਿਆ ਜਾਂਦਾ ਹੈ, ਫਿਰ ਮੱਖਣ ਨਿਕਲਦਾ ਹੈ। ਜੇ ਉਹ ਰੁਕੇਗਾ ਨਹੀਂ, ਤੁਹਾਨੂੰ ਮੱਖਣ ਤੇ ਲੱਸੀ ਪ੍ਰਾਪਤ ਨਹੀਂ ਹੋਣਗੇ।

ਸੇਬ, ਸੰਤਰੇ, ਅੰਬ ਜੋ ਤੁਸੀਂ ਖਾਂਦੇ ਹੋ, ਸਭ ਠਹਿਰਾਓ ਦੀ ਦੇਣ ਹੈ। ਰੁੱਖ ਇਕ ਜਗ੍ਹਾ ਸਾਲਾਂ ਤੱਕ ਰੁਕਿਆ ਤਾਂ ਤੁਹਾਨੂੰ ਕਿੰਨਾ ਕੁਝ ਦੇ ਸਕਿਆ। ਜੇ ਤੁਸੀਂ ਉਸ ਨੂੰ ਵਾਰ ਵਾਰ ਪੱਟ ਕੇ ਹੋਰ ਥਾਂ ਲਾਉਂਦੇ ਰਹਿੰਦੇ, ਕੁਝ ਨਹੀਂ ਮਿਲਣਾ ਸੀ।

ਜ਼ਿੰਦਗੀ ਨਹੀਂ ਰੁਕਦੀ। ਇਕ ਕਮਰੇ ਵਿਚ ਬੰਦ ਬੈਠੇ ਬੰਦੇ ਅੰਦਰ ਵੀ ਬੜਾ ਕੁਝ ਵਾਪਰ ਰਿਹਾ ਹੁੰਦਾ ਹੈ। ਜੇਲ੍ਹ ਵਿਚ ਕੈਦੀ ਜਦ ਲੰਮੀ ਕੈਦ ਭੋਗ ਕੇ ਨਿਕਲਦੇ ਹਨ, ਬਦਲ ਕੇ ਨਿਕਲਦੇ ਹਨ; ਉਹੀ ਨਹੀਂ ਹੁੰਦੇ, ਜੋ ਜਾਣ ਸਮੇਂ ਸਨ। ਹਾਂ, ਇਹ ਹੋ ਸਕਦਾ ਹੈ ਕਿ ਸੁਖੀ ਨਾ ਹੋਣ।

ਸਿਰਫ ਸੁੱਖ ਹੀ ਮਿਲੇ ਅਤੇ ਅਸੀਂ ਜ਼ਿੰਦਗੀ ਵਿਚ ਅੱਗੇ ਵੀ ਵਧੀਏ, ਸਿਰਫ ਜਿੱਤਦੇ ਰਹੀਏ ਅਤੇ ਅੱਗੇ ਵਧੀਏ ਇਹ ਵੀ ਸੰਭਵ ਨਹੀਂ। ਦੁੱਖ-ਸੁੱਖ, ਖੁਸ਼ੀ-ਗਮੀ, ਰੋਣੇ ਹਾਸੇ, ਵਾਧੇ-ਘਾਟੇ ਇਨ੍ਹਾਂ ਕਰਕੇ ਹੀ ਜੀਵਨ ਦੀ ਹੋਂਦ ਹੈ। ਇਸ ਤਰ੍ਹਾਂ ਚੇਨ ਰੀਐਕਸ਼ਨ ਉਤਪੰਨ ਹੁੰਦੇ ਹਨ। ਜ਼ਿੰਦਗੀ ਅੱਗੇ ਤੁਰਦੀ ਹੈ। ਨਹੀਂ ਤਾਂ ਜੀਵਨ ਵਿਚ ਰੌਚਕਤਾ ਅਤੇ ਤਰੱਕੀ ਸੰਭਵ ਹੀ ਨਹੀਂ।

ਦੁੱਖ ਮਿਲਦਾ ਹੈ ਤਾਂ ਸੁੱਖ ਦੀ ਚਾਹਤ ਪਨਪਦੀ ਹੈ। ਹਰਕਤ ਕੋਸ਼ਿਸ਼ ਪੈਦਾ ਹੁੰਦੀ ਹੈ। ਸੈਮੂਅਲ ਬੇਕੇਟ ਆਪਣੇ ਨਾਟਕ 'ਵੇਟਿੰਗ ਫਾਰ ਗੋਦੋ' ਵਿਚ ਲਿਖਦਾ ਹੈ,

ਕੁਝ ਨਹੀਂ ਵਾਪਰਦਾ
ਨਾ ਕੋਈ ਆਉਂਦਾ ਹੈ,
ਨਾ ਕੋਈ ਜਾਂਦਾ ਹੈ

ਇਹ ਭਿਆਨਕ ਹੈ।

ਮੈਂ ਇਹ ਨਹੀਂ ਕਹਿੰਦੀ ਕਿ ਆਪਣਾ ਸੱਭਿਆਚਾਰ ਅਤੇ ਇਤਿਹਾਸਕ ਇਮਾਰਤਾਂ ਸੰਭਾਲੋ ਨਾ। ਜ਼ਰੂਰ ਸਾਂਭੋ, ਪਰ ਇਸ ਵਿਚ ਕੱਟੜ ਹੋ ਕੇ ਖੁਦ ਨੂੰ ਅਤੇ ਦੂਜਿਆਂ ਨੂੰ ਦੁਖੀ ਨਾ ਕਰੋ। ਸਭ ਨੂੰ ਪਤਾ ਹੈ ਕਿ ਇਮਾਰਤਾਂ ਦੀ ਇਕ ਉਮਰ ਹੁੰਦੀ ਹੈ।

ਸਾਂਭੋਗੇ ਵੀ ਤਾਂ ਮੁਰੰਮਤ ਕਰਨੀ ਪਵੇਗੀ। ਇਤਿਹਾਸ ਅਤੇ ਇਤਿਹਾਸਕ ਚੀਜ਼ਾਂ ਅਸੀਂ ਓਵੇਂ ਦੀਆਂ ਓਵੇਂ ਨਹੀਂ ਰੱਖ ਸਕਦੇ। ਇਤਿਹਾਸ ਵੀ ਸਾਨੂੰ ਸ਼ੁੱਧ ਰੂਪ ਵਿਚ ਪ੍ਰਾਪਤ ਨਹੀਂ ਹੁੰਦਾ। ਸਮਾਂ ਅਤੇ ਲਿਖਾਰੀ ਇਸ ਵਿਚ ਮਿਲਾਵਟਾਂ ਕਰਦੇ ਰਹਿੰਦੇ ਹਨ। ਅਕਸਰ ਕੌਮਾਂ ਆਪਣੇ ਬਾਰੇ ਵਧਾ ਚੜ੍ਹਾ ਕੇ ਹੀ ਦੱਸਦੀਆਂ ਹਨ। ਦੁਸ਼ਮਣ ਨੂੰ ਬੇਹੱਦ ਜ਼ੁਲਮੀ ਸਾਬਿਤ ਕਰਦੀਆਂ ਹਨ। ਹਾਰ ਨੂੰ ਨਕਾਰ ਨਹੀਂ ਸਕਦੀਆਂ ਤਾਂ ਬਹਾਦਰੀ ਦਾ ਦਾਅਵਾ ਜ਼ਰੂਰ ਕਰਦੀਆਂ ਹਨ। ਕਹਿਣਾ ਮੁਸ਼ਕਿਲ ਹੈ ਕਿ ਇਸ ਵਿਚ ਕਿੰਨਾ ਸੱਚ ਹੈ ਤੇ ਕਿੰਨਾ ਝੂਠ ਹੈ।

ਕਾਇਨਾਤ ਆਪਣੀ ਮਰਜ਼ੀ ਮੁਤਾਬਕ ਚਲਦੀ ਰਹਿੰਦੀ ਹੈ। ਅਸੀਂ ਖੁਦ ਵੀ ਅਤੇ ਜੋ ਸਭ ਅਸੀਂ ਦੇਖ ਰਹੇ ਹਾਂ, ਉਹ ਵੀ ਇਸ ਦਾ ਮਾਮੂਲੀ ਅਤੇ ਆਰਜ਼ੀ ਹਿੱਸਾ ਹੈ। ਸਭ ਕੁਝ ਬਿਨਸਣਹਾਰ ਹੈ।

ਹਜ਼ਾਰਾਂ ਸਾਲ ਤੋਂ ਜੜ੍ਹੀ-ਬੂਟੀਆਂ ਲਾ ਕੇ ਪੱਟੀਆਂ ਲਪੇਟ ਕੇ ਰੱਖੇ ਮਨੁੱਖੀ ਸਰੀਰ ਅੱਜ ਕਿਸ ਹਾਲ ਵਿਚ ਮਿਲਦੇ ਹਨ, ਤੁਸੀਂ ਦੇਖ ਸਕਦੇ ਹੋ। ਉਹ ਵੀ ਭੁਰਦੇ ਹੀ ਜਾਣਗੇ। ਇਕ ਦਿਨ ਧਰਤੀ ਵੀ ਖਤਮ ਹੋ ਜਾਣੀ ਹੈ। ਚੰਦ-ਸੂਰਜ ਦੀ ਵੀ ਇਕ ਉਮਰ ਹੈ।

ਪੱਤਝੜ ਦੱਸਦੀ ਹੈ ਕਿ ਜੋ ਜਾਂਦਾ ਹੈ, ਉਸ ਨੂੰ ਜਾਣ ਦਿਓ, ਉਸ ਦਾ ਵਕਤ ਪੂਰਾ ਹੋ ਚੁਕਾ ਹੈ। ਪੁਰਾਣੇ ਪੱਤੇ ਝੜਨਗੇ ਤਾਂ ਨਵੇਂ ਆਉਣਗੇ! ਜੇ ਤੁਸੀਂ ਸੁੱਕੇ ਪੱਤਿਆਂ ਨੂੰ ਰੁੱਖ ਨਾਲ ਜੋੜੀ ਰੱਖਣ ਦਾ ਯਤਨ ਕਰੋਗੇ ਤਾਂ ਖੁਦ ਦੁਖੀ ਹੋਵੋਗੇ, ਰੁੱਖ ਨੂੰ ਵੀ ਕਰੋਗੇ। ਬਹਾਰ ਦੇ ਆਉਣ ਵਿਚ ਵਿਘਨ ਪਾਵੋਗੇ। ਬ੍ਰਹਿਮੰਡ ਵਿਚ ਜਿਉਣ ਲਈ ਇਸ ਜਿੰਨਾ ਹੀ ਵਿਸ਼ਾਲ ਨਜ਼ਰੀਆ ਚਾਹੀਦਾ ਹੈ।

# ਪਵਣੁ ਗੁਰੂ ਪਾਣੀ ਪਿਤਾ

*(ਪਿਛਲੇ ਸਫੇ ਦੀ ਬਾਕੀ)*

ਮੰਦੇ ਕੰਮ ਵਿਚਾਰਦਾ ਹੈ।" ਇਸ ਤਰ੍ਹਾਂ ਉਹ ਧਰਮਰਾਜ ਦੇ ਨਾਲ ਨਾਲ ਅਕਾਲ ਪੁਰਖ ਦਾ ਨਾਂ ਵੀ ਵਰਤ ਲੈਂਦੇ ਹਨ, ਜਿਸ ਦਾ ਗੁਰੂ ਸਾਹਿਬ ਨੇ ਇੱਥੇ ਜ਼ਿਕਰ ਵੀ ਨਹੀਂ ਕੀਤਾ। ਜਿੱਥੇ ਅਕਾਲ ਪੁਰਖ ਆ ਗਿਆ, ਉਥੇ ਇਹ ਵਿਦਵਾਨ ਉਸ ਦੀ ਭਗਤੀ ਵੀ ਨਾਲ ਲੈ ਆਉਂਦੇ ਹਨ। ਤਦੇ ਹੀ ਇਹ "ਕਰਮੀ" ਭਾਵ "ਕੰਮਾਂ ਨਾਲ" ਦਾ ਅਰਥ ਪੂਜਾ ਪਾਠ ਵਾਲੇ ਕਰਮ-ਕਾਂਡ ਕਰ ਲੈਂਦੇ ਹਨ।

ਪਰ ਇਸ ਸਲੋਕ ਦੇ ਅਰਥਾਂ ਦਾ ਸਭ ਤੋਂ ਵਧ ਅਨਰਥ ਇਹ ਵਿਦਵਾਨ ਉਦੋਂ ਕਰਦੇ ਹਨ, ਜਦੋਂ ਆਖਰੀ ਦੋ ਤੁਕਾਂ ਦੇ ਖੁਲਾਸੇ ਵਜੋਂ ਉਜਲ-ਮੁੱਖ ਮਹਾਂਪੁਰਸ਼ਾਂ ਦੀ ਭਗਤੀ ਦਾ ਲਾਭ ਕਈ ਹੋਰਾਂ ਨੂੰ ਮਿਲਣ ਦਾ ਦਾਅਵਾ ਕਰਦੇ ਹਨ। ਉਹ ਕਹਿੰਦੇ ਹਨ ਕਿ ਮੁਸ਼ੱਕਤ ਨਾਲ ਭਗਤੀ ਕਰਨ ਵਾਲੇ ਆਪ ਤਾਂ ਅਕਾਲ ਪੁਰਖ ਦੇ ਦਰਬਾਰ ਵਿਚ ਉਚ ਪਦਵੀ ਪਾ ਹੀ ਲੈਂਦੇ ਹਨ, ਉਨ੍ਹਾਂ ਦੀ ਵਾਧੂ ਭਗਤੀ ਦਾ ਲਾਭ ਕਈ ਹੋਰਾਂ ਨੂੰ ਵੀ ਮਿਲ ਜਾਂਦਾ ਹੈ। ਇਹ ਅਰਥ ਦਿੰਦੇ ਉਹ ਉਪਰਲੀ ਤੁਕ ਤੋਂ ਅੱਖਾਂ ਮੀਟ ਲੈਂਦੇ ਹਨ, ਜਿੱਥੇ ਗੁਰੂ ਸਾਹਿਬ ਨੇ "ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ" ਲਿਖਿਆ ਹੈ। ਇਸ ਉਤਲੀ ਤੁਕ ਦੀ ਦ੍ਰਿਸ਼ਟੀ ਤੋਂ ਤਾਂ ਉਨ੍ਹਾਂ ਦੇ ਅਰਥ ਬਿਲਕੁਲ ਗਲਤ ਹਨ। ਇਸ ਦਾ ਮਤਲਬ ਹੈ ਕਿ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ, ਜਿਨ੍ਹਾਂ ਵਿਚ ਕਈ ਗੁਰਬਾਣੀ ਵਿਆਕਰਣ ਦੇ ਮਾਹਰ ਤੇ ਪ੍ਰਸ਼ੰਸਕ ਵੀ ਸ਼ਾਮਲ ਹਨ, ਆਖਰੀ ਦੋ ਤੁਕਾਂ ਦੀ ਵਿਆਕਰਣ ਸਮਝਣ ਵਿਚ ਭਾਰੀ ਗਲਤੀ ਖਾ ਜਾਂਦੇ ਹਨ।

ਦਰਅਸਲ ਇਸ ਕਾਵਿ ਰਚਨਾ ਵਿਚ "ਨਾਲਿ" ਦਾ ਅਰਥ "ਅਤੇ" ਹੈ, ਜੋ ਉਤਲੀ ਤੁਕ ਨਾਲ ਜੋੜਨਾ ਹੈ। ਦੋਹਾਂ ਤੁਕਾਂ ਦਾ ਸਿੱਧਾ ਅਰਥ ਬਣਦਾ ਹੈ, "ਜਿਨ੍ਹਾਂ ਨੇ ਪਰਮ-ਸਤਿ ਦੇ ਨਾਮ ਨੂੰ ਖੋਜਣ ਦਾ ਕਾਰਜ ਕੀਤਾ ਹੈ, ਉਹ 'ਮੁਸਕਤ' ਭਾਵ ਘੋਰ ਮਿਹਨਤ ਕਰ ਕੇ ਗਏ ਹਨ ਅਤੇ ਉਨ੍ਹਾਂ ਦੇ ਚਲੇ ਜਾਣ ਤੋਂ ਬਾਦ ਕਿੰਨੀ ਮੁਸ਼ੱਕਤ ਹੋਰ ਕਰਨ ਵਾਲੀ ਛੁਟ ਗਈ ਹੈ ਭਾਵ ਕਰਨ ਤੋਂ ਰਹਿੰਦੀ ਹੈ, ਪਰ ਜੋ ਮਿਹਨਤ ਉਨ੍ਹਾਂ ਨੇ ਕੀਤੀ, ਉਸ ਨਾਲ ਵੀ ਉਹ ਸਨਮਾਨ ਦੇ ਪਾਤਰ ਹਨ, ਕਿਉਂਕਿ ਉਨ੍ਹਾਂ ਨੇ ਇਸ ਪਾਸੇ ਕੋਸ਼ਿਸ਼ ਤਾਂ ਕੀਤੀ ਹੈ। ਅਰਥਾਤ, ਜਿਨ੍ਹਾਂ ਨੇ ਇਹ ਗਿਆਨ ਦੀ ਖੋਜ ਦਾ ਕੰਮ ਅਰੰਭ ਕੀਤਾ, ਸਨਮਾਨ ਰੂਪੀ ਫਲ ਉਨ੍ਹਾਂ ਨੂੰ ਹੀ ਮਿਲਿਆ, ਦੂਜਿਆਂ ਨੂੰ ਨਹੀਂ। ਗੁਰੂ ਸਾਹਿਬ ਦਾ ਇਹ ਬਚਨ ਤਰਕ-ਸੰਗਤ ਤੇ ਸਤਿ ਭਰਪੂਰ ਹੈ, ਕਿਉਂਕਿ ਅੱਜ ਵੀ ਜੋ ਲੋਕ ਮੁਸ਼ੱਕਤ ਕਰ ਕੇ ਕੋਈ ਖੋਜ-ਪ੍ਰਾਪਤੀ ਕਰਦੇ ਹਨ, ਨੋਬਲ ਇਨਾਮ ਉਨ੍ਹਾਂ ਨੂੰ ਹੀ ਮਿਲਦਾ ਹੈ, ਕਿਸੇ ਹੋਰ ਨੂੰ ਨਹੀਂ; ਉਨ੍ਹਾਂ ਦੇ ਨਿਜੀ ਸਹਾਇਕਾਂ ਤੇ ਸਕੇ ਸਬੰਧੀਆਂ ਨੂੰ ਵੀ ਨਹੀਂ।

ਸ਼ਬਦ "ਨਾਲਿ" ਦੀ ਅਜਿਹੀ ਵਰਤੋਂ ਗੁਰੂ ਸਾਹਿਬ ਨੇ ਪਹਿਲੀ ਪਉੜੀ ਵਿਚ "ਨਾਨਕ ਲਿਖਿਆ ਨਾਲ" ਵਾਲੀ ਤੁਕ ਵਿਚ ਵੀ ਕੀਤੀ ਹੋਈ ਹੈ, ਜੋ ਵਿਦਵਾਨ ਹਮੇਸ਼ਾ ਅਧਿਆਤਮਵਾਦ ਦੇ ਪੱਖ ਵਿਚ ਨਜ਼ਰ-ਅੰਦਾਜ਼ ਕਰਦੇ ਰਹੇ ਹਨ। ਚੰਗਾ ਹੋਵੇ ਜੇ ਇਹ ਵਿਦਵਾਨ ਆਪਣੀ "ਗੁਰਬਾਣੀ ਵਿਆਕਰਣ" ਦੇ ਅਗਲੇ ਸੰਸਕਰਣ ਵਿਚ "ਨਾਲਿ" ਦੀ ਵਰਤੋਂ ਦੇ ਇਸ ਮਹੱਤਵਪੂਰਣ ਨਿਯਮ ਨੂੰ ਵੀ ਸ਼ਾਮਲ ਕਰ ਲੈਣ!

**ਬੰਦਾ ਸਿੰਘ ਬਹਾਦਰ ਦੀ 350ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ**

# ਸਿੱਖ ਇਤਿਹਾਸ ਦਾ ਮਹਾਂ ਨਾਇਕ ਬੰਦਾ ਸਿੰਘ ਬਹਾਦਰ

***ਸਾਲ 2020 ਬਾਬਾ ਬੰਦਾ ਸਿੰਘ ਬਹਾਦਰ ਦੇ 350ਵੇਂ ਜਨਮ ਦਿਨ ਵਾਲਾ ਵਰ੍ਹਾ ਹੈ। ਉਨ੍ਹਾਂ ਦਾ ਜਨਮ 27 ਅਕਤੂਬਰ 1670 ਨੂੰ ਹੋਇਆ ਅਤੇ ਉਨ੍ਹਾਂ ਦੀ ਸ਼ਹਾਦਤ 9 ਜੂਨ 1716 ਨੂੰ ਹੋਈ। ਬਾਬਾ ਬੰਦਾ ਸਿੰਘ ਪਹਿਲਾ ਸ਼ਖਸ ਸੀ ਜਿਨ੍ਹਾਂ ਨੇ ਸਿੱਖ ਰਾਜ ਕਾਇਮ ਕੀਤਾ ਪਰ ਬਾਅਦ ਵਿਚ ਉਨ੍ਹਾਂ ਬਾਰੇ ਕਈ ਵਿਰੋਧੀ ਗੱਲਾਂ ਫੈਲਾਈਆਂ ਗਈਆਂ। 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਇਸ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਅਤੇ ਉਨ੍ਹਾਂ ਤੋਂ ਸਿਰਫ ਚਾਰ ਕੁ ਸਾਲ ਛੋਟਾ ਸੀ। ਉਸ ਦਾ ਜਨਮ 16 ਅਕਤੂਬਰ, 1670 ਨੂੰ ਹੋਇਆ ਦੱਸਿਆ ਜਾਂਦਾ ਹੈ। ਸਿੱਖ ਇਤਿਹਾਸ ਵਿਚ ਭਾਵੇਂ ਕੋਈ ਅਜਿਹੀ ਸਮਕਾਲੀ ਰਚਨਾ ਨਹੀਂ ਮਿਲਦੀ ਜਿਸ ਵਿਚ ਬੰਦਾ ਸਿੰਘ ਬਹਾਦਰ ਦੇ ਮੁਢਲੇ ਜੀਵਨ ਬਾਰੇ ਕੋਈ ਜਾਣਕਾਰੀ ਮਿਲ ਸਕੇ, ਜ਼ਿਆਦਾਤਰ ਜਾਣਕਾਰੀ ਉਸ ਦੇ ਗੁਰੂ ਗੋਬਿੰਦ ਸਿੰਘ ਜੀ ਨੂੰ ਨਾਂਦੇੜ ਨੇੜੇ ਮਿਲਣ ਅਤੇ ਉਸ ਤੋਂ ਬਾਅਦ ਪੰਜਾਬ ਵਿਚ ਬਿਤਾਏ 7-8 ਸਾਲ ਦੇ ਸਮੇਂ ਬਾਰੇ ਹੈ। ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ 350ਵੀਂ ਜਨਮ ਸ਼ਤਾਬਦੀ ਮੌਕੇ ਅਸੀਂ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਅਤੇ ਕੁਰਬਾਨੀ ਨੂੰ ਲੱਖ-ਲੱਖ ਵਾਰ ਸਿਜਦਾ ਕਰਦੇ ਹਾਂ। ਉਹ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਵਿਚ ਅਜਿਹੇ ਇਨਕਲਾਬੀ ਰਹਿਬਰ ਬਣ ਕੇ ਉਭਰੇ ਜਿਸ ਨੇ ਨਾ ਸਿਰਫ

**ਹਰਚਰਨ ਸਿੰਘ ਪਰਹਾਰ**
ਫੋਨ: 403-681-86890
Email: hp8689@gmail.com

ਮੁਗਲੀਆ ਹਕੂਮਤਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਗੋਂ ਕੁਝ ਸਾਲਾਂ ਵਿਚ ਹੀ ਆਮ ਲੋਕਾਂ ਦਾ ਪਹਿਲਾ ਖਾਲਸਈ ਰਾਜ ਸਥਾਪਿਤ ਕਰ ਦਿੱਤਾ ਜਿਸ ਵਿਚ ਉਨ੍ਹਾਂ ਜਾਤਾਂ-ਧਰਮਾਂ ਦੀਆਂ ਵੰਡਾਂ ਤੋਂ ਉਪਰ ਉਠ ਕੇ ਲੁਟੇਰੇ ਜਗੀਰਦਾਰਾਂ ਤੋਂ ਜ਼ਮੀਨਾਂ ਖੋਹ ਕੇ ਹਲ਼ ਵਾਹਕਾਂ (ਆਮ ਲੋਕਾਂ) ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਉਨ੍ਹਾਂ ਨੇ ਆਪਣੇ ਰਾਜ ਦਾ ਸਿੱਕਾ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਨਾਮ 'ਤੇ ਜਾਰੀ ਕੀਤਾ। ਉਨ੍ਹਾਂ ਨੂੰ ਭਾਵੇਂ ਰਾਜ ਕਰਨ ਜਾਂ ਜੀਣ ਲਈ ਬਹੁਤਾ ਸਮਾਂ ਨਹੀਂ ਮਿਲਿਆ ਪਰ ਆਪਣੇ 7-8 ਸਾਲ ਦੇ ਸਮੇਂ ਵਿਚ ਹੀ ਉਹ ਅਜਿਹਾ ਤੂਫਾਨ ਬਣ ਕੇ ਆਏ ਕਿ ਜਾਬਰਾਂ-ਜਰਵਾਣਿਆਂ ਨੂੰ ਆਪਣੀਆਂ ਹਕੂਮਤਾਂ ਹੀ ਨਹੀਂ, ਜਾਨਾਂ ਬਚਾਉਣੀਆਂ ਮੁਸ਼ਕਿਲ ਹੋ ਗਈਆਂ ਸਨ। ਜਿਥੇ ਉਹ ਮੈਦਾਨੇ-ਜੰਗ ਵਿਚ ਬੜੀ ਸੂਰਮਗਤੀ ਨਾਲ ਲੜਿਆ ਤੇ ਬਿਨਾ ਕਿਸੇ ਟਰੇਂਡ ਫੌਜ ਦੇ ਆਮ ਲੋਕਾਂ ਦੀ ਮਦਦ ਨਾਲ ਜਿੱਤਾਂ ਹਾਸਿਲ ਕੀਤੀਆਂ, ਉਥੇ ਬੜੀ ਬਹਾਦਰੀ ਨਾਲ ਖਿੜੇ ਮੱਥੇ ਸ਼ਹਾਦਤ ਪ੍ਰਾਪਤ ਕੀਤੀ।

ਪੁਰਾਣੀ ਦਿੱਲੀ ਵਿਚ ਮਹਿਰੌਲੀ ਦੇ ਸਥਾਨ 'ਤੇ ਬੰਦਾ ਸਿੰਘ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਕਈ ਦਿਨ ਰੋਜ਼ਾਨਾ ਉਸ ਦੇ 100 ਸਾਥੀਆਂ ਨੂੰ ਕੋਤਵਾਲੀ ਚੌਕ ਵਿਚ ਲੋਕਾਂ ਸਾਹਮਣੇ ਸ਼ਹੀਦ ਕੀਤਾ ਜਾਂਦਾ ਸੀ ਤੇ ਲਾਸ਼ਾਂ ਦੇ ਸਿਰ ਕੱਟ ਕੇ ਸੜਕਾਂ ਦੇ ਮੋੜਾਂ 'ਤੇ ਟੰਗੇ ਜਾਂਦੇ ਸਨ ਤਾਂ ਲੋਕਾਂ ਨੂੰ ਸੁਨੇਹਾ ਜਾਵੇ ਕਿ ਮੁਗਲੀਆ ਹਕੂਮਤ ਵਿਰੁਧ ਬਗਾਵਤ ਕਰਨ ਵਾਲਿਆਂ ਦਾ ਹਸ਼ਰ ਕੀ ਹੁੰਦਾ ਹੈ ਪਰ ਬੰਦਾ ਸਿੰਘ ਨੇ ਫਿਰ ਵੀ ਈਨ ਨਹੀਂ ਮੰਨੀ ਤਾਂ ਮਾਰਚ 1716 ਨੂੰ ਉਸ ਦੇ ਸਾਹਮਣੇ ਉਸ ਦੇ ਛੋਟੇ ਜਿਹੇ ਪੁੱਤਰ ਨੂੰ ਸ਼ਹੀਦ ਕਰਨ ਉਪਰੰਤ ਉਸ ਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਤੁੰਨਿਆ ਗਿਆ ਤੇ ਅਖੀਰ ਬਾਬਾ ਬੰਦਾ ਸਿੰਘ ਅੰਤਾਂ ਦੇ ਤਸੀਹੇ ਝੱਲਦਾ ਸ਼ਹੀਦ ਹੋ ਗਿਆ। ਪੋਰਸ ਤੋਂ ਬਾਅਦ ਬੰਦਾ ਸਿੰਘ ਅਜਿਹਾ ਪਹਿਲਾ ਜਰਨੈਲ ਹੋ ਨਿਬੜਿਆ ਜਿਸ ਨੇ ਪੰਜਾਬ ਨੂੰ ਸੁਤੰਤਰ ਰਾਜ ਵਿਚ ਤਬਦੀਲ ਕੀਤਾ। ਅੰਗਰੇਜ਼ ਇਤਿਹਾਸਕਾਰ ਵਿਲੀਅਮ ਇਰਵਨ ਆਪਣੀ ਕਿਤਾਬ 'ਲੇਟਰ ਮੁਗਲਜ਼' ਲਿਖਦਾ ਹੈ ਕਿ ਬੰਦਾ ਸਿੰਘ ਦੀ ਸੈਨਾ ਵਿਚ ਜਿਹੜੇ ਚੂਹੜੇ, ਚਮਿਆਰ, ਕਲਾਲ ਤੇ ਨੀਚ ਜਾਤਾਂ ਦੇ ਲੋਕ ਸ਼ਾਮਿਲ ਹੁੰਦੇ ਸਨ, ਉਹ ਆਪਣੇ ਘਰਾਂ ਨੂੰ ਹਾਕਮ ਬਣ ਕੇ ਮੁੜਦੇ ਸਨ। ਵੱਡੇ ਧਨਾਢ ਲੋਕ ਵੀ ਉਨ੍ਹਾਂ ਦਾ ਸਵਾਗਤ ਕਰਦੇ ਸਨ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੀਚਾਂ ਨੂੰ ਪਾਤਸ਼ਾਹੀ ਬਖਸ਼ ਦਿੱਤੀ ਸੀ ਜਿਸ ਦਾ ਸੁਪਨਾ ਗੁਰੂ ਗੋਬਿੰਦ ਸਿੰਘ ਜੀ ਨੇ ਲਿਆ ਸੀ: ਇਨ ਗਰੀਬ ਸਿੱਖਨ ਕੋ ਦੇਊਂ ਪਾਤਸ਼ਾਹੀ, ਇਹ ਯਾਦ ਰਖੇਂ ਹਮਰੀ ਗੁਰਿਆਈ'।

ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦੀ ਅਜਿਹੀ ਬੁਝਾਰਤ ਹੈ ਜਿਸ ਬਾਰੇ ਸਿੱਖ ਵਿਦਵਾਨਾਂ ਤੇ ਇਤਿਹਾਸਕਾਰਾਂ ਵਲੋਂ ਕੋਈ ਖੋਜ ਕਰਨ ਦੀ ਥਾਂ ਪੁਰਾਣੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਮੱਖੀ 'ਤੇ ਮੱਖੀ ਮਾਰ ਕੇ ਵਰਕੇ ਕਾਲੇ ਕਰਨ ਤੋਂ ਵੱਧ ਕੁਝ ਨਹੀਂ ਕੀਤਾ ਪਰ ਇਸ ਦਾ ਮਤਲਬ ਇਹ ਨਹੀਂ ਕਿ ਬੰਦਾ ਸਿੰਘ ਬਹਾਦਰ ਬਾਰੇ ਕਿਸੇ ਨੇ ਕੁਝ ਨਹੀਂ ਲਿਖਿਆ। ਬੰਦਾ ਸਿੰਘ ਬਾਰੇ ਫਾਰਸੀ, ਪੰਜਾਬੀ, ਹਿੰਦੀ, ਅੰਗਰੇਜ਼ੀ ਵਿਚ ਅਨੇਕਾਂ ਲਿਖਤਾਂ ਹਨ ਜਿਨ੍ਹਾਂ ਵਿਚੋਂ ਪੰਜਾਬੀ ਦੀਆਂ ਲਿਖਤਾਂ ਉਸ ਦੇ ਜੀਵਨ ਕਾਲ ਤੋਂ 50-60 ਬਾਅਦ ਲਿਖਣੀਆਂ ਸ਼ੁਰੂ ਹੋਈਆਂ ਸਨ। ਕੇਸਰ ਸਿੰਘ ਛਿੱਬਰ ਦਾ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਪਹਿਲੀ ਪੰਜਾਬੀ ਲਿਖਤ ਹੈ ਜਿਸ ਵਿਚ ਬੰਦਾ ਸਿੰਘ ਬਹਾਦਰ ਬਾਰੇ ਜ਼ਿਕਰ ਮਿਲਦਾ ਹੈ। ਇਹ ਲਿਖਤ 1769 ਦੇ ਕਰੀਬ ਲਿਖੀ ਗਈ ਸੀ। ਇਸ ਤੋਂ ਇਲਾਵਾ ਢਾਡੀ ਨੱਥ ਮੱਲ ਦਾ ਫਾਰਸੀ 'ਅਮਰਨਾਮਾ' ਉਨ੍ਹਾਂ ਸਮਿਆਂ ਵਿਚ ਲਿਖਿਆ ਮਿਲਦਾ ਹੈ। ਇਹ ਉਹ ਸਮਾਂ ਸੀ, ਜਦੋਂ ਸਿੱਖ ਮਿਸਲਾਂ ਦਾ ਉਭਾਰ ਸ਼ੁਰੂ ਹੋ ਚੁੱਕਾ ਸੀ। ਇਸ ਤੋਂ ਪਹਿਲੀਆਂ ਸਾਰੀਆਂ ਲਿਖਤਾਂ ਫਾਰਸੀ ਵਿਚ ਮੁਸਲਮਾਨਾਂ ਵਲੋਂ ਲਿਖੀਆ ਹੀ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਮੁਸਲਮਾਨ ਹਾਕਮਾਂ ਦੇ ਰੋਜ਼ਨਾਮਚੇ, ਅਖਬਾਰਾਂ ਆਦਿ ਮੁੱਖ ਹਨ। ਇਨ੍ਹਾਂ ਵਿਚੋਂ ਕੋਈ ਵੀ ਲਿਖਤ ਬੰਦਾ ਸਿੰਘ ਬਹਾਦਰ ਦੀ ਸ਼ਖਸੀਅਤ ਨੂੰ ਮੁੱਖ ਰੱਖ ਕੇ ਨਹੀਂ ਲਿਖੀ ਮਿਲਦੀ ਸਗੋਂ ਉਸ ਸਮੇਂ ਦੇ ਹਾਲਾਤ ਵਿਚ ਬੰਦਾ ਸਿੰਘ ਬਾਰੇ ਜ਼ਿਕਰ ਮਿਲਦਾ ਹੈ, ਉਸ ਦੀਆਂ ਜਿੱਤਾਂ, ਹਾਰਾਂ, ਹਮਲਿਆਂ, ਸ਼ਹੀਦੀ ਦਾ ਵਰਨਣ ਹੈ ਪਰ ਬੱਝਵੇਂ ਰੂਪ ਵਿਚ ਬੰਦਾ ਸਿੰਘ ਬਾਰੇ ਕੋਈ ਠੋਸ ਜਾਣਕਾਰੀ ਨਹੀਂ ਮਿਲਦੀ।




ਇੱਕ ਪਾਸੇ ਜਿਥੇ ਮੁਸਲਮਾਨ ਲਿਖਾਰੀਆਂ ਨੇ ਬਹੁਤ ਕੁਝ ਸਮੇਂ ਦੇ ਹਾਕਮਾਂ ਨੂੰ ਖੁਸ਼ ਕਰਨ ਲਈ ਲਿਖਿਆ ਹੈ, ਉਥੇ ਮਜ਼ਹਬੀ ਫਿਰਕੂ ਜ਼ਹਿਨੀਅਤ ਵੀ ਭਾਰੂ ਸੀ ਜਿਸ ਕਰ ਕੇ ਬੰਦਾ ਸਿੰਘ ਦੇ ਹਮਲਿਆਂ ਨੂੰ ਆਧਾਰ ਬਣਾ ਕੇ ਉਸ ਨੂੰ ਜਾਬਰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਉਸ ਦੇ ਨਾਲ ਜਾਨਾਂ ਹੂਲ ਕੇ ਲੜਨ ਵਾਲਿਆਂ ਨੂੰ ਚੋਰ, ਕਾਤਲ, ਲੁਟੇਰੇ ਆਦਿ ਸਾਬਤ ਕੀਤਾ ਗਿਆ ਹੈ। ਦੂਜੇ ਪਾਸੇ, ਸਿੱਖ ਲੇਖਕਾਂ ਨੇ ਮੌਕੇ ਦੀਆਂ ਕਾਬਜ਼ ਧਿਰਾਂ (ਤੱਤ ਖਾਲਸਾ) ਨੂੰ ਸਥਾਪਿਤ ਕਰਨ ਅਤੇ ਖੁਸ਼ ਕਰਨ ਲਈ ਬਹੁਤ ਕੁਝ ਅਜਿਹਾ ਲਿਖਿਆ ਹੈ ਜਿਸ ਨਾਲ ਬੰਦਾ ਸਿੰਘ ਦੀ ਸ਼ਖਸੀਅਤ ਨੂੰ ਪੂਰੀ ਤਰ੍ਹਾਂ ਦਾਗਦਾਰ ਕੀਤਾ ਜਾਵੇ, ਉਸ ਨੂੰ ਗੁਰੂ ਦੋਖੀ ਸਾਬਤ ਕੀਤਾ ਜਾਵੇ। ਅਨੇਕਾਂ ਤਰ੍ਹਾਂ ਦੀਆਂ ਮਨਘੜਤ ਕਹਾਣੀਆਂ ਬੰਦਾ ਸਿੰਘ ਨਾਲ ਜੋੜ ਕੇ ਉਸ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ। ਇਥੋਂ ਤੱਕ ਕਿ ਰਤਨ ਸਿੰਘ ਭੰਗੂ, ਕਵੀ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਕਰਮ ਸਿੰਘ ਹਿਸਟੋਰੀਅਨ ਤੇ ਉਨ੍ਹਾਂ ਦੀ ਨਕਲ ਕਰ ਕੇ ਕਈ ਹੋਰ ਸਿੱਖ ਲੇਖਕਾਂ ਨੇ ਬੰਦਾ ਸਿੰਘ ਦੀ ਸ਼ਹਾਦਤ ਨੂੰ ਇਸ ਢੰਗ ਨਾਲ ਨਕਾਰਿਆ ਹੈ ਕਿ ਮੁਗਲਾਂ ਨੇ ਤਸੀਹੇ ਦੇ ਕੇ ਸੁੱਟ ਦਿੱਤਾ ਸੀ ਤੇ ਉਹ ਬਚ ਕੇ ਕਸ਼ਮੀਰ ਦੀਆਂ ਪਹਾੜੀਆਂ ਵਿਚ ਲੁਕ ਕੇ ਰਹਿੰਦਾ ਰਿਹਾ ਅਤੇ 70 ਸਾਲ ਦੀ ਉਮਰ ਵਿਚ ਉਸ ਦੀ ਮੌਤ ਹੋਈ ਜਿਸ ਦੌਰਾਨ ਉਸ ਨੇ 2-3 ਹੋਰ ਵਿਆਹ ਵੀ ਕਰਵਾਏ ਸਨ। ਸਿੱਖ ਇਤਿਹਾਸਕਾਰਾਂ ਨੇ ਬੰਦਾ ਸਿੰਘ ਨਾਲ ਬੜਾ ਅਨਰਥ ਕੀਤਾ ਹੈ, ਜਦਕਿ ਉਸ ਦੀ ਸ਼ਹਾਦਤ ਬਾਰੇ ਫਾਰਸੀ ਦੀਆਂ ਸਮਕਾਲੀ ਰਚਨਾਵਾਂ 'ਅਖਬਾਰ-ਏ-ਦਰਬਾਰ-ਏ-ਮੁਅੱਲਾ', ਮੁਹੰਮਦ ਕਾਸਿਮ ਦਾ 'ਇਬਰਤਨਾਮਾ', ਮਿਰਜ਼ਾ ਮੁਹੰਮਦ ਦਾ 'ਇਬਰਤਨਾਮਾ', ਹਾਜ਼ੀ ਕਾਮਵਰ ਖਾਨ ਦਾ 'ਤਜ਼ਕਿਰਾਤ-ਉਲ-ਸਲਾਤੀਨ ਚੁਗੱਤਾ', ਖਾਫੀ ਖਾਨ ਦੀ ਲਿਖਤ 'ਮੁਮਤਖਾਬ-ਉਲ-ਲੁਬਾਬ' ਵਿਚ ਕਾਫੀ ਜ਼ਿਕਰ ਆਉਂਦਾ ਹੈ ਕਿ ਬੰਦਾ ਸਿੰਘ ਬਹਾਦਰ, ਉਸ ਦੇ ਪੁੱਤਰ ਅਤੇ 700 ਤੋਂ ਵੱਧ ਸਾਥੀਆਂ ਨੂੰ ਕਿਸ ਤਰ੍ਹਾਂ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਦੇ ਸਮਕਾਲੀ ਕੋਇਰ ਸਿੰਘ ਨੇ 'ਗੁਰ ਬਿਲਾਸ ਪਾਤਸ਼ਾਹੀ 10' ਅਤੇ ਸਰੂਪ ਸਿੰਘ ਕੌਸ਼ਿਸ਼ ਨੇ 'ਗੁਰੂ ਕੀਆਂ ਸਾਖੀਆਂ' ਤਕਰੀਬਨ 18ਵੀਂ ਸਦੀ ਦੇ ਅਖੀਰ ਵਿਚ ਮਿਸਲਾਂ ਦੇ ਦੌਰ ਵਿਚ ਹੀ ਲਿਖੀਆਂ ਸਨ। ਸਿੱਖ ਇਤਿਹਾਸਕਾਰਾਂ ਦੀਆਂ ਬਾਕੀ ਸਾਰੀਆਂ ਕਿਤਾਬਾਂ 19ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਜਾਂ ਉਸ ਦੀ ਮੌਤ ਤੋਂ ਬਾਅਦ ਤੇ ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ੇ ਦੌਰਾਨ ਲਿਖੀਆਂ ਮਿਲਦੀਆਂ ਹਨ। ਇਨ੍ਹਾਂ ਵਿਚੋਂ ਕਵੀ ਸੰਤੋਖ ਸਿੰਘ ਦਾ 'ਸੂਰਜ ਪ੍ਰਕਾਸ਼ ਗ੍ਰੰਥ', ਰਤਨ ਸਿੰਘ ਭੰਗੂ ਦਾ 'ਪ੍ਰਾਚੀਨ ਪੰਥ ਪ੍ਰਕਾਸ਼', ਗਿਆਨੀ ਗਿਆਨ ਸਿੰਘ ਦਾ 'ਸ੍ਰੀ ਗੁਰ ਪੰਥ ਪ੍ਰਕਾਸ਼', ਸਰੂਪ ਦਾਸ ਭੱਲਾ ਦਾ 'ਮਹਿਮਾ ਪ੍ਰਕਾਸ਼' ਦੇ ਨਾਮ ਵਰਨਣਯੋਗ ਹਨ। ਬਾਕੀ ਦੇ ਤਕਰੀਬਨ ਸਾਰੇ ਪੰਜਾਬੀ, ਭਾਰਤੀ ਜਾਂ ਅੰਗਰੇਜ਼ ਲਿਖਾਰੀਆਂ ਨੇ ਇਨ੍ਹਾਂ ਦੀਆਂ ਰਚਨਾਵਾਂ ਨੂੰ ਹੀ ਆਪਣੀਆਂ ਪੁਸਤਕਾਂ ਦਾ ਆਧਾਰ ਬਣਾਇਆ ਹੈ। ਰਤਨ ਸਿੰਘ ਭੰਗੂ ਅਤੇ ਕਰਮ ਸਿੰਘ ਹਿਸਟੋਰੀਅਨ ਨੇ ਬੰਦਾ ਸਿੰਘ ਬਹਾਦਰ ਦੀ ਸਭ ਤੋਂ ਵੱਧ ਕਿਰਦਾਰਕੁਸ਼ੀ ਕੀਤੀ ਹੈ। 20ਵੀਂ ਸਦੀ ਦੇ ਤਕਰੀਬਨ ਸਾਰੇ ਲੇਖਕਾਂ ਨੇ ਸਥਾਪਤੀ ਨੂੰ ਖੁਸ਼ ਕਰਨ ਲਈ ਜੋ ਪ੍ਰਚਲਤ ਹੋ ਚੁੱਕਾ ਸੀ, ਉਸ 'ਤੇ ਮੋਹਰ ਹੀ ਲਗਾਈ ਹੈ, ਖੋਜ ਕਰ ਕੇ ਸਚਾਈ ਸਾਹਮਣੇ ਲਿਆਉਣ ਦੀ ਕੋਸ਼ਿਸ਼ ਨਹੀਂ ਕੀਤੀ। ਡਾ. ਗੰਡਾ ਸੰਘ ਨੇ ਬੇਸ਼ਕ ਫਾਰਸੀ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਕੁਝ ਨਵੇਂ ਪੱਖ ਉਭਾਰੇ ਸਨ ਪਰ ਵਿਰੋਧੀ ਦਾ ਅਸਲ ਨੁਕਤਾ ਨਾ ਸਮਝਣ ਕਰ ਕੇ ਬਹੁਤ ਜਗ੍ਹਾ ਟਪਲੇ ਖਾਧੇ ਹਨ।

ਬੰਦਾ ਸਿੰਘ ਬਹਾਦਰ ਨੂੰ ਨੀਵਾਂ ਦਿਖਾਉਣ, ਉਸ ਦੀ ਕਿਰਦਾਰਕੁਸ਼ੀ, ਉਸ ਨੂੰ ਗੁਰੂ ਦੋਖੀ ਦਰਸਾਉਣ ਵਿਚ ਮੁਸਲਮਾਨ ਲੇਖਕਾਂ ਦੀ ਸਮਝ ਤਾਂ ਸਭ ਨੂੰ ਨਜ਼ਰ ਆਉਂਦੀ ਰਹੀ ਹੈ ਕਿਉਂਕਿ ਉਸ ਨੇ ਨਾ ਸਿਰਫ ਜ਼ਾਲਮ ਮੁਗਲਾਂ ਹਾਕਮਾਂ ਨੂੰ ਸਜ਼ਾਵਾਂ ਦਿੱਤੀਆਂ ਸਗੋਂ ਉਨ੍ਹਾਂ ਦਾ ਰਾਜ ਭਾਗ ਵੀ ਖੋਹ ਲਿਆ ਸੀ ਪਰ ਤਕਰੀਬਨ ਬਹੁਤੇ ਨਵੇਂ ਸਿੱਖ ਲੇਖਕ ਜਾਂ ਖੋਜੀ, ਇਹ ਨੁਕਤਾ ਨਹੀਂ ਸਮਝ ਸਕੇ ਕਿ 18ਵੀਂ ਤੇ 19ਵੀਂ ਸਦੀ ਦੇ ਸਾਰੇ ਲੇਖਕ ਉਸ ਸਮੇਂ ਦੀਆਂ ਕਾਬਜ਼ ਧਿਰਾਂ ਦੀ ਨੁਮਾਇੰਦਗੀ ਕਰਨ ਵਾਲੇ ਅਤੇ ਸਿੱਖੀ 'ਤੇ ਕਾਬਜ਼ ਹੋ ਚੁੱਕੀ ਬ੍ਰਾਹਮਣਵਾਦੀ ਪੁਜਾਰੀ ਸ਼੍ਰੇਣੀ ਦੇ ਪ੍ਰਭਾਵ ਵਿਚ ਸਨ ਜਿਨ੍ਹਾਂ ਨੇ ਬੰਦਾ ਸਿੰਘ ਬਾਰੇ ਹੀ ਨਹੀਂ, ਗੁਰੂ ਸਾਹਿਬਾਨ ਬਾਰੇ ਵੀ ਬੜਾ ਕੁਫਰ ਤੋਲਿਆ ਹੋਇਆ ਹੈ ਜਿਸ ਨੂੰ ਨਵੇਂ ਸਿੱਖ ਵਿਦਵਾਨਾਂ ਨੇ ਇਤਿਹਾਸ ਦੇ ਸੋਮਿਆਂ (ਅਖੌਤੀ) ਨੂੰ ਬਚਾਉਣ ਲਈ ਲੁਕਾ ਲਿਆ ਜਾਂਦਾ ਰਿਹਾ ਹੈ। ਦੂਜਾ ਪੱਖ ਇਹ ਹੈ ਕਿ 18ਵੀਂ ਅਤੇ 19ਵੀਂ ਸਦੀ ਦੇ ਇਤਿਹਾਸ ਦੀ ਗੁਰਬਾਣੀ ਨਜ਼ਰੀਏ ਤੋਂ ਪਰਖ-ਪੜਚੋਲ ਕਰ ਕੇ ਖੋਜ ਰਾਹੀਂ ਸੱਚ ਸਾਹਮਣੇ ਲਿਆਉਣ ਦੀ ਥਾਂ 20ਵੀਂ ਅਤੇ 21ਵੀਂ ਸਦੀ ਦੇ ਵਿਦਵਾਨਾਂ ਨੇ ਮੌਜੂਦਾ ਕਾਬਜ਼ ਧਿਰਾਂ ਦੇ ਡਰ ਅਤੇ ਉਨ੍ਹਾਂ ਨੂੰ ਖੁਸ਼ ਕਰਨ ਲਈ ਸਿਰਫ ਸੌਖੀ ਪੰਜਾਬੀ (ਪੁਰਾਣੇ ਗ੍ਰੰਥ ਕਵਿਤਾ ਵਿਚ ਹਨ) ਜਾਂ ਸੌਖੀ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਮੱਖੀ 'ਤੇ ਮੱਖੀ ਹੀ ਮਾਰੀ ਹੈ, ਹੋਰ ਕੁਝ ਨਹੀਂ ਕੀਤਾ। ਇਸ ਨਾਲ ਇਤਿਹਾਸ ਦੇ ਹੀਰੋ ਜ਼ੀਰੋ ਹਨ ਅਤੇ ਮੁਗਲਾਂ ਤੇ ਅੰਗਰੇਜ਼ਾਂ ਦੇ ਹੀਰੋ ਸਿੱਖਾਂ ਦੇ ਹੀਰੋ ਬਣਾਏ ਹੋਏ ਹਨ।

ਜਦੋਂ ਅਸੀਂ ਬੰਦਾ ਸਿੰਘ ਬਹਾਦਰ ਬਾਰੇ ਪਾਏ ਭੁਲੇਖਿਆਂ ਬਾਰੇ ਵਿਚਾਰ ਕਰਦੇ ਹਾਂ ਤਾਂ ਕੁਝ ਗੱਲਾਂ ਮੁੱਖ ਤੌਰ 'ਤੇ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਬਾਰੇ ਵਿਚਾਰ ਤੇ ਖੋਜ ਹੋਣੀ ਬਹੁਤ ਜ਼ਰੂਰੀ ਹੈ ਤਾਂ ਕਿ ਸੱਚ ਸਾਹਮਣੇ ਆ ਸਕੇ। ਸਿੱਖ ਲੇਖਕਾਂ ਨੇ ਬੰਦਾ ਸਿੰਘ ਬਹਾਦਰ ਬਾਰੇ ਕਿਹਾ ਹੈ ਕਿ ਉਸ ਦਾ ਰਾਜ ਕੁਝ ਸਾਲਾਂ ਵਿਚ ਇਸ ਲਈ ਸਮਾਪਤ ਹੋ ਗਿਆ ਸੀ ਕਿਉਂਕਿ ਉਸ ਨੇ ਗੁਰੂ ਦੇ ਹੁਕਮ ਤੋਂ ਉਲਟ ਵਿਆਹ ਕਰਵਾ ਲਿਆ ਸੀ ਜਿਸ ਨਾਲ ਗੁਰੂ ਤੋਂ ਮਿਲੀ ਸ਼ਕਤੀ ਖਤਮ ਹੋ ਗਈ ਸੀ। ਜਿਸ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਬੰਦਾ ਸਿੰਘ ਨੂੰ ਵਿਆਹ ਤੋਂ ਰੋਕਿਆ ਸੀ, ਉਸੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਇਨ੍ਹਾਂ ਗ੍ਰੰਥਾਂ ਵਿਚ ਹੀ ਲਿਖਿਆ ਹੈ ਕਿ ਉਨ੍ਹਾਂ ਤਿੰਨ ਵਿਆਹ ਕਰਾਏ ਸਨ? ਜਿਹੜਾ ਬੰਦਾ ਆਪ ਤਿੰਨ ਵਿਆਹ ਕਰਾ ਸਕਦਾ, ਉਹ ਹੋਰ ਕਿਸੇ ਨੂੰ ਕਿਵੇਂ ਜਾਂ ਕਿਸ ਆਧਾਰ 'ਤੇ ਰੋਕ ਸਕਦਾ, ਜਦੋਂ ਸਾਰੇ ਗੁਰੂਆਂ ਨੇ ਵਿਆਹ ਕਰਾਏ ਹੋਏ ਸਨ? ਇਨ੍ਹਾਂ ਇਤਿਹਾਸਕਾਰਾਂ ਅਨੁਸਾਰ ਬੰਦਾ ਸਿੰਘ ਨੇ ਗੁਰੂ ਸਾਹਿਬ ਦੇ ਹੁਕਮ ਤੋਂ ਉਲਟ ਆਪਣੇ ਆਪ ਨੂੰ 'ਗਿਆਰਵਾਂ ਗੁਰੂ' ਕਹਾਉਣਾ ਸ਼ੁਰੂ ਕਰ ਦਿੱਤਾ ਸੀ ਤੇ ਇਸ ਦੇ 'ਸਿੱਖ' ਆਪਣੇ ਆਪ ਨੂੰ 'ਬੰਦਈ ਖਾਲਸਾ' ਕਹਾਉਂਦੇ ਸਨ ਅਤੇ 'ਗੁਰੂ ਫਤਹਿ' ਦੀ ਥਾਂ ਮਿਲਣ ਵੇਲੇ 'ਫਤਹਿ ਦਰਸ਼ਨ' ਕਹਿੰਦੇ ਸਨ? ਪੁਰਾਣੀਆਂ ਲਿਖਤਾਂ ਵਿਚ ਕਿਤੇ ਵੀ 'ਫਤਹਿ ਦਰਸ਼ਨ' ਜਾਂ ਮੌਜੂਦਾ ਪ੍ਰਚਲਤ 'ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥ ਦਾ ਜ਼ਿਕਰ ਨਹੀਂ ਮਿਲਦਾ। ਇਹ ਬਹੁਤ ਬਾਅਦ ਵਿਚ ਮਿਸਲਾਂ ਦੇ ਸਮੇਂ ਜਦੋਂ ਤੱਤ ਖਾਲਸਾ (ਗੁਰੂ ਘਰ ਵਿਰੋਧੀ ਤਾਕਤਾਂ) ਕਾਬਜ਼ ਹੋ ਗਈਆਂ ਸਨ, ਉਨ੍ਹਾਂ ਵਲੋਂ ਬੰਦਾ ਸਿੰਘ ਨੂੰ ਬਦਨਾਮ ਕਰਨ ਲਈ ਕਹਾਣੀਆਂ ਘੜੀਆਂ ਗਈਆਂ, ਜਦਕਿ ਬੰਦਾ ਸਿੰਘ ਵਲੋਂ ਜਾਰੀ ਸਿੱਕਿਆਂ ਉਪਰ ਉਸ ਨੇ ਆਪਣੇ ਨਾਮ ਦੀ ਥਾਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸ਼ਬਦ ਲਿਖੇ ਸਨ।

***ਜਦੋਂ ਅਸੀਂ ਬੰਦਾ ਸਿੰਘ ਬਹਾਦਰ ਬਾਰੇ ਪਾਏ ਭੁਲੇਖਿਆਂ ਬਾਰੇ ਵਿਚਾਰ ਕਰਦੇ ਹਾਂ ਤਾਂ ਕੁਝ ਗੱਲਾਂ ਮੁੱਖ ਤੌਰ 'ਤੇ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਬਾਰੇ ਵਿਚਾਰ ਤੇ ਖੋਜ ਹੋਣੀ ਬਹੁਤ ਜ਼ਰੂਰੀ ਹੈ ਤਾਂ ਕਿ ਸੱਚ ਸਾਹਮਣੇ ਆ ਸਕੇ। ਸਿੱਖ ਲੇਖਕਾਂ ਨੇ ਬੰਦਾ ਸਿੰਘ ਬਹਾਦਰ ਬਾਰੇ ਕਿਹਾ ਹੈ ਕਿ ਉਸ ਦਾ ਰਾਜ ਕੁਝ ਸਾਲਾਂ ਵਿਚ ਇਸ ਲਈ ਸਮਾਪਤ ਹੋ ਗਿਆ ਸੀ ਕਿਉਂਕਿ ਉਸ ਨੇ ਗੁਰੂ ਦੇ ਹੁਕਮ ਤੋਂ ਉਲਟ ਵਿਆਹ ਕਰਵਾ ਲਿਆ ਸੀ ਜਿਸ ਨਾਲ ਗੁਰੂ ਤੋਂ ਮਿਲੀ ਸ਼ਕਤੀ ਖਤਮ ਹੋ ਗਈ ਸੀ। ਜਿਸ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਬੰਦਾ ਸਿੰਘ ਨੂੰ ਵਿਆਹ ਤੋਂ ਰੋਕਿਆ ਸੀ, ਉਸੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਇਨ੍ਹਾਂ ਗ੍ਰੰਥਾਂ ਵਿਚ ਹੀ ਲਿਖਿਆ ਹੈ ਕਿ ਉਨ੍ਹਾਂ ਤਿੰਨ ਵਿਆਹ ਕਰਾਏ ਸਨ? ਜਿਹੜਾ ਬੰਦਾ ਆਪ ਤਿੰਨ ਵਿਆਹ ਕਰਾ ਸਕਦਾ, ਉਹ ਹੋਰ ਕਿਸੇ ਨੂੰ ਕਿਵੇਂ ਜਾਂ ਕਿਸ ਆਧਾਰ 'ਤੇ ਰੋਕ ਸਕਦਾ, ਜਦੋਂ ਸਾਰੇ ਗੁਰੂਆਂ ਨੇ ਵਿਆਹ ਕਰਾਏ ਹੋਏ ਸਨ?***

ਮੈਂ ਬਾਬਾ ਬੰਦਾ ਸਿੰਘ ਬਾਰੇ ਕਾਫੀ ਕਿਤਾਬਾਂ ਪੜ੍ਹੀਆਂ ਹਨ, ਜੇ ਸਭ ਤੋਂ ਵਧੀਆ ਖੋਜ ਵਾਲੀ ਕਿਤਾਬ ਹੈ ਤਾਂ ਉਹ ਡਾ. ਸੁਖਦਿਆਲ ਸਿੰਘ ਦੀ 'ਬੰਦਾ ਸਿੰਘ ਬਹਾਦਰ: ਇਤਿਹਾਸਕ ਅਧਿਐਨ' ਕਹੀ ਜਾ ਸਕਦੀ ਹੈ, ਬੇਸ਼ਕ ਉਹ ਵੀ ਆਪਣੀ ਖੋਜ ਦੇ ਸਿੱਟੇ ਲਿਖਣ ਵੇਲੇ ਮੌਜੂਦਾ ਪ੍ਰਚਲਤ ਪ੍ਰੰਪਰਾਵਾਂ ਨੂੰ ਧਿਆਨ ਵਿਚ ਰੱਖ ਕੇ ਜਾਂ ਮੌਜੂਦਾ ਕਾਬਜ਼ ਧਿਰਾਂ ਵਲੋਂ ਹੋਣ ਵਾਲੇ ਵਿਰੋਧ ਨੂੰ ਮੁੱਖ ਰੱਖ ਕੇ ਬਹੁਤ ਕੁਝ ਲੁਕੋ ਗਿਆ, ਫਿਰ ਵੀ ਤੁਸੀਂ ਉਸ ਦੀ ਖੋਜ ਦੇ ਆਧਾਰ 'ਤੇ ਸਪਸ਼ਟ ਤੌਰ 'ਤੇ ਇਸ ਫੈਸਲੇ 'ਤੇ ਪਹੁੰਚ ਸਕਦੇ ਹੋ ਕਿ ਬੰਦਾ ਸਿੰਘ ਬਹਾਦਰ ਨਾ ਤਾਂ ਕੋਈ ਬੈਰਾਗੀ ਸੀ, ਨਾ ਹੀ ਕੋਈ ਕਰਾਮਾਤੀ ਸਾਧ ਸੀ, ਉਹ ਗੁਰੂ ਸਾਹਿਬ ਵਲੋਂ ਸ਼ਹਿਜ਼ਾਦਾ ਮੁਅੱਜਮ (ਔਰੰਗਜ਼ੇਬ ਦਾ ਪੁੱਤਰ ਜੋ ਬਾਅਦ ਵਿਚ ਬਹਾਦਰ ਸ਼ਾਹ ਦੇ ਨਾਮ ਹੇਠ ਭਾਰਤ ਦਾ ਬਾਦਸ਼ਾਹ ਬਣਿਆ ਸੀ), ਜੋ ਉਸ ਵਕਤ ਕਾਬੁਲ ਤੇ ਲਾਹੌਰ ਦਾ ਗਵਰਨਰ ਸੀ ਤੇ ਗੁਰੂ ਘਰ ਦਾ ਸ਼ਰਧਾਲੂ ਸੀ, ਦੀ ਸਿੱਖ ਫੌਜ ਦੀ ਟੁਕੜੀ ਦਾ ਜਰਨੈਲ ਸੀ ਜਿਹੜੀ ਫੌਜ ਗੁਰੂ ਸਾਹਿਬ ਦੀ ਸਹਿਮਤੀ ਨਾਲ ਸ਼ਹਿਜ਼ਾਦਾ ਮੁਅੱਜਮ ਨੇ ਬਣਾਈ ਸੀ। ਇਸ ਫੌਜ ਦੀ ਟੁਕੜੀ ਨੂੰ 'ਗੁਰੂ ਕੀ ਫੌਜ' ਤੇ ਉਸ ਦੇ ਜਰਨੈਲ ਨੂੰ 'ਗੁਰੂ ਕਾ ਬੰਦਾ' ਕਿਹਾ ਜਾਂਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਹੀ ਉਸ ਦਾ ਜਰਨੈਲ ਸੀ।

ਇਸ ਸਬੰਧੀ ਟੁੱਟਵੀਆਂ ਗਵਾਹੀਆਂ ਡਾ. ਗੰਡਾ ਸਿੰਘ ਦੀ ਕਿਤਾਬ 'ਹੁਕਮਨਾਮੇ', ਕੇਸਰ ਸਿੰਘ ਛਿੱਬਰ ਦੀ 'ਬੰਸਾਵਲੀਨਾਮਾ', ਸਰੂਪ ਦਾਸ ਭੱਲਾ ਦੀ 'ਮਹਿਮਾ ਪ੍ਰਕਾਸ਼', ਕੋਇਰ ਸਿੰਘ ਦੀ 'ਗੁਰ ਬਿਲਾਸ ਪਾਤਸ਼ਾਹੀ ਦਸਵੀਂ', ਸਮਕਾਲੀ ਫਾਰਸੀ ਅਖਬਾਰ 'ਅਖਬਾਰ-ਦਰਬਾਰ-ਏ-ਮੁ਼ਲਾਲਾ', ਪਿਆਰਾ ਸਿੰਘ ਪਦਮ ਦੀ 'ਰਹਿਤਨਾਮੇ', ਵਿਲੀਅਮ ਇਰਵਿਨ ਦੀ 'ਲੇਟਰ ਮੁਗਲਜ਼' ਵਿਚੋਂ ਵੀ ਮਿਲਦੀਆਂ ਹਨ। ਅਸਲ ਵਿਚ ਔਰੰਗਜੇਬ ਦੀ ਮੌਤ ਤੋਂ ਬਾਅਦ ਗੁਰੂ ਕੀਆਂ ਫੌਜਾਂ ਨੇ ਗੁਰੂ ਸਾਹਿਬ ਦੇ ਹੁਕਮ 'ਤੇ ਬਹਾਦਰ ਸ਼ਾਹ ਨੂੰ ਬਾਦਸ਼ਾਹ ਬਣਾਉਣ ਵਿਚ ਮਦਦ ਕੀਤੀ ਸੀ, ਗੁਰੂ ਸਾਹਿਬ ਤੇ ਕੁਝ ਮੁੱਖ ਸਿੱਖ (ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਬਿਨੋਧ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਫਤਿਹ ਸਿੰਘ, ਭਾਈ ਰਾਮ ਸਿੰਘ ਤੇ ਬੰਦਾ ਸਿੰਘ ਬਹਾਦਰ) ਆਗਰੇ ਬਹਾਦਰ ਸ਼ਾਹ ਦੀ ਤਾਜਪੋਸ਼ੀ ਵਿਚ ਵੀ ਸ਼ਾਮਿਲ ਹੋਏ ਸਨ। ਉਥੋਂ ਹੀ ਸਾਰੇ ਫੌਜ ਸਮੇਤ ਬਹਾਦਰ ਸ਼ਾਹ ਨਾਲ ਦੱਖਣ ਨੂੰ ਗਏ ਸਨ ਜਿਥੇ ਗੁਰੂ ਸਾਹਿਬ ਤੇ ਸਰਹਿੰਦ ਦੇ ਸੂਬੇਦਾਰ ਵਜੀਦ ਖਾਨ ਦੇ ਭੇਜੇ ਪਠਾਣਾਂ ਵਲੋਂ ਹਮਲਾ ਕਰਨ 'ਤੇ ਗੁਰੂ ਸਾਹਿਬ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ ਤੇ ਕੁਝ ਦਿਨਾਂ ਬਾਅਦ ਉਹ ਅਕਾਲ ਚਲਾਣਾ ਕਰ ਗਏ ਸਨ।

ਡਾ. ਸੁਖਦਿਆਲ ਸਿੰਘ ਦੀ ਖੋਜ ਅਨੁਸਾਰ, ਅਕਾਲ ਚਲਾਣੇ ਤੋਂ ਪਹਿਲਾਂ ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਆਪਣਾ ਉਤਰਾਧਿਕਾਰੀ (ਸ਼ਾਇਦ ਡਾ. ਸਾਹਿਬ ਕਿਸੇ ਵਿਵਾਦ ਤੋਂ ਬਚਣ ਲਈ 'ਗੁਰੂ' ਕਹਿਣ ਤੋਂ ਝਕ ਗਏ) ਚੁਣ ਗਏ ਅਤੇ ਉਸ ਨਾਲ ਪੰਜ ਸਿੰਘ ਸਲਾਹ ਮਸ਼ਵਰੇ ਲਈ ਵੀ ਲਗਾ ਦਿੱਤੇ ਸਨ। ਗੁਰੂ ਸਾਹਿਬ ਦੀਆਂ ਅੰਤਿਮ ਰਸਮਾਂ ਕਰਨ ਤੋਂ ਬਾਅਦ ਹੀ ਸਾਰੇ ਸਿੱਖ ਬੰਦਾ ਸਿੰਘ ਦੀ ਅਗਵਾਈ ਵਿਚ ਪੰਜਾਬ ਵਲ ਆਏ ਸਨ। ਇਸੇ

**(ਬਾਕੀ ਸਫਾ 27 ਉਤੇ)**

# 'ਛਾਂਗਿਆ ਰੁੱਖ' ਦੀਆਂ ਕਰੂੰਬਲਾਂ

***ਪੰਜਾਬੀ ਸਾਹਿਤ ਜਗਤ ਵਿਚ ਬਲਬੀਰ ਮਾਧੋਪੁਰੀ ਦੀ ਨਿਵੇਕਲੀ ਪਛਾਣ ਦਾ ਆਧਾਰ ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਹੈ। ਇਹ ਪੁਸਤਕ ਜਦੋਂ ਛਪੀ ਤਾਂ ਇੰਝ ਲੱਗਿਆ ਜਿਵੇਂ ਪੰਜਾਬੀ ਸਾਹਿਤ ਵਿਚ ਚਮਤਕਾਰ ਵਾਪਰ ਗਿਆ ਹੋਵੇ। ਦਲਿਤ ਜੀਵਨ ਦੇ ਕਰੂਰ ਅਨੁਭਵ ਨੂੰ ਜਿਸ ਸਹਿਜਤਾ ਨਾਲ ਮਾਧੋਪੁਰੀ ਨੇ ਪੇਸ਼ ਕੀਤਾ ਹੈ, ਉਸ ਦਾ ਕਮਾਲ ਸਿਰ ਚੜ੍ਹ ਬੋਲਦਾ ਹੈ। ਇਸ ਸ਼ਾਹਕਾਰ ਪੁਸਤਕ ਦੀ ਸਾਰੀ ਖੂਬਸੂਰਤੀ ਇਸ ਦੇ ਸਹਿਜ ਸੱਚ ਵਿਚ ਹੈ ਜੋ ਸੰਵੇਦਨਸ਼ੀਲ ਪਾਠਕ ਨੂੰ ਹਿਲੂਣ ਕੇ ਰੱਖ ਦਿੰਦੀ ਹੈ। ਇਸ ਲੇਖ ਵਿਚ ਬਲਬੀਰ ਮਾਧੋਪੁਰੀ ਨੇ ਇਸ ਲਿਖਤ ਦੇ ਪਿਛੋਕੜ ਦਾ ਜ਼ਿਕਰ ਕੀਤਾ ਹੈ।***

ਹੁਣ ਮੈਂ ਆਪਣੀ ਉਮਰ ਦੇ 65ਵੇਂ ਵਰ੍ਹੇ (ਜਨਮ 24 ਜੁਲਾਈ 1955) ਵਿਚੀਂ ਗੁਜ਼ਰ ਰਿਹਾ ਹਾਂ। ਲਗਦੇ ਹੱਥ ਸਪਸ਼ਟ ਕਰ ਦਿਆਂ ਕਿ ਮੇਰੀ ਮਾਂ ਦਾ ਦੱਸਿਆ ਮੇਰਾ ਜਨਮ ਦਿਨ ਮੰਗਲਵਾਰ ਜਨਮ ਤਰੀਕ ਨਾਲ ਮੇਲ ਨਹੀਂ ਖਾਂਦਾ। ਦਰਅਸਲ, ਇਸ ਧਰਤੀ ਜਾਇਆਂ ਮੂਲ ਨਿਵਾਸੀਆਂ ਨੇ ਕਦੇ ਜਨਮ-ਪੱਤਰੀ ਜਾਂ ਟੇਵੇ 'ਚ ਯਕੀਨ ਨਹੀਂ ਰੱਖਿਆ।

ਮੇਰੀ ਉਮਰ ਦਾ ਪਹਿਲਾ ਅੱਧ ਆਪਣੇ ਪਿੰਡ ਮਾਧੋਪੁਰ (ਨੇੜੇ ਸ਼ੂਗਰ ਮਿੱਲ ਭੋਗਪੁਰ, ਜ਼ਿਲ੍ਹਾ ਜਲੰਧਰ) 'ਚ ਬੀਤਿਆ। ਤਕਰੀਬਨ 33 ਸਾਲਾਂ ਤੋਂ ਦਿੱਲੀ 'ਚ ਰਹਿ ਰਿਹਾ ਹਾਂ। ਆਪਣੀ ਬਾਲ-ਵਰੇਸ ਅਤੇ ਚੜ੍ਹਦੀ ਉਮਰ ਤੋਂ ਲੈ ਕੇ 'ਜਵਾਨੀ' ਤਕ ਦੀਆਂ ਕਈ ਘਟਨਾਵਾਂ ਨੇ ਮੇਰੇ ਮਨ ਅੰਦਰ ਝਰੀਆਂ ਪਾਈਆਂ ਹੋਈਆਂ ਤੇ ਬੇਸ਼ੁਮਾਰ ਸੰਘਣੀਆਂ ਯਾਦਾਂ ਨੇ ਪੱਕੀ ਛਾਉਣੀ। ਬਹੁਤ ਕੁਝ ਭੁਲਾਉਣ ਦੀ ਕੋਸ਼ਿਸ਼ ਦੇ ਬਾਵਜੂਦ ਦਿਲ-ਦਿਮਾਗ ਦੀਆਂ ਡੂੰਘੀਆਂ ਤਹਿਆਂ 'ਚ ਪਈਆਂ ਹਾਈਡ ਫਾਈਲਾਂ ਕਿਸੇ ਵਾਇਰਸ ਨੇ ਖਾਣ ਦੀ ਹਿੰਮਤ ਨਹੀਂ ਕੀਤੀ। ਜੋ ਥੋੜ੍ਹਾ ਬਹੁਤ ਲਿਖਣ ਦੀ ਤਾਕ 'ਚ ਰਹਿੰਦਾ ਹਾਂ, ਉਸ ਵਾਸਤੇ ਇਹ ਸਭ ਮੇਰਾ ਵੱਡਾ ਸਰਮਾਇਆ ਹੈ। ਦੂਜੀ ਹਕੀਕਤ, ਕੁਦਰਤ/ਕਾਇਨਾਤ ਬਾਰੇ ਮੇਰਾ ਪਿਆਰ-ਸਤਿਕਾਰ ਮੇਰੇ ਰੋਮਾਂ 'ਚ ਇਉਂ ਰਚਿਆ-ਮਿਚਿਆ



**ਬਲਬੀਰ ਮਾਧੋਪੁਰੀ**
**ਫੋਨ: +91-93505-48100**

ਹੋਇਆ ਹੈ ਜਿਵੇਂ ਰੇਤਾ ਵਿਚ ਜਜ਼ਬ ਹੋਇਆ ਪਾਣੀ।

ਆਪਣੇ ਪਿੰਡ ਦੇ ਖੇਤਾਂ 'ਚ ਮੈਂ ਬਾਲ ਮਜ਼ਦੂਰੀ ਕਰਦਿਆਂ ਅਲੱਗ-ਅਲੱਗ ਕਿਸਮ ਦੀ ਜ਼ਮੀਨ, ਟਾਹਲੀਆਂ ਦੀਆਂ ਝਿੜੀਆਂ, ਬਾਰਾਂਮਾਸੀ ਚੋਈਆਂ, ਬਰਸਾਤਾਂ ਨੂੰ ਆਪ-ਮੁਹਾਰੇ ਫੁਟਦੀਆਂ ਸੀਰਾਂ, ਉਨ੍ਹਾਂ ਦਾ ਕੂਲ੍ਹਾਂ ਬਣ ਵਗਦਾ ਪਾਣੀ ਤੇ ਉਸ ਉਤੇ ਉਠਦੀਆਂ ਨਿੱਕੀਆਂ ਲਹਿਰਾਂ ਮੇਰੇ ਅਦਿੱਖ ਮਨ ਵਿਚ ਅੱਜ ਵੀ ਲੱਫਾਂ ਮਾਰਦੀਆਂ ਹਨ (ਹਕੀਕਤ ਵਿਚ ਵੀ ਇਹ ਸਭ ਸਾਡੇ ਉਸ ਧਰਤ-ਖਿੱਤੇ ਵਿਚ ਲੋਪ ਹੋ ਚੁੱਕਾ ਹੈ)। ਆਪਣੇ ਭਾਈਆ, ਭਰਾ ਤੇ ਤਾਇਆਂ ਦੇ ਪੁੱਤਾਂ ਨਾਲ ਕੰਮ ਕਰਦਿਆਂ ਦਮ ਮਾਰਨ ਲਈ ਮੈਂ, ਬੰਨੇ ਜਾਂ ਪਹੇ ਵਿਚਲੇ ਘਾਹ 'ਤੇ ਬਹਿੰਦਾ। ਜ਼ਰਾ ਕੁ ਮਗਰੋਂ, ਪੈਰਾਂ ਜਾਂ ਬੈਠਕ ਦੀ ਥਾਂ ਮਿੱਧ ਹੋਇਆ ਘਾਹ ਫਿਰ ਸਿੱਧਾ ਖੜ੍ਹਾ ਹੋ ਜਾਂਦਾ। ਕੁਦਰਤ ਕਿਰਤੀ ਵਾਂਗ ਦਿਨ-ਰਾਤ ਮਿਹਨਤ ਕਰਦੀ ਮਹਿਸੂਸ ਹੁੰਦੀ। ਮੀਹਾਂ-ਨ੍ਹੇਰੀਆਂ ਦੌਰਾਨ ਰੁੱਖ ਲਿਫ-ਲਿਫ ਜਦੋਂ ਸਿੱਧੇ ਖੜ੍ਹੇ ਹੁੰਦੇ ਤਾਂ ਮੇਰਾ ਛੋਟਾ ਜਿਹਾ ਤਨ ਤਣ ਜਾਂਦਾ। ਇਉਂ ਬੇਜ਼ਮੀਨੇ ਹੁੰਦਿਆਂ ਵੀ ਮੇਰੀ ਜੰਮਣ-ਭੋਂ ਮੇਰੇ ਲਿਖਣ ਦੇ ਪ੍ਰੇਰਨਾ ਸਰੋਤ ਦਾ ਅਮੁੱਕ ਤੇ ਅਮੁੱਲ ਖਜ਼ਾਨਾ ਹੈ।

ਆਪਣੀਆਂ ਲਿਖਤਾਂ ਬਾਰੇ ਆਪੇ ਲਿਖਣਾ ਮੈਨੂੰ ਆਪਣੀ ਔਲਾਦ ਦਾ ਸਿਰ ਪਲੋਸਣ ਵਰਗਾ ਕੰਮ ਲਗਦਾ ਹੈ। ਮੇਰਾ ਇਕ ਲੇਖਕ ਮਿੱਤਰ ਕਹਿੰਦਾ ਹੁੰਦਾ ਹੈ ਕਿ ਆਪਣੀ ਰਚਨਾ ਬਾਰੇ ਲਿਖਣਾ ਆਪਣਾ ਸਿਰ ਆਪ ਮੁੰਨਣ ਵਾਲੀ ਗੱਲ ਹੈ। ਫਿਰ ਵੀ, ਸਮਾਜਕ ਸ਼ੀਸ਼ੇ ਮੋਹਰੇ ਖੜ੍ਹਾ ਹੋ ਕੇ ਉਸ ਦੇ ਵਰਤਾਰੇ ਅਤੇ ਨਤਾਰੇ ਲਈ ਆਪਣੀ ਨਿਆਣ-ਮੱਤ ਤੋਂ ਅੱਗੇ ਆਪਣੇ ਸਾਹਿਤਕ ਸਫਰ ਦਾ ਜ਼ਿਕਰ ਕਰਾਂਗਾ।

ਵਰਣ-ਧਰਮ ਵਿਵਸਥਾ ਅਨੁਸਾਰ ਸਾਡਾ 'ਵਿਹੜਾ' ਪਿੰਡ ਦੇ ਲਹਿੰਦੇ ਬੰਨੇ ਹੈ। ਇਧਰ ਨੂੰ ਹੀ ਪਿੰਡ ਦੇ ਕਈ ਘਰਾਂ ਦਾ ਗੰਦਾ ਪਾਣੀ ਹਰਲ-ਹਰਲ ਕਰਦਾ ਹੋਇਆ ਆਪਣਾ ਨਿਕਾਸ ਕਰਦਾ ਹੈ। ਪਿੰਡ ਅੰਦਰ ਜਾਂਦੀ ਮੁੱਖ ਗਭਲੀ ਗਲੀ ਦੇ ਸ਼ੁਰੂ 'ਚ ਸਾਡਾ ਘਰ ਹੈ। ਇਸ ਦੇ ਦੂਜੇ ਪਾਸੇ 'ਜੱਟਾਂ ਦਾ ਗੁਰਦੁਆਰਾ' ਹੈ ਜਿੱਥੇ ਸਾਨੂੰ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਦੀ ਆਗਿਆ ਨਹੀਂ ਸੀ। ਸੰਤ-ਮੱਤ ਅਤੇ ਗੁਰਮਤਿ ਦੇ ਡੂੰਘੇ ਸਰੋਕਾਰਾਂ ਦੇ ਪਸਾਰੇ ਦੇ ਬਾਵਜੂਦ ਉਨ੍ਹਾਂ ਲੋਕਾਂ ਨੇ ਸੰਸਕ੍ਰਿਤ ਅਤੇ ਸੰਸਕ੍ਰਿਤੀ ਦੇ ਰਵੱਈਏ ਨੂੰ ਨਾ ਤਿਆਗਿਆ, ਜਿਵੇਂ ਗੁਰੂ ਨਾਨਕ ਨੇ; ਸਗੋਂ ਜਾਤ-ਪਾਤ, ਊਚ-ਨੀਚ, ਛੂਤ-ਛਾਤ ਤੇ ਭਿੱਟ ਉਤੇ ਠੋਕ ਕੇ ਪਹਿਰਾ ਦਿੱਤਾ ਗਿਆ। ਹਰ ਮਹੀਨੇ ਸੰਗਰਾਂਦ ਜਾਂ ਗੁਰਪੁਰਬ ਮੌਕੇ ਮੈਂ ਨਿਆਣਾ ਹੁੰਦਾ ਆਪਣੇ ਹਾਣੀਆਂ ਨਾਲ ਪ੍ਰਸ਼ਾਦ ਜਾਂ ਲੰਗਰ ਲੈਣ/ਖਾਣ ਜਾਂਦਾ। ਪ੍ਰਬੰਧਕ ਸਾਨੂੰ ਜਾਤ ਦੇ ਮਿਹਣੇ ਮਾਰਦੇ, ਦੁਰਕਾਰਦੇ ਅਤੇ ਉਹ ਸ਼ਬਦ ਕਹਿ ਜਾਂਦੇ ਜਿਹੜੇ ਕਿਸੇ ਧਰਮ ਸਥਾਨ ਵਿਚ ਸੋਭਾ ਨਹੀਂ ਦਿੰਦੇ। ਬਹੁਤ ਵਾਰ ਕੁੱਤਿਆਂ-ਬਿੱਲੀਆਂ ਵਾਂਗ ਦਬਕਾਇਆ-ਧਮਕਾਇਆ ਜਾਂਦਾ। ਜਦੋਂ ਬਰਸਾਤਾਂ 'ਚ ਔੜ ਲਗਦੀ ਤਾਂ ਗੁਰਦੁਆਰੇ ਦੇ ਖੁੱਲ੍ਹੇ ਵਿਹੜੇ ਵਿਚ ਪੰਗਤ ਲਾ ਕੇ ਸਾਨੂੰ ਕੰਮੀਆਂ ਨੂੰ ਖਵਾਜਾ ਖਿਜਰ ਦੇ ਨਾਂ 'ਤੇ ਦਲੀਆ ਵੰਡਿਆ ਜਾਂਦਾ। ਮੇਰੀ ਦਾਦੀ ਅਕਸਰ ਕਹਿੰਦੀ, "ਖਬਰੇ ਇਕ 'ਤੇ ਇਤਬਾਰ ਨਹੀਂ ਰਿਹਾ ਜਿਹੜਾ ਹੁਣ ਔੜ ਵੇਲੇ ਖਵਾਜਾ ਖਿਜਰ ਕੱਢ ਲਿਆਂਦਾ।"




***ਛਾਂਗਿਆ ਰੁੱਖ: (ਖੱਬਿਓਂ) ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ ਛਪੀਆਂ ਕਿਤਾਬਾਂ ਦੇ ਮੁਖੜੇ।***

ਉਪਰਲੇ ਵਰਤਾਰੇ ਕਾਰਨ ਮੇਰਾ ਗੁਰਦੁਆਰੇ ਤੋਂ ਮੋਹ-ਭੰਗ ਹੋ ਗਿਆ। ਉਦੋਂ ਸ਼ਾਇਦ ਮੈਂ ਦੂਜੀ ਜਾਂ ਤੀਜੀ ਜਮਾਤ ਵਿਚ ਪੜ੍ਹਦਾ ਸੀ। ਸਾਡੇ ਭਾਈਚਾਰੇ ਦੇ ਲੋਕ ਉਥੇ ਪਹਿਲਾਂ ਹੀ ਨਹੀਂ ਜਾਂਦੇ ਸਨ, ਕਿਉਂਕਿ ਹਿੰਦੂਆਂ ਵਾਂਗ ਸਿੱਖਾਂ ਨੇ ਉਨ੍ਹਾਂ ਨੂੰ ਕਦੀ ਆਪਣਾ ਹਿੱਸਾ ਨਹੀਂ ਮੰਨਿਆ। ਸ਼ਾਇਦ ਇਸੇ ਕਰ ਕੇ ਪੰਜਾਬ ਦੇ ਸਾਢੇ ਬਾਰਾਂ ਹਜ਼ਾਰ ਪਿੰਡਾਂ ਵਿਚ ਦਲਿਤ ਭਾਈਚਾਰਿਆਂ ਦੇ ਆਪਣੇ ਗੁਰਦੁਆਰੇ ਹਨ। ਇਹ ਵੱਖਰੀ ਗੱਲ ਹੈ ਕਿ ਅਜੋਕੇ ਸਮਿਆਂ ਵਿਚ ਖੋਜੀ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਨੂੰ 'ਦਲਿਤ ਟੈਕਸਟ' ਕਹਿ ਕੇ ਨਿਮਾਣਿਆਂ-ਨਿਤਾਣਿਆਂ ਦੀ ਸੰਗੀ-ਸਾਥੀ ਹੋਣ ਨੂੰ ਪਛਾਣਿਆ ਹੈ।

... ਤੇ ਹਿੰਦਸਤਾਨ ਦੀ ਭਾਰਤ-ਪਾਕਿਸਤਾਨ ਵੰਡ ਨਾਲ ਜੌਹਨ ਮੁਹੰਮਦ ਦੀ ਨਵੀਂ ਨਕੋਰ, ਚਾਅ ਨਾਲ ਬਣਾਈ ਹਵੇਲੀ, ਸਾਡੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਬਦਲ ਗਈ ਸੀ। ਉਸ ਅੰਦਰਲੀ ਹਲਟੀ ਦਾ ਪਾਣੀ ਜੋ ਹਰ ਇਨਸਾਨ ਲਈ ਨਿਆਮਤ ਸੀ, ਵੀ ਛੂਤ-ਛਾਤ ਤੋਂ ਬਚ ਨਾ ਸਕਿਆ। ਹਲਟੀ ਤੋਂ ਜਦੋਂ ਜੱਟ ਕੁੜੀਆਂ-ਮੁੰਡੇ ਪਾਣੀ ਪੀਂਦੇ ਤਾਂ ਪਹਿਲਾਂ ਪਾੜਛੇ ਨਾਲੋਂ ਸਾਡੇ ਹੱਥਾਂ ਦੀ ਭਿੱਟ ਨੂੰ ਧੋ ਕੇ ਸੁੱਚਾ ਕਰਦੇ। ਸਕੂਲ ਵਿਚ ਨਲਕਾ ਲੱਗਣ ਮਗਰੋਂ 'ਸੁੱਚਮ' ਦਾ ਸਿਲਸਿਲਾ ਜਾਰੀ ਰਿਹਾ, ਭਾਵੇਂ ਉਸ ਅੰਦਰ ਚੰਮ ਦੀ ਬੋਕੀ ਹੁੰਦੀ।

ਸਕੂਲ 'ਚ ਪੜ੍ਹਦਿਆਂ ਮੈਂ ਅਤੇ ਮੇਰੇ ਤਾਏ ਦਾ ਪੁੱਤ ਰੋਸ਼ੀ ਆਪਣੇ ਖੱਤਰੀ ਅਧਿਆਪਕ ਦੇ ਤਿੰਨ ਕਿਲੋਮੀਟਰ ਫਾਸਲੇ 'ਤੇ ਸੋਹਲਪੁਰ ਪਿੰਡ ਉਹਦੇ ਪਸ਼ੂਆਂ ਨੂੰ ਨਲ੍ਹਾਉਣ, ਪਾਣੀ ਡਾਹੁਣ, ਨਿਆਈਂ 'ਚੋਂ ਚਰ੍ਹੀ-ਬਾਜਰਾ ਵੱਢਣ-ਕੁਤਰਨ ਲਈ ਜਾਂਦੇ ਪਰ ਗਰਮੀਆਂ ਤੇ ਚਮਾਸਿਆਂ ਵਿਚਲੀ ਕਹਿਰ ਦੀ ਗਰਮੀ ਦੌਰਾਨ ਉਨ੍ਹਾਂ ਦੇ ਨਲਕੇ ਤੋਂ ਪਾਣੀ ਨਾ ਪੀ ਸਕਦੇ। ਮੰਗਣ 'ਤੇ ਅਧਿਆਪਕ ਦੀ ਪਤਨੀ ਪਾਣੀ ਲਿਆਉਂਦੀ ਤੇ ਸਾਨੂੰ ਨਾਲੀ ਕੋਲ ਲਿਜਾ ਕੇ ਗੜਵੀ ਦਾ ਪਾਣੀ ਧਾਰ ਬਣਾ ਕੇ ਵਿੱਥ ਤੋਂ ਸਾਡੇ ਬੁੱਕ ਵਿਚ ਪਾਉਂਦੀ। ਸਕੂਲ ਵਿਚ ਡਾਕਖਾਨਾ ਵੀ ਸੀ। ਮੈਂ ਤੇ ਮੇਰੀ ਬਿਰਾਦਰੀ ਦੇ ਮੁੰਡੇ ਲਾਗਲੇ ਤਿੰਨ ਪਿੰਡਾਂ ਨੂੰ ਚਿੱਠੀਆਂ ਦੇਣ ਜਾਂਦੇ। ਦੋ ਕੁ ਵਾਰ ਰਣਜੀਤ ਮਾਧੋਪੁਰੀ ਵੀ ਮੇਰੇ ਨਾਲ ਡਾਕ ਦੇਣ ਗਿਆ। ਉਂਝ ਜ਼ਿਮੀਂਦਾਰਾਂ ਦੇ ਮੁੰਡਿਆਂ ਨੂੰ ਇਸ ਕੰਮ ਲਈ ਨਹੀਂ ਭੇਜਿਆ ਜਾਂਦਾ ਸੀ। ਇਹ ਪਿੰਡ ਇਕ ਕਿਲੋਮੀਟਰ ਤੋਂ ਸਾਢੇ ਚਾਰ ਕਿਲਮੀਟਰ ਫਾਸਲੇ ਉਤੇ ਸਥਿਤ ਹਨ। ਭਰ ਗਰਮੀ-ਸਰਦੀ ਵਿਚ ਨੰਗੇ ਪੈਰੀਂ ਤੁਰ ਕੇ ਜਾਣਾ ਸਾਨੂੰ ਹੈਰਾਨੀ ਵਾਲੀ ਗੱਲ ਨਹੀਂ ਸੀ ਲਗਦੀ ਪਰ ਮਨ ਵਿਚ ਇਹ ਖਿਆਲ ਵਾਰ-ਵਾਰ ਆਉਂਦਾ ਕਿ ਅਧਿਆਪਕ ਦੇ ਪਸ਼ੂਆਂ ਦੀ ਟਹਿਲ-ਸੇਵਾ ਤੇ ਚਿੱਠੀਆਂ ਦੇਣ ਜਾਣ ਦਾ ਕੰਮ ਸਾਡੇ ਜ਼ਿੰਮੇ ਹੀ ਕਿਉਂ ਹੈ? ਮੈਨੂੰ ਆਪਣੀ ਉਮਰੋਂ ਕਾਫੀ ਵੱਡੇ ਤਾਇਆਂ ਦੇ ਪੁੱਤਾਂ ਦਾ ਆਖਿਆ ਚੇਤੇ ਆਉਂਦਾ, "ਪਹਿਲਾਂ ਸੋਢੀ ਮਾਸਟਰ ਦੇ ਪਸ਼ੂਆਂ ਦੀ ਟਹਿਲ-ਸੇਵਾ ਅਸੀਂ ਕਰਦੇ ਰਹੇ ਤੇ ਹੁਣ ਤੁਸੀਂ।"

... ਪ੍ਰਾਇਮਰੀ 'ਚ ਪੜ੍ਹਦਿਆਂ ਕਦੀ-ਕਦੀ ਮੈਨੂੰ ਸਕੂਲੋਂ ਛੁੱਟੀ ਕਰ ਕੇ ਆਪਣੇ ਗੁਆਂਢੀ ਜੱਟ ਪਰਿਵਾਰ ਦੇ ਖੂਹ ਚਲਾਉਣ ਲਈ ਪਸ਼ੂ ਹਿੱਕਣ ਜਾਣਾ ਪੈਂਦਾ ਤਾਂ ਕਿ ਉਹਦਾ ਪੁੱਤ ਅਵਤਾਰ ਸਕੂਲੇ ਪੜ੍ਹਨ ਜਾ ਸਕੇ। ... ਤੇ ਜਦੋਂ ਤਾਈ ਤਾਰੋ ਆਪਣੇ ਪਤੀ ਊਧਮ ਸਿੰਘ ਨੂੰ ਰੋਟੀ ਖੁਆ ਹਟਦੀ ਤਾਂ ਮੈਨੂੰ ਕਹਿੰਦੀ, "ਗੁੱਡ ਗਾਧੀ ਤੋਂ ਉਤਰੀਂ ਜ਼ਰਾ, ਤੇਰੇ ਤਾਏ ਨੇ ਪਾਣੀ ਪੀਣਾ।" ਮੈਂ ਹੈਰਾਨ-ਪਰੇਸ਼ਾਨ ਹੋ ਕੇ ਸੋਚਦਾ ਕਿ ਭਿੱਟ ਇੰਨੀ ਦੂਰ ਟਿੰਡਾਂ ਤੇ ਫਿਰ ਪਾਣੀ ਵਿਚ ਕਿਵੇਂ ਪਹੁੰਚ ਜਾਂਦੀ ਹੈ। ਖੂਹ ਦੀਆਂ ਟਿੰਡਾਂ ਵਾਂਗ ਮੇਰਾ ਮਨ ਵੀ ਸੋਚਾਂ ਵਿਚ ਗੇੜੇ ਖਾਂਦਾ ਪ੍ਰਤੀਤ ਹੁੰਦਾ।

... ਤੇ ਸਿਆਲ 'ਚ ਵਿਹੜੇ ਦੇ ਹੋਰ ਮੁੰਡਿਆਂ ਨਾਲ ਮੈਂ ਵੇਲਣਿਆਂ ਤੋਂ, ਜਿੱਥੇ ਗੁੜ ਬਣਦਾ, ਮੈਲ (ਜੂਸ ਡਰਟ) ਲੈਣ ਲਈ ਤੁਰਿਆ ਰਹਿੰਦਾ। ਸਾਡੇ ਕੋਲ ਕੁੱਤੇ ਵੀ ਮੈਲ ਦੀ ਤਾਕ 'ਚ ਕੰਨ ਚੁੱਕੀ ਖੜ੍ਹੇ ਰਹਿੰਦੇ ਕਿ ਉਨ੍ਹਾਂ ਦੇ ਖਾਣ ਲਈ ਮੈਲ ਕਦੋਂ ਸੁੱਟੀ ਜਾਵੇਗੀ! ਜੇ ਮੇਰੇ ਕੋਲੋਂ ਨਾ ਜਾ ਹੁੰਦਾ ਤਾਂ ਮੇਰਾ ਵੱਡਾ ਭਰਾ ਮੈਲ ਦੀ ਬਾਲਟੀ ਭਰਾ ਲਿਆਉਂਦਾ। ਕਈ ਵਾਰ ਗਰਮ ਮੈਲ ਛਲਕ ਕੇ ਮੇਰੇ ਪੈਰਾਂ 'ਤੇ ਪੈ ਜਾਂਦੀ ਤੇ ਛਾਲੇ ਪੈ ਜਾਂਦੇ। ਦਰਅਸਲ, ਉਨ੍ਹਾਂ ਦਿਨਾਂ 'ਚ ਅੰਨ ਦੀ ਬਹੁਤ ਤੰਗੀ ਆ ਜਾਂਦੀ ਸੀ। ... ਤੇ ਸਿਆਲ 'ਚ ਹੀ ਕੱਟੇ-ਵੱਛੇ, ਬੁੱਢੇ ਝੋਟੇ, ਮੱਝਾਂ, ਬਲਦ ਤੇ ਗਊਆਂ ਅਕਸਰ ਮਰਦੇ ਰਹਿੰਦੇ। ਉਨ੍ਹਾਂ ਨੂੰ ਮੇਰਾ ਭਾਈਆ, ਤਾਇਆਂ ਦੇ ਪੁੱਤ ਅਤੇ ਵਿਹੜੇ ਦੇ ਹੋਰ ਬੰਦੇ ਚੁੱਕ ਕੇ ਜਾਂ ਧੂਹ ਕੇ ਲਿਜਾਂਦੇ। ਕਈ ਵਾਰ ਚਾਅ-ਚਾਅ ਵਿਚ ਮੁਰਦਾਰ ਲੱਦੇ ਗੱਡੇ ਨੂੰ ਧੱਕਾ ਲਾਉਣ ਵਿਚ ਮੈਂ ਮਦਦ ਕਰਦਾ। ਚੰਮ ਲਾਹੁਣ ਦਾ ਕਲਾਕਾਰੀ ਜੁਗਤ ਦਾ ਕੰਮ ਬੰਤਾ, ਖੁਸ਼ੀਆ, ਭੀਮਾ ਜਾਂ ਕੋਈ ਹੋਰ ਜਣਾ ਕਰਦਾ। ਭਾਈਆ ਮੁਰਦਾਰ ਦੇ ਖੁਰਾਂ ਨੂੰ ਫੜ ਕੇ ਲੱਤਾਂ ਉਤਾਂਹ ਨੂੰ ਸਿੱਧੀਆਂ ਚੁੱਕੀ ਰੱਖਦਾ ਤੇ ਮੈਂ ਕੁੱਤਿਆਂ, ਗਿਰਝਾਂ ਨੂੰ ਦੂਰ ਭਜਾਉਣ ਲਈ ਢੀਮਾਂ ਮਾਰਨ ਵਿਚ ਲੱਗਾ ਰਹਿੰਦਾ। ਮੈਂ ਅੰਦਰੋ-ਅੰਦਰ ਸ਼ਰਮ ਮਹਿਸੂਸ ਕਰਦਾ ਜਦੋਂ ਹੱਡਾ-ਰੋੜੀ ਕੋਲੋਂ ਦੀ ਮੇਰੇ ਨਾਲ ਪੜ੍ਹਦਾ ਕੋਈ ਜਣਾ ਲੰਘਦਾ। ਸੋਚਦਾ ਕਿ ਮੁਰਦਾਰ ਢੋਣ ਕਰ ਕੇ ਸ਼ਾਇਦ ਜ਼ਿਮੀਂਦਾਰ ਸਾਨੂੰ ਨਫਰਤ ਕਰਦੇ ਹਨ ਅਤੇ ਇਸੇ ਕਰ ਕੇ ਸਾਡੇ ਅਤੇ ਉਨ੍ਹਾਂ ਦੇ ਸਿਵੇ ਅਲੱਗ-ਅਲੱਗ ਹਨ।

ਜਦੋਂ ਵੱਡਾ ਹੋ ਰਿਹਾ ਸਾਂ, ਭਾਈਏ ਅਤੇ ਤਾਏ ਦੇ ਪੁੱਤਾਂ ਮੁਤਾਬਕ 'ਮੈਂ ਪੰਜਾਲੀ ਖਿੱਚਣ ਜੋਗਾ ਹੋ ਗਿਆ', ਤਾਂ ਆਪਣੇ ਪਿੰਡ ਤੇ ਨਾਲ ਦੇ ਪਿੰਡਾਂ ਦੇ ਜ਼ਿਮੀਂਦਾਰਾਂ ਦੇ ਖੇਤ ਮਜ਼ਦੂਰੀ ਕਰਨ ਜਾਂਦਾ। ਘਰੋਂ ਪਰਨੇ ਲੜ ਬੰਨ੍ਹ ਕੇ ਲਿਆਂਦੇ ਗਲਾਸ, ਕੌਲੀ ਵਿਚ ਜੱਟੀਆਂ, ਸੈਣਨਾਂ ਲੱਸੀ, ਪਾਣੀ ਤੇ ਚਾਹ ਉਤੋਂ ਫਾਸਲਾ ਬਣਾ ਕੇ ਪਾਉਂਦੀਆਂ ਤੇ ਹੱਥਾਂ ਦੀ ਬਣਾਈ ਪੱਤਲ ਉਤੇ ਰੋਟੀਆਂ ਸੁੱਟਦੀਆਂ। ... ਤੇ ਭਾਈਏ ਹੁਰਾਂ ਦੀ ਨਿਗੂਣੀ ਜਿਹੀ ਦਿਹਾੜੀ ਦੀ ਮਜ਼ਦੂਰੀ ਨਾਲ ਦੋ ਡੰਗ ਦੀ ਰੋਟੀ ਮਿਲਦੀ ਸੀ। ਮੈਂ ਆਪਣੀਆਂ ਤਾਈਆਂ ਅਤੇ ਭਰਜਾਈਆਂ ਨਾਲ ਜ਼ਿਮੀਂਦਾਰਾਂ ਦੇ ਘਰੀਂ ਰੋਟੀ ਲੈਣ ਜਾਂਦਾ। ਅਸੀਂ ਉਨ੍ਹਾਂ ਦੇ ਵਿਹੜੇ 'ਚ ਪਾਲ ਬਣਾ ਕੇ ਬਹਿੰਦੇ। ਉਤੋਂ ਵਰ੍ਹਾ ਕੇ ਪਾਈ ਗਰਮਾ-ਗਰਮ ਦਾਲ, ਸਬਜ਼ੀ ਦੇ ਛਿੱਟੇ ਮੇਰੇ ਨੰਗੇ ਪੈਰਾਂ 'ਤੇ ਪੈ ਜਾਂਦੇ ਤੇ ਛੋਟੀਆਂ ਛੋਟੀਆਂ ਫਿਣਸੀਆਂ ਵਰਗੇ ਛਾਲੇ ਪੈ ਜਾਂਦੇ। ਭਾਈਏ ਦਾ ਆਖਿਆ ਅੱਜ ਵੀ ਚੇਤੇ ਆਉਂਦਾ ਹੈ, "ਖੇਤਾਂ 'ਚ ਹੱਡ-ਭੰਨਵੀਂ ਮਿਹਨਤ ਅਸੀਂ ਕਰਦੇ ਆਂ ਪਰ ਰੋਟੀ ਤੋਂ ਆਤੁਰ ਆਂ।" ... ਮੈਂ ਜ਼ਿਮੀਂਦਾਰਾਂ ਦੇ ਵੱਡੇ-ਵੱਡੇ ਘਰਾਂ ਨੂੰ ਨਿਹਾਰਦਾ ਤੇ ਸੋਚਦਾ- ਸਾਡੇ ਕੋਲ ਪੱਕਾ ਕੋਠਾ ਹੋਵੇ ਤੇ ਹਰ ਬਰਸਾਤੇ ਢਹਿੰਦੀਆਂ ਕੰਧਾਂ ਤੇ ਕਾਨਿਆਂ ਵਾਲੀਆਂ, ਥਾਂ-ਥਾਂ ਤੋਂ ਚੋਂਦੀਆਂ ਛੱਤਾਂ ਤੋਂ ਛੁਟਕਾਰਾ ਹੋ ਜਾਵੇ। ਖੈਰ, ਜ਼ਿਮੀਂਦਾਰਾਂ ਦੇ ਮੇਰੇ ਨਾਲ ਪੜ੍ਹਦੇ ਮੁੰਡੇ ਮੇਰੇ ਭਾਈਏ ਅਤੇ ਵਡੇਰੀ ਉਮਰ ਦੇ ਬੰਦਿਆਂ ਨੂੰ ਉਨ੍ਹਾਂ ਦਾ ਨਾਂ ਲੈ ਕੇ ਬੁਲਾਉਂਦੇ, ਜਦਕਿ ਅਸੀਂ ਉਨ੍ਹਾਂ ਦੇ ਨਿਆਣਿਆਂ, ਸਿਅਣਿਆਂ ਤੇ ਕੁੜੀਆਂ-ਬੁੜ੍ਹੀਆਂ ਨੂੰ ਆਦਰ ਨਾਲ ਬੁਲਾਉਂਦੇ। ਉਹ ਫਿਰ ਵੀ ਸਾਨੂੰ ਉਜੱਡ ਤੇ ਗੰਵਾਰ ਸਮਝਦੇ। ਭਾਈਏ ਵਾਂਗ ਮੈਂ ਵੀ ਸੋਚਦਾ- ਉਹ ਜ਼ਮੀਨਾਂ ਦੇ ਮਾਲਕ ਤੇ ਜਾਤ ਦੇ ਜੱਟ ਹਨ, ਇਸ ਕਰ ਕੇ!

... ਚੰਮ ਲੂੰਹਦੀ ਧੁੱਪ ਦਾ ਉਹ ਦਿਨ, ਜਦੋਂ ਮੈਂ ਸੱਤਵੀਂ-ਅੱਠਵੀਂ ਪੜ੍ਹਦਾ ਸੀ। ਭਾਈਏ ਨੇ ਨਾਲ ਦੇ ਪਿੰਡ ਜੰਡੀਰ 'ਚ ਦੋ-ਢਾਈ ਕਨਾਲ ਦੇ ਖੇਤ ਦੀ ਮੱਕੀ ਗੁੱਡਣ ਦਾ ਠੇਕਾ ਲਿਆ ਸੀ; ਤੇ ਮੈਂ ਇਕੱਲਾ ਮੱਕੀ ਗੁੱਡਣ ਗਿਆ। ਦੂਰ-ਦੂਰ ਤਕ ਬੰਦਾ-ਪਰਿੰਦਾ ਨਹੀਂ ਦਿਸਦਾ ਸੀ। ਸਰਦਾਰਨੀ ਰੋਟੀ ਕਾਫੀ ਦੇਰ ਨਾਲ ਲਿਆਈ ਸੀ ਤੇ ਘਰੋਂ ਡੋਲੂ 'ਚ ਲਿਆਂਦਾ ਪਾਣੀ ਕਾਫੀ ਪਹਿਲਾਂ ਮੁੱਕ ਚੁੱਕਾ ਸੀ। ਮੈਂ ਕਾਹਲੀ-ਕਾਹਲੀ ਮੱਕੀ ਗੁੱਡਦਾ ਰਿਹਾ ਸੀ ਤੇ ਡਰਦਾ ਵੀ ਰਿਹਾ।

... ਤੇ ਇਕ ਉਹ ਰਾਤ ਮੈਨੂੰ ਅੱਜ ਵੀ ਕੰਬਣੀ ਛੇੜ ਦਿੰਦੀ ਹੈ। ਉਦੋਂ ਮੈਂ ਤੇਰਾਂ ਕੁ ਸਾਲ ਦਾ ਸੀ ਜਦੋਂ ਨਾਲ ਦੇ ਪਿੰਡ ਸੋਹਲਪੁਰ ਦੇ ਇਕ ਜੱਟ ਪਰਿਵਾਰ ਨਾਲ ਸਾਡਾ ਟੱਬਰ ਖੇਤੀਬਾੜੀ ਦਾ ਕੰਮ ਕਰਦਾ ਸੀ। ਉਦੋਂ ਬਿਜਲੀ ਕਦੇ ਦਿਨ ਵੇਲੇ ਤੇ ਕਦੇ ਰਾਤ ਨੂੰ ਆਉਂਦੀ ਸੀ। ਉਸ ਰਾਤ ਚੰਦ ਵੀ ਨਹੀਂ ਸੀ। ਵੱਡਾ ਬਾਬਾ ਅਰਜਨ ਸਿੰਘ ਗੁਰਧਾਮ ਯਾਤਰਾ 'ਤੇ ਗਿਆ ਹੋਇਆ ਸੀ ਤੇ ਛੋਟਾ ਬਾਬਾ ਬਸੰਤ ਸਿੰਘ ਪੋਸਤ ਪੀ ਕੇ ਤੇ ਰੋਟੀ ਖਾ ਕੇ ਪਰਤਿਆ ਨਹੀਂ ਸੀ। ... ਤਿੰਨ ਕੁ ਸਾਲ ਪਹਿਲਾਂ ਮਹਿੰਗੋਵਾਲ ਤੋਂ ਆਉਂਦੇ ਚੋਅ ਲਈ ਬਣਾਏ ਬੰਨ੍ਹ ਕਰ ਕੇ ਸੱਪਾਂ ਦੀ ਬਹੁਤਾਤ ਦਾ ਸੋਚ ਕੇ ਮੇਰਾ ਦਿਲ ਦਹਿਲ ਗਿਆ ਸੀ; ਕਿਉਂਕਿ ਕਦੀ ਮੈਂ ਬੰਨ੍ਹ ਦੇ ਪਾਸੇ ਕਣਕ ਦੇ ਕਿਆਰੇ ਦਾ ਨੱਕਾ ਮੋੜਨ ਜਾਂਦਾ, ਤੇ ਕਦੀ ਉਹਦੇ ਭਰਨ ਦੀ ਉਡੀਕ ਕਰਦਾ ਜਿਸ ਪਾਸੇ ਰਸਤੇ ਦਾ ਰੈਂਪ ਬੰਨ੍ਹ ਉਤੋਂ ਦੀ ਸੀ, ਵਿਚ-ਵਿਚ ਦੂਰ ਚੱਲਦੀ ਬੰਬੀ ਤੋਂ ਆੜ 'ਚ ਆਉਂਦੇ ਪਾਣੀ ਦੀ ਨਿਗਰਾਨੀ ਕਰਦਾ। ਪਹੀ 'ਚ ਘਾਹ ਵੀ ਕਾਫੀ ਚੜ੍ਹਿਆ ਹੋਇਆ ਸੀ ਤੇ ਦੁਵੱਲੇ ਕਮਾਦ ਵਿਚ ਹੁੰਦੀ ਸਰਸਰ ਡਰਾਉਣੀ ਸੀ। ... ਕਣਕ ਦੀ ਕੁਤਰਾਈ ਵਕਤ ਮਸ਼ੀਨ ਕੋਲ ਰਾਤ ਨੂੰ ਸੁੱਤੇ ਪਿਆਂ ਵੱਡੇ ਭਰਾ ਦੀ ਹਿੱਕ ਤੋਂ ਦੀ ਸੱਪ ਲੰਘ ਜਾਣ, ਫਿਰ ਮਾਰਨ ਅਤੇ ਕਣਕ-ਮੱਕੀ ਦੀਆਂ ਭਰੀਆਂ ਉਲੱਦਦਿਆਂ ਸੱਪ ਦੇ ਸਿਰ 'ਤੇ ਚੁੱਕੀ ਭਰੀ 'ਚੋਂ ਲਮਕ ਜਾਣ ਦੇ ਦ੍ਰਿਸ਼ ਮੈਨੂੰ ਅੱਜ ਵੀ ਦਿਸ ਪੈਂਦੇ ਹਨ।

ਵਿਰਸੇ ਤੇ ਵਿਰਾਸਤ ਵਿਚ ਉਪਰ ਲਿਖੀਆਂ ਤੇ ਅਣਲਿਖੀਆਂ ਕਈ ਘਟਨਾਵਾਂ ਮੇਰੀ ਅਦਬੀ ਜ਼ਿੰਦਗੀ ਦਾ ਵੱਡਾ ਖਜ਼ਾਨਾ ਬਣੀਆਂ।

... ਤੇ ਬਾਲ-ਵਰੇਸ ਤੋਂ ਲੈ ਕੇ ਇੰਨੀਆਂ ਬੇਇਨਸਾਫੀਆਂ ਝੱਲਣ, ਦੇਖਣ ਤੇ ਮਹਿਸੂਸ ਕਰਨ ਸਦਕਾ ਮੇਰੇ ਮਨ ਵਿਚ ਕਾਵਿ-ਤੁਕਾਂ ਦੀ ਸਿਰਜਣਾ ਹੋਣ ਲੱਗੀ। ਉਂਝ ਸਿਰਜਣਾ ਦਾ ਸਿਲਸਿਲਾ ਪੰਜਵੀਂ ਵਿਚ ਪੜ੍ਹਦੇ ਦਾ ਸ਼ੁਰੂ ਹੋ ਗਿਆ ਸੀ। ਉਦੋਂ ਉਹ ਤੁਕਾਂ ਜ਼ੁਬਾਨੀ ਯਾਦ ਹੋ ਜਾਂਦੀਆਂ ਜਿਨ੍ਹਾਂ ਨੂੰ ਮੈਂ ਨਾਲ ਪੜ੍ਹਦੇ ਵਿਦਿਆਰਥੀਆਂ ਦੀ ਢਾਣੀ ਵਿਚ ਸੁਣਾਉਂਦਾ। ਗੀਤ ਬਣਾਉਂਦਾ ਤੇ ਗਾਉਂਦਾ। ਮਗਰੋਂ ਕਾਵਿ-ਤੁਕਾਂ ਨੂੰ ਵੱਡਾ ਭਰਾ ਤੇ ਮੈਂ ਕਾਪੀਆਂ ਵਿਚ ਉਤਾਰਨ ਲੱਗ ਪਏ, ਜਿਹੜੀਆਂ ਗੁਆਂਢੀ ਜ਼ਿਮੀਂਦਾਰਾਂ ਬਾਰੇ ਵੀ ਹੁੰਦੀਆਂ। ਜਦੋਂ ਦਿਲ 'ਚ ਰੋਹ ਉਠਦਾ ਤਾਂ ਮੈਂ ਚੋਰੀ-ਚੋਰੀ ਉਨ੍ਹਾਂ ਦੇ ਘਰ-ਹਵੇਲੀ ਵਿਚਲੀ ਖੂਹੀ ਵਿਚ ਪਿਸ਼ਾਬ ਕਰ ਦਿੰਦਾ। ਆਪਣੀ ਬੇਵਕੂਫੀ ਵਾਲੀ ਇਸ ਹਰਕਤ ਮਗਰੋਂ ਹੁੱਬ ਪੈਂਦਾ ਪਰ ਆਪਣੇ ਭਾਈਏ ਦੀ ਚੰਗੀ-ਮੰਦੀ ਬੋਲ-ਬਾਣੀ ਤੇ ਧੌਲ-ਧੱਫੇ ਦਾ ਸ਼ਿਕਾਰ ਹੋ ਜਾਂਦਾ।

ਮੈਂ ਜਿਉਂ-ਜਿਉਂ ਵੱਡਾ ਹੁੰਦਾ ਗਿਆ, ਸਮਾਜਕ ਤਾਣੇ-ਬਾਣੇ ਤੇ ਵਰਤਾਰੇ ਦੀ ਸਮਝ ਆਉਣ ਲੱਗ ਪਈ। ਸਕੂਲ ਤੇ ਕਾਲਜ ਦੀ ਪੜ੍ਹਾਈ ਨਾਲ ਦਿਹਾੜੀ ਦੇ ਕਈ ਨਜ਼ਾਰੇ ਮੇਰੀਆਂ ਅੱਖਾਂ ਤੋਂ ਉਹਲੇ ਨਹੀਂ ਹੁੰਦੇ; ਜਿਵੇਂ ਪਿੰਡ ਦੀ ਨਿਆਈਂ ਦੇ ਖੇਤਾਂ 'ਚ ਝੋਨੇ ਦੀ ਪਨੀਰੀ ਲਾਉਂਦਿਆਂ ਪੈਰਾਂ 'ਚ ਕੰਡਿਆਂ ਦਾ ਚੁਭਣਾ, ਟੁੱਟੀਆਂ ਬੋਤਲਾਂ ਦੇ ਕੱਚ ਦਾ ਚੁਭਣਾ, ਲਹੂ ਸਿੰਮਣਾ, ਕੁੱਤਿਆਂ-ਬਿੱਲਿਆਂ ਦਾ ਮਲ ਪਾਣੀ 'ਤੇ ਤਰਨਾ, ਕਣਕ, ਕਪਾਹ ਤੇ ਮੱਕੀ ਵੱਢਣ ਮਗਰੋਂ ਉਨ੍ਹਾਂ ਦੇ ਖੂੰਹਗਿਆਂ ਦਾ ਪੈਰਾਂ 'ਚ ਚੁਭਣਾ ਚੇਤੇ ਆਉਂਦਿਆਂ ਮਨ ਵੀ ਵਲੂੰਧਰਿਆ ਜਾਂਦਾ ਹੈ। ਇਸ ਨਾਲ ਮੇਰਾ ਰੋਹ-ਰੋਸ ਕਾਵਿ-ਤੁਕਾਂ 'ਚ ਲਿਖਣ ਵਾਲਾ ਹਥਿਆਰ ਕਦੀ ਖੁੰਢਾ ਹੋ ਜਾਂਦਾ ਤੇ ਕਦੀ ਤਲਵਾਰ ਦੀ ਧਾਰ ਵਰਗਾ ਤਿੱਖਾ।

ਦਸਵੀਂ ਪਾਸ ਕਰਨ ਮਗਰੋਂ 1972 ਵਿਚ ਮੈਂ ਸਰਕਾਰੀ ਕਾਲਜ ਟਾਂਡਾ ਉੜਮੁੜ (ਜ਼ਿਲ੍ਹਾ ਹੁਸ਼ਿਆਰਪੁਰ) 'ਚ ਦਾਖਲਾ ਲੈ ਲਿਆ। ਉਥੇ ਮੇਰੀ ਮੁਲਾਕਾਤ ਅੰਗਰੇਜ਼ੀ ਦੇ ਪ੍ਰੋਫੈਸਰ ਦੀਦਾਰ ਸਿੰਘ ਨਾਲ ਹੋਈ ਜਿਹੜੇ ਪੰਜਾਬੀ ਦੇ ਪ੍ਰਗਤੀਵਾਦੀ ਵਿਚਾਰਧਾਰਾ ਦੇ ਜਾਣੇ-ਪਛਾਣੇ ਲੇਖਕ ਸਨ। ਉਨ੍ਹਾਂ ਦੀ ਕਾਲਜ ਵਿਚ ਬਣਾਈ ਪੰਜਾਬੀ ਸਾਹਿਤ ਸਭਾ ਵਿਚ ਮੈਂ ਜਾਣ ਲੱਗ ਪਿਆ। ਮੈਨੂੰ ਗੱਲਾਂਬਾਤਾਂ ਦੌਰਾਨ ਪਤਾ ਲੱਗਾ ਕਿ ਉਨ੍ਹਾਂ 'ਲੂਣਾ' ਦਾ ਕਿੱਸਾ ਆਰਥਿਕ ਆਧਾਰ ਬਣਾ ਕੇ ਲਿਖਿਆ ਸੀ। ਸ਼ਿਵ ਕੁਮਾਰ ਬਟਾਲਵੀ ਨੇ ਉਸ ਤੋਂ ਕਈ ਸਾਲ ਬਾਅਦ 'ਲੂਣਾ' ਲਿਖੀ ਸੀ। 'ਕਿੱਸਾ ਸ਼ਹੀਦ ਭਗਤ ਸਿੰਘ', 'ਮਹਾਂਪੰਡਤ ਚਾਰਵਾਕ', 'ਈਦਾਂ ਵਿਸ ਭਰੀਆਂ' ਤੇ ਕਾਵਿ ਨਾਟ ਵੀ ਉਨ੍ਹਾਂ ਦੇ ਲਿਖੇ ਹੋਏ ਹਨ। ਖੈਰ, ਉਹ ਮੈਨੂੰ ਦੂਜੇ ਕਾਲਜਾਂ ਵਿਚ 'ਕਵਿਤਾ ਮੁਕਾਬਲੇ' ਲਈ ਭੇਜਦੇ। ਕਾਲਜ ਦੇ ਸਾਲਾਨਾ ਮੈਗਜ਼ੀਨ 'ਤਾਰਿਕਾ ਮੰਡਲ' 'ਚ ਮੇਰੀਆਂ ਕਵਿਤਾਵਾਂ ਛਪਦੀਆਂ। ਕਹਿ ਸਕਦਾਂ ਕਿ ਮੇਰੀ ਸਾਹਿਤਕ ਸੋਚ ਨੂੰ ਪਰ ਨਿਕਲੇ। ਇੱਥੇ ਆਪਣੀ ਸਾਹਿਤਕ ਸਿਰਜਣਾ ਦੇ ਸ਼ੁਰੂਆਤੀ ਦੌਰ ਵਿਚ ਇਕ ਅਹਿਮ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ।

ਗੱਲ ਇਉਂ ਹੋਈ, 12ਵੀਂ ਦੇ ਸਾਲਾਨਾ ਇਮਤਿਹਾਨ ਲਈ ਅਸੀਂ ਪਿੰਡ ਦੇ ਅੱਠ ਮੁੰਡੇ ਬੱਸ ਵਿਚ ਬਹਿ ਕੇ ਟਾਂਡਾ ਕਾਲਜ ਨੂੰ ਜਾ ਰਹੇ ਸੀ। ਸਾਡੇ 'ਚੋਂ ਇਕ ਜਣੇ ਨੇ ਸ਼ਰਾਰਤ ਕਰਦਿਆਂ ਉਹਦੇ ਕੋਲ ਬੈਠੀ ਖੂਬਸੂਰਤ ਕੁੜੀ ਜੋ ਸਾਡੇ ਕੋਲੋਂ ਤਿੰਨ

***(ਬਾਕੀ ਅਗਲੇ ਸਫੇ 'ਤੇ)***

# 'ਛਾਂਗਿਆ ਰੁੱਖ' ਦੀਆਂ ਕਰੂੰਬਲਾਂ

*(ਪਿਛਲੇ ਸਫੇ ਦੀ ਬਾਕੀ)*

ਚਾਰ ਸਾਲ ਵੱਡੀ ਲੱਗਦੀ ਸੀ, ਦੇ ਪੈਰ 'ਤੇ ਪੈਰ ਰੱਖ ਦਿੱਤਾ ਤੇ ਵੱਖੀ 'ਚ ਕੂਹਣੀ ਮਾਰੀ। ਇਸ ਹਰਕਤ ਨੂੰ ਬਰਦਾਸ਼ਤ ਨਾ ਕਰਦੀ ਹੋਈ ਉਹ ਕੁੜੀ ਪੰਜਾਬੀ ਅਤੇ ਅੰਗਰੇਜ਼ੀ ਵਿਚ ਉਚੀ-ਉਚੀ ਬੋਲਣ ਲੱਗੀ। ਉਹਦਾ ਮੂੰਹ ਲਾਲ ਹੋ ਗਿਆ। ਉਹਨੇ ਕੰਡਕਟਰ ਨੂੰ ਬੱਸ ਥਾਣੇ ਲਿਜਾਉਣ ਲਈ ਕਿਹਾ। ਸਵਾਰੀਆਂ ਕੁੜੀ ਨੂੰ ਸਮਝਾਉਣ ਲੱਗੀਆਂ। ਇਸ ਘੈਂਸ-ਘੈਂਸ ਵਿਚ ਟਾਂਡੇ ਦਾ ਬੱਸ ਅੱਡਾ ਆ ਗਿਆ ਤੇ ਅਸੀਂ ਛਾਲਾਂ ਮਾਰਦੇ ਦੌੜ ਗਏ। ਦਿਨ ਵੇਲੇ ਦੀ ਇਸ ਘਟਨਾ ਨਾਲ ਮੈਨੂੰ ਕਾਫੀ ਗਈ ਰਾਤ ਤਕ ਨੀਂਦ ਨਾ ਆਈ। ਉਸ ਕੁੜੀ ਦੀ ਬੱਸ ਵਿਚਲੀ ਬੇਵਸੀ ਮੇਰੇ ਮਨ ਵਿਚ ਮੁੜ-ਮੁੜ ਆਈ। ਤਿੰਨ ਕੁ ਦਿਨ ਮਗਰੋਂ ਮੈਂ ਸੁਚੇਤ ਤੌਰ 'ਤੇ ਉਸ ਕੁੜੀ ਦੇ ਪੱਖ ਵਿਚ ਲੰਮੀ ਕਵਿਤਾ ਲਿਖੀ। ਅਚੇਤ ਮਨ ਵਿਚ ਸ਼ਾਇਦ ਇਹ ਮੇਰੀ ਔਰਤ ਦੇ ਹੱਕ ਵਿਚ ਸੋਚ ਦੀ ਸ਼ੁਰੂਆਤੀ ਸਾਧਾਰਨ ਜਿਹੀ ਪੁਲਾਂਘ ਸੀ। ਹੁਣ ਮੈਂ ਸਮਝਦਾਂ ਕਿ ਇਸ ਨਾਲ ਮੇਰੀ ਕਾਵਿ ਸਿਰਜਣਾ ਦਾ ਮੁੱਢ ਬੱਝਿਆ।

ਜ਼ਿੰਮੇਵਾਰ ਸਾਹਿਤਕਾਰਾਂ ਤੇ ਸੁਹਿਰਦ ਪਾਠਕਾਂ ਨਾਲ ਆਪਣੀਆਂ ਲਿਖਤਾਂ ਤੇ ਉਨ੍ਹਾਂ ਵਿਚਲੇ ਸਮਾਜਕ ਸਰੋਕਾਰਾਂ ਬਾਰੇ ਨੁਕਤੇ ਸਾਂਝੇ ਕਰਨ ਨੂੰ ਮੈਂ ਅਕਸਰ ਉਤਸ਼ਾਹਤ ਰਹਿੰਦਾ ਹਾਂ। ਦਰਅਸਲ, ਇਸ ਦੇ ਪਿਛੋਕੜ ਵਿਚ ਦੋ-ਤਿੰਨ ਅਹਿਮ ਤੱਤ-ਤੱਥ ਹਨ। ਪਹਿਲਾ, ਮੇਰਾ ਭਾਈਆ ਦਿਹਾੜੀਦਾਰ ਹੁੰਦਿਆਂ ਪੜ੍ਹਾਈ ਦੀ ਵੁੱਕਤ ਦੇ ਨਾਲ-ਨਾਲ ਅਕਸਰ ਦੱਸਦਾ, "ਮੁਗੋਵਾਲ ਵਾਲਾ ਮੰਗੂ ਰਾਮ ਸਾਡੇ ਪਿੰਡ ਦੋ ਵਾਰ ਆਇਆ। ਰੌਲਿਆਂ ਤੋਂ ਪਹਿਲਾਂ ਤੇ ਰੌਲਿਆਂ ਤੋਂ ਬਾਅਦ। ਉਹਨਾਂ ਆਦਿ ਧਰਮ ਮੰਡਲ ਬਣਾਇਆ ਸੀ ... ਅਛੂਤਾਂ ਨੂੰ ਦੂਜੀਆਂ ਕੌਮਾਂ ਆਂਙੂੰ ਹੱਕ ਦੁਆਉਣ ਲਈ। ਨਾਲੇ ਆਪਣੇ ਪਿੰਡ ਦੇ ਸੰਘਾ ਗੋਤ ਦੇ ਸਾਰੇ ਜੱਟ ਮੁਗੋਵਾਲ ਤੋਂ ਆ ਕੇ ਵਸਿਓ ਆ। ... ਮੰਗੂ ਰਾਮ ਆਪ ਈ ਦੱਸਦਾ ਹੁੰਦਾ ਸੀ, ਪਈ ਉਹ ਮੁਲਖ ਆਜ਼ਾਦ ਕਰਾਉਣ ਲਈ ਅਮਰੀਕਾ 'ਚ ਗਦਰ ਪਾਰਟੀ ਲਈ ਕੰਮ ਕਰਦਾ ਸੀ। ਜਲਸਿਆਂ 'ਚ ਥਾਂ-ਥਾਂ ਦੱਸਦਾ ਰਿਹਾ, ਪਈ ਅਸੀਂ ਇਸ ਮੁਲਖ ਦੇ ਅਸਲੀ ਬਾਸ਼ਿੰਦੇ ਆਂ ਤੇ ਬਾਹਰਲੇ ਮੁਲਖਾਂ ਤੋਂ ਥੋੜ੍ਹੇ ਜਿਹੇ ਆਏ ਲੋਕਾਂ ਨੇ ਸਾਡਾ ਧਰਤੀ, ਧਨ ਤੇ ਧਰਮ ਖੋਹ ਲਿਆ ਹੋਇਆ।" ਮੇਰਾ ਭਾਈਆ ਨਾਲ ਦੇ ਪਿੰਡ ਰਾਸਤਗੋ ਤੋਂ ਪਹਿਲੀ ਜਮਾਤ ਹੀ ਪੜ੍ਹ ਸਕਿਆ ਸੀ ਕਿ ਉਹਦਾ ਬਾਪੂ ਗੁਜ਼ਰ ਗਿਆ ਤੇ ...। ਉਹ ਸੁਣੀਆਂ-ਸੁਣਾਈਆਂ ਦੱਸਦਾ ਰਹਿੰਦਾ, ਪਈ ਪਸ਼ੂਆਂ ਤੇ ਬੰਦਿਆਂ ਦੀ ਬਲੀ, ਸਤੀ, ਕਰਮ-ਕਾਂਡ, ਮਜ਼ਹਬੀ ਪਾਖੰਡ, ਵਹਿਮ-ਭਰਮ ਲੋਕਾਂ ਨੂੰ ਲੁੱਟਣ ਦਾ ਢਕਵੰਜ ਹੈ। ਉਹ ਮੇਰੀ ਦਾਦੀ ਵਾਂਗ ਕਹਿੰਦਾ, "ਇਹ ਜੱਗ ਮਿੱਠਾ, ਅਗਲਾ ਕਿਸ ਨੇ ਡਿੱਠਾ।" ਦੂਜਾ, ਕਾਲਜ ਦੀ ਪੜ੍ਹਾਈ ਦੌਰਾਨ ਸਾਡੇ ਕਾਲਜ ਵਿਚ ਪੰਜਾਬ ਬੁਕ ਸੈਂਟਰ ਦੀ ਕਿਤਾਬਾਂ ਭਰੀ ਵੈਨ ਆਉਂਦੀ, ਸਾਰੇ ਦਾ ਸਾਰਾ ਰੂਸੀ ਸੋਵੀਅਤ ਸਾਹਿਤ। ਸੋਵੀਅਤ ਪੁਸਤਕਾਂ ਖਰੀਦਣ-ਪੜ੍ਹਨ ਦਾ ਜਨੂਨ ਇਥੋਂ ਤਕ ਕਿ ਦਿਹਾੜੀ, ਅੱਧੀ ਦਿਹਾੜੀ ਦੇ ਮਿਲੇ ਪੈਸਿਆਂ ਦੀਆਂ ਕਿਤਾਬਾਂ ਖਰੀਦ ਲੈਂਦਾ। ਆਪਣੇ ਛਣ ਚੁੱਕੇ ਝੁੱਗੇ ਤੇ ਉਸ ਹੇਠਾਂ ਪਾਟੀ ਬੁਨੈਣ, ਜੁੱਤੀ ਦੀ ਖਸਤਾ ਹਾਲਤ ਬਾਰੇ ਬਹੁਤਾ ਨਾ ਸੋਚਦਾ। ਪੜ੍ਹਦਿਆਂ ਮਨ ਹੀ ਮਨ ਸੋਚਦਾ ਕਿ ਮੈਕਸਿਮ ਗੋਰਕੀ, ਨਿਕੋਲਾਈ ਓਸਤ੍ਰੋਵਸਕੀ, ਚੰਗੇਜ਼ ਆਈਤਮਾਤੋਵ, ਤੁਰਗਨੇਵ, ਦੋਸਤੋਵਸਕੀ ਤੇ ਗੋਗੋਲ ਵਰਗਾ ਲਿਖਣ ਲੱਗ ਪਵਾਂ। ਜੌਹਨ ਰੀਡ (ਦਸ ਦਿਨ ਜਿਨ੍ਹਾਂ ਦੁਨੀਆ ਹਿਲਾ ਦਿੱਤੀ) ਵਰਗੀ ਪੱਤਰਕਾਰੀ ਕਰਾਂ। ਮਾਰਕਸ ਤੇ ਲੈਨਿਨ ਦੀਆਂ ਜੀਵਨੀਆਂ ਪੜ੍ਹ ਕੇ ਪ੍ਰਭਾਵਿਤ ਹੁੰਦਾ। ਜਦੋਂ ਸੋਵੀਅਤ ਪੁਸਤਕਾਂ ਉਤੇ ਗੁਰਦਿਆਲ ਸਿੰਘ, ਗੁਰੂਬਖਸ਼, ਪ੍ਰੀਤਮ ਸਿੰਘ ਮਨਚੰਦਾ, ਹਰਿਭਜਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਕਰਨਜੀਤ ਸਿੰਘ, ਕਸ਼ਮੀਰ ਸਿੰਘ ਦੇ ਨਾਂ ਅਨੁਵਾਦਕਾਂ ਵਜੋਂ ਦੇਖਦਾ ਤਾਂ ਚਿੱਤ 'ਚ ਆਉਂਦਾ, ਮੈਂ ਜ਼ਿਆਦਾ ਪੜ੍ਹ ਜਾਵਾਂ, ਅਨੁਵਾਦ ਕਰਾਂ ਤੇ ਹਜ਼ਾਰਾਂ-ਲੱਖਾਂ ਲੋਕ ਮੇਰੇ ਨਾਂ ਤੋਂ ਵਾਕਫ ਹੋਣ। ... ਅਜਿਹਾ ਸਾਹਿਤ ਪੜ੍ਹਦਿਆਂ ਮਨ ਵਿਚ ਜ਼ਾਰਸ਼ਾਹੀ ਹੇਠਲੇ ਲੋਕਾਂ ਤੇ ਭਾਰਤ ਦੇ ਅਛੂਤਾਂ (ਅਨੁਸੂਚਿਤ ਜਾਤੀਆਂ) ਦੇ ਗਰੀਬੀ ਤੇ ਕੰਗਾਲੀ ਦੇ ਹਾਲਾਤ ਦੀ ਤੁਲਨਾ ਹੁੰਦੀ ਰਹਿੰਦੀ। ਭਾਰਤ ਦੀ ਮੁੱਖ ਧਾਰਾ ਦਾ ਆਖਿਆ ਜਾਂਦਾ ਸਾਹਿਤ ਮੈਨੂੰ ਉਕਾ ਪਸੰਦ ਨਾ ਆਉਂਦਾ। ਉਹ ਸੋਵੀਅਤ ਸਾਹਿਤ ਵਿਚਲੇ ਯਥਾਰਥ ਤੋਂ ਉਲਟ ਮਨੋਰੰਜਨ ਮੁਖੀ ਤੇ ਜਾਅਲਸਾਜ਼ੀ ਵਾਲਾ ਨਿਰੋਲ ਕਲਪਤ, ਨਫਰਤ ਦਾ ਵਾਹਕ, ਜਾਤ-ਪਾਤ, ਛੂਤ-ਛਾਤ ਤੇ ਅੰਧ-ਵਿਸ਼ਵਾਸ ਦਾ ਸੰਚਾਰ ਕਰਦਾ ਮਹਿਸੂਸ ਹੁੰਦਾ। ਅਛੂਤਾਂ, ਕਬਾਇਲੀਆਂ ਯਾਨੀ ਆਦਿਵਾਸੀਆਂ-ਮੂਲ ਨਿਵਾਸੀਆਂ ਦੇ ਹਾਂ-ਮੁਖੀ ਨਕਸ਼ ਕਿਧਰੇ ਨਜ਼ਰੀਂ ਨਾ ਪੈਂਦੇ। ਹਕੀਕਤ ਇਹ ਹੈ ਕਿ ਸੋਵੀਅਤ ਸਾਹਿਤ ਮੇਰੀ ਸਾਹਿਤ-ਸਿਰਜਣਾ ਦਾ ਸਰੋਤ ਬਣ ਗਿਆ। ਸੋਚਦਾ, 'ਭਾਰਤ ਵਿਚ ਫੈਲੀ-ਫੈਲਾਈ ਜਾ ਰਹੀ ਅਨਿਆਂ ਤੇ ਨਾਬਰਾਬਰੀ ਭਰੀ ਵਰਣ-ਧਰਮ ਵਿਵਸਥਾ ਉਤੇ ਰਾਕਟੀ ਰਫਤਾਰ ਨਾਲ ਸ਼ਾਬਦਿਕ ਹਮਲੇ ਕਰਾਂ। ਭਾਰਤ ਵਿਚ ਨਵੇਂ ਮਨੁੱਖ ਦੀ ਸਿਰਜਣਾ ਲਈ ਸਾਹਿਤ ਰਚਾਂ! ਸਮਾਜ ਵਿਚ ਕਿਰਤ ਦੀ ਕਦਰ ਹੋਵੇ ਤੇ ਸ਼ੋਸ਼ਣਕਾਰੀ ਧਿਰਾਂ ਤਰਕ ਦੇ ਤੀਰ ਨਾਲ ਲਗਾਤਾਰ ਵਿੰਨ੍ਹ ਹੁੰਦੀਆਂ ਰਹਿਣ।'

... ਤੇ ਇਹਦੇ 'ਚ ਕੋਈ ਲੁਕੋ ਨਹੀਂ ਕਿ ਮੈਂ ਪ੍ਰਗਤੀਵਾਦੀ ਤੇ ਸਮਾਜਵਾਦੀ ਵਿਚਾਰਧਾਰਾ ਦਾ ਸਮਰਥਕ ਬਣ ਗਿਆ ਸੀ। ਦਰਅਸਲ, ਮੈਂ ਉਨੀ ਸਾਲ ਦੀ ਉਮਰ ਵਿਚ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਬਣ ਗਿਆ ਸੀ ਤੇ ਨਾਂ ਸੀ ਪੰਜਾਬ ਸਿੰਘ। ਸਾਥੀਆਂ ਨਾਲ ਮਿਲ ਕੇ ਨਾਅਰੇ ਮਾਰਦਾ: 'ਦੁਨੀਆਂ ਭਰ ਦੇ ਮਜ਼ਦੂਰੋ ਇਕ ਹੋ ਜਾਓ', 'ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ', 'ਇੰਦਰਾ ਗਾਂਧੀ ਦਾ ਦੇਖੋ ਖੇਲ੍ਹ, ਖਾ ਗਈ ਬਿਜਲੀ ਪੀ ਗਈ ਤੇਲ'। ਮੈਂ ਜਿਣਸਾਂ ਦੇ ਭਾਅ ਵਧਾਉਣ, ਖਾਦਾਂ, ਡੀਜ਼ਲ ਉਤੇ ਸਬਸਿਡੀ ਵਧਾਉਣ, ਖੇਤੀ ਲਈ ਬਿਜਲੀ ਚੌਵੀ ਘੰਟੇ ਕਰਾਉਣ ਵਾਸਤੇ ਆਪਣੇ ਵਿਹੜੇ ਦੇ ਬੰਦਿਆਂ ਨੂੰ ਪ੍ਰੇਰ ਕੇ ਟਰੱਕਾਂ-ਟਰਾਲੀਆਂ 'ਚ ਭਰ-ਭਰ ਮੁਜ਼ਾਹਰਿਆਂ ਲਈ ਲਿਜਾਂਦਾ। ਮੇਰੀ ਕਾਰਗੁਜ਼ਾਰੀ ਨੂੰ ਧਿਆਨ ਗੋਚਰੇ ਰੱਖਦਿਆਂ ਬਲਾਕ ਲੈਵਲ 'ਤੇ ਕਦੀ ਲੈਨਿਨ ਕਦੀ ਮਾਰਕਸ ਦੀਆਂ ਤਸਵੀਰਾਂ ਦੇ ਕੇ ਸਨਮਾਨਿਆ ਗਿਆ। ਮਗਰੋਂ ਪਿੰਡ ਦੀ ਪਾਰਟੀ ਬਰਾਂਚ ਦਾ ਸਕੱਤਰ ਬਣਾਇਆ ਗਿਆ। ... ਤੇ ਰੋਸ ਵਜੋਂ ਇਕ ਜਾਤ ਅਭਿਮਾਨੀ ਕਾਮਰੇਡ ਜੱਟ ਪਾਰਟੀ ਛੱਡ ਗਿਆ, ਇਕ ਪੰਥਕ ਪਾਰਟੀ ਵਿਚ ਸ਼ਾਮਲ ਹੋ ਗਿਆ ਤੇ ਸਿੰਘ ਸਜ ਗਿਆ।

... ਸਾਡੇ ਵਿਹੜੇ ਦੇ ਕੰਮੀਆਂ-ਕਿਰਤੀਆਂ ਨੇ ਇਕ ਰੁਪਈਆ ਦਿਹਾੜੀ ਵਧਾਉਣ ਦੀ ਜਾਇਜ਼ ਮੰਗ ਰੱਖੀ ਤੇ ਸਾਰੇ ਕਾਮਰੇਡ ਜੱਟ ਆਪਣੀ ਬਿਰਾਦਰੀ ਨਾਲ ਖੜ੍ਹੇ ਹੋ ਗਏ। ਜਦੋਂ ਸਾਡਾ 'ਹੁੱਕਾ-ਪਾਣੀ' ਬੰਦ ਕਰ ਦਿੱਤਾ ਗਿਆ, ਉਹ ਕਹਿੰਦੇ "ਜੰਗਲ ਪਾਣੀ ਸਾਡੇ ਖੇਤਾਂ 'ਚ ਜਾਓ।" ... ਜਿਹੜੇ ਜ਼ਿਮੀਂਦਾਰ ਡਾਂਗਾਂ ਲੈ ਕੇ ਦਲਿਤਾਂ ਦੀ ਨਾਕਾਬੰਦੀ ਕਰਦੇ ਹੋਏ ਭੂਤਰੇ ਦਿਸਦੇ ਸਨ, ਉਨ੍ਹਾਂ ਅੱਗੇ ਉਹ ਬੇਵਸ ਹੋ ਗਏ। ਇਉਂ ਉਹ ਪੰਜਾਬ ਦੇ ਰਵਾਇਤੀ ਜਿਹੇ ਕਮਿਊਨਿਸਟ ਸਾਬਤ ਹੋਏ ਕਿਉਂਕਿ ਉਨ੍ਹਾਂ ਦੀ ਸਕੂਲਿੰਗ ਕਿਸਾਨੀ ਦੇ ਮਸਲਿਆਂ ਤੋਂ ਉਪਰ ਨਹੀਂ ਹੋਈ ਸੀ, ਜਾਂ ਇਉਂ ਕਹੋ ਸਿਰਫ ਨਾਅਰਾ ਲਾਉਣ ਤਕ ਸੀਮਤ ਸੀ - 'ਕਾਮਰੇਡ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ'।

ਭਾਰਤ ਦੇ ਖੱਬੇ ਪੱਖੀਆਂ ਦੇ 'ਫਲਸਫੇ ਦੀ ਕੰਗਾਲੀ' ਆਰਥਿਕ ਬਰਾਬਰੀ ਦੇ ਸੰਕਲਪ ਤਕ ਸੀਮਤ ਰਹੀ। ਉਨ੍ਹਾਂ ਸਮਾਜਕ ਨਾਬਰਾਬਰੀ, ਜਾਤਪਾਤ, ਬੇਜ਼ਮੀਨਿਆਂ ਦੀ ਅਧਿਕਾਰਹੀਣਤਾ, ਧਰਮ ਦੇ ਮਨੁੱਖ ਉਤੇ ਭਾਰੂ ਹੋ ਜਾਣ ਦੇ ਮਸਲੇ ਆਪਣੇ ਮੈਨੀਫੈਸਟੋ ਵਿਚ ਗੰਭੀਰਤਾ ਨਾਲ ਨਾ ਲਏ। ਇਸ ਨਾਲ ਵਾਂਝੇ ਵਰਗਾਂ ਨੇ 'ਸੱਜਿਆਂ-ਖੱਬਿਆਂ' ਉਤੇ ਕਈ ਕਿਸਮਾਂ ਦੇ ਦੋਸ਼ ਲਾਏ।

... ਤੇ ਜਦੋਂ ਮੈਂ ਐਫ.ਸੀ.ਆਈ. ਵਿਚ (1978-83) ਮੁਲਾਜ਼ਮ ਸੀ ਤਾਂ ਦੇਖਿਆ ਕਿ ਗੁਦਾਮਾਂ ਵਿਚ ਅਨਾਜ ਦੀ ਸਾਂਭ-ਸੰਭਾਲ਼ ਕਰਦੀਆਂ ਔਰਤਾਂ ਨਾਲ ਲੈਰ-ਦਲਿਤ ਮੁਲਾਜ਼ਮ ਅਸ਼ਲੀਲ ਮਖੌਲ ਕਰਦੇ। ਉਹ ਕੁਝ ਵੀ ਵਾਪਰ ਜਾਂਦਾ ਜਿਸ ਨੂੰ ਲਿਖਣ ਤੋਂ ਬੰਦਾ ਸੰਕੋਚ ਕਰਦਾ ਹੈ। ਅਜਿਹੇ 'ਕਾਰਨਾਮਿਆਂ' ਤੇ ਕਰਤੂਤਾਂ ਵਿਚ ਸਾਡੀ ਯੂਨੀਅਨ ਦੇ ਸਾਥੀ ਵੀ ਸ਼ਾਮਲ ਹੁੰਦੇ। ... ਅਜਿਹੀਆਂ ਵੱਖ-ਵੱਖ ਕਿਸਮ ਦੀਆਂ ਘਟਨਾਵਾਂ ਕਰ ਕੇ ਇਕ ਹੱਦ ਤਕ ਖੱਬੇ ਪੱਖੀਆਂ ਤੋਂ ਮੇਰਾ ਮੋਹ-ਭੰਗ ਹੋ ਗਿਆ, ਭਾਵੇਂ ਸਮਾਜਵਾਦੀ ਵਿਚਾਰਧਾਰਾ ਬਦਸਤੂਰ ਪ੍ਰਭਾਵਿਤ ਕਰਦੀ ਰਹੀ।

1987 ਦੇ ਸ਼ੁਰੂ ਵਿਚ ਮੈਂ ਦਿੱਲੀ ਆ ਗਿਆ।



ਉਘੀ ਚਿੱਤਰਕਾਰ ਅਰਪਨਾ ਕੌਰ ਨਾਲ ਲੇਖਕ ਬਲਬੀਰ ਮਾਧੋਪੁਰੀ।

ਆਪਣੇ ਸਾਥੀਆਂ ਨਾਲ ਦੂਰੀਆਂ ਮਜਬੂਰੀਆਂ ਵਾਲੀ ਹਾਲਤ ਹੋ ਗਈ ਪਰ ਮੈਂ ਉਨ੍ਹਾਂ ਨੂੰ ਮਹੀਨੇ 'ਚ ਦੋ ਵਾਰ ਮਿਲ ਆਉਂਦਾ। ... ਤੇ ਫਿਰ ਮੈਨੂੰ ਵੀ ਸਪੇਸ ਮਿਲ ਗਿਆ। ਮੇਰੀ ਮੁਲਾਕਾਤ ਦਲਿਤ ਮਸਲਿਆਂ ਨੂੰ ਸੋਚਣ ਸਮਝਣ ਵਾਲੇ ਹਿੰਦੀ ਭਾਸ਼ੀ ਐਸ.ਐਸ. ਗੌਤਮ ਨਾਲ ਹੋਈ। ਉਹ ਮੈਨੂੰ ਹਿੰਦੀ ਅੰਗਰੇਜ਼ੀ ਕਿਤਾਬਾਂ ਦੀ ਦੱਸ ਪਾਉਂਦਾ ਤੇ ਲਿਆ ਦਿੰਦਾ। ਮੈਂ ਕਈ ਮਰਾਠੀ ਸਵੈ-ਜੀਵਨੀਆਂ ਤੇ ਹੋਰ ਜੀਵਨੀਆਂ ਪੜ੍ਹਦਾ ਗਿਆ। ਗਾਂਧੀ ਦੇ ਰਾਮਰਾਜ ਦੇ ਸੰਕਲਪ ਵਿਰੁਧ ਸੋਚਣ ਲੱਗ ਪਿਆ, ਕਿਉਂਕਿ ਇਹ ਆਦਿ ਲੋਕਾਂ ਦੇ ਰਹਿਨੁਮਾ ਗੁਰੂ ਰਵਿਦਾਸ ਦੇ ਰੈਡੀਕਲ ਸਮਾਜਕ ਪਰਿਵਰਤਨ ਵਾਲੇ 'ਬੇਗਮਪੁਰਾ' ਸੰਕਲਪ ਦੇ ਵਿਰੁਧ ਉਭਾਰਿਆ ਗਿਆ ਸੀ। ਦੂਜੀ ਗੱਲ ਇਹ ਕਿ 'ਆਦਿ ਧਰਮ ਮੰਡਲ ਪੰਜਾਬ' ਦੇ ਅਛੂਤਾਂ ਦੇ ਸੰਘਰਸ਼ ਦੀ ਜਾਣਕਾਰੀ ਮੈਨੂੰ ਪਹਿਲਾਂ ਸੀ। ... ਸੋਵੀਅਤ ਸਾਹਿਤ ਤੇ ਦਲਿਤ ਸਾਹਿਤ ਦੀ ਸੋਝੀ ਸਦਕਾ ਮੇਰੀ ਸੋਚ ਕੁਝ ਹੱਦ ਤਕ ਨਿੱਖਰ ਗਈ। ਦਲਿਤ ਦ੍ਰਿਸ਼ਟੀ ਤੋਂ ਸਮਾਜਕ ਅਨੁਭਵ ਦਾ ਵੱਡਾ ਭੰਡਾਰ ਪਹਿਲਾਂ ਹੀ ਮੇਰੇ ਮਨ ਵਿਚ ਵੱਡੀ ਜਗ੍ਹਾ ਮੱਲ ਕੇ ਬੈਠਾ ਹੋਇਆ ਸੀ। ਸਾਹਿਤ ਤੇ ਸਭਿਆਚਾਰ ਦੇ ਰੁਝਾਨਾਂ ਨੂੰ ਦੇਖਦਿਆਂ ਮੈਂ ਆਪਣੀ ਸਵੈ-ਜੀਵਨੀ ਲਿਖਣ ਦਾ ਫੈਸਲਾ ਕਰ ਲਿਆ। ਇਸ ਲਈ ਕਿ ਕਵਿਤਾ ਵਿਚ ਸਮਾਜ ਦੇ ਕਰੂਰ ਯਥਾਰਥ ਨੂੰ ਵਿਸਥਾਰ ਵਿਚ ਪ੍ਰਗਟਾਉਣਾ ਸੰਭਵ ਨਹੀਂ ਸੀ ਜਾਪਦਾ, ਭਾਵੇਂ ਉਦੋਂ ਤਕ ਮੇਰੇ ਦੋ ਕਾਵਿ-ਸੰਗ੍ਰਹਿ 'ਮਾਰੂਥਲ ਦਾ ਬਿਰਖ' ਤੇ 'ਭਖਦਾ ਪਤਾਲ' ਛਪ ਚੁੱਕੇ ਸਨ। ਤਰਕਵਾਦੀ, ਮਾਨਵਵਾਦੀ ਤੇ ਵਿਗਿਆਨ-ਮੁਖੀ ਦ੍ਰਿਸ਼ਟੀ ਮੈਨੂੰ ਆਪਣੀ ਦਾਸਤਾਨ ਲਿਖਣ ਲਈ ਉਤਸ਼ਾਹਤ ਕਰਦੀ। ਉਂਝ ਵੀ ਮੈਨੂੰ ਮਹਿਸੂਸ ਹੋਣ ਲੱਗ ਪਿਆ ਕਿ ਮੇਰੀ ਯਾਦ-ਸ਼ਕਤੀ ਕਿਤੇ ਪੇਤਲੀ ਨਾ ਪੈ ਜਾਵੇ। ਮਨ 'ਚ ਇਹ ਡਰ ਵੀ ਘਰ ਕਰਦਾ ਗਿਆ ਕਿ ਮੈਂ ਸ਼ਾਇਦ ਛੇਤੀ ਮਰ ਜਾਵਾਂਗਾ। ਉਦੋਂ ਮੈਂ ਅਠੱਤੀ ਸਾਲ ਦਾ ਸੀ। ਯੱਕੋ-ਤੱਕੀ ਵਿਚ ਮੇਰਾ ਕਿੰਨਾ ਸਮਾਂ ਨਿਕਲ ਗਿਆ ਤੇ ਫਿਰ ਮੈਂ...।

ਸਾਲ 1996 ਦੇ ਅਖੀਰ 'ਚ, 41 ਵਰ੍ਹਿਆਂ ਦੀ ਉਮਰ ਵਿਚ ਮੈਂ ਸਵੈ-ਜੀਵਨੀ ਦਾ ਕਾਂਡ 'ਮੇਰੀ ਦਾਦੀ-ਇਕ ਇਤਿਹਾਸ' ਲਿਖਿਆ ਜੋ 'ਆਰਸੀ' ਵਿਚ ਛਪਿਆ। ਹਫਤੇ ਕੁ ਮਗਰੋਂ ਪੰਜਾਬੀ ਦੇ ਵੱਡੇ ਲੇਖਕਾਂ ਦਾ ਫੋਨਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਅਗਲੇ ਦੋ ਸਾਲਾਂ 'ਚ ਦੋ ਕਾਂਡ ਹੋਰ ਛਪਵਾਏ। ਨਤੀਜੇ ਵਜੋਂ ਭਾਪਾ ਪ੍ਰੀਤਮ ਸਿੰਘ ('ਆਰਸੀ' ਦੇ ਸੰਪਾਦਕ) ਨੇ ਆਖਿਆ, "ਪੰਜਾਬੀ 'ਚ ਅਜਿਹੀਆਂ ਲਿਖਤਾਂ ਲਈ ਰੜਾ ਮੈਦਾਨ ਪਿਆ ਏ, ਸਵੈ-ਜੀਵਨੀ ਛੇਤੀ ਮੁਕੰਮਲ ਕਰ।" ਤੇ ਫਿਰ ਕੌਮੀ ਤੇ ਕੌਮਾਂਤਰੀ ਮੰਚਾਂ ਲਈ ਪੇਪਰ ਪੜ੍ਹਨ ਜਾਂ ਕਵਿਤਾ ਪੜ੍ਹਨ ਦੇ ਸੱਦੇ ਆਉਣ ਲੱਗੇ। ਸਰਕਾਰੀ ਨੌਕਰੀ ਦੇ ਰੁਝੇਵਿਆਂ ਅਤੇ ਛੁੱਟੀ ਨਾ ਮਿਲਣ ਕਰ ਕੇ ਲਿਖਣ ਦਾ ਕੰਮ ਲਮਕਦਾ ਰਿਹਾ। ਭਾਪਾ ਜੀ ਨੇ ਕਿਹਾ, "ਸਵੈਜੀਵਨੀ ਉਦੋਂ ਮੁਕੰਮਲ ਕਰੇਂਗਾ ਜਦੋਂ ਮੈਂ ਚਲਿਆ ਜਾਵਾਂਗਾ।" ਜਿਵੇਂ ਕਿਵੇਂ ਮੈਂ ਸਵੈ-ਜੀਵਨੀ ਨੂੰ ਸਾਲ 2000 'ਚ ਲਿਖ ਲਿਆ ਤੇ ਨਾਂ ਰੱਖਿਆ 'ਛਾਂਗਿਆ ਰੁੱਖ' ਯਾਨੀ ਦਲਿਤ ਸਮਾਜ ਦਾ ਪ੍ਰਤੀਕ ਜੋ ਹਰ ਮੌਸਮ ਵਿਚ ਲੋਕਾਂ ਨੂੰ ਪਨਾਹ ਦਿੰਦਾ ਹੈ। ਖੁਦ ਸਿਰ 'ਤੇ ਗਰਮੀ-ਸਰਦੀ ਝੱਲਦਾ ਹੈ। ਸਭ ਨੂੰ ਛਾਂ ਤੇ ਆਸਰਾ। ਮੀਂਹ-ਨ੍ਹੇਰੀ 'ਚ ਲਿਫ-ਲਿਫ ਕੇ ਵਿਛ-ਵਿਛ ਕੇ ਸਿੱਧਾ ਖੜ੍ਹਾ ਹੁੰਦਾ ਹੈ। ਤੂਫਾਨਾਂ 'ਚ ਲੋਕ ਵੱਡੇ ਰੁੱਖਾਂ ਨੂੰ ਜੱਫਾ ਮਾਰ ਕੇ ਬਚ ਜਾਂਦੇ ਹਨ। ਰੁੱਖ ਲੋਕਾਂ ਦੇ ਜੀਂਦੇ ਰਹਿਣ ਲਈ ਮੁਫਤ ਆਕਸੀਜਨ ਵੰਡਦੇ ਹਨ ਤੇ ਲੋਕ ਉਸ ਨੂੰ ਫੈਲਰਨ ਨਹੀਂ ਦਿੰਦੇ ਸਗੋਂ ਬੇਰਹਿਮੀ ਨਾਲ ਉਸ ਦੀ ਕੱਟ-ਵੱਢ ਕਰਦੇ ਰਹਿੰਦੇ ਹਨ। ... ਤੇ 'ਛਾਂਗਿਆ ਰੁੱਖ' ਮੇਰੀ 45 ਵਰ੍ਹਿਆਂ ਦੀ ਉਮਰ ਦਾ ਸੰਖੇਪ ਬਿਰਤਾਂਤ ਹੈ। 2007 ਵਿਚ ਇਸ ਦਾ ਹਿੰਦੀ ਵਿਚ ਅਨੁਵਾਦ ਸੁਭਾਸ਼ ਨੀਰਵ ਨੇ ਕੀਤਾ ਤੇ ਇਹ ਹਿੰਦੀ ਦੇ ਸਭ ਤੋਂ ਵੱਡੇ ਪ੍ਰਕਾਸ਼ਕ 'ਵਾਣੀ ਪ੍ਰਕਾਸ਼ਨ' ਤੋਂ ਛਪਿਆ। 2010 ਵਿਚ ਸ਼ਾਹਮੁਖੀ ਲਿੱਪੀ ਵਿਚ ਲਾਹੌਰ ਤੋਂ। ਉਸੇ ਸਾਲ ਇਹ ਸਵੈ-ਜੀਵਨੀ ਅੰਗਰੇਜ਼ੀ ਵਿਚ ਔਕਸਫੋਰਡ ਪ੍ਰੈੱਸ ਨੇ ਛਾਪੀ ਤੇ ਅਗਲੇ ਸਾਲ ਕਰੋਸਵਰਡ ਐਵਾਰਡ ਲਈ ਨਾਮਜ਼ਦ ਹੋਈ। 2019 ਵਿਚ ਉਰਦੂ ਵਿਚ ਕਰਾਚੀ ਤੋਂ ਛਪੀ। ਅੱਜ ਕੱਲ੍ਹ ਇਸ ਦਾ ਰੂਸੀ ਵਿਚ ਅਨੁਵਾਦ ਮਾਸਕੋ ਸਟੇਟ ਯੂਨੀਵਰਸਿਟੀ ਦੀ ਪ੍ਰੋਫੈਸਰ ਐਨਾ ਸੋਸਕੋਵਕਾਇਆ ਕਰ ਰਹੀ ਹੈ।

# ਸਿੱਖ ਇਤਿਹਾਸ ਦਾ ਮਹਾਂ ਨਾਇਕ ਬੰਦਾ ਸਿੰਘ ਬਹਾਦਰ

*(ਸਫਾ 25 ਦੀ ਬਾਕੀ)*

ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਅਨੁਸਾਰ ਹੀ ਸਾਰੇ ਸਿੱਖ ਬੰਦਾ ਸਿੰਘ ਬਹਾਦਰ ਨਾਲ ਜੁੜ ਗਏ ਸਨ ਅਤੇ ਉਹ ਆਉਂਦੇ ਹੀ ਲੜਾਈ ਵਿਚ ਫਸ ਗਏ। ਦੂਜੇ ਪਾਸੇ, ਗੁਰੂ ਪਰਿਵਾਰਾਂ ਨਾਲ ਜੁੜੇ ਹੋਏ ਲੋਕ ਮਾਤਾ ਸੁੰਦਰੀ ਅਤੇ ਭਾਈ ਮਨੀ ਸਿੰਘ ਦੀ ਅਗਵਾਈ ਵਿਚ ਜੁੜ ਗਏ। ਉਹ ਇਹ ਨਹੀਂ ਚਾਹੁੰਦੇ ਸਨ ਕਿ ਗੁਰੂ ਪਰਿਵਾਰ ਤੋਂ ਬਹਾਰੋਂ ਕੋਈ ਵਿਅਕਤੀ ਅਗਲਾ ਗੁਰੂ ਬਣੇ, ਇਸ ਲਈ ਮਾਤਾ ਸੁੰਦਰੀ ਨੇ ਇੱਕ ਨੌਜਵਾਨ ਅਜੀਤ ਸਿੰਘ ਗੋਦ ਲਿਆ ਜਿਸ ਨੂੰ ਗੁਰੂ ਬਣਾਉਣ ਦੀ ਕੋਸ਼ਿਸ਼ ਕੀਤੀ ਗਈ (ਇਸ ਸਬੰਧੀ ਅਨੇਕਾਂ ਗਵਾਹੀਆਂ ਵੱਖ-ਵੱਖ ਕਿਤਾਬਾਂ ਵਿਚ ਮਿਲਦੀਆਂ ਹਨ)। ਇਹ ਗਵਾਹੀਆਂ ਵੀ ਮਿਲਦੀਆਂ ਹਨ ਕਿ ਬਹਾਦਰ ਸ਼ਾਹ ਤੋਂ ਅਜੀਤ ਸਿੰਘ ਨੂੰ ਗੁਰੂ ਦੀ ਮਾਨਤਾ ਦਿਵਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਬੰਦਾ ਸਿੰਘ ਨੂੰ ਰੋਕਣ ਲਈ ਅਜਿਹੀਆਂ ਅਫਵਾਹਾਂ ਵੀ ਫੈਲਾਈਆਂ ਗਈਆਂ ਕਿ ਗੁਰੂ ਸਾਹਿਬ ਦੀ ਤਾਂ ਮੌਤ ਹੀ ਨਹੀਂ ਹੋਈ ਸੀ, ਉਹ ਲੋਪ ਹੋ ਗਏ ਸਨ ਤੇ ਜਲਦੀ ਵਾਪਸ ਆਉਣਗੇ ਤੇ ਬੰਦੇ ਦੇ ਖਾਲਸੇ ਝੂਠ ਬੋਲਦੇ ਹਨ ਕਿ ਉਸ ਨੂੰ ਗੁਰੂ ਬਣਾਇਆ ਸੀ।

ਇਹ ਵੀ ਵਰਨਣਯੋਗ ਹੈ ਕਿ ਮੌਜੂਦਾ ਕੂਕਾ ਫਿਰਕਾ ਇਸ ਅਫਵਾਹ ਦੇ ਆਧਾਰ 'ਤੇ ਹੀ ਬਣਿਆ ਸੀ ਕਿ ਗੁਰੂ ਸਾਹਿਬ ਬਹੁਤ ਸਾਲ ਕਿਤੇ ਲੁਕ ਕੇ ਅਜੈਪਾਲ ਸਿੰਘ ਦੇ ਰੂਪ ਵਿਚ ਰਹੇ ਸਨ ਤੇ ਅਖੀਰ ਵਿਚ ਬਾਬਾ ਬਾਲਕ ਸਿੰਘ ਨੂੰ ਗਿਆਰਵਾਂ ਗੁਰੂ ਬਣਾ ਕੇ ਗਏ ਸਨ ਤੇ ਹੁਣ ਤੱਕ ਉਨ੍ਹਾਂ ਦੀ ਇਹ ਗੁਰੂ ਪ੍ਰੰਪਰਾ ਚੱਲ ਰਹੀ ਹੈ ਤੇ ਹੁਣ ਉਨ੍ਹਾਂ ਦਾ ਸੋਲਵਾਂ ਗੁਰੂ ਚੱਲ ਰਿਹਾ ਹੈ। ਜਦੋਂ ਗੁਰੂ ਕਿਆਂ ਦੀਆਂ ਬੰਦਾ ਸਿੰਘ ਨੂੰ ਰੋਕਣ ਦੀਆਂ ਸਾਰੀਆਂ ਚਾਲਾਂ ਅਸਫਲ ਹੋ ਗਈਆਂ ਤਾਂ ਡਾ. ਸੁਖਦਿਆਲ ਸਿੰਘ ਅਤੇ ਰਤਨ ਸਿੰਘ ਭੰਗੂ ਦੇ 'ਪ੍ਰਾਚੀਨ ਪੰਥ ਪ੍ਰਕਾਸ਼' (ਕਈ ਹੋਰ ਲਿਖਤਾਂ ਵੀ ਇਸ ਤਰ੍ਹਾਂ ਦੀਆਂ ਹਨ) ਅਨੁਸਾਰ ਗੁਰੂ ਸਾਹਿਬ ਵਲੋਂ ਭੇਜੇ ਦੋ ਸਿੰਘਾਂ (ਦੋਨੋਂ ਗੁਰੂ ਪਰਿਵਾਰਾਂ ਵਿਚੋਂ ਸਨ) ਭਾਈ ਬਿਨੋਧ ਸਿੰਘ ਤੇ ਭਾਈ ਕਾਨ੍ਹ ਸਿੰਘ ਅਤੇ ਉਨ੍ਹਾਂ ਦੇ ਹਜ਼ਾਰਾਂ ਸਾਥੀ, ਬਾਬਾ ਬੰਦਾ ਸਿੰਘ ਨੂੰ ਛੱਡ ਕੇ ਮੁਗਲਾਂ ਨਾਲ ਜਾ ਰਲੇ ਸਨ (ਕਾਹਨ ਸਿੰਘ ਮੁਗਲਾਂ ਦਾ ਤਨਖਾਹਦਾਰ ਜਰਨੈਲ ਸੀ)। ਇਨ੍ਹਾਂ ਵਲੋਂ ਮੁਗਲਾਂ ਦੀ ਵਰਦੀ 'ਨੀਲਾ ਬਾਣਾ' ਪਾ ਲਿਆ ਸੀ। ਅੱਜ ਦੇ ਸਰਕਾਰੀ ਨਿਹੰਗ ਉਨ੍ਹਾਂ ਦੇ ਹੀ ਵਾਰਿਸ ਹਨ।

ਮੌਜੂਦਾ ਨਿਹੰਗ ਬੁੱਢਾ ਦਲ ਦਾ ਪਹਿਲਾ ਮੁਖੀ ਵੀ 'ਭਾਈ ਬਿਨੋਧ ਸਿੰਘ' ਹੀ ਸੀ ਤੇ ਕਾਹਨ ਸਿੰਘ ਇਸ ਦਾ ਪੁੱਤਰ ਸੀ। ਸਿੱਖ ਇਤਿਹਾਸ ਵਿਚ ਬਹੁਤੀਆਂ ਗੜਬੜਾਂ ਵੀ ਬੁੱਢਾ ਦਲ ਨੇ ਹੀ ਕੀਤੀਆਂ ਹਨ। ਬੁੱਢਾ ਦਲ ਦਾ ਹੀ ਅੰਮ੍ਰਿਤਸਰ 'ਤੇ ਲੰਮਾ ਸਮਾਂ ਕਬਜ਼ਾ ਰਿਹਾ ਸੀ। ਇਨ੍ਹਾਂ ਨੇ ਹੀ ਨਿਰਮਲਿਆਂ ਨਾਲ ਰਲ ਕੇ ਗ੍ਰੰਥ ਲਿਖੇ ਅਤੇ ਪੁਜਾਰੀਵਾਦ ਨੂੰ ਸਿੱਖੀ ਵਿਚ ਪੱਕਾ ਕੀਤਾ ਸੀ। ਇਨ੍ਹਾਂ ਵਿਚਲਾ ਹੀ ਕੋਈ ਵੱਖਰਾ ਹੋਇਆ ਧੜਾ ਅੱਜ ਦੀ ਦਮਦਮੀ ਟਕਸਾਲ ਹੈ (ਜਿਸ ਬਾਰੇ ਖੋਜ ਦੀ ਲੋੜ ਹੈ?)। ਗੁਰਬਾਣੀ ਵਿਚ ਕੁਝ ਫਰਮਾਨ ਮਿਲਦੇ ਹਨ ਕਿ 'ਨੀਲਾ ਬਾਣਾ' ਮੁਗਲਾਂ (ਮੁਸਲਮਾਨਾਂ) ਦਾ ਸੀ (ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ-ਆਸਾ ਦੀ ਵਾਰ ਪੰਨਾ 470)। ਸਿੰਘਾਂ ਦਾ ਬਾਣਾ ਬੰਦਾ ਸਿੰਘ ਵਾਲਾ ਸੀ ਜਿਹੜਾ ਨਾ ਹਿੰਦੂਆਂ ਵਾਲਾ ਕੇਸਰੀ (ਭਗਵਾਂ) ਤੇ ਨਾ ਮੁਗਲਾਂ ਵਾਲਾ ਨੀਲਾ ਸਗੋਂ ਬਸੰਤੀ ਤੇ ਸੁਰਮਈ ਸੀ। ਸਿੱਖ ਰਹਿਤ ਮਰਿਯਾਦਾ ਵਿਚ ਵੀ ਇਸ ਬਾਰੇ ਜ਼ਿਕਰ ਮਿਲਦਾ ਹੈ। ਰਤਨ ਸਿੰਘ ਭੰਗੂ (ਤੇ ਕੁਝ ਹੋਰ ਲਿਖਤਾਂ) ਅਨੁਸਾਰ ਭਾਈ ਨੰਦ ਲਾਲ (ਭਾਈ ਨੰਦ ਲਾਲ ਅਨੰਦਪੁਰ ਛੱਡਣ ਬਾਅਦ ਦੁਬਾਰਾ ਮੁਗਲ ਦਰਬਾਰ ਵਿਚ ਚਲਾ ਗਿਆ ਸੀ) ਨੇ ਮੁਗਲ ਬਾਦਸ਼ਾਹ ਫਰਖੁਸੀਅਰ ਦੇ ਹੁਕਮਾਂ ਅਨੁਸਾਰ ਵਿਚੋਲਗੀ ਕਰ ਕੇ ਮਾਤਾ ਸੁੰਦਰੀ ਅਤੇ ਭਾਈ ਮਨੀ ਸਿੰਘ ਤੋਂ ਬੰਦਾ ਸਿੰਘ ਖਿਲਾਫ ਹੁਕਮਨਾਮੇ ਜਾਰੀ ਕਰਾਏ ਸਨ ਤਾਂ ਕਿ ਉਹ ਹਥਿਆਰ ਸੁੱਟ ਕੇ ਗੁਰਦਾਸ ਨੰਗਲ ਗੜ੍ਹੀ ਵਿਚੋਂ ਬਾਹਰ ਆ ਜਾਏ। ਜਦੋਂ ਬੰਦਾ ਸਿੰਘ ਮਾਤਾ ਸੁੰਦਰੀ ਅਤੇ ਭਾਈ ਮਨੀ ਸਿੰਘ ਦੀਆਂ ਦੋ ਚਿੱਠੀਆਂ ਤੋਂ ਬਾਅਦ ਵੀ ਬਾਹਰ ਨਾ ਆਇਆ ਤਾਂ ਇਨ੍ਹਾਂ ਲਿਖਤਾਂ ਅਨੁਸਾਰ ਮਾਤਾ ਸੁੰਦਰੀ ਨੇ ਬੰਦਾ ਸਿੰਘ ਨੂੰ ਸਰਾਪ ਦੇ ਕੇ ਗੁਰੂ ਵਲੋਂ ਮਿਲੀ ਸਾਰੀ ਸ਼ਕਤੀ ਖੋਹ ਲਈ ਸੀ ਜਿਸ ਨਾਲ ਬੰਦਾ ਸਿੰਘ ਕਮਜ਼ੋਰ ਹੋ ਗਿਆ ਤੇ ਫੜਿਆ ਗਿਆ।

ਇਸ ਤਰ੍ਹਾਂ ਬੜੀ ਸਾਜ਼ਿਸ਼ ਕਰ ਕੇ ਬੰਦਾ ਸਿੰਘ ਨੂੰ ਠੀਕ ਉਸੇ ਤਰ੍ਹਾਂ ਗੜ੍ਹੀ ਵਿਚੋਂ ਬਾਹਰ ਕੱਢਿਆ ਗਿਆ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਦਾ ਕਿਲ੍ਹਾ ਛੱਡਣ ਲਈ ਮਜਬੂਰ ਕੀਤਾ ਗਿਆ ਸੀ। ਜਿਸ ਤਰ੍ਹਾਂ ਮਗਰੋਂ ਗੁਰੂ ਸਾਹਿਬ ਅਤੇ ਪਹਾੜੀ ਰਾਜਿਆਂ 'ਤੇ ਮੁਗਲਾਂ ਨੇ ਹਮਲਾ ਕਰ ਦਿੱਤਾ ਸੀ ਪਰ ਉਹ ਬਚ ਗਏ ਸਨ ਤੇ ਬਹੁਤ ਸਿੰਘ ਸ਼ਹੀਦ ਹੋ ਗਏ ਸਨ, ਪਰ ਬੰਦਾ ਸਿੰਘ ਤੇ ਉਸ ਦੇ 700 ਤੋਂ ਵੱਧ ਸਾਥੀ ਗ੍ਰਿਫਤਾਰ ਕਰ ਕੇ ਬਾਅਦ ਵਿਚ ਦਿੱਲੀ ਲਿਜਾ ਕੇ ਸ਼ਹੀਦ ਕੀਤੇ ਗਏ ਸਨ। ਬੰਦਾ ਸਿੰਘ ਨੂੰ ਸ਼ਹੀਦ ਕਰਨ ਤੋਂ ਬਾਅਦ ਭੰਗੂ ਦੀ ਲਿਖਤ ਅਨੁਸਾਰ ਹੀ ਤੱਤ ਖਾਲਸਾ (ਗੁਰੂ ਦੇ ਪਰਿਵਾਰ ਤੇ ਮੁਗਲਾਂ ਨਾਲ ਰਲੇ ਹੋਏ ਸਿੱਖਾਂ) ਨੇ ਬੰਦਈ ਖਾਲਸਿਆਂ (ਜੋ ਬੰਦਾ ਸਿੰਘ ਨੂੰ ਗੁਰੂ ਮੰਨਦੇ ਸਨ) ਹਰਾ ਕੇ (ਪਰਚੀਆਂ ਵੀ ਪਾਈਆਂ ਗਈਆਂ ਸਨ, ਮੱਲ ਵੀ ਘੁਲਾਏ ਗਏ ਤੇ ਬਾਅਦ ਵਿਚ ਬੰਦਈਆਂ ਦੇ ਮੁਖੀ ਸਿੰਘ (ਭਾਈ ਲਹੌਰਾ ਸਿੰਘ, ਭਾਈ ਸੰਗਤ ਸਿੰਘ, ਭਾਈ ਨਾਨੂੰ ਸਿੰਘ) ਮਾਰ ਦਿੱਤੇ ਗਏ ਸਨ ਤੇ ਬਹੁਤ ਇਨ੍ਹਾਂ ਨਾਲ ਰਲ ਗਏ ਸਨ: ਭੰਗੂ)।

'ਗੁਰੂ ਮਾਨਿਓ ਗ੍ਰੰਥ' ਵਾਲੀ ਪ੍ਰੰਪਰਾ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ? ਜੇ ਗੁਰੂ ਸਾਹਿਬ ਨੇ 'ਗ੍ਰੰਥ' ਨੂੰ ਗੁਰਗੱਦੀ ਦੇ ਦਿੱਤੀ ਸੀ ਤਾਂ ਫਿਰ ਮਾਤਾ ਸੁੰਦਰੀ ਕਿਸ ਆਧਾਰ 'ਤੇ ਇੱਕ ਨੌਜਵਾਨ ਗੋਦ ਲੈ ਕੇ ਉਸ ਨੂੰ ਗੁਰੂ ਬਣਾ ਰਹੀ ਸੀ? ਜੇ ਗੁਰੂ ਸਾਹਿਬ ਦਾ ਹੁਕਮ ਸਭ ਨੇ ਮੰਨ ਲਿਆ ਸੀ ਤਾਂ 'ਬੰਦਈ ਖਾਲਸਾ' ਤੇ 'ਤੱਤ ਖਾਲਸਾ' ਕਿਥੋਂ ਆਏ? ਫਿਰ 'ਪਰਚੀਆਂ ਪਾਉਣ' ਤੇ 'ਮੱਲ ਘੁਲਾਉਣ' ਦੀ ਲੋੜ ਕਿਉਂ ਪਈ? ਜਿਹੜੇ ਦੋਹਰੇ ਅਸੀਂ ਅੱਜ ਪੜ੍ਹਦੇ ਹਾਂ, ਇਹ ਸਾਰੇ 18ਵੀਂ ਸਦੀ ਅਖੀਰ ਤੇ 19ਵੀਂ ਸਦੀ ਵਿਚ ਲਿਖੇ ਗ੍ਰੰਥਾਂ ਦੇ ਆਧਾਰ 'ਤੇ ਹਨ? ਗੁਰੂ ਸਾਹਿਬ ਵਲੋਂ ਲਿਖਤੀ ਰੂਪ ਵਿਚ ਕੋਈ ਹੁਕਮਨਾਮਾ ਜਾਂ ਰਹਿਤਨਾਮਾ ਕਿਸੇ ਕਿਤਾਬ ਵਿਚ ਨਹੀਂ ਮਿਲਦਾ ਜਿਸ ਤਰ੍ਹਾਂ ਅੱਜ ਪ੍ਰਚਾਰਿਆ ਜਾਂਦਾ ਹੈ। ਅਸੀਂ ਆਪਣੇ ਵਲੋਂ ਕੋਈ ਫੈਸਲਾ ਨਹੀਂ ਦੇ ਰਹੇ ਤੇ ਨਾ ਹੀ ਸਾਡਾ ਕੋਈ ਦਾਅਵਾ ਹੈ ਕਿ ਜੋ ਕਹਿ ਰਹੇ ਹਾਂ, ਉਹ ਹੀ ਅੰਤਿਮ ਸੱਚ ਹੈ? ਇਹ ਸਿਰਫ ਸ਼ੰਕੇ ਹਨ ਜੋ ਖੋਜ ਰਾਹੀਂ ਦੂਰ ਕਿਤੇ ਬਿਨਾ ਅਸੀਂ ਇਤਿਹਾਸ ਦੇ ਬੰਦਾ ਸਿੰਘ ਵਰਗੇ ਮਹਾਂ ਨਾਇਕਾਂ ਨਾਲ ਇਨਸਾਫ ਨਹੀਂ ਕਰ ਸਕਾਂਗੇ? ਤੇ ਨਾ ਹੀ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਇਨਸਾਫ ਕਰ ਸਕਾਂਗੇ ਜੋ ਇਨ੍ਹਾਂ ਗ੍ਰੰਥਾਂ ਵਿਚ ਲਿਖੀ ਹੋਈ ਸਿੱਖੀ ਦੇ ਬਿਲਕੁਲ ਉਲਟ ਹੈ? ਪਰ ਸਾਡਾ ਇਥੇ ਇਹ ਸਵਾਲ ਉਠਾਉਣ ਦਾ ਮਕਸਦ ਸਿਰਫ ਇੰਨਾ ਕੁ ਹੀ ਹੈ ਕਿ ਸਿੱਖ ਇਤਿਹਾਸਕਾਰਾਂ ਤੇ ਸਿੱਖ ਸੰਸਥਾਵਾਂ ਨੂੰ ਰਲ ਕੇ 18ਵੀਂ, 19ਵੀਂ, 20ਵੀਂ ਸਦੀ ਵਿਚ ਲਿਖੇ ਗਏ ਸਾਰੇ ਗ੍ਰੰਥਾਂ ਨੂੰ ਖੋਜੀ ਨਜ਼ਰੀਏ ਨਾਲ ਗੁਰਬਾਣੀ ਦੀ ਰੌਸ਼ਨੀ ਵਿਚ ਵਿਚਾਰ ਕੇ ਸਾਂਝੇ ਨਿਰਨੇ ਕਰਨ ਦੀ ਲੋੜ ਹੈ। ਇਹ ਗ੍ਰੰਥ ਸਿੱਖੀ ਵਿਚ ਪੁਜਾਰੀਵਾਰ, ਵਹਿਮ-ਭਰਮ ਤੇ ਕਰਮਕਾਂਡਾਂ ਨੂੰ ਹੀ ਪੱਕੇ ਨਹੀਂ ਕਰ ਰਹੇ, ਸਗੋਂ ਨਾਇਕਾਂ ਨੂੰ ਨਾਲਾਇਕ ਬਣਾ ਰਹੇ ਹਨ ਅਤੇ ਨਾਲਾਇਕਾਂ ਤੇ ਗਦਾਰਾਂ ਨੂੰ ਨਾਇਕ ਬਣਾ ਕੇ ਪੇਸ਼ ਕਰ ਰਹੇ ਹਨ।

ਪੰਜਾਬੀ ਖੇਡ ਸਾਹਿਤ

15



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

# ਪ੍ਰਿੰਸੀਪਲ ਬਾਜਵੇ ਦੇ ਹਾਕੀ ਸਿਤਾਰੇ

ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ ਪੰਜਾਬੀ ਖੇਡ ਸਾਹਿਤ ਦਾ ਸ਼ਿੰਗਾਰ ਹੈ। ਉਸ ਨੇ 'ਹਾਕੀ ਸਿਤਾਰੇ ਸੁਧਾਰ ਦੇ' ਕੌਫੀ ਟੇਬਲ ਬੁੱਕ ਪ੍ਰਕਾਸ਼ਿਤ ਕਰਵਾਈ ਹੈ, ਜਿਸ ਦੇ ਡੇਢ ਸੌ ਮੋਮੀ ਸਫ਼ਿਆਂ ਉਤੇ ਸੌ ਤੋਂ ਵੱਧ ਯਾਦਗਾਰੀ ਖੇਡ ਤਸਵੀਰਾਂ ਛਪੀਆਂ ਹਨ। ਇਹ ਪੰਜਾਬੀ ਖੇਡ ਸਾਹਿਤ ਦੀ ਦਰਸ਼ਨੀ ਪੁਸਤਕ ਹੈ। ਓਲੰਪਿਕ ਰਤਨ ਬਲਬੀਰ ਸਿੰਘ ਨੇ ਇਸ ਪੁਸਤਕ ਦੇ ਟਾਈਟਲ ਉਤੇ ਲਿਖਿਆ, "ਮੇਰਾ ਵਿਸ਼ਵਾਸ ਹੈ ਕਿ ਇਹ ਸਚਿੱਤਰ ਕਿਤਾਬ ਮੁਢਲੇ ਪੱਧਰ ਦੇ ਨੌਜਵਾਨ ਹਾਕੀ ਖਿਡਾਰੀਆਂ ਨੂੰ ਉਤਸ਼ਾਹਤ ਕਰੇਗੀ। ਇਸ ਵਿਚ ਵਰਣਨ ਕੀਤੇ ਖਿਡਾਰੀਆਂ ਨੇ ਸਾਧਾਰਨ ਸਕੂਲਾਂ/ਕਾਲਜਾਂ ਦੀਆਂ ਟੀਮਾਂ ਵਿਚ ਖੇਡਦਿਆਂ ਆਪਣੇ ਮਹਿਕਮਿਆਂ ਦੀਆਂ ਟੀਮਾਂ ਵੱਲੋਂ ਖੇਡਿਆ ਅਤੇ ਆਪਣੇ ਕਿੱਤਿਆਂ ਵਿਚ ਮਾਣ ਸਨਮਾਣ ਪ੍ਰਾਪਤ ਕੀਤੇ। ਇਹ ਕਿਤਾਬ ਸਮੁੱਚੇ ਤੌਰ 'ਤੇ ਆਮ ਖਿਡਾਰੀਆਂ ਦੀਆਂ ਯਾਦਾਂ ਨੂੰ ਸੰਭਾਲੇਗੀ ਅਤੇ ਛੋਟੇ ਵੱਡੇ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਬਣੇਗੀ। ਮੈਂ ਤਹਿ ਦਿਲੋਂ ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ ਦੇ ਇਸ ਉੱਦਮ ਦੀ ਪ੍ਰਸ਼ੰਸਾ ਕਰਦਾ ਹਾਂ।"

ਉਹਦੇ ਮਾਮੇ ਦਾ ਪੁੱਤ ਗੁਰਭਜਨ ਗਿੱਲ ਲਿਖਦੈ, "ਆਪਣੀ ਮਿੱਟੀ ਦੇ ਮਾਣਮੱਤੇ ਸਵੈਮਾਣ ਦੇ ਪਛਾਣ ਚਿੰਨ੍ਹ ਪਛਾਣਨੇ ਅਤੇ ਉਨ੍ਹਾਂ ਦਾ ਦਸਤਾਵੇਜ਼ੀ ਪ੍ਰਮਾਣੀਕਰਨ ਕਰਨਾ ਵੀ ਜਿਉਂਦੇ ਮਰਦਾਂ ਦੇ ਹਿੱਸੇ ਹੀ ਆਉਂਦਾ ਹੈ। ਇਸ ਖੇਤਰ ਵਿਚ ਮੇਰੇ ਵੱਡੇ ਵੀਰ ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ ਨੇ ਭਵਿੱਖੀ ਪੀੜ੍ਹੀਆਂ ਲਈ ਇਕ ਅਜਿਹੀ ਪੁਸਤਕ ਦੀ ਸਿਰਜਣਾ ਕੀਤੀ ਹੈ, ਜਿਸ ਦੀ ਲਿਖਾਰੀਆਂ ਅਤੇ ਖਿਡਾਰੀਆਂ ਨੇ ਕਦੇ ਤਵੱਕੋ ਵੀ ਨਹੀਂ ਕੀਤੀ ਹੋਣੀ।"

ਲੇਖਕ ਨੇ ਸੁਧਾਰ ਬਾਰੇ ਲਿਖਿਆ, "ਮੈਂ ਚਵੀ ਸਾਲ ਦੀ ਉਮਰ ਵਿਚ ਏਥੇ ਆਇਆ ਸੀ ਤੇ 1959 ਤੋਂ 1995 ਤਕ ਇਸ ਪਵਿੱਤਰ ਧਰਤੀ 'ਤੇ ਹੀ ਵਿਚਰਿਆ ਹਾਂ…। ਏਥੋਂ ਦੇ ਖੇਡ ਮੈਦਾਨਾਂ 'ਚ ਆਪਣੇ ਸਹਿ ਕਰਮੀਆਂ, ਵਿਦਿਆਰਥੀਆਂ ਅਤੇ ਦੋਸਤਾਂ ਨਾਲ ਗਹਿ-ਗੱਚ ਖੇਡਿਆ ਹਾਂ। ਬਚਪਨ ਤੋਂ ਹੀ ਖੇਡਾਂ ਮੇਰਾ ਸ਼ੌਕ ਰਹੀਆਂ ਹਨ। ਖੇਡ ਕਲਾ ਤੇ ਖੇਡ ਭਾਵਨਾ ਦਾ ਉਪਾਸ਼ਕ ਹਾਂ। 'ਖੇਡ ਮੈਦਾਨ ਲੋਕਰਾਜ ਦਾ ਪੰਘੂੜਾ ਹੁੰਦਾ ਹੈ' ਮੇਰੇ ਚਿੰਤਨ ਵਿਚ ਡੂੰਘਾ ਰਮਿਆ ਹੋਇਆ ਹੈ। ਖਿਡਾਰੀਆਂ ਨੂੰ ਮੈਦਾਨ ਦੇ ਉੱਤਮ ਕਲਾਕਾਰ ਮੰਨਦਾ ਹਾਂ। ਉਨ੍ਹਾਂ ਨੂੰ ਸਰੀਰਾਂ ਤੇ ਮਨਾਂ ਨੂੰ ਸਾਧਨਾ ਪੈਂਦਾ ਹੈ। ਇਹ ਇਕ ਕਰਤੀ ਸਾਧ ਤਪੱਸਿਆ ਹੁੰਦੀ ਹੈ। ਸਾਧੇ, ਸੋਧੇ ਤੇ ਸਿਧਾਏ ਹੋਏ ਜੁੱਸਿਆਂ ਨੂੰ ਹੀ ਜਿੱਤ-ਮੰਚਾਂ 'ਤੇ ਚੜ੍ਹਨ ਦਾ ਮਾਣ ਪ੍ਰਾਪਤ ਹੁੰਦਾ ਹੈ।"

ਪ੍ਰਿੰਸੀਪਲ ਬਾਜਵਾ ਦਾ ਜਨਮ 31 ਅਕਤੂਬਰ 1935 ਨੂੰ ਜ਼ਿਲਾ ਸਿਆਲਕੋਟ ਦੇ ਪਿੰਡ ਗੁੰਨਾਂ ਕਲਾਂ 'ਚ ਹੋਇਆ ਸੀ। ਬਚਪਨ ਲਹਿੰਦੇ ਪੰਜਾਬ ਵਿਚ ਬੀਤਿਆ ਅਤੇ ਜੁਆਨੀ ਚੜ੍ਹਦੇ ਪੰਜਾਬ 'ਚ ਚੜ੍ਹੀ। ਹੁਣ ਕੈਨੇਡਾ 'ਚ ਬਰੈਂਪਟਨ ਸ਼ਹਿਰ ਦਾ ਵਾਸੀ ਹੈ। ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਸੈਨੇਟਰ ਅਤੇ ਜੀ. ਐੱਚ. ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ ਗੁਰੂਸਰ ਸੁਧਾਰ ਦਾ ਇੱਕੀ ਸਾਲ ਪ੍ਰਿੰਸੀਪਲ ਰਿਹਾ। ਰਿਟਾਇਰ ਹੋਣ ਪਿੱਛੋਂ ਉਸ ਨੇ ਨੌਂ ਕਿਤਾਬਾਂ ਲਿਖੀਆਂ। ਉਨ੍ਹਾਂ ਵਿਚ ਕੁਝ ਸਿੱਖਿਆ ਸਭਿਆਚਾਰ ਨਾਲ ਸਬੰਧਿਤ ਹਨ, ਸਵੈਜੀਵਨੀ ਤੇ ਜੀਵਨ ਯਾਦਾਂ ਹਨ ਅਤੇ ਆਰਥਕ, ਸਮਾਜਕ ਮਸਲਿਆਂ ਬਾਰੇ ਹਨ। ਇਕ ਸਫਰਨਾਮਾ ਹੈ ਤੇ ਦੋ ਰੇਖਾ ਚਿੱਤਰਾਂ ਦੀਆਂ ਹਨ।

ਭਾਅ ਬਾਜਵੇ ਦੀਆਂ ਕਈ ਗੱਲਾਂ ਮੇਰੇ ਨਾਲ ਮੇਲ ਖਾਂਦੀਆਂ ਹਨ। ਦੋਹਾਂ ਨੇ ਨਿੱਕੇ ਹੁੰਦਿਆਂ ਡੰਗਰ ਚਾਰੇ ਤੇ ਵੱਡੇ ਹੋ ਕੇ ਨੌਜੁਆਨ ਪੜ੍ਹਾਏ। ਦੋਹਾਂ ਨੇ ਸ਼ਹਿਰਾਂ ਦੀ ਨੌਕਰੀ ਛੱਡ ਕੇ ਪੇਂਡੂ ਕਾਲਜਾਂ 'ਚ ਪੜ੍ਹਾਇਆ, ਖੇਡ ਮੇਲੇ ਲਾਏ, ਪ੍ਰਿੰਸੀਪਲੀਆਂ ਕੀਤੀਆਂ ਅਤੇ ਰਿਟਾਇਰ ਹੋਣ ਪਿੱਛੋਂ ਬੱਚਿਆਂ ਕੋਲ ਕੈਨੇਡਾ ਆ ਵਸੇ। ਦੋਹੇਂ ਉਮਰ ਭਰ ਖੇਡਾਂ ਤੇ ਖਿਡਾਰੀਆਂ ਦੇ ਅੰਗ-ਸੰਗ ਰਹੇ। 1950ਵਿਆਂ 'ਚ ਬਾਜਵਾ ਕਪੂਰਥਲੇ ਕਾਲਜ ਵਿਚ ਹਾਕੀ ਖੇਡਦਾ ਸੀ ਤੇ ਮੈਂ ਫਾਜ਼ਿਲਕਾ ਕਾਲਜ ਦੀ ਹਾਕੀ ਟੀਮ ਦਾ ਕਪਤਾਨ ਸਾਂ। ਦੋਵੇਂ ਕਾਲਜਾਂ ਦੇ ਬੈੱਸਟ ਅਥਲੀਟ ਬਣੇ। ਬਾਜਵਾ ਪੰਜਾਬ ਯੂਨੀਵਰਸਿਟੀ ਦਾ ਚੈਂਪੀਅਨ ਬਣਿਆ, ਮੈਂ ਦਿੱਲੀ ਯੂਨੀਵਰਸਿਟੀ ਦਾ। ਆਲ ਇੰਡੀਆ 'ਵਰਸਿਟੀ ਮੀਟਾਂ 'ਚ ਉਸ ਨੇ ਪੰਜਾਬ ਦੀ ਨੁਮਾਇੰਦਗੀ ਕੀਤੀ, ਮੈਂ ਦਿੱਲੀ ਯੂਨੀਵਰਸਿਟੀ ਦੀ। ਉਹ ਸੁਧਾਰ ਦੇ ਮੋਹ ਵਿਚ ਭਿੱਜਿਆ ਹੋਇਐ ਤੇ ਮੈਂ ਢੁੱਡੀਕੇ ਦੇ ਮੋਹ ਵਿਚ। ਉਸ ਦੇ ਦਿਲੋਂ ਸੁਧਾਰੀਆਂ ਲਈ ਦੁਆਵਾਂ ਨਿਕਲਦੀਆਂ, ਮੇਰੇ ਦਿਲੋਂ ਢੁੱਡੀਕੇ ਤੇ ਚਕਰੀਆਂ ਲਈ।

ਬੱਚਿਆਂ ਤੇ ਗੱਭਰੂਆਂ ਦੇ ਦਿਲਾਂ 'ਤੇ ਦਸਤਕ ਦਿੰਦਿਆਂ ਪ੍ਰਿੰ. ਬਾਜਵਾ ਲਿਖਦੈ, "ਅੱਥਰੀ ਜਵਾਨੀ 'ਚ ਮਸਤ ਹੋਏ ਸੁਧਾਰ ਦੇ ਗੱਭਰੂਓ! ਤੁਹਾਨੂੰ ਮੀਰੀ ਪੀਰੀ ਦੇ ਸ਼ਹਿਨਸ਼ਾਹ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਖੇਡਣ-ਮੱਲ੍ਹਣ ਦੇ ਮੌਕੇ ਮਿਲੇ ਹਨ। ਗੁਰੂ ਹਰਗੋਬਿੰਦ ਸਾਹਿਬ ਨੇ ਜੁਝਾਰੂ ਸਿਪਾਹੀ ਬਣਾਉਣ ਲਈ ਕੁਸ਼ਤੀਆਂ, ਦੰਗਲ, ਗਤਕਾ, ਘੋੜ ਸਵਾਰੀ ਤੇ ਨੇਜ਼ਾਬਾਜ਼ੀ ਵਰਗੀਆਂ ਖੇਡਾਂ ਨੂੰ ਉਤਸ਼ਾਹਿਤ ਕੀਤਾ ਸੀ। ਇਹ ਗੌਰਵ ਤੁਹਾਡੀ ਵਿਰਾਸਤ ਹੈ। ਧਿਆਨ ਚੰਦ, ਬਲਬੀਰ ਸਿੰਘ, ਮਿਲਖਾ ਸਿੰਘ, ਜਰਨੈਲ ਸਿੰਘ, ਦਾਰਾ ਸਿੰਘ ਤੇ ਕਰਤਾਰ ਸਿੰਘ ਹੋਰਾਂ ਦੀਆਂ ਜੀਵਨੀਆਂ ਪੜ੍ਹੋ।

ਧਿਆਨ ਚੰਦ ਨੂੰ ਹਾਕੀ ਦਾ ਧਰੂ ਤਾਰਾ ਮੰਨਿਆ ਜਾਂਦੈ। ਉਸ ਨੂੰ ਭਾਰਤੀ ਹਾਕੀ ਦਾ ਗੁਰੂ,







ਪ੍ਰਿੰ. ਬਲਕਾਰ ਸਿੰਘ ਬਾਜਵਾ ਅਤੇ (ਸੱਜੇ) ਉਨ੍ਹਾਂ ਦੀ ਪੁਸਤਕ ਦਾ ਮੁਖੜਾ

ਪੀਰ, ਮੁਰਸ਼ਦ, ਕੁਝ ਵੀ ਕਹਿ ਲਈਏ, ਅਤਿਕਥਨੀ ਨਹੀਂ। ਮੈਂ ਦੁਨੀਆਂ ਭਰ ਦੇ ਖਿਡਾਰੀਆਂ ਨੂੰ ਕਹਾਂਗਾ, ਉਹ ਹਾਕੀ ਦੇ ਇਸ ਚਮਤਕਾਰੀ ਖਿਡਾਰੀ ਨੂੰ ਨਤਮਸਤਕ ਹੋ ਕੇ ਮੈਦਾਨ 'ਚ ਉੱਤਰਿਆ ਕਰਨ। 'ਹਾਕੀ ਸਿਤਾਰੇ ਸੁਧਾਰ ਦੇ' ਪੁਸਤਕ ਲਿਖਣ ਦਾ ਬਲ ਮੈਨੂੰ ਉਦੋਂ ਮਿਲਿਆ, ਜਦੋਂ ਉਹਦੀ ਆਤਮਕਥਾ 'ਦੀ ਗੋਲ' ਅਤੇ ਜੀਵਨੀ 'ਧਿਆਨ ਚੰਦ-ਲੈਜਿੰਡ ਲਿਵਜ਼ ਆਨ' ਪੜ੍ਹੀਆਂ। ਇਨ੍ਹਾਂ ਕਿਤਾਬਾਂ ਨੂੰ ਪੜ੍ਹਦਿਆਂ ਮੈਨੂੰ ਬਚਪਨ ਵਿਚ ਆਪਣੇ ਬਾਪੂ ਜੀ ਕੋਲੋਂ ਉਸ ਦੀਆਂ ਹਾਕੀ ਬਾਰੇ ਸੁਣੀਆਂ ਗੱਲਾਂ ਮੁੜ ਯਾਦ ਆ ਗਈਆਂ। ਬਾਪੂ ਜੀ ਧਿਆਨ ਚੰਦ ਦੀ ਪਲਟਨ ਵਿਚ ਹੀ ਸਨ ਅਤੇ ਧਿਆਨ ਚੰਦ ਨਾਲ ਖੇਡਦੇ ਰਹੇ ਸਨ। ਉਨ੍ਹਾਂ ਦੀ ਡਾਇਰੀ 'ਚ ਲਿਖੀਆਂ 'ਹਾਕੀ ਦੀਆਂ ਬਾਤਾਂ' ਦੇ ਹਵਾਲੇ ਮੈਂ ਆਪਣੀ ਕਿਤਾਬ 'ਮੇਰੇ ਰਾਹਾਂ ਦੇ ਰੁੱਖ' ਵਿਚ ਵੀ ਦਿੱਤੇ ਸਨ। ਝਾਂਸੀ ਤੇ ਜੇਹਲਮ ਵਿਚ ਖੇਡੇ ਹਾਕੀ ਦੇ ਮੈਚਾਂ ਦੀਆਂ ਗੱਲਾਂ ਬਾਪੂ ਜੀ ਆਮ ਹੀ ਸੁਣਾਉਂਦੇ। ਖਾਸ ਕਰ ਉਦੋਂ, ਜਦੋਂ ਅਸੀਂ ਆਥਣੇ ਹਾਕੀ ਖੇਡ ਕੇ ਘਰ ਮੁੜਦੇ। ਸੁਧਾਰ ਦੇ ਕਰਨਲ ਜਸਵੰਤ ਗਿੱਲ ਅਤੇ ਗੁਰਬਖਸ਼ ਗਿੱਲ ਧਿਆਨ ਚੰਦ ਨਾਲ ਖੇਡਦੇ ਰਹੇ ਸਨ। ਉਹ ਉਸ ਦੀ ਖੇਡ ਸ਼ੈਲੀ ਤੋਂ ਬਹੁਤ ਕੁਝ ਸਿੱਖਦੇ ਸਨ। ਮੈਨੂੰ ਝੋਰਾ ਹੈ ਕਿ ਪਿਛਲੀ ਸਦੀ ਦੇ 60ਵਿਆਂ 'ਚ ਜਦੋਂ ਧਿਆਨ ਚੰਦ ਪਟਿਆਲੇ ਕੋਚਿੰਗ ਦਿਆ ਕਰਦਾ ਸੀ, ਉਦੋਂ ਮੈਂ ਉਸ ਦੇ ਪੁਰਾਣੇ ਟੀਮਏਟ ਬਾਪੂ ਜੀ ਦਾ ਉਸ ਨਾਲ ਮੇਲ ਨਾ ਕਰਾ ਸਕਿਆ।

ਬਚਪਨ 'ਚ ਧਿਆਨ ਸਿੰਘ ਅਤੇ ਉਸ ਦੇ ਹਾਣੀ ਖਜੂਰੀ ਟਾਹਣੀਆਂ ਦੀਆਂ ਹਾਕੀਆਂ ਬਣਾ ਲੈਂਦੇ ਤੇ ਉਨ੍ਹਾਂ ਨਾਲ ਖੇਡਦੇ ਰਹਿੰਦੇ। ਧਿਆਨ ਸਿੰਘ ਦੇ ਪਿਤਾ ਜੀ ਫੌਜ ਵਿਚ ਸੂਬੇਦਾਰ ਸਨ। ਇੱਕ ਅਚਨਚੇਤੀ ਘਟਨਾ ਨਾਲ ਧਿਆਨ ਸਿੰਘ ਦਾ ਸ਼ਾਨਦਾਰ ਹਾਕੀ ਕੈਰੀਅਰ ਅਰੰਭ ਹੋਇਆ। ਜਦੋਂ ਉਹ 14 ਸਾਲ ਦਾ ਸੀ, ਆਪਣੇ ਪਿਤਾ ਨਾਲ ਅੰਗਰੇਜ਼ ਪਲਟਨਾਂ ਦੀਆਂ ਟੀਮਾਂ ਦਾ ਹਾਕੀ ਮੈਚ ਵੇਖਣ ਚਲਾ ਗਿਆ। ਇੱਕ ਟੀਮ ਦੋ ਗੋਲਾਂ ਨਾਲ ਹਾਰ ਰਹੀ ਸੀ। ਅੱਲੜ ਧਿਆਨ ਸਿੰਘ ਆਪਣੇ ਪਿਤਾ ਦੇ ਖਹਿੜੇ ਪੈ ਗਿਆ ਕਿ ਉਸ ਨੂੰ ਹਾਕੀ ਦਿੱਤੀ ਜਾਵੇ, ਉਹ ਹਾਰ ਰਹੀ ਟੀਮ ਨੂੰ ਜਿਤਾ ਸਕਦੈ। ਉਸ ਦੇ ਪਿਤਾ ਨੇ ਉਸ ਨੂੰ ਚੁੱਪ ਰਹਿਣ ਲਈ ਘੂਰਿਆ। ਨੇੜੇ ਹੀ ਬੈਠੇ ਅੰਗਰੇਜ਼ ਫੌਜੀ ਅਫਸਰ ਨੇ ਵੀ ਉਸ ਨੂੰ ਸ਼ੇਖੀਖੋਰਾ ਆਖਿਆ ਅਤੇ ਕਿਹਾ ਕਿ ਉਹ ਹਾਲੀਂ ਬੱਚਾ ਹੈ; ਪਰ ਧਿਆਨ ਸਿੰਘ ਖੇਡਣ ਲਈ ਜ਼ਿਦ ਕਰਦਾ ਰਿਹਾ। ਆਖਰ ਅਫਸਰ ਨੇ ਉਸ ਨੂੰ ਖੇਡਣ ਦੀ ਆਗਿਆ ਦੇ ਦਿੱਤੀ। ਧਿਆਨ ਸਿੰਘ ਮੈਦਾਨ 'ਚ ਗਿਆ ਤੇ ਉਤੋੜਿੱਤੀ ਚਾਰ ਗੋਲ ਦਾਗ ਦਿੱਤੇ! ਉਹੀ ਅਫਸਰ ਉਹਦੀ ਖੇਡ ਤੋਂ ਏਨਾ ਪ੍ਰਭਾਵਤ ਹੋਇਆ ਕਿ ਉਸ ਨੇ ਧਿਆਨ ਸਿੰਘ ਨੂੰ ਫੌਜ ਦੀ 'ਬੱਚਾ ਪਲਟਨ' ਵਿਚ ਭਰਤੀ ਕਰ ਲਿਆ।

ਧਿਆਨ ਸਿੰਘ ਨੂੰ ਆਰਮੀ ਡਿਊਟੀ ਵੱਲ ਵਧੇਰੇ ਧਿਆਨ ਦੇਣਾ ਪੈਂਦਾ ਸੀ, ਜਿਸ ਕਰਕੇ ਹਾਕੀ ਦੀ ਪ੍ਰੈਕਟਿਸ ਲਈ ਲੋੜੀਂਦਾ ਸਮਾਂ ਨਹੀਂ ਸੀ ਮਿਲਦਾ। ਇਸ ਲਈ ਜਦੋਂ ਰੈਜੀਮੈਂਟ ਰਾਤ ਨੂੰ ਆਰਾਮ ਕਰਦੀ, ਉਹ ਚੰਦ ਦੀ ਚਾਨਣੀ ਵਿਚ ਹਾਕੀ ਤੇ ਬਾਲ ਨਾਲ ਗਰਾਊਂਡ ਵਿਚ 'ਕੱਲਾ ਹੀ ਅਭਿਆਸ ਕਰਦਾ ਰਹਿੰਦਾ। ਚੰਦ ਦੀ ਚਾਨਣੀ ਵਿਚ ਖੇਡਦਾ ਰਹਿਣ ਕਰਕੇ ਰੈਜੀਮੈਂਟ ਵਿਚ ਧਿਆਨ ਸਿੰਘ ਨੂੰ ਧਿਆਨ ਚੰਦ ਕਿਹਾ ਜਾਣ ਲੱਗਾ। ਫਿਰ ਚੰਦ ਉਹਦੇ ਨਾਮ ਨਾਲ ਪੱਕਾ ਹੀ ਜੁੜ ਗਿਆ। ਇਸੇ ਹੀ ਸਮੇਂ ਧਿਆਨ ਚੰਦ ਨੇ ਗਰਾਊਂਡ ਵਿਚ ਇੱਕ ਹੋਰ ਜਾਦੂਮਈ ਕ੍ਰਿਸ਼ਮਾ ਕਰ ਵਿਖਾਇਆ।

1925 ਵਿਚ ਜੇਹਲਮ ਵਿਖੇ, ਪੰਜਾਬ ਇੰਡੀਅਨ ਇਨਫੈਂਟਰੀ ਟੂਰਨਾਮੈਂਟ ਦਾ ਫਾਈਨਲ ਮੈਚ ਚੱਲ ਰਿਹਾ ਸੀ। ਚਾਰ ਮਿੰਟ ਰਹਿਣ ਤਕ ਧਿਆਨ ਚੰਦ ਦੀ ਟੀਮ ਹਾਰ ਰਹੀ ਸੀ। ਉਹਦੇ ਕਮਾਂਡਿੰਗ ਅਫਸਰ ਨੇ ਕਿਹਾ, "ਅਰੇ ਧਿਆਨ ਚੰਦ! ਆਪਾਂ ਦੋ ਗੋਲਾਂ ਨਾਲ ਪਛੜੇ ਹੋਏ ਹਾਂ, ਕੁਝ ਕਰ ਕੇ ਦਿਖਾਓ!" ਇਸ ਪਿੱਛੋਂ ਧਿਆਨ ਚੰਦ ਨੇ ਬਾਲ ਆਪਣੀ ਸਟਿੱਕ 'ਤੇ ਲਿਆ ਅਤੇ ਵਿਰੋਧੀਆਂ ਦੀ ਸਾਰੀ ਰੱਖਿਆ ਪੰਕਤੀ ਨੂੰ ਝਕਾਨੀਆਂ ਦਿੰਦਾ ਗੋਲ ਕਰ ਆਇਆ। ਉਸ ਨੇ ਏਸੇ ਤਰ੍ਹਾਂ ਚਾਰ ਮਿੰਟ ਦੇ ਸਮੇਂ 'ਚ ਦੂਜਾ, ਤੀਜਾ ਅਤੇ ਫਿਰ ਚੌਥਾ ਗੋਲ ਦਾਗ ਕੇ ਕ੍ਰਿਸ਼ਮਾ ਕਰ ਵਿਖਾਇਆ। ਉਸ ਦੀ ਟੀਮ ਜਿੱਤ ਗਈ। ਇਸ ਮੈਚ ਪਿੱਛੋਂ ਅੰਗਰੇਜ਼ ਅਫਸਰਾਂ ਨੇ ਧਿਆਨ ਚੰਦ ਦੇ ਨਾਂ ਨਾਲ 'ਹਾਕੀ ਜਾਦੂਗਰ' ਦਾ ਉਪਨਾਮ ਵੀ ਜੋੜ ਦਿੱਤਾ।

ਜੇਹਲਮ ਵਾਲੇ ਇਸ ਮੈਚ ਦਾ ਸਬੰਧ ਬਾਪੂ ਜੀ ਦੀ ਡਾਇਰੀ 'ਚ ਦਰਜ ਇੱਕ ਹੋਰ ਮੈਚ ਨਾਲ ਵੀ ਜੁੜਦਾ ਹੈ। ਲਿਖਿਆ ਹੈ ਕਿ ਉਨ੍ਹਾਂ ਨੂੰ ਇੱਕ ਵਾਰੀ ਇਦਾਕ (ਫਰੰਟੀਅਰ) ਤੋਂ ਛੁੱਟੀ ਆਇਆਂ ਨੂੰ ਮਸੀਂ ਹਫਤਾ ਵੀ ਨਹੀਂ ਸੀ ਹੋਇਆ। ਪੰਜਾਬ ਰੈਜੀਮੈਂਟ ਵੱਲੋਂ ਪਿੰਡ ਇੱਕ ਟੈਲੀਗ੍ਰਾਮ ਆ ਗਈ: ਹਾਕੀ ਮੈਚ ਹਨ, ਛੇਤੀ ਤੋਂ ਛੇਤੀ ਵਾਪਸ ਪਹੁੰਚੋ! ਉਨ੍ਹਾਂ ਨੂੰ ਖੇਡਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਨੇ ਅਗਲੇ ਦਿਨ ਹੀ ਗੱਡੀ ਜਾ ਫੜੀ। ਟੂਰਨਾਮੈਂਟ 'ਚ ਪੰਜ ਦਿਨ ਰਹਿੰਦੇ ਸਨ। ਰਾਵਲਪਿੰਡੀ ਤੋਂ ਅੱਗੇ ਛੁੱਟੀ ਤੋਂ ਵਾਪਸ ਆ ਰਹੇ ਫੌਜੀਆਂ ਨੂੰ ਮਾੜੀ ਬਿੰਦੁਸ ਵਿਚਲੇ ਫੌਜੀ ਰੈਸਟ ਕੈਂਪ ਵਿਚ ਇੱਕ ਹਫਤਾ ਲਾਜ਼ਮੀ ਠਹਿਰਨਾ ਪੈਂਦਾ ਸੀ। ਜੇ ਏਥੇ ਹਫਤਾ ਅਟਕਦੇ ਤਾਂ ਮੈਚਾਂ ਲਈ ਪਹੁੰਚ ਨਹੀਂ ਸਨ ਸਕਦੇ। ਉਨ੍ਹਾਂ ਨੇ ਟਰਿੱਕ ਵਰਤਿਆ। ਵਰਦੀ ਲਾਹ ਕੇ ਸਿਵਲੀਅਨ ਡਰੈੱਸ ਪਾ ਲਈ। ਡਿਊਟੀ ਸਾਰਜੰਟ ਨੂੰ ਕਿਹਾ ਕਿ ਉਹ ਫੌਜੀ ਨਹੀਂ, ਬੰਨੂ ਹਾਈ ਸਕੂਲ ਵਿਚ ਮਾਸਟਰ ਹੈ। ਦਾਅ ਚੱਲ ਗਿਆ। ਅੱਗੇ ਰਸਤੇ ਵਿਚ ਕਿਸ਼ਤੀ ਪੈਂਦੀ ਸੀ। ਕਿਸ਼ਤੀ ਤੋਂ ਜਦੋਂ ਕਾਲੇ ਬਾਗ ਉੱਤਰੇ ਤਾਂ ਇੱਕ ਹੋਰ ਸਾਰਜੈਂਟ ਨੇ ਰੋਕ ਲਿਆ। ਉਸ ਨੂੰ ਇਨ੍ਹਾਂ ਨੇ ਪੂਰੇ ਆਤਮ-ਵਿਸ਼ਵਾਸ ਨਾਲ ਕਿਹਾ, "ਆਈ ਐਮ ਏ ਮਿਲਟਰੀ ਪੀਪਲ, ਸਾਰਜੈਂਟ! ਆਈ ਐਮ ਏ ਹੈੱਡ ਕਾਰਪੈਂਟਰ ਐਟ ਬੰਨੂੰ…।"

ਇਸ ਤਰ੍ਹਾਂ ਉਨ੍ਹਾਂ ਨੇ ਰਾਤ ਨੂੰ ਆਪਣੀ ਪਲਟਣ ਦੇ ਡਿੱਪੂ ਆਫਿਸ ਵਿਚ ਰਿਪੋਰਟ ਜਾ ਕੀਤੀ। ਟੈਲੀਫੂਨ 'ਤੇ ਅੱਗੇ ਸੂਚਨਾ ਦੇ ਦਿੱਤੀ ਗਈ। ਸਵੇਰੇ ਅੱਠ ਵੱਜਦੇ ਨੂੰ ਸਪੈਸ਼ਲ ਗੱਡੀ ਆਈ ਤੇ ਉਹ ਦਾਰਦੋਨੀ ਵਿਚ ਹੋ ਰਹੇ ਮੈਚ ਲਈ ਚਾਰ ਵਜੇ ਜਾ ਪਹੁੰਚੇ। ਇਹ ਨਾਟਕੀ ਕਹਾਣੀ ਸੁਣ ਅਫਸਰ ਬਹੁਤ ਖੁਸ਼ ਹੋਏ ਅਤੇ ਸਰਾਹਣਾ ਕੀਤੀ। ਇਨ੍ਹਾਂ ਦੀ ਕੰਪਨੀ ਇਸ ਟੂਰਨਾਮੈਂਟ ਦੀ ਜੇਤੂ ਬਣੀ। ਇਹ ਸੰਨ 1924-25 ਦੀ ਗੱਲ ਹੈ।



ਧਿਆਨ ਸਿੰਘ ਉਰਫ ਧਿਆਨ ਚੰਦ

ਬਾਪੂ ਜੀ ਨੇ ਰਿਕਰੂਟਿੰਗ ਦੌਰਾਨ ਹੀ ਹਾਕੀ ਖੇਡਣੀ ਸ਼ੁਰੂ ਕਰ ਦਿੱਤੀ ਸੀ। ਉਹ 1908 ਵਿਚ ਭਰਤੀ ਹੋਏ ਸਨ। ਹੌਲੀ ਹੌਲੀ ਉਹ 27 ਪੰਜਾਬ ਬਟਾਲੀਅਨ ਦੀ ਪਹਿਲੀ ਟੀਮ ਵਿਚ ਖੇਡਣ ਲੱਗ ਪਏ। ਉਹ ਸਾਰੀ ਸਰਵਿਸ ਬਟਾਲੀਅਨ ਦੀ ਟੀਮ ਵਿਚ ਸੈਂਟਰ ਹਾਫ ਖੇਡਦੇ ਰਹੇ। ਬੜੇ ਫਖਰ ਨਾਲ ਦੱਸਦੇ ਹੁੰਦੇ ਸਨ ਕਿ ਹਾਕੀ ਦਾ ਪ੍ਰਸਿੱਧ ਓਲੰਪੀਅਨ, ਹਾਕੀ ਦਾ ਜਾਦੂਗਰ ਮੇਜਰ ਧਿਆਨ ਚੰਦ ਉਨ੍ਹਾਂ ਦੀ ਟੀਮ ਦਾ ਸੈਂਟਰ ਫਾਰਵਰਡ ਹੁੰਦਾ ਸੀ। ਇਹ ਵੀ ਦੱਸਦੇ ਹੁੰਦੇ ਸੀ ਕਿ ਜਦੋਂ ਧਿਆਨ ਚੰਦ ਦੀ ਅਗਵਾਈ ਵਿਚ ਇੰਡੀਅਨ ਆਰਮੀ ਦੀ ਹਾਕੀ ਟੀਮ 1927 ਵਿਚ ਨਿਊਜ਼ੀਲੈਂਡ ਖੇਡਣ ਜਾ ਰਹੀ ਸੀ ਤਾਂ ਮੈਨੂੰ ਵੀ ਟੀਮ ਨਾਲ ਜਾਣ ਦੀ ਪੇਸ਼ਕਸ਼ ਹੋਈ ਸੀ; ਪਰ ਦੱਸਦੇ ਸਨ ਕਿ ਮੇਰੀ ਸ਼ਾਦੀ ਦੀ ਤਰੀਕ 1927 ਵਿਚ ਤੈਅ ਹੋ ਚੁਕੀ ਸੀ, ਜਿਸ ਕਰਕੇ ਟੀਮ ਨਾਲ ਜਾ ਸਕਣ ਵੱਲੋਂ ਬੇਬਸੀ ਜਾਹਰ ਕਰਨੀ ਪਈ। ਅਸੀਂ ਹੱਸਦਿਆਂ ਕਹਿੰਦੇ, "ਵਾਹ ਬਾਪੂ ਜੀ! ਕੀ ਫਰਕ ਪੈਂਦਾ ਸੀ, ਸ਼ਾਦੀ ਦੋ ਮਹੀਨੇ ਪਿੱਛੋਂ ਹੋ ਜਾਂਦੀ, ਤੁਸੀਂ ਨਿਊਜ਼ੀਲੈਂਡ ਦੇ ਟੂਰ ਦਾ ਕਿੱਡਾ ਵਧੀਆ ਸ਼ਾਨਦਾਰ ਮੌਕਾ ਗੁਆਇਆ? ਹਾਕੀ ਖਿਡਾਰੀ ਤਾਂ ਇਹੋ ਜਿਹੇ ਮੌਕਿਆਂ ਲਈ ਤਰਲੋਮੱਛੀ ਹੁੰਦੇ ਰਹਿੰਦੇ ਨੇ।"

ਉਹ ਅੱਗੋਂ ਹੱਸ ਪੈਂਦੇ ਤੇ ਕਹਿੰਦੇ, "ਉਦੋਂ ਏਨੀ ਸੋਝੀ ਕਾਹਨੂੰ ਹੁੰਦੀ ਸੀ, ਪੁੱਤਰੋ! ਤੇ ਸਾਡੀ ਜਾਣੇ ਬਲਾ, ਨਿਊਜ਼ੀਲੈਂਡ ਦਾ ਟੂਰ-ਸ਼ੂਰ ਕੀ ਹੁੰਦਾ? ਅਸੀਂ ਹਲ ਵਾਹੁੰਦੇ ਕੋਰੇ ਅਨਪੜ੍ਹ ਭਰਤੀ ਹੋਏ ਸੀ। ਚਲੋ ਜੋ ਹੋ ਗਿਆ ਸੋ ਹੋ ਗਿਆ, ਹੁਣ ਤੁਸੀਂ ਹੀ ਹਿੰਮਤ ਕਰੋ।"

ਅਸੀਂ ਸਾਰੇ ਉਨ੍ਹਾਂ ਨੂੰ ਮਖੌਲ ਕਰਨ ਲੱਗ ਜਾਂਦੇ, "ਫੌਜੀਆਂ ਨੂੰ ਵਿਆਹ 'ਤੇ ਛੁੱਟੀ ਬਾਹਲੀ ਪਿਆਰੀ ਹੁੰਦੀ ਹੈ।" ਅੱਗੋਂ ਉਹ ਵੀ ਹੱਸ ਕੇ ਕਹਿੰਦੇ, "ਪਿਆਰੀ ਕਿਉਂ ਨਾ ਹੋਵੇ? ਪਿੰਡ ਜਾਣ ਲਈ ਮਸੀਂ ਸਾਲ ਮਗਰੋਂ ਮੌਕਾ ਮਿਲਦਾ ਸੀ। ਅਤੇ ਵਿਆਹ? ਉਹ ਵੀ ਪੁੰਨ ਦਾ ਸਾਕ! ਉਦੋਂ ਜੱਟਾਂ ਦੇ ਮੁੰਡਿਆਂ ਨੂੰ ਸਾਕ ਕਿਹੜੇ ਸੌਖਿਆਂ ਮਿਲਦੇ ਸੀ। ਬੁੜ੍ਹਾਂ ਮਾਰੇ ਜੱਟ ਹੀ ਫੌਜ 'ਚ ਜਾਂਦੇ ਸੀ। ਬਥੇਰੇ ਹਲ ਵਾਹਕ ਵਿਚਾਰੇ ਸਾਰੀ ਉਮਰ ਛੜੇ ਈ ਰਹਿ ਜਾਂਦੇ।" ਉਹ ਪਹਿਲੀ ਅਤੇ ਦੂਜੀ ਵੱਡੀ ਜੰਗ ਵਿਚ ਲੜੇ ਅਤੇ ਆਖੀਰ 36 ਸਾਲ ਦੀ ਸੇਵਾ ਪਿੱਛੋਂ 1944 ਵਿਚ ਐੱਸ. ਬੀ., ਓ. ਬੀ. ਆਈ ਵਰਗੇ ਮਾਣਮੱਤੇ ਸਨਮਾਨਾਂ ਨਾਲ ਸੇਵਾਮੁਕਤ ਹੋਏ।

1936 ਦੀ ਬਰਲਿਨ ਓਲੰਪਿਕਸ ਦੇ ਫਾਈਨਲ ਵਿਚ ਹਾਫ ਟਾਈਮ ਵੇਲੇ ਇੰਡੀਆ ਜਰਮਨੀ ਤੋਂ 6-0 ਗੋਲਾਂ ਨਾਲ ਅੱਗੇ ਸੀ। ਹਿਰਾਸ ਹੋਏ ਜਰਮਨ ਕੁੱਟ-ਮਾਰ 'ਤੇ ਉਤਰ ਆਏ। ਜਰਮਨ ਗੋਲਚੀ ਨੇ ਅੰਨ੍ਹੀ ਹਿੱਟ ਮਾਰ ਕੇ ਧਿਆਨ ਚੰਦ ਦਾ ਇੱਕ ਦੰਦ ਤੋੜ ਦਿੱਤਾ। ਮੁਢਲੀ ਮੈਡੀਕਲ ਸਹਾਇਤਾ ਪਿੱਛੋਂ ਮੈਦਾਨ 'ਚ ਵਾਪਸ ਆ ਕੇ ਧਿਆਨ ਚੰਦ ਨੰਗੇ ਪੈਰੀਂ ਖੇਡਣ ਲੱਗ ਪਿਆ। ਉਸ ਨੇ ਆਪਣੀ ਟੀਮ ਨੂੰ ਕਿਹਾ ਕਿ ਗੋਲ ਕਰਨ ਵੱਲੋਂ ਹੁਣ ਢਿੱਲੇ ਹੋ ਜਾਓ, "ਅਸੀਂ ਇਨ੍ਹਾਂ ਨੂੰ ਬਾਲ ਕੰਟਰੋਲ ਦਾ ਸਬਕ ਸਿਖਾਉਣਾ ਹੈ।" ਹੈਰਾਨ ਹੋਇਆ ਹਜੂਮ ਵੇਖ ਰਿਹਾ ਸੀ ਕਿ ਭਾਰਤੀ ਮੁੜ ਮੁੜ ਜਰਮਨੀ ਦੇ ਸਰਕਲ ਤੱਕ ਬਾਲ ਲੈ ਜਾਂਦੇ, ਪਰ 'ਡੀ' ਉੱਤੋਂ ਬਾਲ ਫਿਰ ਪਿੱਛੇ ਆਪਣੇ ਵਿਰੋਧੀਆਂ ਨੂੰ ਦੇ ਦਿੰਦੇ। ਅੰਤ ਭਾਰਤ ਨੇ ਜਰਮਨੀ 'ਤੇ 8-1 ਨਾਲ ਜਿੱਤ ਪ੍ਰਾਪਤ ਕੀਤੀ। ਇਸ ਤਰ੍ਹਾਂ ਭਾਰਤੀ ਟੀਮ ਨੇ ਲਗਾਤਾਰ ਤੀਜਾ ਓਲੰਪਿਕ ਗੋਲਡ ਮੈਡਲ ਜਿੱਤਿਆ।

ਜਦੋਂ ਇੰਡੀਆ ਹੱਥੋਂ ਜਰਮਨੀ ਦੀ 8-1 ਨਾਲ ਹਾਰ ਹੋਈ ਤਾਂ ਨੱਕੋ-ਨੱਕ ਭਰੇ ਸਟੇਡੀਅਮ 'ਤੇ ਮੁਰਦੇਹਾਣੀ ਛਾਈ ਹੋਈ ਸੀ। ਜਰਮਨ ਦਰਸ਼ਕ ਨਿੰਮੋਝੂਣੇ ਹੋਏ ਬੈਠੇ ਸਨ। ਹਿਟਲਰ ਨੇ ਜੇਤੂਆਂ ਨੂੰ ਗੋਲਡ ਮੈਡਲ ਪਹਿਨਾਉਣੇ ਸਨ, ਪਰ ਉਹ ਗੁੱਸੇ ਨਾਲ ਭਰਿਆ ਪੀਤਾ ਪਹਿਲਾਂ ਹੀ ਉੱਠ ਕੇ ਚਲਾ ਗਿਆ ਸੀ। ਅਗਲੇ ਦਿਨ ਹਿਟਲਰ ਨੇ ਧਿਆਨ ਚੰਦ ਨੂੰ ਮਿਲਣ ਲਈ ਸੁਨੇਹਾ ਭੇਜਿਆ। ਜਦੋਂ ਸੁਨੇਹਾ ਮਿਲਿਆ, ਧਿਆਨ ਚੰਦ ਨੂੰ ਫਿਕਰ ਪੈ ਗਿਆ। ਉਹ ਡਿਕਟੇਟਰ ਦੀ ਹੁਕਮ ਅਦੂਲੀ ਵੀ ਨਹੀਂ ਸੀ ਕਰ ਸਕਦਾ। ਉਸ ਨੇ ਕਹਾਣੀਆਂ ਸੁਣੀਆਂ ਸਨ ਕਿ ਹਿਟਲਰ ਹੁਕਮ ਅਦੂਲੀ ਕਰਨ ਵਾਲੇ ਨੂੰ ਗੋਲੀ ਮਰਵਾ ਦਿੰਦੈ। ਉਸ ਰਾਤ ਧਿਆਨ ਚੰਦ ਚੱਜ ਨਾਲ ਕੁਝ ਖਾ-ਪੀ ਨਾ ਸਕਿਆ ਤੇ ਰਾਤ ਵੀ ਜਾਗਦਿਆਂ ਕੱਟੀ। ਸਵੇਰੇ ਡਰਿਆ ਸਹਿਮਿਆਂ ਹਿਟਲਰ ਨੂੰ ਮਿਲਣ ਚਲਾ ਗਿਆ। ਡਿਕਟੇਟਰ ਨੇ ਉਸ ਦਾ ਡਿਪਲੋਮੈਟੀ ਸੁਆਗਤ ਕੀਤਾ। ਉਹ ਫਾਈਨਲ ਮੈਚ ਵਿਚ ਧਿਆਨ ਚੰਦ ਦੀ ਖੇਡ ਤੋਂ ਬੇਹੱਦ ਪ੍ਰਭਾਵਤ ਹੋਇਆ ਸੀ। ਉਹ ਉਸ ਨੂੰ

(ਬਾਕੀ ਅਗਲੇ ਸਫੇ 'ਤੇ)

# ਜਾਤ-ਪਾਤ 'ਚ ਵੰਡੇ ਸਮਾਜ ਦਾ ਸੱਚ ਪੇਸ਼ ਕਰਦਾ ਅਜੋਕਾ ਸਿਨੇਮਾ

## ਪੰਜਾਬੀ ਸਿਨੇਮਾ



ਸੁਰਜੀਤ ਜੱਸਲ
ਫੋਨ: 91-98146-07737

**ਜਾਤੀਵਾਦ ਵਿਚ ਉਲਝੀ ਪਿਆਰ ਕਹਾਣੀ ਦਾ ਕੌੜਾ ਸੱਚ 'ਤੇਜਾ ਨਗੌਰੀ':** ਪੰਜਾਬੀ ਸਾਹਿਤ ਅਤੇ ਸਿਨੇਮਾ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ। ਦੋਵੇਂ ਸਾਡੇ ਸਮਾਜ ਦਾ ਦਰਪਣ ਹਨ। ਅਫਸੋਸ! ਵਪਾਰਕ ਸੋਚ ਲੈ ਕੇ ਚਲਦਿਆਂ ਬਹੁਤੇ ਫਿਲਮਕਾਰਾਂ ਵਲੋਂ ਸਾਹਿਤਕਾਰਾਂ ਦੀਆਂ ਲਿਖਤਾਂ ਦੀ ਥਾਂ ਮਸਾਲਾ ਕਹਾਣੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ, ਪਰ ਲਾਕ ਡਾਊਨ ਦੇ ਸਮਿਆਂ 'ਚ ਪੰਜਾਬੀ ਸਾਹਿਤ ਤੇ ਸਿਨੇਮਾ ਦੀ ਸੁਚੱਜੀ ਸੋਚ ਰੱਖਣ ਵਾਲੇ ਲੇਖਕ, ਨਿਰਦੇਸ਼ਕ ਕੁਝ ਚੰਗੀਆਂ ਸਮਾਜਕ ਫਿਲਮਾਂ ਲੈ ਕੇ ਅੱਗੇ ਆਏ ਹਨ। ਨਿਰਦੇਸ਼ਕ ਭਗਵੰਤ ਕੰਗ ਵਲੋਂ ਕੀਤੀ ਇਸ ਪਹਿਲ ਕਦਮੀ ਸਦਕਾ ਨਾਵਲਕਾਰ ਜੀਤ ਸਿੰਘ ਸੰਧੂ ਦੇ ਨਾਵਲ 'ਤੇ ਆਧਾਰਤ 'ਤੇਜਾ ਨਗੌਰੀ' ਨਾਂ ਦੀ ਵੈੱਬ ਸੀਰੀਜ਼ ਲੈ ਕੇ ਆਏ ਹਨ, ਜਿਸ ਨੇ ਦਰਸ਼ਕਾਂ ਦੇ ਦਿਲਾਂ 'ਤੇ ਗੂੜ੍ਹੀ ਛਾਪ ਛੱਡੀ ਹੈ। ਜ਼ਿਕਰਯੋਗ ਹੈ ਕਿ ਇਸ ਵੈੱਬ ਸੀਰੀਜ਼ ਦੇ ਪਹਿਲੇ ਸੀਜ਼ਨ ਦੇ 12 ਐਪੀਸੋਡ ਹਨ, ਜਿਨ੍ਹਾਂ 'ਚੋਂ ਛੇ ਐਪੀਸੋਡ ਯੂ ਟਿਊਬ 'ਤੇ ਆ ਚੁਕੇ ਹਨ।




ਪੇਂਡੂ ਜਨ-ਜੀਵਨ 'ਤੇ ਆਧਾਰਤ ਜਾਤੀਵਾਦ ਵਿਚ ਉਲਝੀ ਇਸ ਕਹਾਣੀ ਵਿਚ ਉਹ ਡਰਾਮਾ ਪੇਸ਼ ਕੀਤਾ ਗਿਆ ਹੈ, ਜਿਸ ਨੂੰ ਵੱਡੇ ਪਰਦੇ 'ਤੇ ਦਿਖਾਉਣ ਦੀ ਅੱਜ ਤੱਕ ਕਿਸੇ ਨੇ ਹਿੰਮਤ ਨਹੀਂ ਕੀਤੀ। ਇਸ ਵੈੱਬ ਸੀਰੀਜ਼ ਦੀ ਕਹਾਣੀ ਪ੍ਰੇਮ-ਪਿਆਰ, ਅਣਖ, ਜਾਤ-ਪਾਤ ਦੇ ਭੇਦਭਾਵ ਦੇ ਆਲੇ-ਦੁਆਲੇ ਘੁੰਮਦੀ ਹੈ, ਜਿਸ ਵਿਚ ਆਮ ਪੇਂਡੂ ਭਾਸ਼ਾ ਦਾ ਖੁੱਲ੍ਹ ਕੇ ਇਸਤੇਮਾਲ ਕੀਤਾ ਗਿਆ ਹੈ। ਮਾਲਵਾ ਖੇਤਰ ਵਿਚ ਪਿੰਡ ਪੱਧਰ 'ਤੇ ਵਰਤੀ ਜਾਣ ਵਾਲੀ ਦੇਸੀ ਬੋਲੀ, ਪੁਲਿਸ ਟਾਊਟ ਸਿਸਟਮ ਅਤੇ ਕਾਰਗੁਜ਼ਾਰੀ, ਘਰ ਤੋਂ ਬੇਪ੍ਰਵਾਹ ਲੋਕ, ਲੀਡਰੀ ਦਾ ਚਸਕਾ, ਸਰਪੰਚੀ ਦੀਆਂ ਕਿੜ੍ਹਾਂ, ਵੱਖ ਵੱਖ ਜਾਤਾਂ ਦੇ ਮੁੰਡੇ-ਕੁੜੀ ਦਾ ਪਿਆਰ, ਚੁਗਲੀ ਕਲਚਰ, ਛੋਟੀਆਂ ਬਰਾਦਰੀਆਂ 'ਚ ਬਦਮਾਸ਼ੀ ਕਲਚਰ, ਝੂਠੀ ਸ਼ਾਨੋ-ਸ਼ੌਕਤ, ਅਣਖ ਲਈ ਕਤਲ-ਇਹ ਸਭ ਕੁਝ ਇਸ ਵਿਚ ਬਾਖੂਬੀ ਦਿਖਾਇਆ ਗਿਆ ਹੈ।

ਆਊਟ ਲਾਈਨ ਮੀਡੀਆ ਨੈੱਟ ਅਤੇ 'ਦੀ ਵਿਹਲਾ ਫਿਲਮਜ਼' ਦੇ ਬੈਨਰ ਅਧੀਨ ਬਣੀ ਇਸ ਵੈੱਬ ਸੀਰੀਜ਼ ਦੀ ਖਾਸੀਅਤ ਇਹ ਵੀ ਹੈ ਕਿ ਇਸ ਵਿਚ ਸਾਰੇ ਕਲਾਕਾਰ ਥੀਏਟਰ ਦੇ ਮੰਝੇ ਹੋਏ ਹਨ, ਜਿਨ੍ਹਾਂ ਵਿਚ ਮੋਹਨ ਕੰਬੋਜ, ਤਰਸ਼ਿੰਦਰ ਥਿੰਦ, ਜੱਸੀ ਜਸਵਿੰਦਰ, ਦਰਸ਼ਨ ਘਾਰੂ, ਤੇਜੀ ਸੰਧੂ, ਪਰਮਿੰਦਰ ਗਿੱਲ, ਪਿੰਕੀ ਸੱਗੂ, ਕੁਲਦੀਪ ਪਟਿਆਲਾ, ਜਗਤਾਰ ਸਿੰਘ ਬੈਨੀਪਾਲ, ਪਰੈਟੀ ਲੰਗ, ਹਰਵਿੰਦਰ ਰੁੜਕੀ, ਹਰਮੀਤ ਬਾਜਵਾ ਅਤੇ ਅੰਮ੍ਰਿਤਪਾਲ ਸਿੰਘ ਦੇ ਨਾਂ ਵਰਣਨਯੋਗ ਹਨ। ਇਨਾਂ ਤੋਂ ਇਲਾਵਾ ਮੁੱਖ ਭੂਮਿਕਾ ਵਿਚ ਕਈ ਪੰਜਾਬੀ ਫੀਚਰ ਫਿਲਮਾਂ ਵਿਚ ਵੱਖ-ਵੱਖ ਕਿਰਦਾਰ ਨਿਭਾ ਚੁਕਾ ਸੋਨੂੰ ਕੇਲੋਂ ਹੈ, ਜਿਸ ਦੇ ਆਪੋਜਿਟ ਹੀਰੋਇਨ ਦੀ ਭੂਮਿਕਾ ਪ੍ਰਸਿੱਧ ਮਾਡਲ ਅਤੇ ਐਕਟ੍ਰੈਸ ਪ੍ਰਭਜੋਤ ਕੌਰ ਰੰਧਾਵਾ ਨੇ ਨਿਭਾਈ ਹੈ। ਇਸ ਵੈੱਬ ਸੀਰੀਜ਼ ਦੇ ਡੀ. ਓ. ਪੀ. ਗੱਗੀ ਵਰਮਾ ਅਤੇ ਨਿਰਮਾਤਾ ਭਗਵੰਤ ਕੰਗ ਤੇ ਪਰਮਜੀਤ ਸਿੰਘ ਨਾਗਰਾ ਹਨ। 'ਤੇਜਾ ਨਗੌਰੀ' ਮਿਲੀ ਸਫਲਤਾ ਨਾਲ ਜੀਤ ਸਿੰਘ ਸੰਧੂ ਇੱਕ ਨਾਵਲਕਾਰ ਤੋਂ ਅੱਗੇ ਫਿਲਮ ਲੇਖਕ ਅਤੇ ਭਗਵੰਤ ਕੰਗ ਸ਼ਾਰਟ ਫਿਲਮਾਂ ਤੋਂ ਅੱਗੇ ਵੈੱਬ ਸੀਰੀਜ਼ ਨਿਰਦੇਸ਼ਕ ਦੇ ਤੌਰ 'ਤੇ ਮੂਹਰਲੀਆਂ ਸਫਾਂ ਵਿਚ ਸ਼ਾਮਿਲ ਹੋ ਗਏ ਹਨ। ਇਹ ਉਨ੍ਹਾਂ ਦੀ ਸਿਦਕ ਦਿਲੀ ਅਤੇ ਅਣਥੱਕ ਮਿਹਨਤ ਦਾ ਨਤੀਜਾ ਹੈ। ਇਸ ਟੀਮ ਤੋਂ ਅੱਗੇ ਵੀ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਪੇਂਡੂ ਜਨ-ਜੀਵਨ ਦੀ ਸੰਜੀਵ ਝਲਕ ਵਾਲੀਆਂ ਵੈੱਬ ਸੀਰੀਜ਼ਾਂ ਦੀ ਉਮੀਦ ਬੱਝਦੀ ਹੈ।

**ਦਲਿਤ ਸਮਾਜ ਦੀ ਕੁੜੀ ਦੀ ਮਿਹਨਤ ਅਤੇ ਲਗਨ ਦੀ ਕਹਾਣੀ 'ਸੀਤੋ':** ਜਾਤ-ਪਾਤ ਸਾਡੇ ਸਮਾਜ ਵਿਚ ਅੱਜ ਵੀ ਪਾੜ ਪਾਉਣ ਵਾਲਾ ਵਿਸ਼ਾ ਹੈ। ਛੋਟੀਆਂ ਜਾਤਾਂ ਵਾਲੇ ਅੱਜ ਵੀ ਆਪਣੇ ਹੱਕਾਂ-ਅਧਿਕਾਰਾਂ ਤੋਂ ਸੱਖਣੇ ਹਨ। ਅਕਸਰ ਹੀ ਛੋਟੀ ਜਾਤ ਵਾਲੇ ਨੂੰ ਦੁਰਕਾਰੀਆਂ ਹੋਈਆਂ ਨਜ਼ਰਾਂ ਨਾਲ ਵੇਖਿਆਂ ਜਾਂਦਾ ਹੈ। ਇਸੇ ਮੁੱਦੇ 'ਤੇ ਝਾਤ ਪਾਉਂਦੀ ਨਿਰਮਾਤਾ ਪਵਨ ਮਹਿਮੀ ਦੀ ਲਘੂ ਫਿਲਮ 'ਸੀਤੋ' ਸਮਾਜ ਵਿਚ ਬਾਬਾ ਭੀਮ ਰਾਓ ਅੰਬੇਦਕਰ ਦੇ ਫਲਸਫਿਆਂ ਤੇ ਸਿਧਾਂਤਾਂ 'ਤੇ ਚੱਲਣ ਦਾ ਸੁਨੇਹਾ ਦਿੰਦੀ ਹੈ। ਇਸ ਤੋਂ ਇਲਾਵਾ ਲਘੂ ਫਿਲਮ 'ਸੀਤੋ' ਅਜੋਕੇ ਸਮਾਜ ਵਿਚ ਕੁੜੀ ਮੁੰਡੇ ਦੇ ਫਰਕ ਵਾਲੀ ਸੋਚ ਅਤੇ ਨਸ਼ਿਆਂ ਦੀ ਦਲਦਲ ਵਿਚ ਗਰਕ ਰਹੀ ਨੌਜਵਾਨੀ ਬਾਰੇ ਵੀ ਚਿੰਤਾ ਪ੍ਰਗਟਾਉਂਦੀ ਹੈ।

ਨਿਰਦੇਸ਼ਕ ਰਾਜੇਸ਼ ਕਪੂਰ ਦੀ ਇਸ ਫਿਲਮ ਵਿਚ ਪੰਜਾਬੀ ਰੰਗਮੰਚ ਅਤੇ ਫਿਲਮਾਂ ਦੇ ਨਾਮੀਂ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

ਫਿਲਮ ਦੀ ਕਹਾਣੀ ਪਿੰਡ ਵਿਚ ਰਹਿੰਦੇ ਇੱਕ ਮੋਚੀ ਦੇ ਪਰਿਵਾਰ ਦੀ ਹੈ, ਜੋ ਪਿੰਡ ਦੇ ਸਕੂਲ ਮੂਹਰੇ ਜੁੱਤੀਆਂ-ਜੋੜੇ ਗੰਢ ਕੇ ਆਪਣੀ ਦੋ ਡੰਗ ਦੀ ਰੋਟੀ ਕਮਾਉਂਦਾ ਹੈ ਤੇ ਉਸ ਦੀ ਘਰ ਵਾਲੀ ਸਰਦਾਰਾਂ ਦੇ ਘਰ ਗੋਹਾ ਕੂੜਾ ਕਰਦੀ ਹੈ। ਉਨ੍ਹਾਂ ਦੀ ਇੱਕ ਧੀ ਹੈ ਸੀਤੋ, ਜੋ ਘਰ ਦੇ ਹਾਲਾਤਾਂ ਨੂੰ ਵੇਖ, ਚੰਗਾ ਪੜ੍ਹ-ਲਿਖ ਕੇ ਵੱਡੀ ਅਫਸਰ ਬਣਨਾ ਚਾਹੁੰਦੀ ਹੈ, ਪਰ ਗਰੀਬ ਬਾਪ ਵਿਚ ਐਨੀ ਹਿੰਮਤ ਨਹੀਂ ਕਿ ਉਹ ਸਕੂਲ ਦਾਖਲ ਕਰਵਾ ਸਕੇ। ਸੀਤੋ ਜਦ ਆਪਣੇ ਬਾਪ ਦੀ ਰੋਟੀ ਲੈ ਕੇ ਦੁਕਾਨ 'ਤੇ ਜਾਂਦੀ ਹੈ ਤਾਂ ਸਕੂਲ 'ਚੋਂ ਪਾਣੀ ਲੈਣ ਚਲੀ ਜਾਂਦੀ ਹੈ ਤੇ ਇਸ ਤਰ੍ਹਾਂ ਉਸ ਨੂੰ ਅੱਖਰਾਂ ਦਾ ਗਿਆਨ ਹੋਣ ਲੱਗਿਆ।

ਸਕੂਲ ਦੇ ਪ੍ਰਿੰਸੀਪਲ ਨੇ ਸੀਤੋ ਅੰਦਰ ਪੜ੍ਹਾਈ ਦੀ ਲਗਨ ਵੇਖ ਉਸ ਨੂੰ ਸਕੂਲ ਵਿਚ ਦਾਖਲਾ ਦੇ ਦਿੱਤਾ। ਉਸ ਦੇ ਸੁਪਨੇ ਗਰੀਬੀ ਦੀ ਦਲਦਲ 'ਚੋਂ ਉਪਰ ਉੱਠ ਕੇ ਜਾਤੀਵਾਦ ਦੀਆਂ ਸਮਾਜ ਵਿਚ ਵੰਡੀਆਂ ਪਾਉਣ ਵਾਲੇ ਲੋਕਾਂ ਨੂੰ ਜਵਾਬ ਦੇਣਾ ਹੈ। ਸੀਤੋ ਡਾ. ਭੀਮ ਰਾਓ ਅੰਬੇਦਕਰ ਦੀ ਸੋਚ 'ਤੇ ਪਹਿਰਾ ਦੇਣ ਵਾਲੀ ਜਾਗਰੂਕ ਮੁਟਿਆਰ ਹੈ। ਇੱਕ ਦਿਨ ਸਰਪੰਚ ਚੌਧਰ ਦੇ ਨਸ਼ੇ ਵਿਚ ਮੋਚੀ ਦੀ ਧੀ ਨੂੰ ਮਿਹਣੇ ਮਾਰਦਾ ਹੈ, "ਨੌਕਰੀਆਂ-ਅਫਸਰੀਆਂ ਸਰਦਾਰਾਂ ਦੇ ਹਿੱਸੇ ਹੀ ਆਉਂਦੀਆਂ ਨੇ, ਨਾ ਕਿ ਸਰਦਾਰਾਂ ਦੇ ਘਰ ਗੋਹਾ ਕੂੜਾ ਕਰਨ ਵਾਲੇ ਕਾਮਿਆਂ ਦੇ...।"

ਸਰਪੰਚ ਦੇ ਇਹ ਬੋਲ ਉਸ ਲਈ ਚਣੌਤੀ ਬਣ ਜਾਂਦੇ ਹਨ। ਉਹ ਆਪਣੀ ਮੰਜ਼ਿਲ ਪਾਉਣ ਲਈ ਦਿਨ-ਰਾਤ ਇੱਕ ਕਰ ਦਿੰਦੀ ਹੈ। ਕੱਲ੍ਹ ਦੀ 'ਸੀਤੋ' ਜੂਡੀਸ਼ੀਅਲ ਮੈਜਿਸਟਰੇਟ ਸੀਤਲ ਕੌਰ ਬਣ ਕੇ ਜਦ ਪਿੰਡ ਆਉਂਦੀ ਹੈ ਤਾਂ ਸਰਪੰਚ ਆਪਣੇ ਪੁੱਤਰ ਦੇ ਡੀ. ਐੱਸ. ਪੀ. ਬਣਨ ਦੀ ਖੁਸ਼ੀ ਵਿਚ ਪਾਰਟੀ ਕਰ ਰਿਹਾ ਹੁੰਦਾ ਹੈ। ਜਾਤ-ਪਾਤ ਦੀਆਂ ਵੰਡੀਆਂ ਪਾਉਣ ਵਾਲਾ ਸਰਪੰਚ ਗੁੱਸੇ ਵਿਚ ਆ ਕੇ ਜਦ ਉਸ ਦੀ ਬੇਇੱਜਤੀ ਕਰਨ ਲੱਗਦਾ ਹੈ ਤਾਂ ਉਸ ਦਾ ਪੁੱਤਰ ਅੱਗੇ ਹੋ ਕੇ ਰੋਕਦਾ ਸੁਚੇਤ ਕਰਦਾ ਹੈ ਕਿ ਇਹ ਮੇਰੇ ਤੋਂ ਵੀ ਵੱਡੀ ਅਫਸਰ ਹੈ। ਅੱਜ ਮੈਂ ਜੋ ਹਾਂ, ਇਸ ਦੀ ਹੀ ਬਦੌਲਤ ਹਾਂ। ਤੂੰ ਤਾਂ ਮੈਨੂੰ ਨਸ਼ਿਆਂ ਦੇ ਧੰਦੇ 'ਚ ਪਾ ਕੇ ਬਰਬਾਦੀ ਵੱਲ ਤੋਰਿਆ ਸੀ, ਪਰ ਘਰ ਛੱਡਣ ਤੋਂ ਬਾਅਦ ਇਸੇ ਸੀਤੋ ਨੇ ਮੈਨੂੰ ਚੰਗਾ ਇਨਸਾਨ ਬਣਨ ਦਾ ਰਾਹ ਵਿਖਾਇਆ ਤੇ ਮੇਰੀ ਮਾਰਗ ਦਰਸ਼ਕ ਬਣ ਕੇ ਇਸ ਅਫਸਰੀ ਦੇ ਕਾਬਲ ਬਣਾਇਆ।

ਫਿਲਮ 'ਚ ਹਰਪਾਲ ਸਿੰਘ, ਅਰਜਨਾ ਭੱਲਾ, ਨੀਰਜ਼ ਕੌਸ਼ਿਕ, ਭਾਵਨਾ ਸ਼ਰਮਾ, ਕ੍ਰਾਂਤੀ ਘੁੰਮਣ, ਕਰਨੈਲ ਸਿੰਘ, ਰੈਣੂ ਬਾਂਸਲ, ਬੇਬੀ ਮਿਲਨ, ਦੇਵ ਵਿਰਕ ਤੇ ਕਰਨ ਕਪੂਰ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੀ ਕਹਾਣੀ, ਪਟਕਥਾ ਤੇ ਸੰਵਾਦ ਰਾਜੇਸ਼ ਕਪੂਰ ਨੇ ਲਿਖੇ ਹਨ। ਮਿਊਜ਼ਿਕ ਫੈਕਟਰੀ ਵਲੋਂ ਤਿਆਰ ਕੀਤਾ ਸੰਗੀਤ ਬਹੁਤ ਵਧੀਆ ਹੈ। ਸਮਾਜ ਨੂੰ ਜਾਗੂਰਕ ਕਰਦੀਆਂ ਅਜਿਹੀਆਂ ਫਿਲਮਾਂ ਦਾ ਨਿਰਮਾਣ ਜਰੂਰੀ ਹੈ।



# ਪ੍ਰਿੰਸੀਪਲ ਬਾਜਵੇ ਦੇ ਹਾਕੀ ਸਿਤਾਰੇ


*(ਪਿਛਲੇ ਸਫੇ ਦੀ ਬਾਕੀ)*

ਜਰਮਨ ਦੀ ਟੀਮ ਵਿਚ ਸ਼ਾਮਲ ਕਰਨਾ ਚਾਹੁੰਦਾ ਸੀ। ਉਸ ਨੇ ਧਿਆਨ ਚੰਦ ਨੂੰ ਜਰਮਨ ਫੌਜ ਵਿਚ ਕਰਨਲ ਦੇ ਅਹੁਦੇ ਦੀ ਪੇਸ਼ਕਸ਼ ਕੀਤੀ। ਧਿਆਨ ਚੰਦ ਨੇ ਨਿਮਰਤਾ ਤੇ ਫੌਜੀ ਸਲੀਕੇ ਨਾਲ ਇਸ ਪੇਸ਼ਕਸ਼ ਨੂੰ ਨਾ ਮੰਨਣ ਦੀ ਮੁਆਫੀ ਮੰਗੀ ਤੇ ਖਹਿੜਾ ਛੁਡਾਇਆ।

ਹੁਸ਼ਿਆਰਪੁਰ ਦਾ ਇੱਕ ਪਰਿਵਾਰ ਲੈਜੈਂਡਰੀ ਮੇਜਰ ਧਿਆਨ ਚੰਦ ਦੀ ਹਾਕੀ ਸਟਿਕ ਸੰਭਾਲੀ ਬੈਠਾ ਹੈ। ਇਸ ਬਾਰੇ ਪੱਤਰਕਾਰ ਜੇ. ਕੇ. ਜੋਸ਼ੀ ਨੇ ਖੋਜ ਪਿੱਛੋਂ ਇੱਕ ਰਿਪੋਰਟ ਪੇਸ਼ ਕੀਤੀ ਹੈ। ਧਿਆਨ ਚੰਦ ਦੀ 1936 ਦੀ ਬਰਲਿਨ ਓਲੰਪਿਕ ਵਿਚ ਵਰਤੀ ਹਾਕੀ ਇਸ ਪਰਿਵਾਰ ਕੋਲ ਸੁਰੱਖਿਅਤ ਪਈ ਹੈ। ਟੀਮ ਸਮੇਤ ਹਾਕੀ ਕਪਤਾਨ ਦੇ ਦਸਤਖਤਾਂ ਵਾਲੀ ਇਹ ਵਿਰਾਸਤੀ ਹਾਕੀ ਕਿਸੇ ਖੇਡ ਅਜਾਇਬ-ਘਰ ਦਾ ਸ਼ਿੰਗਾਰ ਬਣਨੀ ਚਾਹੀਦੀ ਸੀ। ਇਹ ਹਾਕੀ ਹੁਸ਼ਿਆਰਪੁਰ ਵਾਸੀ ਗੁਰਮੇਲ ਸਿੰਘ ਨੇ ਸੰਭਾਲ ਕੇ ਰੱਖੀ ਹੋਈ ਹੈ। ਬਹੁਤੇ ਖੇਡ ਪ੍ਰੇਮੀ ਇਸ ਤੋਂ ਅਣਜਾਣ ਹਨ।

ਉਹ ਇਸ ਵੇਲੇ ਗੁਰੂ ਗੋਬਿੰਦ ਸਿੰਘ ਐਵੇਨਿਊ ਹੁਸ਼ਿਆਰਪੁਰ ਵਿਖੇ ਰਹਿ ਰਿਹਾ ਹੈ। ਜਦੋਂ ਅਖਬਾਰ ਦੇ ਖੇਡ ਪ੍ਰਤਿਨਿਧ ਨੇ ਇਨ੍ਹਾਂ ਦੇ ਘਰ ਜਾ ਕੇ ਇਸ ਹਾਕੀ ਬਾਰੇ ਪੁੱਛਿਆ ਤਾਂ ਗੁਰਮੇਲ ਸਿੰਘ ਸਪੁੱਤਰ ਪਿਆਰਾ ਸਿੰਘ ਨੇ ਦੱਸਿਆ ਕਿ 1965 ਵਿਚ ਜਦੋਂ ਉਹ ਛੋਟਾ ਜਿਹਾ ਸੀ, ਉਹ ਕਾਫੀ ਅਰਸੇ ਪਿੱਛੋਂ ਆਪਣੇ ਨਾਨਕੇ ਪਿੰਡ ਸ਼ਾਮਚੁਰਾਸੀ ਗਿਆ ਸੀ। ਉਦੋਂ ਉਸ ਦੀ ਨਾਨੀ ਰਤਨ ਕੌਰ ਨੇ ਦੱਸਿਆ ਸੀ ਕਿ ਇਹ ਹਾਕੀ ਉਨ੍ਹਾਂ ਦੇ ਨਾਨਾ ਜੀ ਮਿਸਤਰੀ ਪੂਰਨ ਸਿੰਘ ਨੂੰ ਕਿਸੇ ਦੋਸਤ ਨੇ ਦਿੱਤੀ ਸੀ। ਕਿਹਾ ਸੀ ਕਿ ਇਹ ਇਤਿਹਾਸਕ ਹਾਕੀ ਹੈ, ਇਸ ਨੂੰ ਸੰਭਾਲ ਕੇ ਰੱਖੀਂ। ਅੱਗੋਂ ਮੇਰੀ ਮਾਤਾ ਸੀਤਲ ਕੌਰ ਨੇ ਇਹ ਹਾਕੀ ਸੰਭਾਲ ਕੇ ਸੰਦੂਕ ਵਿਚ ਰੱਖ ਦਿੱਤੀ। ਜਦੋਂ ਗੁਰਮੇਲ ਸਿੰਘ 20 ਸਾਲ ਬਹਿਰੀਨ ਵਿਚ ਰਹਿਣ ਪਿੱਛੋਂ ਪੰਜਾਬ ਪਰਤਿਆ, ਉਸ ਦੇ ਬੱਚਿਆਂ ਦੀ ਨਿਗਾਹ ਇਸ ਹਾਕੀ 'ਤੇ ਪਈ। ਇਨ੍ਹਾਂ ਨੇ ਇਸ ਬਾਰੇ ਹੋਰ ਘੋਖ ਪੜਤਾਲ ਕੀਤੀ। ਉਨ੍ਹਾਂ ਨੇ ਇੰਟਰਨੈੱਟ ਤੋਂ ਇਸ ਸਬੰਧੀ ਸਾਰੀ ਜਾਣਕਾਰੀ ਇਕੱਠੀ ਕਰ ਲਈ। ਇਸ ਹਾਕੀ ਦੇ ਇੱਕ ਪਾਸੇ ਸਿਆਟਲ ਉੱਕਰਿਆ ਹੋਇਆ ਹੈ ਅਤੇ ਭਾਰਤੀ ਹਾਕੀ ਟੀਮ ਦੇ ਖਿਡਾਰੀ ਆਰ. ਜੇ. ਜੇਮਜ਼, ਸੀ. ਸੀ. ਤਾਪਸੈਲ, ਮਿਰਜ਼ਾ ਮਸੂਦ, ਗੁਰਚਰਨ ਸਿੰਘ...ਅਤੇ ਬਾਕੀ ਹਾਕੀ ਖਿਡਾਰੀਆਂ ਦੇ ਦਸਤਖਤ ਹਨ। ਇਸ ਹਾਕੀ ਦੀ ਖੋਜ ਸਬੰਧੀ ਗੁਰਮੇਲ ਸਿੰਘ ਦੇ ਦੋਸਤ ਜੇ. ਕੇ. ਜੋਸ਼ੀ ਮਾਡਲ ਟਾਊਨ ਜਲੰਧਰ ਨਿਵਾਸੀ ਨੇ ਕਾਫੀ ਮਦਦ ਕੀਤੀ ਅਤੇ ਉਨ੍ਹਾਂ ਨੇ ਕਿਹਾ ਕਿ ਇਸ ਵਿਰਾਸਤੀ ਹਾਕੀ ਨੂੰ ਸੰਭਾਲ ਕੇ ਰੱਖਣ ਵਾਲੇ ਪਰਿਵਾਰ ਨੂੰ ਸਰਕਾਰ ਵੱਲੋਂ ਬਣਦਾ-ਤਣਦਾ ਮਾਣ ਮਿਲਣਾ ਚਾਹੀਦਾ ਹੈ।

ਪਿੱਛੇ ਜਿਹੇ ਚੰਡੀਗੜ੍ਹ ਵਿਖੇ ਹੋਏ ਪੰਜਾਬ ਹਾਕੀ ਗੋਲਡ ਕੱਪ ਦੌਰਾਨ ਜਰਮਨੀ-ਭਾਰਤ ਮੈਚ ਤੋਂ ਪਹਿਲਾਂ ਇਸ ਹਾਕੀ ਨੂੰ ਵਿਖਾਇਆ ਗਿਆ। ਇਸ ਹਾਕੀ ਨੂੰ ਇਸ ਕੌਮਾਂਤਰੀ ਟੂਰਨਾਮੈਂਟ ਵਿਚ ਪ੍ਰਦਰਸ਼ਿਤ ਕਰਨ ਲਈ ਗੁਰਦੇਵ ਸਿੰਘ ਜਲੰਧਰ ਤੋਂ ਵਿਸ਼ੇਸ਼ ਤੌਰ 'ਤੇ ਲੈ ਕੇ ਆਇਆ ਸੀ। ਉਸ ਦੱਸਿਆ ਕਿ ਇਸ ਦੀ ਪ੍ਰਦਰਸ਼ਨੀ ਕਰਕੇ ਉਸ ਨੂੰ ਬਹੁਤ ਖੁਸ਼ੀ ਮਿਲਦੀ ਤੇ ਮਾਣ ਮਹਿਸੂਸ ਹੁੰਦਾ ਹੈ। ਇਹ ਉਸ ਦੀ ਕੀਮਤੀ ਵਿਰਾਸਤ ਹੈ। ਉਸ ਨੇ ਇਹ ਹਾਕੀ ਆਪਣੇ ਨਾਨੇ ਸ. ਪੂਰਨ ਸਿੰਘ ਕੋਲੋਂ ਬੜੀਆਂ ਜਿਦਾਂ ਨਾਲ ਹਾਸਲ ਕੀਤੀ ਸੀ। ਉਸ ਦੱਸਿਆ ਕਿ ਇਹ ਹਾਕੀ ਧਿਆਨ ਚੰਦ ਨੇ ਉਸ ਦੇ ਨਾਨਾ ਜੀ ਨੂੰ ਦਿੱਤੀ ਸੀ। ਇਹੋ ਹਾਕੀ ਧਿਆਨ ਚੰਦ ਨੂੰ ਬਰਲਿਨ ਓਲੰਪਿਕਸ ਪਿੱਛੋਂ ਹਿਟਲਰ ਨੇ ਦਿੱਤੀ ਸੀ।



ਪ੍ਰਿੰ. ਬਲਕਾਰ ਸਿੰਘ ਬਾਜਵਾ ਦੀਆਂ ਦੋ ਵੱਖ ਵੱਖ ਤਸਵੀਰਾਂ

ਜੀਵਨ ਦੇ ਆਖਰੀ ਸਮੇਂ ਧਿਆਨ ਚੰਦ ਤੋਂ ਡਾਕਟਰ ਨੇ ਪੁੱਛਿਆ ਸੀ, "ਇੰਡੀਅਨ ਹਾਕੀ ਦਾ ਭਵਿੱਖ ਕੀ ਹੈ?" ਧਿਆਨ ਚੰਦ ਨੇ ਜਵਾਬ ਦਿੱਤਾ ਸੀ, "ਹਾਕੀ ਇੰਡੀਆ ਵਿਚ ਖਤਮ ਹੋ ਗਈ ਹੈ।"

"ਇਸ ਤਰ੍ਹਾਂ ਕਿਉਂ ਹੈ?" ਡਾਕਟਰ ਨੇ ਮੁੜ ਪੁੱਛਿਆ ਸੀ।

ਧਿਆਨ ਚੰਦ ਨੇ ਕਿਹਾ ਸੀ, "ਸਾਡੇ ਮੁੰਡੇ ਸਿਰਫ ਖਾਣਾ ਪੀਣਾ ਹੀ ਜਾਣਦੇ ਹਨ। ਉਹ ਮਿਹਨਤ ਕਰਨੀ ਭੁੱਲ ਗਏ ਹਨ।"

ਇਹ ਕਹਿਣ ਪਿੱਛੋਂ ਧਿਆਨ ਚੰਦ ਬੇਹੋਸ਼ੀ ਦੇ ਆਲਮ ਵਿਚ ਚਲਾ ਗਿਆ ਤੇ 3 ਦਸੰਬਰ 1979 ਨੂੰ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਗਿਆ। ਹੀਰੋਜ਼ ਹਾਕੀ ਗਰਾਊਂਡਜ਼ ਵਿਖੇ ਹਾਕੀ ਦੇ ਇਸ ਹੀਰੇ ਨੂੰ ਉਸ ਦੇ ਪਿਤਰੀ ਸ਼ਹਿਰ ਝਾਂਸੀ ਦੀ ਖਾਕ ਦੇ ਸਪੁਰਦ ਕਰ ਦਿੱਤਾ ਗਿਆ। ਉਹ ਉਸੇ ਹੀ ਧਰਤੀ ਮਾਂ ਦੇ ਸਪੁਰਦ ਹੋਇਆ, ਜਿਸ ਦੀ ਕੁੱਖ 'ਚੋਂ ਉਸ ਨੇ ਜਨਮ ਲਿਆ ਸੀ ਅਤੇ ਜਿਸ ਦੀ ਗੋਦ 'ਚ ਹਾਕੀ ਖੇਡਣੀ ਸ਼ੁਰੂ ਕੀਤੀ ਸੀ। ਧਿਆਨ ਚੰਦ ਦੀ ਪੰਜਾਬ ਰੈਜੀਮੈਂਟ ਨੇ ਉਸ ਨੂੰ ਪੂਰੇ ਮਿਲਟਰੀ ਮਾਣ ਸਨਮਾਨਾਂ ਨਾਲ ਅਲਵਿਦਾ ਕਹੀ ਸੀ। ਹੁਣ ਕਈ ਖੇਡ ਯਾਦਗਾਰਾਂ ਉਹਦੇ ਨਾਂ ਉਤੇ ਬਣੀਆਂ ਹਨ ਤੇ ਉਸ ਦਾ ਜਨਮ ਦਿਨ ਭਾਰਤ ਦੇ ਖੇਡ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਕਹਾਣੀ

# ਨੰਗੇ ਪਿੰਡੇ ਛਮਕਾਂ

ਕਰਮ ਸਿੰਘ ਮਾਨ

ਬੰਤਾ ਸਿੰਘ ਤੇ ਹਰ ਕੌਰ ਰਾਤ ਦੇ ਦਸ ਵਜੇ ਬੈਰੀ ਤੋੜ ਕੇ ਘਰ ਪੁੱਜੇ। ਪਿਛਲੇ ਛਤੜੇ ਹੇਠ ਮੀਂਹ ਵਾਲੇ ਕੱਪੜੇ ਉਤਾਰ ਕੇ ਬੰਤਾ ਸਿੰਘ ਨੇ ਬੈਕ ਡੋਰ ਦੀ ਸੁੱਚ ਦੱਬੀ। ਇੱਕ ਦੋ ਵਾਰ ਤਖਤਿਆਂ 'ਤੇ ਧੱਫੇ ਮਾਰੇ। ਅਖੀਰ ਬਾਰ ਖੋਲ੍ਹਣ ਲਈ ਆ ਰਹੀ ਮਨਜੀਤ ਉਪਰੋਂ ਪੌੜੀਆਂ ਵਿਚੋਂ ਹੀ ਬੁੜਕੀ, "ਵੇਲੇ ਸਿਰ ਆ ਜਿਆ ਕਰੋ। ਦੋ ਮਿੰਟ ਸੌਣ ਲਈ ਵੀ ਨਹੀਂ ਮਿਲਦੇ।" ਇਹ ਕਹਿੰਦੀ ਉਹ ਪੌੜੀਆਂ ਚੜ੍ਹ ਗਈ। ਬੰਤਾ ਸਿੰਘ ਇਹ ਵੀ ਨਾ ਕਹਿ ਸਕਿਆ ਕਿ ਸਾਡੇ ਕਿਹੜਾ ਵੱਸ ਹੈ। ਉਦੋਂ ਈ ਆਉਂਦੇ ਜਦੋਂ ਵੈਨ ਆਈ। ਉਹ ਇਹ ਵੀ ਨਾ ਕਹਿ ਸਕਿਆ ਕਿ 'ਆਪਣੀ ਸੱਸ ਹਰ ਕੌਰ ਦਾ ਹਾਲ ਤਾਂ ਪੁੱਛ ਲੈਂਦੀ, ਬੀਬੀ ਅੱਜ ਬੁਖਾਰ ਤਾਂ ਨਹੀਂ ਚੜ੍ਹਿਆ? ਨਾ ਜਾਇਆ ਕਰ ਬੈਰੀ ਤੋੜਨ। ਅਰਾਮ ਨਾਲ ਬਹਿ ਜਾਇਆ ਕਰ ਘਰੇ।'

ਡਿਗਦੀ-ਢਹਿੰਦੀ ਹਰ ਕੌਰ ਨੇ ਆਟਾ ਗੁੰਨ੍ਹਿਆਂ ਤੇ ਦੋ ਰੋਟੀਆਂ ਲਾਹੀਆਂ। ਇੰਨੇ ਚਿਰ ਵਿਚ ਬੰਤਾ ਸਿੰਘ ਨੇ ਪਿਛਲੇ ਦਿਨ ਦੀ ਕੌਲੀਆਂ ਵਿਚ ਪਈ ਸਬਜ਼ੀ ਗਰਮ ਕਰ ਦਿੱਤੀ ਅਤੇ ਨਹਾਉਣ ਲਈ ਰੈਸਟ ਰੂਮ ਵਿਚ ਚਲਿਆ ਗਿਆ। ਬੰਤਾ ਸਿੰਘ ਨਹਾ ਕੇ ਬਾਹਰ ਨਿਕਲਿਆ। "ਫਸ ਗਈ ਤਾਂ ਫਟਣ ਕੀ? ਨਿੰਗੇ ਪਿੰਡੇ ਮੇਰੇ ਪਈਆਂ ਛਮਕਾਂ, ਤੇਰੇ ਇੱਕ ਵੀ ਲੱਗੇ ਤਾਂ ਜਾਣੇ!" ਉਹ ਗੁਣਗਣਾਉਣ ਲੱਗਾ।

"ਗਾਉਣ ਲੱਗਾ ਪਿਆ ਹੀਰ। ਚੁੱਪ ਕਰੇ ਬੈਠ ਨਹੀਂ ਹੁੰਦਾ। ਤੇਰੀ ਨੂੰਹ ਤਾਂ ਊਂ ਈ ਮਾਣ ਨ੍ਹੀਂ। ਸੌ ਕੰਨ ਭਰਨੇ ਨੇ ਮੁੰਡੇ ਦੇ।" ਹਰ ਕੌਰ ਹਿਰਖ ਨਾਲ ਬੋਲੀ।

ਹਰ ਕੌਰ ਨੇ ਬੜੀ ਮੁਸ਼ਕਿਲ ਨਾਲ ਪਿੰਡੇ ਪਾਣੀ ਪਾਇਆ। ਉਨ੍ਹਾਂ ਨੰ ਪੈਂਦਿਆਂ ਨੂੰ ਰਾਤ ਦੇ ਗਿਆਰਾਂ ਵੱਜ ਗਏ।

ਸਾਰੀ ਰਾਤ ਹਰ ਕੌਰ ਤੇਜ ਬੁਖਾਰ ਨਾਲ ਹੂੰਘਦੀ ਰਹੀ। ਉਸ ਨੂੰ ਅੱਲ-ਬਲੱਲੇ ਸੁਪਨੇ ਆਉਂਦੇ ਰਹੇ। ਉਸ ਨੇ ਸਵੇਰ ਵੇਲੇ ਉਠਣ ਦਾ ਯਤਨ ਕੀਤਾ, ਪਰ ਉੱਠ ਨਾ ਸਕੀ। ਬੰਤਾ ਸਿੰਘ ਨੇ ਦੋ ਕੱਪ ਚਾਹ ਦੇ ਬਣਾਏ। ਇੱਕ ਕੱਪ ਉਸ ਨੇ ਆਪ ਪੀ ਲਿਆ ਤੇ ਦੂਜਾ ਹਰ ਕੌਰ ਨੂੰ ਦੇ ਦਿੱਤਾ। ਉਸ ਨੇ ਮਨਜੀਤ ਕੌਰ ਨੂੰ ਹਾਕ ਮਾਰੀ, "ਮਨਜੀਤ ਪੁੱਤਰ! ਮੇਰਾ ਲੰਚ ਤਿਆਰ ਕਰ ਦੇਹ। ਤੇਰੀ ਬੀਬੀ ਬੀਮਾਰ ਪਈ ਹੈ।"

"ਇੱਥੇ ਸਾਰੇ ਈ ਬੀਮਾਰ ਆ।" ਇਹ ਕਹਿੰਦੀ ਉਹ ਮੂੰਹ-ਸਿਰ ਲਪੇਟ ਕੇ ਪਈ ਰਹੀ। ਹਰ ਕੌਰ ਉੱਠੀ ਤੇ ਉਸ ਨੇ ਦੋ ਰੋਟੀਆਂ ਲਾਹ ਕੇ ਤੇ ਰਾਤ ਦੀ ਬਚੀ ਸਬਜ਼ੀ ਗਰਮ ਕਰਕੇ ਥਰਮਸ ਵਿਚ ਪਾ ਦਿੱਤੀ। ਇਸ ਵਿਚ ਉਹ ਦਸ ਮਿੰਟ ਲੇਟ ਹੋ ਗਿਆ ਸੀ। ਉਸ ਦੇ ਸਾਥੀਆਂ ਨੇ ਦੋ ਬੈਲਾਂ ਮਾਰੀਆਂ ਤੇ ਤਖਤੇ ਖੜਕਾਏ। ਜਦ ਨੂੰ ਬੰਤਾ ਸਿੰਘ ਬਾਹਰ ਨਿਕਲਿਆ, ਵੈਨ ਜਾ ਚੁਕੀ ਸੀ।

ਬੰਤਾ ਸਿੰਘ ਕੋਲ ਸਿਰਫ ਦੋ ਹੀ ਰਾਹ ਬਚੇ ਸਨ। ਇੱਕ ਸੀ, ਘਰ ਰਹਿ ਕੇ ਹਰ ਕੌਰ ਦੀ ਦੇਖ ਭਾਲ ਕਰੇ। ਦੂਜਾ, ਕੰਮ 'ਤੇ ਚਲਿਆ ਜਾਵੇ।

'ਹਰ ਕੌਰ ਦਾ ਤਾਪ ਤਾਂ ਆਪੇ ਲਹਿ ਜਾਊ। ਕੰਮ ਤਾਂ ਦਸ-ਪੰਦਰਾਂ ਦਿਨਾਂ ਦਾ ਹੀ ਰਹਿ ਗਿਆ ਹੈ।' ਉਹ ਇਹ ਸੋਚਦਾ ਸੋਚਦਾ ਗੁੱਸੇ ਤੇ ਰੋਸੇ ਦੇ ਰਲਵੇਂ ਪ੍ਰਭਾਵ ਨਾਲ ਫਾਰਮ ਦੇ ਰਾਹ ਪੈ ਗਿਆ।

ਉਹ ਰੋਸੇ ਤੇ ਗੁੱਸੇ ਦੇ ਰਲੇ ਪ੍ਰਭਾਵ ਨਾਲ ਤੁਰਿਆ ਜਾ ਰਿਹਾ ਸੀ। ਉਸ ਦੇ ਪੈਰ ਅਗਾਂਹ ਨੂੰ ਜਾ ਰਹੇ ਸਨ ਅਤੇ ਉਸ ਦੀ ਸੋਚ ਮਗਰ ਨੂੰ ਮੁੜ ਗਈ ਸੀ।

ਬੰਤਾ ਸਿੰਘ ਨੂੰ ਆਪਣੀ ਜੁਆਨੀ ਦਾ ਸਮਾਂ ਯਾਦ ਆਇਆ। ਭਰਵਾਂ ਤੇ ਗੱਠਿਆ ਸਰੀਰ। ਸੋਹਣੇ ਨੈਣ-ਨਕਸ਼। ਖੇਤੀ ਦਾ ਕੰਮ ਉਸ ਅੱਗੇ ਉਡਦਾ ਸੀ। ਬਹੁਤ ਹੀ ਮਿਹਨਤੀ ਸੀ। ਤੀਹ ਏਕੜ ਜਮੀਨ ਉਸ ਨੂੰ ਪਿਤਾ ਪੁਰਖੀ ਆਉਂਦੀ ਸੀ। ਦਸ ਕਿੱਲੇ ਉਸ ਨੇ ਮਿਹਨਤ ਨਾਲ ਬੈਅ ਲੈ ਲਈ ਸੀ। ਹੁਣ ਉਹ ਚਾਲੀ ਏਕੜ ਦਾ ਮਾਲਕ ਸੀ। ਪਿੰਡ ਦਾ ਨੰਬਰਦਾਰ ਹੋਣ ਕਰਕੇ ਉਸ ਦੀ ਕਰਨੈਲ ਸਿੰਘ ਪਟਵਾਰੀ ਨਾਲ ਪੂਰੀ ਬਣਦੀ ਸੀ। ਦੂਜੇ ਪਟਵਾਰੀ ਦੀ ਰਿਹਾਇਸ਼ ਉਸ ਦੇ ਘਰ ਦੇ ਨਾਲ ਸੀ। ਦੋਹਾਂ ਪਰਿਵਾਰਾਂ ਦਾ ਇੱਕ ਦੂਜੇ ਨਾਲ ਪੂਰਾ ਵਰਤ ਵਰਤਾਉ ਸੀ।

ਪਟਵਾਰੀ ਕਰਨੈਲ ਸਿੰਘ ਦਸ ਸਾਲ ਪਹਿਲਾਂ ਕੈਨੇਡਾ ਚਲਿਆ ਗਿਆ ਸੀ। ਇਸ ਸਮੇਂ ਵਿਚ ਵੀ ਉਨ੍ਹਾਂ ਵਿਚਕਾਰ ਚਿੱਠੀ ਪੱਤਰ ਚਲਦਾ ਰਹਿੰਦਾ ਸੀ। ਇਸ ਸਾਲ ਉਹ ਆਪਣੀ ਕੁੜੀ ਮਨਜੀਤ ਦਾ ਵਿਆਹ ਕਰਨ ਆਇਆ ਸੀ।

ਹਰ ਕੌਰ ਚਾਹੁੰਦੀ ਸੀ ਕਿ ਉਹ ਆਪਣੇ ਮੁੰਡੇ ਦਲਬੀਰ ਦਾ ਵਿਆਹ ਦੇਸ਼ ਵਿਚ ਹੀ ਕਰੇ। "ਇੰਨਾ ਵੱਡਾ ਕੰਮ ਮੈਥੋਂ ਸੰਭਾਲ ਨੀ ਹੋਣਾ। ਮੈਨੂੰ ਵੀ ਚਾਰ ਦਿਨ ਅਰਾਮ ਨਾਲ ਕੱਟ ਲੈਣ ਦੇਹ। 'ਕੱਲੀ ਆਪਣੀ ਟਿੰਗ ਐ।" ਹਰ ਕੌਰ ਦੀ ਇਹ ਸੋਚ ਸੀ।

"ਪਹਿਲਾਂ ਤੋਂ ਜਾਣਦੇ ਆਂ। ਕਰਨੈਲ ਸਿੰਘ ਤਾਂ ਬਹੁਤ ਮਾਣ ਨਾਲ ਰਿਸ਼ਤਾ ਲੈ ਕੇ ਆਇਆ ਹੈ। ਕੁੜੀ ਵੀ ਬਹੁਤ ਸੁਹਣੀ ਬਣਦੀ-ਤਣਦੀ ਹੈ।" ਬੰਤਾ ਸਿੰਘ ਦੀਆਂ ਦਲੀਲਾਂ ਸੁਣ ਕੇ ਹਰ ਕੌਰ ਕਿਸੇ ਹੱਦ ਤਿਆਰ ਹੋ ਗਈ।

ਦਲਬੀਰ ਦੀ ਸੁਰੱਖਿਆ ਦਾ ਉਨ੍ਹਾਂ ਨੂੰ ਬਹੁਤ ਹੀ ਫਿਕਰ ਸੀ। ਦਲਬੀਰ ਕਾਲਜ ਘੱਟ-ਵੱਧ ਹੀ ਜਾਂਦਾ ਸੀ। ਉਹ ਮਨ ਮਾਰ ਕੇ ਪੜ੍ਹਾਈ ਨਹੀਂ ਸੀ ਕਰਦਾ। ਪੁਲਿਸ ਨਿਰਦੋਸ਼ ਨੌਜਵਾਨਾਂ ਮੁੰਡਿਆਂ ਨੂੰ ਚੁੱਕ ਕੇ ਖਪਾ ਦਿੰਦੀ ਸੀ। ਤਕੜੇ ਘਰ ਦਾ ਇਕੱਲਾ ਮੁੰਡਾ ਤਾਂ ਉਨ੍ਹਾਂ ਲਈ ਬਹੁਤ ਵੱਡਾ ਸ਼ਿਕਾਰ ਹੁੰਦਾ ਸੀ। ਇਸ ਨਾਲ ਇਕ ਤਾਂ ਲੋਕਾਂ ਵਿਚ ਦਹਿਸ਼ਤ ਫੈਲਦੀ ਸੀ ਤੇ ਦੂਜੇ ਪਾਸੇ ਲੱਖਾਂ ਰੁਪਈਏ ਝੋਲੀ ਪੈਂਦੇ ਸਨ। ਫਿਰ ਦਲਬੀਰ ਤਾਂ ਅੜ੍ਹ ਕੇ ਬੈਠ ਗਿਆ ਸੀ ਕਿ ਉਸ ਨੇ ਬਾਹਰ ਜਾਣਾ ਹੀ ਜਾਣਾ ਹੈ। ਇਹ ਸਾਰੀਆਂ ਗੱਲਾਂ ਉਸ ਦੇ ਮਨ 'ਤੇ ਭਾਰੂ ਹੋ ਰਹੀਆਂ ਸਨ।

ਇੱਕ ਦਿਨ ਬੰਤਾ ਸਿੰਘ ਕਰਨੈਲ ਸਿੰਘ ਪਟਵਾਰੀ ਦੇ ਪਿੰਡ ਗਿਆ। ਉੱਥੇ ਦਲਬੀਰ ਤੇ ਮਨਜੀਤ ਦੇ ਵਿਆਹ ਦੀ ਗੱਲ ਚੱਲੀ। ਇਹ ਗੱਲ ਸਿਰੇ ਚੜ੍ਹਨੀ ਹੀ ਸੀ, ਇੱਕ ਤਾਂ ਦੋਵੇਂ ਪਰਿਵਾਰ ਲੰਬੇ ਸਮੇਂ ਤੋਂ ਘਿਉ-ਖਿਚੜੀ ਰਹੇ ਸਨ। ਫਿਰ ਮੁੰਡਾ ਕੁੜੀ ਹਾਣੀ, ਦੋਵੇਂ ਈ ਸੁਹਣੇ-ਸੁਨੱਖੇ ਤੇ ਲੰਬੇ-ਲੰਝੇ ਸਨ। ਸਭ ਤੋਂ ਉੱਪਰ ਚਾਲੀ ਕਿੱਲੇ ਜਮੀਨ ਸੀ।

ਇੱਕ ਮਹੀਨੇ ਬਾਅਦ ਵਿਆਹ ਬਹੁਤ ਹੀ ਸਜ-ਧਜ, ਢੋਲ-ਢਮੱਕੇ ਅਤੇ ਵਾਜੇ-ਗਾਜੇ ਨਾਲ ਹੋਇਆ। ਦਾਜ ਵਿਚ ਕਾਰ, ਹੋਰ ਬਹੁਤ ਸਾਰਾ ਕੀਮਤੀ ਸਮਾਨ ਦਿੱਤਾ। ਹਰ ਕੌਰ ਦੇ ਗਲ ਲਈ ਸੋਨੇ ਦਾ ਹਾਰ ਤੇ ਹੱਥਾਂ ਲਈ ਸੋਨੇ ਦੀਆਂ ਚੂੜੀਆਂ ਸਨ। ਹਰ ਕੌਰ ਦਾ ਸਰੀਕੇ ਵਿਚ ਮਾਣ ਨਾਲ ਸਿਰ ਉੱਚਾ ਹੋ ਗਿਆ।

ਵਿਆਹ ਤੋਂ ਚਾਰ ਮਹੀਨੇ ਬਾਅਦ ਕਰਨੈਲ ਸਿੰਘ ਪਟਵਾਰੀ ਅਤੇ ਮਨਜੀਤ ਵਾਪਸ ਚਲੇ ਗਏ। ਇੱਕ ਸਾਲ ਵਿਚ ਮਨਜੀਤ ਨੇ ਦਲਬੀਰ ਦੇ ਪੇਪਰ ਫਾਈਲ ਕਰ ਦਿੱਤੇ। ਇਸ ਤੋਂ ਛੇ ਮਹੀਨੇ ਬਾਅਦ ਹੀ ਪਟੀਸ਼ਨ ਮਨਜ਼ੂਰ ਹੋ ਗਈ। ਉਸ ਨੂੰ ਪਰਮਾਨੈਂਟ ਵੀਜ਼ਾ ਲੱਗ ਗਿਆ ਸੀ।

ਦੋ ਸਾਲ ਤੱਕ ਤਾਂ ਮਨਜੀਤ ਦਾ ਵਰਤ ਵਰਤਾਉ ਵਧੀਆ ਰਿਹਾ। ਦਲਬੀਰ ਤੇ ਮਨਜੀਤ ਵਲੋਂ ਸੁੱਖ ਦੇ ਸੁਨੇਹੇ ਆਉਂਦੇ ਰਹੇ। ਉਨ੍ਹਾਂ ਦੀਆਂ ਕੀਮਤੀ ਕਾਰ ਦੀਆਂ, ਪਾਰਕਾਂ ਦੀਆਂ, ਦੋਹਾਂ ਵਿਚ ਪਿਆਰ ਦੀਆਂ ਤੇ ਪਹਿਲੇ ਬੱਚੇ ਇੰਦੂ ਦੀਆਂ ਫੋਟੋਆਂ ਨੂੰ ਵੇਖ ਕੇ ਉਹ ਖੁਸ਼ੀ ਵਿਚ ਫੁੱਲੇ ਨਾ ਸਮਾਉਂਦੇ। ਖਾਸ ਤੌਰ 'ਤੇ ਪੋਤੇ ਇੰਦੂ ਨੂੰ ਵੇਖਣ ਦੀ ਅਤੇ ਨੂੰਹ ਪੁੱਤਰ ਕੋਲ ਜਾਣ ਦੀ ਰੀਝ ਉਨ੍ਹਾਂ ਵਿਚ ਹਰ ਰੋਜ਼ ਤੀਬਰ ਹੁੰਦੀ ਗਈ। ਉਨ੍ਹਾਂ ਦੀ ਇਸ ਆਸ ਨੂੰ ਪੂਰਾ ਹੋਣ ਵਿਚ ਨੌਂ ਸਾਲ ਲੱਗ ਗਏ। ਟਰੈਕਟਰ, ਟਰਾਲੀ ਅਤੇ ਕਲਟੀਵੇਟਰ ਤੇ ਖੇਤੀ ਦੇ ਸੰਦ ਵੇਚ ਕੇ ਸਾਰਾ ਰੁਪਈਆ ਉਨ੍ਹਾਂ ਦਲਬੀਰ ਹੋਰਾਂ ਨੂੰ ਭੇਜ ਦਿੱਤਾ। ਉਨ੍ਹਾਂ ਇਸ ਰੁਪਈਏ ਨਾਲ ਵੱਡਾ ਘਰ ਖਰੀਦ ਲਿਆ। ਪਹਿਲਾਂ ਤਾ ਕਰਨੈਲ ਸਿੰਘ ਪਟਵਾਰੀ ਅਤੇ ਪਟਵਾਰਨ ਉਪਰ ਹੀ ਉਨ੍ਹਾਂ ਦੇ ਨਾਲ ਰਹਿੰਦੇ ਸਨ। ਬੰਤਾ ਸਿੰਘ ਤੇ ਹਰ ਕੌਰ ਦੇ ਆਉਣ ਨਾਲ ਇਸ ਘਰ ਦੀ ਬੇਸਮਿੰਟ ਵਿਚ ਥੱਲੇ ਆ ਗਏ ਸਨ। ਇਹ ਗੱਲ ਮਨਜੀਤ ਕੌਰ ਦੇ ਹਜਮ ਨਹੀਂ ਸੀ ਆ ਰਹੀ।



ਦੋ ਘੰਟੇ ਇਸ ਤਰ੍ਹਾਂ ਦੀ ਹਾਲਤ ਵਿਚ ਤੁਰਦਾ ਬੰਤਾ ਸਿੰਘ ਮੁੜ੍ਹਕੇ ਨਾਲ ਭਿੱਜ ਗਿਆ। ਉਸ ਨੇ ਰੁਕ ਕੇ ਮੁੜ੍ਹਕਾ ਪੂੰਝਿਆ ਤੇ ਕੁਝ ਚਿਰ ਰੁਕ ਕੇ ਸਾਹ ਲਿਆ।

ਇਨ੍ਹਾਂ ਵਿਚਾਰਾਂ ਦੀ ਤੰਦ-ਤਾਣੀ 'ਚ ਉਲਝਿਆ ਅਜੇ ਉਹ ਇੱਕ ਕਿਲੋਮੀਟਰ ਵੀ ਨਹੀਂ ਸੀ ਗਿਆ ਕਿ ਉਹ ਔਕੜ ਕੇ ਡਿੱਗ ਪਿਆ। ਇਸ ਨਾਲ ਉਸ ਦਾ ਪਜਾਮਾ ਗੋਡਿਆਂ ਤੋਂ ਪਾਟ ਗਿਆ। ਉਸ ਦੇ ਗੋਡੇ ਛਿੱਲੇ ਗਏ। ਚੰਗੇ ਭਾਗ ਸਨ ਕਿ ਉਸ ਦਾ ਚੂਲਾ ਅਤੇ ਹੋਰ ਅੰਗ ਟੁੱਟਣ ਤੋਂ ਬਚ ਗਏ ਸਨ। ਸਿਰ ਉੱਪਰ ਬੰਨ੍ਹੀ ਪੱਗ ਨਾਲ ਸਿਰ 'ਚ ਸੱਟ ਲਗਣ ਅਤੇ ਹੋਰ ਗੁੱਝੀਆਂ ਸੱਟਾਂ ਲੱਗਣ ਤੋਂ ਬਚਾ ਹੋ ਗਿਆ ਸੀ। ਆਪਣੀ ਹਾਲਤ ਵੇਖ ਕੇ ਹਰ ਕੌਰ ਉਸ ਦੀਆਂ ਅੱਖਾ ਅੱਗੇ ਆ ਖਲੋਤੀ ਸੀ।

ਅਜੇ ਪੰਦਰਾਂ ਦਿਨ ਵੀ ਨਹੀਂ ਸੀ ਹੋਏ, ਸਵੇਰ ਵੇਲੇ ਉਹ ਵਾਸ਼ਰੂਮ ਜਾਣ ਤੋਂ ਪਿੱਛੋਂ ਟੱਬ 'ਚ ਬਹਿ ਕੇ ਨਹਾਉਣ ਲੱਗੀ ਹੀ ਸੀ ਕਿ ਮਨਜੀਤ ਗੁੱਸੇ ਨਾਲ ਭਰੀ ਪੀਤੀ ਆਈ ਅਤੇ ਬੋਲੀ, "ਤੁਹਾਨੂੰ ਨਹਾਉਣ ਉਦੋਂ ਹੀ ਯਾਦ ਆਉਂਦਾ, ਜਦੋਂ ਮੈਂ ਬੱਚਿਆਂ ਨੂੰ ਤਿਆਰ ਕਰਕੇ ਲਿਜਾਣਾ ਹੁੰਦਾ ਹੈ। ਹੋਰ ਬਾਪੂ ਜੀ ਹੋਰਾ ਨੇ ਵੀ ਤਿਆਰ ਹੋ ਕੇ ਕੰਮ 'ਤੇ ਜਾਣਾ ਹੁੰਦਾ। ਤੂੰ ਬਾਹਰ ਨਹੀਂ ਨਿਕਲਦੀ, ਜਿਵੇਂ ਨਹਾ ਕੇ ਗੁਰਦੁਆਰੇ ਜਾਣਾ ਹੁੰਦਾ ਹੈ।"

ਹਰ ਕੌਰ ਅਜੇ ਕਹਿਣ ਈ ਲੱਗੀ ਸੀ, "ਤੇਰੇ ਬਾਪੂ ਜੀ ਸਾਰਾ ਦਿਨ ਘਰੇ ਹੀ ਹੁੰਦੇ ਹਨ।" ਉਸ ਨੇ ਅਜੇ ਕੁੜਤੀ ਹੀ ਪਾਈ ਸੀ। ਮਨਜੀਤ ਨੇ ਧੱਕਾ ਮਾਰ ਕੇ ਬਾਰ ਖੋਲ੍ਹ ਦਿੱਤਾ ਅਤੇ ਧੱਫਾ ਮਾਰ ਕੇ ਟੱਬ 'ਚ ਸੁੱਟ ਦਿੱਤਾ। ਡਿੱਗੀ ਪਈ ਦੇ ਜ਼ੋਰ ਨਾਲ ਹੋਰ ਧੱਫੇ ਮਾਰੇ, ਜਿਸ ਨਾਲ ਉਸ ਦੀਆਂ ਬਾਹਾਂ 'ਤੇ ਨੀਲ ਪੈ ਗਏ ਅਤੇ ਗੋਡੇ ਸੁੱਜ ਗਏ। ਪਏ ਚਟਾਕਾਂ 'ਚੋਂ ਖੂਨ ਸਿੰਮਣ ਲੱਗਿਆ।

"ਰੱਬ ਤੋਂ ਡਰਿਆ ਕਰ ਕੁੜੇ। ਬਹੁਤਾ ਹੰਕਾਰ...।" ਹਰ ਕੌਰ ਅੱਖਾਂ 'ਚ ਹੰਝੂ ਲਟਕਾ ਬਾਹਰ ਆ ਗਈ। ਉਹ ਸਲਵਾਰ ਪਾਉਣਾ ਭੁੱਲ ਗਈ। ਜਦ ਉਹ ਕਮਰੇ 'ਚ ਆਈ ਤਾਂ ਬੰਤਾ ਸਿੰਘ ਨੇ ਪੁੱਛਿਆ, "ਡਿੱਗ'ਪੀ?"

ਹਰ ਕੌਰ ਨੇ ਬਹੁਤ ਹੀ ਮੁਸ਼ਕਿਲ ਨਾਲ ਆਪਣੇ ਆਪ 'ਤੇ ਕਾਬੂ ਕੀਤਾ, ਪਰ ਫਿਰ ਵੀ ਉਸ ਦੀਆਂ ਅੱਖਾਂ 'ਚੋਂ ਹੰਝੂ ਛਲਕ ਪਏ।

ਬੰਤਾ ਸਿੰਘ ਨੂੰ ਸਮਝਣ ਵਿਚ ਦੇਰ ਨਾ ਲੱਗੀ। ਉਹ ਗਰਮ ਹੋ ਕੇ ਬੋਲਣ ਲੱਗਿਆ ਹੀ ਸੀ, ਹਰ ਕੌਰ ਨੇ ਉਸ ਦੇ ਮੂੰਹ 'ਤੇ ਹੱਥ ਰੱਖ ਦਿੱਤਾ ਤੇ ਕਿਹਾ, "ਪੈਰ ਹੀ ਤਿਲਕ ਗਿਆ ਸੀ। ਹੋਰ ਕਿਹੜਾ ਮੇਰੇ ਗੋਲੀ ਵੱਜਣੀ ਸੀ। ਕੰਮ 'ਤੇ ਚੱਲ। ਦੱਸ'ਦੂੰ ਸਾਰੀ ਗੱਲ।"

ਪੈਰ ਘਸੀਟਦੀ ਹਰ ਕੌਰ ਬੰਤਾ ਸਿੰਘ ਦੇ ਨਾਲ ਵੈਨ 'ਤੇ ਚੜ੍ਹ ਗਈ।

ਹਰ ਕੌਰ ਢਿੱਲੀ ਜਿਹੀ ਬੈਠੀ ਵੇਖ ਕੇ ਵੈਨ 'ਚ ਬੈਠੇ ਇੱਕ-ਦੋ ਨੇ ਉਸ ਦਾ ਹਾਲ-ਚਾਲ ਪੁੱਛਿਆ। "ਠੀਕ ਆ। ਬੁੱਢੇ ਹੱਡ ਆ। ਤਿਲਕ ਕੇ ਡਿੱਗ'ਪੀ।" ਹਰ ਕੌਰ ਦੇ ਬੋਲਣ ਤੋਂ ਪਹਿਲਾਂ ਹੀ ਬੰਤਾ ਸਿੰਘ ਬੋਲ ਪਿਆ।

ਫਾਰਮ ਵਿਚ ਜਾ ਕੇ ਹਰ ਕੌਰ ਨੇ ਸਾਰੀ ਗੱਲ ਦੱਸੀ। ਬੰਤਾ ਸਿੰਘ ਇਹ ਸੁਣ ਕੇ ਆਪੇ ਤੋਂ ਬਾਹਰ ਹੋ ਚੱਲਿਆ ਸੀ, ਪਰ ਹੌਰ ਕੌਰ ਨੇ ਉਸ ਨੂੰ ਸ਼ਾਂਤ ਕਰ ਦਿੱਤਾ।

"ਵੇਖ ਮੇਰੀ ਗੱਲ ਕਿਸੇ ਨ੍ਹੀਂ ਮੰਨਣੀ। ਉਸ ਨੇ ਸੌ ਝੂਠੀਆਂ ਗੱਲਾਂ ਬਣਾ ਦੇਣੀਆਂ। ਆਪਣੇ ਨਾਲ ਮੁੰਡੇ ਨੂੰ ਬੋਲਣੋਂ ਹਟਾ ਦੇਣਾ। ਪੋਤੇ ਨੂੰ ਮਿਲਣ ਨਹੀਂ ਦੇਣਾ। ਦੋ-ਚਾਰ ਮਹੀਨੇ ਨੂੰ ਇੰਡੀਆ ਵਾਪਸ ਮੁੜ ਜਾਂਗੇ।" ਹਰ ਕੌਰ ਨੇ ਬੰਤਾ ਸਿੰਘ ਨੂੰ ਸਮਝਾ ਦਿੱਤਾ ਸੀ।

ਇਨ੍ਹਾਂ ਵਿਚਾਰਾਂ ਵਿਚ ਰੁੜਿਆ ਉਹ ਤਿੰਨ ਮੀਲ ਅੱਗੇ ਲੰਘ ਗਿਆ ਸੀ। ਉਹ ਸਿੱਧੇ ਤੁਰਿਆ ਜਾਂਦਾ ਲਾਲ ਬੱਤੀ ਵਿਚਦੀ ਹੀ ਲੰਘ ਗਿਆ ਸੀ। ਅਚਾਨਕ ਖੱਬੇ ਪਾਸੇ ਤੋਂ ਆ ਰਹੀ ਕਾਰ ਰੁਕੀ, ਉਸ ਨੇ ਹਾਰਨ ਮਾਰ ਕੇ ਉਸ ਨੂੰ ਸੁਚੇਤ ਕਰ ਦਿੱਤਾ। "ਬਾਬਾ ਮਰਨ ਦਾ ਇਰਾਦਾ!"

"ਮੌਤ ਕਿਥੋਂ ਆਉਂਦੀ ਆ ਮੰਗੇ ਤੋਂ ਸ਼ੇਰਾ।" ਲਗਦਾ ਇੰਜ ਹੈ, ਉਸ ਦੀ ਇਹ ਗੱਲ ਉਨ੍ਹਾਂ ਨੇ ਸੁਣੀ ਨਹੀਂ ਸੀ।

ਉਹ ਤੁਰਦਾ ਤੁਰਦਾ ਰੇਲਵੇ ਫਾਟਕ 'ਤੇ ਪੁੱਜ ਗਿਆ। ਮਾਲ ਗੱਡੀ ਇੱਕ ਮੀਲ ਤੋਂ ਲੰਬੀ ਸੀ। ਬੰਦ ਫਾਟਕ 'ਤੇ ਖੜ੍ਹੇ ਨੂੰ ਉਸ ਨੂੰ ਇੰਜ ਲੱਗਿਆ ਜਿਵੇਂ ਇਹ ਫਾਟਕ ਉਸ ਨੂੰ ਫਾਰਮ ਜਾਣ ਤੋਂ ਰੋਕਣ ਲਈ ਬੰਦ ਹੋਵੇ।

ਕੋਲੇ ਨਾਲ ਭਰੀ ਮਾਲ ਗੱਡੀ ਦੇ ਇਕ ਸੌ ਵੀਹ ਬੈਗਨ ਇੱਕ ਇੱਕ ਕਰਕੇ ਉਸ ਕੋਲ ਦੀ ਲੰਘਦੇ ਗਏ। ਫਾਟਕ 'ਤੇ ਖੜ੍ਹੇ ਉਸ ਨੂੰ ਚੱਕਰ ਆਉਣ ਲੱਗੇ। ਉਸ ਦਾ ਸਿਰ ਘੁੰਮ ਰਿਹਾ ਸੀ। ਉਸ ਨੂੰ ਲੱਗਿਆ ਜਿਵੇਂ ਗੱਡੀ ਉਸ ਦੀ ਹਿੱਕ ਤੋਂ ਗੁਜਰਦੀ ਹੋਵੇ। ਗੱਡੀ ਲੰਘ ਗਈ। ਉਸ ਦੇ ਪੈਰ ਕੰਬ ਰਹੇ ਸਨ, ਦਿਲ ਤੇਜੀ ਨਾਲ ਧੜਕ ਰਿਹਾ ਸੀ।

ਉਸ ਦੀ ਨਜ਼ਰ ਤੇ ਸੋਚ ਗੱਡੀ ਦੀ ਲੀਹ ਵੱਲ ਗਈ। ਉਸ ਨੇ ਆਪਣੀਆਂ ਅੱਖਾਂ ਸਾਹਮਣੇ ਲੀਹ ਫੈਲਦੀ-ਸੁੰਗੜਦੀ ਵੇਖੀ। ਲੀਹ ਨੇ ਕਿੰਨਾਂ ਭਾਰ ਆਪਣੀ ਹਿੱਕ ਤੋਂ ਤਿਲਕਾ ਕੇ ਮਾਰਿਆ ਸੀ। ਉਸ ਨੇ ਦਿਮਾਗ ਤੋਂ ਸਾਰਾ ਭਾਰ ਲਾਹ ਕੇ ਸੁੱਟ ਦਿੱਤਾ। ਹੁਣ ਉਹ ਨਵਾਂ ਨਰੋਆ ਸੀ। ਉਹ ਭੁੱਖਾ ਤ੍ਰਿਹਾਇਆ ਤੁਰ ਕੇ ਫਾਰਮ ਵਿਚ ਪਹੁੰਚ ਗਿਆ ਸੀ।

ਉਸ ਦੇ ਸਾਥੀਆਂ ਨੇ ਨਵੀਆਂ ਰੋਆਂ ਧਰ ਲਈਆਂ ਸਨ। ਬੰਤਾ ਸਿੰਘ ਨੇ ਆਪਣੀ ਰੋਅ ਦੇ ਮੱਥੇ 'ਤੇ ਲੱਗੀ ਪਾਣੀ ਵਾਲੀ ਟੂਟੀ ਤੋਂ ਪਾਣੀ ਪੀਤਾ ਅਤੇ ਪਿਛਲੇ ਦਿਨ ਦੀ ਬਚੀ ਰੋਅ ਦੇ ਬੂਟੇ ਤੋੜਨ ਲੱਗਾ।

ਕਾਫੀ ਦਾ ਟਾਈਮ ਹੋ ਚੁਕਾ ਸੀ। ਸਾਥੀਆਂ ਨੇ ਉਸ ਨੂੰ ਹਾਕਾਂ ਮਾਰੀਆਂ, ਪਰ ਉਹ ਉੱਠ ਕੇ ਉਨ੍ਹਾਂ ਕੋਲ ਨਾ ਆਇਆ। ਦੂਜੇ ਸਾਥੀ ਸੋਚਦੇ ਸਨ ਕਿ ਬੰਤਾ ਸਿੰਘ ਅੱਜ ਚਾਹ ਪਾਣੀ ਪੀ ਕੇ ਆਇਆ ਹੋਵੇਗਾ। ਉਸ ਦਾ ਮੁੰਡਾ ਦਲਬੀਰ ਉਸ ਨੂੰ ਛੱਡ ਗਿਆ ਹੋਵੇਗਾ। ਇਸ ਸਮੇਂ 'ਚ ਉਹ ਆਪਣੀ ਬੈਰੀ ਤੋੜਨ ਦੀ ਘਾਟ ਪੂਰੀ ਕਰਨ ਲੱਗਾ ਹੋਵੇਗਾ।

ਕਾਫੀ ਦਾ ਟਾਈਮ ਯਾਨਿ ਅੱਧਾ ਘੰਟਾ ਖਤਮ ਹੋ ਗਿਆ ਸੀ। ਬੰਤਾ ਸਿੰਘ ਚੁੱਪ ਚਾਪ ਬੈਰੀ ਤੋੜਦਾ ਰਿਹਾ। ਉਸ ਦੇ ਸਾਥੀ ਕੀ ਬੋਲਦੇ ਹਨ ਜਾਂ ਕੀ ਗੱਲਾਂ ਕਰਦੇ ਹਨ, ਉਸ ਨੂੰ ਸੁਣਦਾ ਨਹੀਂ ਸੀ।

ਦਿਨ ਦਾ ਇੱਕ ਵੱਜ ਗਿਆ ਸੀ। ਬੈਰੀ ਤੋਲਣ ਵਾਲੇ ਨੇ ਹਾਕ ਮਾਰੀ। ਹਰ ਰੋਜ਼ ਵਾਂਗ ਸਾਰੇ ਆਪੋ ਆਪਣੇ ਫਲੈਟ ਚੁੱਕ ਕੇ ਕੰਡੇ ਵੱਲ ਵਧੇ। ਅੱਗੇ ਸਾਰੇ ਵਰਕਰ ਫਲੈਟ ਚੁੱਕਣ ਤੇ ਚਕਾਉਣ ਵਿਚ ਇੱਕ ਦੂਜੇ ਦੀ ਮਦਦ ਕਰ ਦਿੰਦੇ ਸਨ, ਪਰ ਅੱਜ ਬੰਤਾ ਸਿੰਘ ਰੋਅ ਦੇ ਦੂਜੇ ਸਿਰੇ ਬੈਠਾ ਸੀ। ਸਾਰੇ ਉਸ ਤੋਂ ਇੱਕ ਸੌ ਮੀਟਰ ਦੂਰੀ ਉੱਤੇ ਬੈਠੇ ਸਨ। ਉਹ ਬੈਰੀ ਦੇ ਦੋ ਭਰੇ ਫਲੈਟ (ਲਗਭਗ ਪਚਵੰਜਾ ਪੌਂਡ) ਇੱਕ ਦੂਜੇ 'ਤੇ ਧਰ ਕੇ ਚੁੱਕਣ ਲਈ ਘੋਲ ਕਰ ਰਿਹਾ ਸੀ। ਉਸ ਨੇ ਮੁਸ਼ਕਿਲ ਨਾਲ ਦੋਵੇਂ ਫਲੈਟ ਸਿਰ ਉੱਤੇ ਧਰ ਲਏ ਸਨ। ਜਦ ਉਹ ਉੱਠਣ ਲਗਦਾ, ਉਸ ਤੋਂ ਉੱਠ ਨਹੀਂ ਸੀ ਹੁੰਦਾ ਸੀ। ਦਲਬੀਰ ਸਿੰਘ ਨੇ ਭੱਜ ਕੇ ਫਲੈਟ ਉਸ ਦੇ ਸਿਰ ਤੋਂ ਚੁੱਕ ਕੇ ਆਪਣੇ ਸਿਰ 'ਤੇ ਰੱਖ ਕੇ ਕੰਡੇ ਵੱਲ ਨੂੰ ਚੱਲ ਪਿਆ। ਚਾਹ ਤੇ ਸਬਜ਼ੀ ਵਾਲੀ ਥਰਮਸ ਚੁੱਕ ਕੇ ਬੰਤਾ ਸਿੰਘ ਉਸ ਦੇ ਮਗਰ ਹੋ ਤੁਰਿਆ, "ਤੇਰੀ ਬੀਬੀ ਕਿਵੇਂ ਐ। ਉਸ ਦਾ ਹਾਲ-ਚਾਲ ਪੁਛਿਆ ਸੀ?"

"ਹਾਂ, ਉਹਨੇ ਹੀ ਦੱਸਿਆ ਸੀ ਕਿ ਤੇਰਾ ਬਾਪੂ ਲੰਚ ਕਿੱਟ ਘਰੇ ਭੁੱਲ ਗਿਆ ਹੈ।"

ਬੰਤਾ ਸਿੰਘ ਨੇ ਇਹ ਸੁਣ ਕੇ ਕੋਈ ਉੱਤਰ ਨਹੀਂ ਦਿੱਤਾ। ਅੱਗੇ ਤੁਰੇ ਜਾਂਦੇ ਦਲਬੀਰ ਦਾ ਪਰਛਾਵਾਂ ਪਿੱਛੇ ਆ ਰਹੇ ਪਿਉ ਬੰਤਾ ਸਿੰਘ 'ਤੇ ਪੈ ਰਿਹਾ ਸੀ। ਬੰਤਾ ਸਿੰਘ ਇਹ ਵੇਖ ਕੇ ਤੇ ਇਸ ਬਾਰੇ ਸੋਚਦਾ ਖਿੜ੍ਹ ਗਿਆ ਸੀ।

ਦਲਬੀਰ ਦੇ ਸਿਰ ਉੱਤੇ ਫਲੈਟ ਅਤੇ ਪਿੱਛੇ ਆ ਰਹੇ ਬੰਤਾ ਸਿੰਘ ਦੇ ਹੱਥ ਵਿਚ ਲੰਚ ਕਿੱਟ ਵੇਖ ਕੇ ਸਾਰੇ ਸਮਝ ਗਏ ਸਨ। ਕਿਸੇ ਨੂੰ ਦੱਸਣ-ਪੁੱਛਣ ਦੀ ਲੋੜ ਨਹੀਂ ਰਹੀ।

ਬੰਤਾ ਸਿੰਘ ਤੀਹ ਕਿਲੋਮੀਟਰ ਤੁਰ ਕੇ ਇੱਥੇ ਆ ਗਿਆ ਸੀ।



# ਸਿਨੇਮਾ ਨੂੰ ਦਿਸ਼ਾ ਦੇਣ ਵਾਲੀ ਫਿਲਮ: ਰੋਮ, ਓਪਨ ਸਿਟੀ

## ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਟਲੀ ਦੇ ਸਰਕਰਦਾ ਫਿਲਮਸਾਜ਼ ਰੋਬਰਤੋ ਰਸੋਲਿਨੀ ਦੀ ਫਿਲਮ 'ਰੋਮ, ਓਪਨ ਸਿਟੀ' ਬਾਰੇ ਚਰਚਾ ਕੀਤੀ ਗਈ ਹੈ। ਇਹ ਫਿਲਮ ਫਾਸ਼ੀਵਾਦ 'ਤੇ ਤਿੱਖੀ ਟਿੱਪਣੀ ਹੈ। -ਸੰਪਾਦਕ***



ਫਾਸ਼ੀਵਾਦ ਕਿਵੇਂ ਲੋਕਾਂ ਨੂੰ ਮਾਰਦਾ ਹੈ? ਇਸ ਨੂੰ ਸਮਝਣ ਲਈ ਦੁਨੀਆ ਵਿਚ ਅਨੇਕਾਂ ਕਿਤਾਬਾਂ ਅਤੇ ਦਸਤਾਵੇਜ਼ ਮੌਜੂਦ ਹਨ ਪਰ ਫਾਸ਼ੀਵਾਦ ਕਿਸੇ ਬੰਦੇ ਨੂੰ ਕਿੰਨਾ ਕੋਹ-ਕੋਹ ਕੇ ਮਾਰਦਾ ਹੈ, ਇਸ ਨੂੰ ਬਾਰੀਕੀ ਨਾਲ ਸਮਝਣਾ ਹੋਵੇ ਤਾਂ ਫਿਲਮ 'ਰੋਮ, ਓਪਨ ਸਿਟੀ' ਵਰਗੀ ਹੋਰ ਉਦਾਹਰਨ ਲੱਭਣੀ ਮੁਸ਼ਕਿਲ ਹੈ। ਸਮਾਂ 1954 ਦਾ ਹੈ। ਅਸਲ ਵਿਚ ਉਹ ਸਮਾਂ ਕਿਸੇ ਦਾ ਵੀ ਸਿਆਣੂ ਨਹੀਂ। ਉਸ ਸਮੇਂ ਦੀ ਹਵਾ ਵਿਚ ਬਾਰੂਦ ਹੈ ਪਰ ਹਾਕਮਾਂ ਦੀਆਂ ਰਗਾਂ ਵਿਚ ਨਸਲੀ ਅਤੇ ਸਿਆਸੀ ਜ਼ਹਿਰ ਦੌੜ ਰਿਹਾ ਹੈ। ਉਹਨਾਂ ਸਮਿਆਂ ਵਿਚ ਕਿਸੇ ਗਰਭਵਤੀ ਔਰਤ ਨੂੰ ਸੜਕ ਉਤੇ ਗੋਲੀ ਮਾਰ ਦੇਣੀ ਰਾਸ਼ਟਰਵਾਦੀ ਬਹਾਦਰੀ ਗਿਣੀ ਜਾ ਸਕਦੀ ਹੈ। ਉਹਨਾਂ ਸਮਿਆਂ ਵਿਚ ਪਾਦਰੀਆਂ ਨੂੰ ਆਗਿਆ ਨਹੀਂ ਕਿ ਉਹ ਵਿਆਹ ਦੀਆਂ ਰਸਮਾਂ ਨੇਪਰੇ ਚਾੜ੍ਹਨ। ਉਹਨਾਂ ਨੂੰ ਮਰ ਰਹੇ ਬੁੱਢੇ ਲੋਕਾਂ ਲਈ ਕੀਤੀ ਜਾਂਦੀ ਅੰਤਿਮ ਦੁਆ ਕਰਨ ਤੋਂ ਬੰਦੂਕ ਦਿਖਾ ਕੇ ਵਰਜ ਦਿੱਤਾ ਗਿਆ। ਛੋਟੇ ਬੱਚਿਆਂ ਅਤੇ ਬੁੱਢੀਆਂ ਔਰਤਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਕੰਧਾਂ ਉਪਰ ਬੇਗੁਨਾਹਾਂ ਦੇ ਖੂਨ ਦੇ ਨਿਸ਼ਾਨ ਹਨ। ਸੜਕਾਂ ਉਪਰ ਦਹਿਸਤ ਤੇ ਮੌਤ ਹਰਲ-ਹਰਲ ਕਰਦੇ ਫਿਰਦੇ ਹਨ। ਨੌਜਵਾਨਾਂ ਨੇ ਸਿਗਰਟਾਂ ਦੇ ਟੋਟਿਆਂ ਲਈ ਮੁਖਬਰੀ ਕਰਨੀ ਸ਼ੁਰੂ ਕਰ ਦਿੱਤੀ ਹੈ। ਕੁੜੀਆਂ ਫਰ ਵਾਲੇ ਗਰਮ ਕੋਟਾਂ ਬਦਲੇ ਆਪਣਾ ਜਿਸਮ ਫਾਸ਼ੀਵਾਦੀ ਗੁੰਡਿਆਂ ਅੱਗੇ ਪਰੋਸ ਰਹੀਆਂ ਹਨ। ਡਰੇ ਹੋਏ ਫਾਸ਼ੀਵਾਦੀ ਆਪਣੀ ਕਾਇਰਤਾ ਅਤੇ ਬੇਗੈਰਤੀ ਛੁਪਾਉਣ ਲਈ ਗਲੀਆਂ-ਬਾਜ਼ਾਰਾਂ ਤੇ ਘਰਾਂ ਵਿਚ ਸਹਿਮੇ ਬੈਠੇ ਲੋਕਾਂ ਨੂੰ ਧਮਕਾ ਰਹੇ ਹਨ। ਉਹਨਾਂ ਦੀ ਨਿਪੁੰਸਕਤਾ ਨੇ ਇਤਿਹਾਸ ਅਤੇ ਮਨੁੱਖਤਾ ਨੂੰ ਸ਼ਰਮਸ਼ਾਰ ਕਰ ਦਿੱਤਾ ਹੈ। ਉਹਨਾਂ ਸਮਿਆਂ ਵਿਚ ਸੱਚੇ ਤੇ ਸੁੱਚੇ ਲੋਕ ਆਪਣੇ-ਆਪ ਨੂੰ ਲੁਕਾਉਂਦੇ ਫਿਰਦੇ ਹਨ, ਝੂਠ ਆਪਣੀ ਪੂਰੀ ਨਿਰਲੱਜਤਾ ਤੇ ਬੇਸ਼ਰਮੀ ਨਾਲ ਲੋਕਾਂ ਦੀ ਜ਼ਿੰਦਗੀ ਵਿਚ ਕਹਿਰ ਵਰਸਾਉਂਦਾ ਫਿਰਦਾ ਹੈ। ਸੈਨਿਕ ਤੇ ਪੁਲਿਸ ਹੀ ਜੱਜ, ਕਾਨੂੰਨ ਤੇ ਅਦਾਲਤਾਂ ਹਨ।



*ਫਿਲਮ 'ਰੋਮ, ਓਪਨ ਸਿਟੀ' ਦਾ ਦ੍ਰਿਸ਼।*

ਅਜਿਹੇ ਦੌਰ ਵਿਚ ਜਦੋਂ ਇਟਲੀ ਦਾ ਪੜ੍ਹਨ-ਲਿਖਣ ਵਾਲਾ ਸਿਆਣਾ ਫਿਲਮਸਾਜ਼ ਰੋਬਰਤੋ ਰਸੋਲਿਨੀ ਤਿੰਨ ਫਿਲਮਾਂ ਦੀ ਲੜੀ ਰਾਹੀਂ ਇਹ ਸਭ ਦ੍ਰਿਸ਼ ਸਕਰੀਨ 'ਤੇ ਦਿਖਾਉਣ ਦਾ ਫੈਸਲਾ ਕਰਦਾ ਹੈ ਤਾਂ ਉਸ ਅੱਗੇ ਆਪਣੇ ਸਮੇਂ ਦਾ ਮਹੱਤਵਪੂਰਨ ਸਵਾਲ ਖੜ੍ਹਾ ਹੋ ਜਾਂਦਾ ਹੈ। ਆਖਰ ਇੰਨਾ ਗਾੜ੍ਹਾ ਅਤੇ ਸੰਘਣਾ ਸੱਚ ਦਿਖਾਉਣ ਦੀ ਜ਼ਰੂਰਤ ਕਿਉਂ ਹੈ? ਉਹ ਵੀ ਆਪਣੀ ਜਾਨ ਦੀ ਖੈਰ ਮੰਗਦੇ ਹੋਏ ਆਪਣੇ ਕੈਮਰੇ ਰਾਹੀ ਨਸਲਪ੍ਰਸਤੀ ਅਤੇ ਰਾਸ਼ਟਰਵਾਦੀ ਜਨੂਨ ਦਾ ਜਾਹੋ-ਜਲਾਲ ਕਿਉਂ ਨਹੀਂ ਦਿਖਾ ਸਕਦਾ? ਇਸ ਦਾ ਜਵਾਬ ਦਿੰਦਿਆਂ ਉਹ ਇੱਕ ਇੰਟਰਵਿਊ ਵਿਚ ਦੱਸਦਾ ਹੈ, "ਮੈਂ ਡਰਿਆ ਹੋਇਆ ਸੀ। ਮੇਰੇ ਆਲੇ-ਦੁਆਲੇ ਲੋਕ ਗਾਇਬ ਹੋ ਰਹੇ ਸਨ। ਮੇਰੇ ਦੋਸਤਾਂ ਨੂੰ ਉਹਨਾਂ ਦੇ ਘਰਾਂ ਵਿਚੋਂ ਮੁਜਰਿਮਾਂ ਵਾਂਗ ਧਰੂਹਿਆਂ, ਕੁੱਟਿਆ-ਮਾਰਿਆ ਤੇ ਕੱਟਿਆ-ਵੱਢਿਆ ਜਾ ਰਿਹਾ ਹੈ। ਮੈਂ ਰੋਜ਼ ਇਹ ਸਭ ਦੇਖਦਾ ਤੇ ਸੁਣਦਾ ਹਾਂ।"

ਇਸ ਫਿਲਮ ਨੂੰ ਬਣਾਉਂਦੇ ਸਮੇਂ ਫਿਲਮਸਾਜ਼ ਨੇ ਜੰਗ ਦੀ ਤਬਾਹੀ ਦਾ ਸ਼ਿਕਾਰ ਹੋਏ ਰੋਮ ਸ਼ਹਿਰ ਨੂੰ ਧੁਰਾ ਬਣਾ ਕੇ ਘਟਨਾਵਾਂ ਤੇ ਖਬਰਾਂ ਨੂੰ ਉਹਨਾਂ ਦੀ ਪੂਰੀ ਕਰੂਰਤਾ ਅਤੇ ਬੇਰਹਿਮੀ ਨਾਲ ਫਿਲਮਾਇਆ ਹੈ। ਫਿਲਮ ਵਿਚ ਇਟਲੀ ਦੇ ਤਾਨਾਸ਼ਾਹ ਦੇ ਸੱਦੇ 'ਤੇ ਜਰਮਨੀ ਦੀ ਬਦਨਾਮ ਪੁਲਿਸ 'ਗੈਸਤੋਪੋ' ਸ਼ਹਿਰ ਵਿਚ ਆਈ ਹੋਈ ਹੈ ਜਿਸ ਦਾ ਮੁੱਖ ਕੰਮ ਜ਼ੁਲਮ ਅਤੇ ਜਬਰ ਨੂੰ ਖਤਮ ਕਰਨ ਲਈ ਲੜ ਰਹੇ ਕ੍ਰਾਂਤੀਕਾਰੀਆਂ ਅਤੇ ਕਮਿਊਨਿਸਟਾਂ ਨੂੰ ਕੋਹ-ਕੋਹ ਕੇ ਮਾਰਨਾ ਹੈ। ਫਿਲਮਸਾਜ਼ ਅਜਿਹੀਆਂ ਦੋ ਸੱਚੀਆਂ ਕਹਾਣੀਆਂ ਚੁਣਦਾ ਹੈ। ਪਹਿਲੀ ਕਹਾਣੀ ਇੱਕ ਪਾਦਰੀ ਦੀ ਹੈ ਜਿਸ ਨੂੰ ਜਰਮਨ ਨਾਜ਼ੀਆਂ ਨੇ ਅੰਡਰਗਰਾਊਂਡ ਬਾਗੀਆਂ ਦੀ ਸਹਾਇਤਾ ਕਰਨ ਦੇ ਦੋਸ਼ ਵਿਚ ਤਸ਼ੱਦਦ ਕਰ ਕੇ ਮਾਰ-ਮੁਕਾਇਆ ਹੈ। ਦੂਜੀ ਕਹਾਣੀ ਨਿਰਦੋਸ਼ ਗਰਭਵਤੀ ਔਰਤ ਟਰੀਸਾ ਗੁਲੀਕ ਦੀ ਹੈ ਜਿਸ ਨੂੰ ਸ਼ਹਿਰ ਦੇ ਵੱਡੇ ਜੇਲ੍ਹਖਾਨੇ ਦੇ ਗੇਟ ਅੱਗੇ ਬਿਨਾ ਕਸੂਰ ਗੋਲੀ ਮਾਰ ਦਿੱਤੀ ਗਈ। ਫਿਲਮ ਦੀ ਸ਼ੂਟਿੰਗ 18 ਜਨਵਰੀ 1945 ਨੂੰ ਸ਼ੁਰੂ ਹੋਈ। ਫਿਲਮ ਬਣਾਉਣ ਲਈ ਰੀਲਾਂ ਨਹੀਂ ਸਨ। ਪੈਸਾ ਤਾਂ ਹਮੇਸ਼ਾ ਤੋਂ ਹੀ ਨਹੀਂ ਸੀ। ਜਿਉਂ-ਜਿਉਂ ਫਿਲਮ ਦੀ ਸ਼ੂਟਿੰਗ ਹੁੰਦੀ ਗਈ, ਰਸੋਲਿਨੀ ਆਪਣਾ ਸਾਰਾ ਕੁਝ ਵੇਚਦਾ ਗਿਆ। ਫਿਲਮ ਰਿਲੀਜ਼ ਹੋਈ ਤਾਂ ਕੋਈ ਹਲਚਲ ਨਾ ਹੋਈ। ਫਿਲਮ ਕੌਮਾਂਤਰੀ ਹਲਕਿਆਂ ਵਿਚ ਪਹੁੰਚੀ ਤਾਂ ਚੁੱਪ ਛਾ ਗਈ। ਇੰਨੀ ਸੱਚਾਈ, ਇੰਨੀ ਸਾਦਗੀ ਅਤੇ ਇੰਨੇ ਨੰਗੇ-ਚਿੱਟੇ ਰੂਪ ਵਿਚ ਦਰਸ਼ਕਾਂ ਦੀਆਂ ਅੱਖਾਂ ਉਪਰ ਪਏ ਪਰਦੇ ਹਟ ਗਏ। ਸਿਨੇਮਾ ਦੀ ਆਬਰੂ ਵਿਚ ਇਜ਼ਾਫਾ ਹੋਇਆ। ਇਟਲੀ ਦੀ ਦਾਰਸ਼ਨਿਕ ਅਤੇ ਮਾਨਵੀ ਰਵਾਇਤ ਦੀ ਲੱਜ ਪਾਲ ਲਈ ਗਈ।

ਫਿਲਮ ਵਿਚ ਕਮਿਊਨਿਸਟਾਂ ਵਲੋਂ ਆਮ ਲੋਕਾਂ ਵਿਚ ਜਗਾਈ ਉਮੀਦ ਅਤੇ ਫਾਸ਼ੀਵਾਦੀਆਂ ਦਾ ਡੱਟਵਾਂ ਵਿਰੋਧ ਕਰਨ ਲਈ ਤਤਪਰਤਾ ਚਿੱਟੇ ਦਿਨ ਵਾਂਗ ਸਾਫ ਹੈ। ਫਾਸ਼ੀਵਾਦੀਆਂ ਦੁਆਰਾ ਅੰਨ੍ਹਾ ਤਸ਼ੱਦਦ ਕਰਨ ਦੇ ਬਾਵਜੂਦ ਫਿਲਮ ਦੇ ਮੁੱਖ ਕਿਰਦਾਰ ਵਲੋਂ ਆਪਣੇ ਸਿਰੜ ਤੋਂ ਨਾ ਥਿੜਕਣਾ, ਬੱਚਿਆਂ ਦੁਆਰਾ ਛੋਟੇ-ਛੋਟੇ ਬੰਬ ਬਣਾ ਕੇ ਫਾਸ਼ੀਵਾਦੀਆਂ ਨੂੰ ਆਪਣੀ ਜ਼ਮੀਨ ਤੋਂ ਉਖਾੜਨ ਦੀ ਜੱਦੋਜਹਿਦ ਤੇ ਔਰਤਾਂ ਵਲੋਂ ਬਿਨਾ ਡਰੇ ਫਾਸ਼ੀਵਾਦੀਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਦਾ ਵਲ, ਇਹ ਸਾਰਾ ਕੁਝ ਇੰਨੀ ਸਹਿਜਤਾ ਅਤੇ ਵਿਦਰੋਹੀ ਸੁਰ ਵਿਚ ਵਾਪਰਦਾ ਹੈ ਕਿ ਇੱਕ ਦ੍ਰਿਸ਼ ਤੋਂ ਬਾਅਦ ਦੂਜੇ ਦ੍ਰਿਸ਼ ਤੱਕ ਪਹੁੰਚਦੇ ਦਰਸ਼ਕਾਂ ਅੱਗੇ ਇਤਿਹਾਸ ਦੇ ਸਾਰੇ ਵਰਕੇ ਖੁੱਲ੍ਹਦੇ ਜਾਂਦੇ ਹਨ। ਉਹ ਇਸ ਫਿਲਮ ਦੇ ਕਿਰਦਾਰਾਂ ਦੀਆਂ ਨਾਲ ਵਾਪਰ ਰਹੀ ਅਣਹੋਣੀ ਦਾ ਗਵਾਹ ਬਣ ਜਾਂਦਾ ਹੈ। ਫਿਲਮ ਵਿਚ ਬਹੁਤੇ ਅਦਾਕਾਰ ਆਮ ਲੋਕ ਹਨ। ਫਿਲਮ ਜ਼ਿਆਦਾਤਰ ਗਲੀਆਂ ਅਤੇ ਸਾਧਾਰਨ ਥਾਵਾਂ 'ਤੇ ਫਿਲਮਾਈ ਗਈ ਹੈ। ਕਿਤੇ ਵੀ ਕੋਈ ਵੀ ਸ਼ਬਦ ਜਾਂ ਦ੍ਰਿਸ਼ ਵਾਧੂ ਨਹੀਂ ਭਾਸਦਾ। ਇਸ ਤਰ੍ਹਾਂ ਦੇ ਸਿਨੇਮਾ ਨੂੰ ਪੌਪਕੋਰਨ ਖਾਂਦੇ ਹੋਏ ਜਾਂ ਪੈਪਸੀ ਪੀਂਦਿਆਂ ਨਹੀਂ ਦੇਖਿਆ ਜਾ ਸਕਦਾ। ਇਹ ਫਿਲਮ ਬਹੁਤ ਕੁਝ ਅਣਕਿਹਾ ਵੀ ਛੱਡ ਜਾਂਦੀ ਹੈ। ਫਿਲਮ ਦੇਖਦੇ ਸਮੇਂ ਫਿਲਮਸਾਜ਼ ਦੀ ਸਿਆਸੀ ਅਤੇ ਸਮਾਜਕ ਸਮਝ 'ਤੇ ਰਸ਼ਕ ਆਉਂਦਾ ਹੈ। ਇਸੇ ਕਰ ਕੇ ਉਸ ਨੂੰ ਨਵ-ਯਥਾਰਥਵਾਦੀ ਸਿਨੇਮਾ ਦਾ ਪਿਤਾ ਕਿਹਾ ਜਾਂਦਾ ਹੈ।







*ਫਿਲਮਸਾਜ਼ ਰੋਬਰਤੋ ਰਸੋਲਿਨੀ (ਖੱਬੇ) ਅਤੇ 'ਰੋਮ, ਓਪਨ ਸਿਟੀ' ਦਾ ਪੋਸਟਰ।*

# 'ਨਟਖਟ' ਵਿਦਿਆ ਬਾਲਨ

ਮਸ਼ਹੂਰ ਅਦਾਕਾਰਾ ਵਿਦਿਆ ਬਾਲਨ ਦੀ ਲਘੂ ਫਿਲਮ 'ਨਟਖਟ' ਨੂੰ ਭਾਰਤ ਦੀਆਂ ਸਰਵੋਤਮ ਲਘੂ ਫਿਲਮਾਂ ਵਾਲੇ ਫਿਲਮ ਮੇਲੇ (2020) ਵਿਚ ਤੀਜਾ ਸਥਾਨ ਮਿਲਿਆ ਜਿਸ ਨਾਲ ਇਹ ਫਿਲਮ ਆਸਕਰ ਨਾਮਜ਼ਦਗੀ ਲਈ ਕੁਆਲੀਫਾਈ ਕਰ ਗਈ ਹੈ। ਇਸ ਬਾਬਤ ਵਿਦਿਆ ਬਾਲਨ ਦਾ ਕਹਿਣਾ ਹੈ ਕਿ ਕਰੋਨਾ ਕਾਰਨ ਜਦੋਂ ਸਾਰਾ ਕੁਝ ਉਲਟ-ਪੁਲਟ ਹੋਇਆ ਪਿਆ ਹੈ, ਅਜਿਹੇ ਹਾਲਾਤ ਵਿਚ ਆਸਕਰ ਦੀ ਨਾਮਜ਼ਦਗੀ ਵਲ ਕਦਮ ਵਧਾਉਣੇ ਵਧਾਈ ਵਾਲੀ ਗੱਲ ਹੈ। ਉਸ ਮੁਤਾਬਿਕ, ਇਹ ਪ੍ਰਾਪਤੀ ਫਿਲਮ ਦੀ ਪੂਰੀ ਟੀਮ ਦੀ ਮਿਹਨਤ ਅਤੇ ਮੁਸ਼ੱਕਤ ਸਦਕਾ ਹੀ ਸੰਭਵ ਹੋ ਸਕੀ ਹੈ।

ਇਹ ਫਿਲਮ, ਫਿਲਮਸਾਜ਼ ਸ਼ਾਨ ਵਿਆਸ ਨੇ ਨਿਰਦੇਸ਼ਤ ਕੀਤੀ ਹੈ ਅਤੇ ਇਸ ਵਿਚ ਵਿਦਿਆ ਬਾਲਨ ਨਾਲ ਬਾਲ ਕਲਾਕਾਰ ਸਾਨਿਕਾ ਪਟੇਲ ਦੀ ਮੁੱਖ ਭੂਮਿਕਾ ਹੈ। ਇਨ੍ਹਾਂ ਦੋਹਾਂ ਤੋਂ ਇਲਾਵਾ ਫਿਲਮ ਵਿਚ ਰਾਜ ਅਰਜਨ, ਨਿਵੇਦਿਤਾ, ਸਪਰਸ਼ ਸ੍ਰੀਵਾਸਤਵ ਆਦਿ ਕਲਾਕਾਰਾਂ ਦੀਆਂ ਅਹਿਮ ਭੂਮਿਕਾਵਾਂ ਹਨ। ਇਸ ਫਿਲਮ ਵਿਚ ਮਾਂ ਆਪਣੇ ਪੁੱਤਰ ਨੂੰ ਲਿੰਗਕ ਬਰਾਬਰੀ ਬਾਰੇ ਦੱਸਦੀ ਹੈ। ਫਿਲਮ ਦੀ ਬਹੁਤੀ ਸ਼ੂਟਿੰਗ ਹਰਦਾ (ਮੱਧ ਪ੍ਰਦੇਸ਼) ਅਤੇ ਕੁਝ ਕੁ ਮੁੰਬਈ ਵਿਚ ਹੋਈ ਹੈ। ਫਿਲਮ ਵਿਚ ਅਦਾਕਾਰੀ ਕਰਨ ਵਾਲਿਆਂ ਵਿਚੋਂ ਬਹੁਤਿਆਂ ਦਾ ਪਹਿਲਾਂ ਅਦਾਕਾਰੀ ਨਾਲ ਕੋਈ ਸਬੰਧ ਨਹੀਂ ਸੀ, ਉਨ੍ਹਾਂ ਇਸ ਫਿਲਮ ਵਿਚ ਹੀ ਪਹਿਲੀ ਵਾਰ ਅਦਾਕਾਰੀ ਕੀਤੀ ਹੈ। ਫਿਲਮ ਆਲੋਚਕਾਂ ਨੇ ਇਸ ਫਿਲਮ ਦੀ ਵਾਹਵਾ ਤਾਰੀਫ ਕੀਤੀ ਹੈ।






*ਫਿਲਮ 'ਨਟਖਟ' ਦੇ ਇਕ ਦ੍ਰਿਸ਼ ਵਿਚ ਵਿਦਿਆ ਬਾਲਨ ਤੇ ਸਾਨਿਕਾ ਪਟੇਲ ਅਤੇ (ਸੱਜੇ) ਫਿਲਮ ਦਾ ਪੋਸਟਰ।*

ਵਿਦਿਆ ਬਾਲਨ (ਜਨਮ ਪਹਿਲੀ ਜਨਵਰੀ 1979) ਦਾ ਫਿਲਮ ਜਗਤ ਵਿਚ ਨਾਂ ਬਹੁਤ ਮਾਣ ਨਾਲ ਲਿਆ ਜਾਂਦਾ ਹੈ। ਉਸ ਨੇ ਫਿਲਮ ਜਗਤ ਵਿਚ ਬਹੁਤ ਘੱਟ ਸਮੇਂ ਅੰਦਰ ਆਪਣੀਆਂ ਚੰਗੀਆਂ ਫਿਲਮਾਂ ਦੇ ਸਿਰ 'ਤੇ ਨਾਂ ਕਮਾਇਆ। ਇਸੇ ਦੀ ਬਦੌਲਤ ਉਸ ਨੂੰ ਕਈ ਇਨਾਮ ਆਦਿ ਮਿਲ ਚੁੱਕੇ ਹਨ। ਸਾਲ 2014 ਵਿਚ ਉਸ ਨੂੰ ਪਦਮਸ੍ਰੀ ਦਾ ਖਿਤਾਬ ਵੀ ਮਿਲ ਗਿਆ ਸੀ। ਵਿਦਿਆ ਨੇ ਆਪ ਵੀ ਛੋਟੀ ਉਮਰ ਵਿਚ ਹੀ ਅਦਾਕਾਰੀ ਆਰੰਭ ਕਰ ਦਿੱਤੀ ਸੀ। ਪਹਿਲੇ ਹੀ ਪ੍ਰਾਜੈਕਟ 'ਹਮ ਪਾਂਚ' ਨਾਲ ਉਸ ਦੀ ਪਛਾਣ ਬਣ ਗਈ ਸੀ। ਉਸ ਵਕਤ ਉਸ ਦੀ ਉਮਰ 16 ਕੁ ਵਰ੍ਹਿਆਂ ਦੀ ਸੀ।

ਵਿਦਿਆ ਬਾਲਨ ਦੀ ਪਹਿਲੀ ਫੀਚਰ ਫਿਲਮ ਬੰਗਲਾ ਫਿਲਮ 'ਭਾਲੋ ਠੇਕੋ' ਸੀ। ਉਸ ਦੀ ਪਹਿਲੀ ਹਿੰਦੀ ਫਿਲਮ 'ਪਰਿਣਿਤਾ' 2005 ਵਿਚ ਆਈ ਸੀ ਅਤੇ ਇਸ ਨੇ ਸਭ ਦਾ ਧਿਆਨ ਖਿੱਚਿਆ। ਫਿਰ 'ਲਗੇ ਰਹੋ ਮੁੰਨਾ ਭਾਈ' ਅਤੇ 'ਭੂਲ ਭੂਲਈਆਂ' ਦੀ ਸਫਲਤਾ ਨੇ ਉਸ ਨੂੰ ਚੋਟੀ ਦੀਆਂ ਅਦਾਕਾਰਾਵਾਂ ਵਿਚ ਸ਼ਾਮਿਲ ਕਰ ਦਿੱਤਾ। ਹੁਣ ਉਹ ਆਪਣੀ ਨਵੀਂ ਫਿਲਮ 'ਸ਼ੇਰਨੀ' ਵਿਚ ਰੁੱਝੀ ਹੋਈ ਹੈ। ਇਸ ਫਿਲਮ ਦੇ ਨਿਰਦੇਸ਼ਕ ਅਮਿਤ ਵੀ. ਮਸੁਰਕਰ ਹਨ।

***-ਆਮਨਾ ਕੌਰ***

Tel.: 317-426-5410

Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA

IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com